4-FEB-PAGE-1.qxd 2/3/2025 10:04 PM Page 1

ਮੰਗਲਵਾਰ, 4 ਫਰਵਰੀ, 2025
22 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 245

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 4 FEBRUARY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਜੇ ਅਸੀਂ ਬੇਰੁਜ਼ਗਾਰੀ ਖਤਮ ਨਹੀਂ ਕਰ ਸਕੇ ਤਾਂ ਮੋਦੀ ਵੀ ਨਹੀਂ ਕਰ ਸਕਿਆ : ਰਾਹੁਲ

**ਨਵੀਂ ਦਿੱਲੀ :** ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸੋਮਵਾਰ ਬਜਟ ਅਜਲਾਸ ਵਿਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਪੇਸ਼ ਧੰਨਵਾਦ ਮਤੇ 'ਤੇ ਜਾਰੀ ਬਹਿਸ ਵਿਚ ਸ਼ਾਮਲ ਹੁੰਦਿਆਂ ਕਿਹਾ ਕਿ ਯੂ ਪੀ ਏ ਤੇ ਐੱਨ ਡੀ ਏ ਦੋਵੇਂ ਬੇਰੁਜ਼ਗਾਰੀ ਨਾਲ ਸਿੱਝਣ ਵਿਚ ਨਾਕਾਮ ਰਹੇ ਹਨ। ਉਨ੍ਹਾ ਕਿਹਾ ਕਿ ਰਾਸ਼ਟਰਪਤੀ ਦੇ ਭਾਸ਼ਣ ਵਿਚ ਕੁਝ ਵੀ ਨਵਾਂ ਨਹੀਂ, ਪਿਛਲੇ ਭਾਸ਼ਣ ਵਾਲੀਆਂ ਉਹੀ ਪੁਰਾਣੀਆਂ ਗੱਲਾਂ ਸਨ। ਉਨ੍ਹਾ ਕਿਹਾ—ਅਸੀਂ ਬੇਰੁਜ਼ਗਾਰੀ ਨਾਲ ਸਿੱਝਣ ਵਿਚ ਨਾਕਾਮ ਰਹੇ ਹਾਂ; ਨਾ ਯੂ ਪੀ ਏ ਤੇ ਨਾ ਹੀ ਐੱਨ ਡੀ ਏ ਨੇ ਦੇਸ਼ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਬਾਰੇ ਕੋਈ ਸਪੱਸ਼ਟ ਜਵਾਬ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਸ਼ਿਸ਼ ਕੀਤੀ ਅਤੇ ਸੰਕਲਪ ਵਜੋਂ 'ਮੇਕ ਇਨ ਇੰਡੀਆ' ਇੱਕ ਚੰਗਾ ਵਿਚਾਰ ਸੀ, ਪਰ ਇਹ ਸਪੱਸ਼ਟ ਹੈ ਕਿ ਉਹ ਅਸਫਲ ਰਹੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਮੇਕ ਇਨ ਇੰਡੀਆ' ਪਹਿਲਕਦਮੀ ਦੇ ਹਵਾਲਾ ਦਿੰਦਿਆਂ ਰਾਹੁਲ ਨੇ ਕਿਹਾ—2014 ਵਿੱਚ ਮੈਨੂੰਫੈਕਚਰਿੰਗ



ਸੈਕਟਰ ਦਾ ਜੀ ਡੀ ਪੀ ਵਿੱਚ ਹਿੱਸਾ 15.3 ਫੀਸਦੀ ਹੁੰਦਾ ਸੀ। ਇਹ ਅੱਜ 12.6 ਤੱਕ ਡਿੱਗ ਗਿਆ ਹੈ। ਇਹ 60 ਸਾਲਾਂ ਵਿੱਚ ਸਭ ਤੋਂ ਘੱਟ ਹਿੱਸਾ ਹੈ। ਮੈਂ ਇਸ ਲਈ ਪ੍ਰਧਾਨ ਮੰਤਰੀ 'ਤੇ ਦੋਸ਼ ਨਹੀਂ ਲਾ ਰਿਹਾ। ਇਹ ਕਹਿਣਾ ਵਾਜਬ ਨਹੀਂ ਹੋਵੇਗਾ ਕਿ ਉਨ੍ਹਾ ਕੀਤਾ ਕੁਝ ਨਹੀਂ। ਉਨ੍ਹਾ ਕੋਸ਼ਿਸ਼ ਕੀਤੀ, ਪਰ ਨਾਕਾਮ ਰਹੇ।

ਰਾਹੁਲ ਨੇ ਕਿਹਾ—ਭਾਰਤ ਵਿੱਚ ਨਾ ਉਤਪਾਦਨ ਡਾਟਾ ਹੈ ਤੇ ਨਾ ਖਪਤ ਡਾਟਾ, ਜਦਕਿ ਦੋਨੋਂ ਦੇਸ਼ ਦੇ ਆਰਥਕ ਵਿਕਾਸ ਲਈ ਇੱਕ-ਦੂਜੇ ਨਾਲ ਜੁੜੇ ਹੋਏ ਹਨ। ਅਸੀਂ ਆਪਣਾ ਖਪਤ ਡਾਟਾ ਗੂਗਲ, ਫੇਸਬੁਕ, ਐੱਕਸ ਵਰਗੀਆਂ ਅਮਰੀਕੀਆਂ ਕੰਪਨੀਆਂ ਨੂੰ ਸੌਂਪ ਦਿੱਤਾ ਹੈ।

ਉਨ੍ਹਾ ਆਪਣਾ ਮੋਬਾਇਲ ਫੋਨ ਦਿਖਾਉਂਦਿਆਂ ਕਿਹਾ ਕਿ ਇਹ ਆਉਂਦਾ ਚੀਨ ਤੋਂ ਹੈ ਤੇ ਅਸੰਬਲ ਭਾਰਤ ਵਿੱਚ ਕੀਤਾ ਜਾਂਦਾ ਹੈ। ਭਾਰਤ ਨੇ ਉਤਪਾਦਨ ਨੈੱਟਵਰਕ ਬਣਾਉਣਾ ਹੈ, ਜਦਕਿ ਚੀਨ ਬੈਟਰੀਆਂ, ਮੋਟਰ, ਆਪਟਿਕਸ ਬਣਾਉਣ ਵਿੱਚ ਦਸ ਸਾਲ ਅੱਗੇ ਹੈ। ਉਨ੍ਹਾ ਕਿਹਾ ਕਿ ਸਿਰਫ ਖਪਤ ਵਧਾਉਣ 'ਤੇ ਜ਼ੋਰ ਦੇਣ ਨਾਲ ਭਾਰਤ ਭਾਰੀ ਮਾਲੀ ਘਾਟੇ ਤੇ ਨਾਬਰਾਬਰੀ ਵਿੱਚ ਫਸ ਜਾਵੇਗਾ। ਉਨ੍ਹਾ ਇਹ ਵੀ ਕਿਹਾ ਕਿ ਯੂਕਰੇਨ ਦੀ ਜੰਗ ਆਈ ਸੀ ਈ ਤੇ ਇਲੈਕਟ੍ਰਿਕ ਮੋਟਰ ਵਿਚਾਲੇ, ਟੈਂਕ ਤੇ ਡਰੋਨ ਵਿਚਾਲੇ ਹੈ ਅਤੇ ਟੈਂਕ ਦਾ ਬੁਰਾ ਹਾਲ ਹੈ, ਕਿਉਂਕਿ ਡਰੋਨ ਉਨ੍ਹਾਂ ਨੂੰ ਬਰਬਾਦ ਕਰ ਰਹੇ ਹਨ।

ਉਨ੍ਹਾ ਇਹ ਵੱਡੀ ਗੱਲ ਕਹੀ ਕਿ ਜੇ ਭਾਰਤ ਨੇ ਉਤਪਾਦਨ • ਬਾਕੀ ਸਫ਼ਾ 2 'ਤੇ

## ਬਜਟ ਬੇਰੁਜ਼ਗਾਰੀ ਘਟਾਉਣ ਦੀ ਥਾਂ ਵਧਾਏਗਾ : ਸੀ ਪੀ ਆਈ

**ਚੰਡੀਗੜ੍ਹ :** ਮੋਦੀ ਸਰਕਾਰ ਵੱਲੋਂ ਪੇਸ਼ ਕੀਤਾ ਗਿਆ 2025-26 ਦਾ ਬਜਟ ਭਾਜਪਾ ਸਰਕਾਰ ਦੀਆਂ ਨੀਤੀਆਂ ਅਨੁਸਾਰ ਤਿਆਰ ਕੀਤਾ ਗਿਆ ਹੈ। ਬਜਟ ਪਹਿਲਾਂ ਵਾਂਗ ਹੀ ਕਾਰਪੋਰੇਟ ਪੱਖੀ ਅਤੇ ਲੋਕ-ਵਿਰੋਧੀ ਹੈ। ਪੰਜਾਬ ਸੀ ਪੀ ਆਈ ਨੇ ਪ੍ਰਤੀਕਰਮ ਕਰਦਿਆਂ ਕਿਹਾ ਕਿ ਮੱਧ ਵਰਗ ਲਈ ਅਖੌਤੀ ਰਾਹਤ, ਜਿਹੜੀ ਆਮਦਨ ਟੈਕਸ ਵਿਚ 12 ਲੱਖ ਪ੍ਰਤੀ ਸਾਲ, ਜਿਹੜੀ ਦੂਜੀਆਂ ਛੋਟਾਂ ਪਾ ਕੇ ਕੁਲ 12.75 ਲੱਖ ਬਣ ਜਾਂਦੀ ਹੈ, ਤੋਂ ਬਿਨਾਂ ਬਜਟ ਸਮੁੱਚੇ ਤੌਰ 'ਤੇ ਲੋਕ ਵਿਰੋਧੀ ਹੈ। ਅਮਲੀ ਤੌਰ 'ਤੇ ਵੇਖਿਆ ਜਾਵੇ ਤਾਂ ਆਮਦਨ ਟੈਕਸ ਛੋਟ ਨਾਲ ਸਿਰਫ ਢਾਈ-ਤਿੰਨ ਕਰੋੜ ਲੋਕਾਂ ਨੂੰ ਹੀ ਫਾਇਦਾ ਪਹੁੰਚਦਾ ਹੈ। ਸੀ ਪੀ ਆਈ ਨੇ ਟਿਪਣੀ ਕਰਦਿਆਂ ਆਖਿਆ ਕਿ ਭਾਰਤੀ ਆਰਥਿਕਤਾ ਬੁਰੀ ਤਰ੍ਹਾਂ ਨਿਘਰ ਰਹੀ ਹੈ। ਵਿਦਿਆ, ਸਿਹਤ, ਖੇਤੀਬਾੜੀ ਤੇ ਮਨਰੇਗਾ ਆਦਿ ਸੋਸ਼ਲ ਸੈਕਟਰ ਵਾਸਤੇ ਬਜਟ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ, ਸਗੋਂ ਵਧੀਆਂ ਹੋਈਆਂ ਕੀਮਤਾਂ ਦੀਆਂ ਦਰਾਂ ਮੁਤਾਬਕ ਤਾਂ ਇਹਨਾਂ ਸੈਕਟਰਾਂ ਲਈ ਬਜਟ ਵਿਚ ਕਟੌਤੀਆਂ ਹੋਈਆਂ ਹਨ। ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਯੋਜਨਾਵਾਂ ਬਣਾਉਣ ਦੀ ਬਜਾਏ ਇਸ ਵਿਚ ਵਾਧਾ ਕਰਨ ਦੀਆਂ ਹੀ ਯੋਜਨਾਵਾਂ ਹਨ। ਸਾਰਾ ਪਬਲਿਕ ਸੈਕਟਰ ਪੂੰਜੀਪਤੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਪੈਨਸ਼ਨਾਂ ਅਤੇ ਸਮਾਜਿਕ ਭਲਾਈ ਯੋਜਨਾਵਾਂ ਪ੍ਰਤੀ ਨਾਂਹ-ਪੱਖੀ ਵਤੀਰਾ ਹੈ। ਬੀਮਾ ਸੈਕਟਰ ਵਿਚ ਐੱਫ ਡੀ ਆਈ 100 ਪ੍ਰਤੀਸ਼ਤ ਕੀਤਾ ਗਿਆ ਹੈ। ਰੁਪਇਆ ਬਹੁਤ ਹੀ ਹੇਠਲੀ ਪੱਧਰ 'ਤੇ ਗਿਰ ਚੁੱਕਾ ਹੈ ਤੇ ਬਦੇਸ਼ੀ ਕਰਜ਼ਾ ਵਧੀ ਜਾ ਰਿਹਾ ਹੈ। ਖੇਤੀ ਸੈਕਟਰ ਵਿਚ ਕਰਜ਼ਾ ਮੁਆਫੀ ਦੀ ਕੋਈ ਗੱਲ ਨਹੀਂ, ਨਾ ਹੀ ਐੱਮ ਐੱਸ ਪੀ ਵਾਸਤੇ ਕਾਨੂੰਨ ਬਣਾਉਣ ਦਾ ਜ਼ਿਕਰ ਹੈ। ਵਿਦਿਆ ਖੇਤਰ ਵਾਸਤੇ 1.25 ਲੱਖ ਕਰੋੜ ਤੋਂ 1.28 ਲੱਖ ਕਰੋੜ ਭਾਵ ਪਿਛਲੇ ਸਾਲ ਜਿੰਨਾ ਹੀ ਹੈ, ਖੇਤੀ ਵੀ ਉਥੇ ਹੀ ਹੈ, ਭਾਵ 1.25 ਲੱਖ ਕਰੋੜ ਤੋਂ 1.72 ਲੱਖ ਕਰੋੜ। ਮਨਰੇਗਾ ਪਿਛਲੇ ਸਾਲ ਜਿੰਨਾ ਹੀ ਹੈ, ਭਾਵ ਸਿਰਫ 86 ਹਜ਼ਾਰ ਕਰੋੜ ਰੁਪਏ।

ਕੇਂਦਰੀ ਸਰਕਾਰ ਨੇ ਐੱਨ ਡੀ ਏ ਸਰਕਾਰਾਂ ਲਈ ਬਜਟ ਵਿਚ ਵਧਾ ਕੇ ਹਿੱਸਾ ਰੱਖਿਆ ਹੈ, ਜਦੋਂ ਕਿ ਵਿਰੋਧੀ ਸਰਕਾਰਾਂ ਪ੍ਰਤੀ ਦੁਸ਼ਮਣੀ ਵਾਲਾ ਵਤੀਰਾ ਅਪਣਾਇਆ ਹੈ। ਸੀ ਪੀ ਆਈ ਨੇ ਬਜਟ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

## ਲੋਕਾਂ ਦੇ ਜਮਹੂਰੀ ਹੱਕਾਂ ਨੂੰ ਦਰੜਿਆ ਜਾ ਰਿਹੈ : ਬੰਤ ਬਰਾੜ



**ਜਲੰਧਰ :** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਪੇਸ਼ ਕੀਤਾ ਬਜਟ ਮੋਦੀ ਸਰਕਾਰ ਵੱਲੋਂ ਅਪਣਾਈਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਜਾਰੀ ਰੱਖਣ ਦੇ ਐਲਾਨਨਾਮੇ ਤੋਂ ਵੱਧ ਕੁਝ ਵੀ ਨਹੀਂ ਹੈ। ਇਸ ਬਜਟ ਵਿੱਚ ਮਜ਼ਦੂਰ, ਕਿਸਾਨ ਲਈ ਕੁਝ ਵੀ ਨਹੀਂ। ਸਿਹਤ, ਸਿੱਖਿਆ ਤੇ ਰੁਜ਼ਗਾਰ ਬਾਰੇ ਕੋਈ ਠੋਸ ਯੋਜਨਾਬੰਦੀ ਦਾ ਇਸ ਬਜਟ ਵਿੱਚ ਕੋਈ ਜ਼ਿਕਰ ਤੱਕ ਨਹੀਂ ਹੈ। ਬੇਕਾਬੂ ਮਹਿੰਗਾਈ ਨੂੰ ਰੋਕਣ ਦੀ ਘਾਟ ਇਸ ਬਜਟ 'ਚ ਸਪੱਸ਼ਟ ਝਲਕਦੀ ਹੈ। ਇਹ ਬਜਟ ਮਜ਼ਦੂਰਾਂ, ਕਿਸਾਨਾਂ ਦੀਆਂ ਉਮੀਦ ਮੁਤਾਬਕ ਨਹੀਂ। ਪੰਜ ਫਰਵਰੀ ਨੂੰ ਦੇਸ਼ ਪੱਧਰ 'ਤੇ ਬਜਟ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕੀਤਾ। ਜ਼ਿਲ੍ਹਾ ਕੌਂਸਲ ਜਲੰਧਰ ਦੀ ਪਰਮਜੀਤ ਸਮਰਾਏ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਬਰਾੜ ਨੇ ਕਿਹਾ ਕਿ ਅੱਜ ਦੇਸ਼ ਦਾ ਸੰਵਿਧਾਨ ਖਤਰੇ ਚ ਹੈ, ਲੋਕਾਂ ਦੇ ਜਮਹੂਰੀ ਹੱਕਾਂ ਨੂੰ ਦਰੜਿਆ ਜਾ ਰਿਹਾ। ਮੋਦੀ ਸਰਕਾਰ ਦੇ ਵਿਰੋਧ ਨੂੰ ਦੇਸ਼ ਵਿਰੋਧੀ ਗਰਦਾਨ ਕੇ ਬੁੱਧੀਜੀਵੀਆਂ ਨੂੰ ਜੇਲ੍ਹਾਂ 'ਚ ਡੱਕਿਆ ਹੋਇਆ ਹੈ। ਜ਼ਿਲ੍ਹਾ ਸਕੱਤਰ ਰਸ਼ਪਾਲ ਕੈਲੇ ਨੇ ਕਿਹਾ ਕਿ ਸੰਵਿਧਾਨ ਅਤੇ ਲੋਕਤੰਤਰ ਦੀ ਰਖਵਾਲੀ ਲਈ ਪਾਰਟੀ ਵੱਲੋਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ 23 ਮਾਰਚ ਤੋਂ ਲੈ ਕੇ ਡਾਕਟਰ ਬੀ ਆਰ ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਤੱਕ 21 ਦਿਨ ਜਨ-ਸੰਪਰਕ ਮੁਹਿੰਮ ਚਲਾਈ ਜਾਵੇਗੀ। ਇਸ ਦੌਰਾਨ ਜਨਰਲ ਬਾਡੀ ਮੀਟਿੰਗਾਂ ਕੀਤੀਆਂ ਜਾਣਗੀਆਂ ਤੇ 14 ਅਪ੍ਰੈਲ ਨੂੰ ਡਾਕਟਰ ਅੰਬੇਡਕਰ ਦੇ ਜਨਮ ਦਿਨ 'ਤੇ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕੀਤਾ ਜਾਵੇਗਾ। ਚੰਡੀਗੜ੍ਹ ਵਿੱਚ ਹੋ ਰਹੀ ਪਾਰਟੀ ਦੀ ਕੌਮੀ ਕਾਨਫਰੰਸ ਨੂੰ ਸਫਲ ਬਣਾਉਣ ਲਈ ਅੱਜ ਤੋਂ ਹੀ ਤਿਆਰੀਆਂ ਆਰੰਭ ਕੀਤੀਆਂ ਜਾਣਗੀਆਂ। ਇਸ ਕੰਮ ਲਈ ਪੰਜ ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ। ਮੀਟਿੰਗ ਨੂੰ ਖੇਤ ਮਜ਼ਦੂਰ ਸਭਾ ਦੇ ਪ੍ਰਧਾਨ ਵੀਰ ਕੁਮਾਰ, ਜਨਰਲ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸਿਕੰਦਰ ਸੰਧੂ, ਸਕੱਤਰ ਪਰਵਿੰਦਰ ਫਲਪੋਤਾ ਤੇ ਪਾਰਟੀ ਦੇ ਜ਼ਿਲ੍ਹਾ ਸਹਾਇਕ ਸਕੱਤਰ ਹਰਜਿੰਦਰ ਮੌਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਵਿੱਚ ਡਾਕਟਰ ਅੰਬੇਡਕਰ ਦੇ ਬੁੱਤ ਖੰਡਿਤ ਕਰਨਾ ਗਹਿਰੀ ਸਾਜ਼ਿਸ਼ ਦਾ ਹਿੱਸਾ ਹੈ ਤੇ ਵਿਸ਼ੇਸ ਕਰਕੇ ਪੰਜਾਬ ਵਿਚ ਦਲਿਤ ਵਰਗ ਤੇ ਕਿਸਾਨਾਂ ਦਰਮਿਆਨ ਨਫਰਤ ਪੈਦਾ ਕਰਨ ਦੀ ਘਟੀਆ ਚਾਲ ਹੈ। ਮੀਟਿੰਗ ਵਿਚ ਮਹਿੰਦਰ ਘੋੜਾਵਾਹੀ, ਸਵਰਨ ਕੁਰੈਸ਼ੀਆਂ ਤੇ ਸੰਦੀਪ ਦੌਲੀਕੇ ਨੇ ਵੀ ਆਪਣੇ ਵਿਚਾਰ ਰੱਖੇ।

## ਕੁੰਭ ਤਰਾਸਦੀ 'ਤੇ ਬਹਿਸ ਨਾ ਕਰਾਉਣ 'ਤੇ ਰਾਜ ਸਭਾ 'ਚੋਂ ਵਾਕਆਊਟ, ਲੋਕ ਸਭਾ 'ਚ ਵੀ ਹੰਗਾਮਾ

**ਨਵੀਂ ਦਿੱਲੀ :** ਚੇਅਰਮੈਨ ਜਗਦੀਪ ਧਨਖੜ ਵੱਲੋਂ ਕੁੰਭ ਦੁਖਾਂਤ 'ਤੇ ਚਰਚਾ ਲਈ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਦਿੱਤੇ ਨੋਟਿਸਾਂ 'ਤੇ ਵਿਚਾਰ ਕੀਤੇ ਜਾਣ ਤੋਂ ਇਨਕਾਰ ਕਰਨ ਮਗਰੋਂ ਵਿਰੋਧੀ ਪਾਰਟੀਆਂ ਸੋਮਵਾਰ ਸਿਫ਼ਰ ਕਾਲ ਦੌਰਾਨ ਰਾਜ ਸਭਾ ਵਿੱਚੋਂ ਵਾਕਆਊਟ ਕਰ ਗਈਆਂ। ਕਾਂਗਰਸ ਦੇ ਪ੍ਰਮੋਦ ਤਿਵਾੜੀ ਤੇ ਦਿਗਵਿਜੈ ਸਿੰਘ, ਤ੍ਰਿਣਮੂਲ ਕਾਂਗਰਸ ਦੀ ਸਾਗਰਿਕਾ ਘੋਸ਼, ਸਮਾਜਵਾਦੀ ਪਾਰਟੀ ਦੇ ਰਾਮਜੀ ਲਾਲ ਸੁਮਨ ਤੇ ਸੀ ਪੀ ਆਈ (ਐੱਮ) ਦੇ ਜੌਹਨ ਬ੍ਰਿਟਾਸ ਸਣੇ ਸੱਤ ਮੈਂਬਰਾਂ ਨੇ ਨੇਮ 267 ਤਹਿਤ ਦਿੱਤੇ ਨੋਟਿਸਾਂ ਵਿੱਚ ਸਦਨ ਦੀ ਕਾਰਵਾਈ ਮੁਲਤਵੀ ਕਰਕੇ ਪ੍ਰਯਾਗਰਾਜ ਵਿਚ ਮਹਾਂਕੁੰਭ ਦੌਰਾਨ ਮਚੀ ਭਗਦੜ 'ਤੇ ਚਰਚਾ ਕਰਵਾਉਣ ਦੀ ਮੰਗ ਕੀਤੀ ਸੀ। ਉਧਰ ਕਾਂਗਰਸ ਦੇ ਰਣਦੀਪ ਸਿੰਘ ਸੁਰਜੇਵਾਲਾ ਨੇ ਦੇਸ਼-ਭਰ ਵਿੱਚ ਸੰਵਿਧਾਨ ਅਤੇ ਡਾ. ਬੀ ਆਰ ਅੰਬੇਡਕਰ ਦੇ ਨਿਰਾਦਰ ਦੀਆਂ ਘਟਨਾਵਾਂ 'ਤੇ ਚਰਚਾ ਕਰਨ ਲਈ ਕਾਰਵਾਈ ਮੁਲਤਵੀ ਕਰਨ ਦਾ ਨੋਟਿਸ ਦਿੱਤਾ। ਸੀ ਪੀ ਆਈ ਦੇ ਪੀ ਸੰਦੋਸ਼ ਕੁਮਾਰ ਨੇ ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਰਾਜ ਮੰਤਰੀ ਸੁਰੇਸ਼ ਗੋਪੀ ਵੱਲੋਂ ਕੀਤੀ ਕਥਿਤ ਜਾਤੀਵਾਦੀ ਟਿੱਪਣੀ ਦੇ ਮੁੱਦੇ 'ਤੇ ਚਰਚਾ ਲਈ ਸਦਨ ਦੀ ਕਾਰਵਾਈ ਮੁਲਤਵੀ ਕਰਨ ਦਾ ਨੋਟਿਸ ਦਿੱਤਾ। ਧਨਖੜ ਨੇ ਇਨ੍ਹਾਂ ਨੋਟਿਸਾਂ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਉਹ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਹਨ। ਚੇਅਰਮੈਨ ਵੱਲੋਂ ਨੋਟਿਸਾਂ ਨੂੰ ਮੰਨਣ ਤੋਂ ਇਨਕਾਰ ਕਰਨ 'ਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਸਦਨ ਦੇ ਐਨ ਵਿਚਾਲੇ ਜਾ ਕੇ ਨਾਅਰੇਬਾਜ਼ੀ ਕੀਤੀ। ਮਗਰੋਂ ਉਹ ਸਦਨ 'ਚੋਂ ਵਾਕਆਊਟ ਕਰ ਗਏ। ਮਹਾਂਕੁੰਭ ਦੌਰਾਨ ਮਚੀ ਭਗਦੜ ਦੇ ਮੁੱਦੇ 'ਤੇ ਵਿਰੋਧੀ ਧਿਰਾਂ ਵੱਲੋਂ ਚਰਚਾ ਦੀ ਮੰਗ ਨੂੰ ਲੈ ਕੇ ਲੋਕ ਸਭਾ ਵਿੱਚ ਵੀ ਹੰਗਾਮਾ ਦੇਖਣ ਨੂੰ ਮਿਲਿਆ। ਰੌਲੇ-ਰੱਪੇ ਦਰਮਿਆਨ ਹੀ ਸਦਨ ਨੇ 18 ਸਵਾਲ ਲਏ, ਜਿਨ੍ਹਾਂ ਦੇ ਮੰਤਰੀਆਂ ਵੱਲੋਂ ਸੰਖੇਪ ਵਿਚ ਜਵਾਬ ਦਿੱਤੇ ਗਏ। ਆਮ ਕਰਕੇ ਪ੍ਰਸ਼ਨ ਕਾਲ ਦੌਰਾਨ 20 ਸਵਾਲ ਸੂਚੀਬੱਧ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਮੰਤਰੀਆਂ ਵੱਲੋਂ ਜ਼ੁਬਾਨੀ-ਕਲਾਮੀ ਜਵਾਬ ਦਿੱਤਾ ਜਾਂਦਾ ਹੈ।

ਰਾਸ਼ਟਰਪਤੀ ਵੱਲੋਂ ਦੋਵਾਂ ਸਦਨਾਂ ਦੇ ਸਾਂਝੇ ਸੰਬੋਧਨ ਤੇ ਕੇਂਦਰੀ ਬਜਟ ਦੀ ਪੇਸ਼ਕਾਰੀ ਮਗਰੋਂ ਲੋਕ ਸਭਾ ਪਹਿਲੀ ਵਾਰ ਜੁੜੀ ਤਾਂ ਕਾਂਗਰਸ ਦੀ ਅਗਵਾਈ ਵਿਚ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਮਹਾਂਕੁੰਭ ਦੁਖਾਂਤ 'ਤੇ ਚਰਚਾ ਦੀ ਮੰਗ ਕੀਤੀ। ਵਿਰੋਧੀ ਧਿਰਾਂ ਦੇ ਮੈਂਬਰ ਸਦਨ ਦੇ ਵਿਚਾਲੇ ਆ ਗਏ ਤੇ ਉਨ੍ਹਾਂ ਨਾਅਰੇਬਾਜ਼ੀ ਕੀਤੀ। ਕਾਂਗਰਸ ਦੇ ਡਿਪਟੀ ਆਗੂ ਗੌਰਵ ਗੋਗੋਈ ਤੇ ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਦੀ ਅਗਵਾਈ ਵਿੱਚ ਵਿਰੋਧੀ ਧਿਰਾਂ ਨੇ ਪ੍ਰਸ਼ਨ ਕਾਲ ਦੀ ਕਾਰਵਾਈ ਮੁਅੱਤਲ ਕਰਕੇ ਮਹਾਂਕੁੰਭ ਭਗਦੜ ਦੇ ਮੁੱਦੇ 'ਤੇ ਚਰਚਾ ਦੀ ਮੰਗ ਕੀਤੀ। ਵਿਰੋਧੀ ਧਿਰਾਂ ਨੇ 'ਸਨਾਤਨ ਵਿਰੋਧੀ ਸਰਕਾਰ ਅਸਤੀਫ਼ਾ ਦੋ' ਦੇ ਨਾਅਰੇ ਲਾਏ। ਸਪੀਕਰ ਓਮ ਬਿਰਲਾ ਨੇ ਮੈਂਬਰਾਂ ਵੱਲੋਂ ਰੋਸ ਵਜੋਂ ਮੇਜ਼ ਨੂੰ ਥਪਥਪਾਉਣ ਦਾ ਵਿਰੋਧ ਕੀਤਾ। ਬਿਰਲਾ ਨੇ ਕਿਹਾ ਕਿ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਵਜੋਂ ਸਵਾਲ ਪੁੱਛਣ ਲਈ ਭੇਜਿਆ ਹੈ, ਟੇਬਲਾਂ ਨੂੰ ਨੁਕਸਾਨ ਪਹੁੰਚਾਉਣ ਲਈ ਨਹੀਂ। ਵਿਰੋਧੀ ਧਿਰਾਂ ਨੇ ਮੰਗ ਕੀਤੀ ਕਿ ਭਗਦੜ ਵਿਚ ਮੌਤ ਦੇ ਮੂੰਹ ਪਏ ਲੋਕਾਂ ਦੀ ਮੁਕੰਮਲ ਸੂਚੀ ਦਿੱਤੀ ਜਾਵੇ। ਇਸ ਉੱਤੇ ਸਪੀਕਰ ਬਿਰਲਾ ਨੇ ਪ੍ਰਦਰਸ਼ਨਕਾਰੀ ਮੈਂਬਰਾਂ ਨੂੰ ਕਿਹਾ ਕਿ ਉਹ ਇਸ ਮੁੱਦੇ ਨੂੰ ਰਾਸ਼ਟਰਪਤੀ ਦੇ ਭਾਸ਼ਣ 'ਤੇ ਪੇਸ਼ ਧੰਨਵਾਦ ਮਤੇ 'ਤੇ ਹੋਣ ਵਾਲੀ ਬਹਿਸ ਦੌਰਾਨ ਰੱਖ ਸਕਦੇ ਹਨ।

### ਕਸ਼ਮੀਰ 'ਚ ਸਾਬਕਾ ਫੌਜੀ ਦੀ ਹੱਤਿਆ, ਪਤਨੀ-ਧੀ ਜ਼ਖਮੀ

**ਸ੍ਰੀਨਗਰ :** ਜੰਮੂ-ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿੱਚ ਦਹਿਸ਼ਤੀ ਹਮਲੇ 'ਚ ਸਾਬਕਾ ਫੌਜੀ ਦੀ ਮੌਤ ਹੋ ਗਈ, ਜਦੋਂਕਿ ਉਸ ਦੀ ਪਤਨੀ ਤੇ ਧੀ ਜ਼ਖ਼ਮੀ ਹੋਈਆਂ ਹਨ। ਅਣਪਛਾਤੇ ਦਹਿਸ਼ਤਗਰਦਾਂ ਨੇ ਸਾਬਕਾ ਫੌਜੀ ਮਨਜ਼ੂਰ ਅਹਿਮਦ ਵਾਗੇ ਅਤੇ ਉਸ ਦੀ ਪਤਨੀ ਤੇ ਧੀ ਨੂੰ ਜ਼ਿਲ੍ਹੇ ਦੇ ਬੇਹੀਬਾਗ਼ ਇਲਾਕੇ ਵਿੱਚ ਘਰ ਨੇੜੇ ਗੋਲੀਆਂ ਮਾਰੀਆਂ। ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਇਲਾਜ ਦੌਰਾਨ ਸਾਬਕਾ ਫੌਜੀ ਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਸਾਬਕਾ ਫੌਜੀ ਦੇ ਪੇਟ ਵਿਚ ਜਦੋਂਕਿ ਉਸ ਦੀ ਪਤਨੀ ਤੇ ਧੀ ਦੀ ਲੱਤ ਵਿਚ ਗੋਲੀ ਲੱਗੀ ਸੀ। ਹਮਲੇ ਤੋਂ ਫੌਰੀ ਮਗਰੋਂ ਪੁਲਸ ਤੇ ਸੁਰੱਖਿਆ ਬਲਾਂ ਦੀ ਸਾਂਝੀ ਟੀਮ ਨੇ ਹਮਲਾਵਰਾਂ ਦੀ ਪੈੜ ਨੱਪਣ ਲਈ ਤਲਾਸ਼ੀ ਮੁਹਿੰਮ ਆਰੰਭ ਦਿੱਤੀ ਹੈ।

### ਹਿਨਾ ਮੁਨੱਵਰ ਕਰੇਗੀ ਪਾਕਿਸਤਾਨ ਕ੍ਰਿਕਟ ਬੋਰਡ ਨੂੰ ਸੂਤ



**ਕਰਾਚੀ :** ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਨੇ ਇਤਿਹਾਸ ਰਚਦਿਆਂ ਹਿਨਾ ਮੁਨੱਵਰ ਨੂੰ ਪੁਰਸ਼ ਕ੍ਰਿਕਟ ਟੀਮ ਦੀ ਪਹਿਲੀ ਮਹਿਲਾ ਮੈਨੇਜਰ (ਆਪਰੇਸ਼ਨਜ਼) ਨਿਯੁਕਤ ਕੀਤਾ ਹੈ। ਉਹ ਅਗਾਮੀ ਤਿਕੋਣੀ ਲੜੀ ਤੇ ਚੈਂਪੀਅਨਜ਼ ਟਰਾਫੀ 2025, ਜੋ 19 ਫਰਵਰੀ ਤੋਂ ਕਰਾਚੀ ਵਿੱਚ ਸ਼ੁਰੂ ਹੋ ਰਹੀ ਹੈ, ਤੋਂ ਇਹ ਨਵੀਂ ਜ਼ਿੰਮੇਵਾਰੀ ਸੰਭਾਲੇਗੀ। ਉਂਜ ਸੀਨੀਅਰ ਸੇਵਾਮੁਕਤ ਨੌਕਰਸ਼ਾਹ ਨਵੀਦ ਅਕਬਰ ਚੀਮਾ ਟੀਮ ਮੈਨੇਜਰ ਵਜੋਂ ਭੂਮਿਕਾ ਨਿਭਾਉਂਦੇ ਰਹਿਣਗੇ। ਹਿਨਾ ਦੀ ਚੋਣ ਨੇ ਕ੍ਰਿਕਟ ਪ੍ਰੇਮੀਆਂ, ਮਾਹਰਾਂ ਤੇ ਮੀਡੀਆ ਵਿਚ ਉਤਸੁਕਤਾ ਪੈਦਾ ਕੀਤੀ ਹੈ। ਪੀ ਸੀ ਬੀ ਨਾਲ ਜੁੜੇ ਸੂਤਰ ਮੁਤਾਬਕ ਹਿਨਾ ਮੁਨੱਵਰ ਦੀ ਨਿਯੁਕਤੀ ਟੀਮ ਮੈਨੇਜਮੈਂਟ ਤੇ ਖਿਡਾਰੀਆਂ ਦਰਮਿਆਨ ਸੰਚਾਲਨ ਨੂੰ ਸੁਚਾਰੂ ਬਣਾਉਣ ਦੇ ਮੰਤਵ ਨਾਲ ਕੀਤੀ ਗਈ ਹੈ। ਉਸ ਨੇ ਰਣਨੀਤਕ ਤੇ ਅਗਵਾਈ ਜਿਹੀ ਭੂਮਿਕਾਵਾਂ ਵਿਚ ਕੰਮ ਕੀਤਾ ਹੈ, ਜਿਸ ਕਰਕੇ ਉਸ ਨੂੰ ਪ੍ਰਸ਼ਾਸਨਕ ਕਾਰਜਾਂ ਦਾ ਚੰਗਾ ਤਜਰਬਾ ਹੈ। ਉਹ ਪਿਛਲੇ ਸਾਲ ਪੀ ਸੀ ਬੀ ਵਿੱਚ ਸ਼ਾਮਲ ਹੋਈ ਸੀ ਅਤੇ ਪਾਕਿਸਤਾਨ ਮਹਿਲਾ ਅੰਡਰ-19 ਟੀਮ ਦੀ ਏਸ਼ੀਆ ਕੱਪ ਮੈਨੇਜਰ ਵੀ ਰਹਿ ਚੁੱਕੀ ਹੈ।

## ਅੱਖਾਂ ਦਿਖਾਉਣ 'ਤੇ ਟਰੰਪ ਬੈਕ ਮਾਰਨ ਲੱਗਾ



**ਵੈਨਕੂਵਰ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ, ਮੈਕਸੀਕੋ ਤੇ ਚੀਨ ਤੋਂ ਦਰਾਮਦ ਵਸਤਾਂ 'ਤੇ ਟੈਕਸ ਲਾਉਣ ਤੋਂ ਇਕ ਦਿਨ ਮਗਰੋਂ ਵਪਾਰਕ ਜੰਗ ਛਿੜਨ ਦੇ ਖ਼ਦਸ਼ਿਆਂ ਦਰਮਿਆਨ ਮਸਲੇ ਨੂੰ ਠੰਢਾ ਕਰਨ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਮੈਕਸੀਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬੌਮ ਨਾਲ ਗੱਲਬਾਤ ਦੀ ਇੱਛਾ ਪ੍ਰਗਟਾਈ ਹੈ। ਕੈਨੇਡਾ ਤੇ ਮੈਕਸੀਕੋ ਨੇ ਵੀ ਜਵਾਬੀ ਟੈਕਸ ਲਾਉਣ ਦਾ ਐਲਾਨ ਕੀਤਾ ਸੀ। ਮੰਨਿਆ ਜਾ ਰਿਹਾ ਹੈ ਕਿ ਉਹ ਟੈਕਸ ਦੀ ਥਾਂ ਦੋਵਾਂ ਮੁਲਕਾਂ ਤੋਂ ਅਮਰੀਕਾ ਨਾਲ ਲੱਗਦੀ ਸਰਹੱਦ ਦੀ ਸੁਰੱਖਿਆ ਦਾ ਵਾਅਦਾ ਲੈ ਕੇ ਟੈਰਿਫ ਜੰਗ ਕਰਕੇ ਤਿੰਨਾਂ ਦੇਸ਼ਾਂ ਸਮੇਤ ਆਲਮੀ ਪੱਧਰ 'ਤੇ ਵਧੀ ਵਪਾਰਕ ਬੇਚੈਨੀ ਨੂੰ ਘਟਾਉਣ ਦਾ ਯਤਨ ਕਰਨਗੇ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਨਿਰਾਸ਼ਾ ਦੇ ਆਲਮ ਵਿੱਚ ਬੈਠੇ ਉਦਯੋਗਪਤੀਆਂ ਨੂੰ ਦਿਲਾਸਾ ਦੇਣ ਲਈ ਸੋਸ਼ਲ ਮੀਡੀਆ 'ਤੇ ਕੁਝ ਸੁਨੇਹੇ ਭੇਜੇ ਹਨ। ਉਨ੍ਹਾ ਇਕ ਸੁਨੇਹੇ ਵਿਚ ਲਿਖਿਆ ਕਿ ਟੈਰਿਫ ਦੀ ਸ਼ੁਰੂਆਤ ਦਰਦਨਾਕ ਹੋ ਸਕਦੀ ਹੈ, ਪਰ ਇਸ ਦਰਦ ਨੂੰ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਉਣ ਦੇ ਯਤਨ ਵਜੋਂ ਵੇਖਿਆ ਤੇ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ ਉਦਯੋਗਪਤੀਆਂ ਉੱਤੇ ਰਾਸ਼ਟਰਪਤੀ ਦੇ ਇਸ ਦਿਲਾਸੇ ਦਾ ਕੋਈ ਅਸਰ ਨਹੀਂ ਹੋ ਰਿਹਾ ਤੇ ਉਹ ਇਸ ਨੂੰ ਰਾਸ਼ਟਰਪਤੀ ਦੇ ਅੜੀਅਲ ਸੁਭਾਅ ਵਜੋਂ ਵੇਖ ਰਹੇ ਹਨ।

### ਕੈਨੇਡਾ ਦੇ ਠੇਕਿਆਂ ਤੋਂ ਅਮਰੀਕਨ ਬਰਾਂਡ ਗਾਇਬ

ਟੈਰਿਫ ਜੰਗ ਦੇ ਵਿਰੋਧ ਵਜੋਂ ਕੈਨੇਡਾ ਦੇ ਸਾਰੇ ਸੂਬਿਆਂ ਦੀਆਂ ਸ਼ਰਾਬ ਠੇਕੇਦਾਰ ਕੰਪਨੀਆਂ ਨੇ ਆਪਣੇ ਠੇਕਿਆਂ 'ਚੋਂ ਅਮਰੀਕਨ ਬਰਾਂਡ ਗਾਇਬ ਕਰ ਦਿੱਤੇ ਹਨ ਤੇ ਟੈਰਿਫ ਵਾਪਸੀ ਤੱਕ ਅਮਰੀਕਾ ਤੋਂ ਕਿਸੇ ਵੀ ਤਰ੍ਹਾਂ ਦੀ ਸ਼ਰਾਬ ਮੰਗਵਾਉਣੀ ਬੰਦ ਕਰ ਦਿੱਤੀ ਹੈ। ਅਮਰੀਕਨ ਡਿਸਟਿਲਰੀ ਸਪਿਰਟ ਕੌਂਸਲ ਦੇ ਪ੍ਰਧਾਨ ਤੇ ਮੁੱਖ ਕਾਰਜਕਾਰੀ ਅਫਸਰ ਕ੍ਰਿਸ ਸਵਿੰਗਰ ਨੇ ਕੈਨੇਡਾ ਦੇ ਇਸ ਪ੍ਰਤੀਕਰਮ ਨੂੰ ਅਮਰੀਕਨ ਸ਼ਰਾਬ ਉਦਯੋਗ ਲਈ ਘਾਤਕ ਮੰਨਿਆ ਹੈ। ਉਨ੍ਹਾ ਕਿਹਾ ਕਿ ਬੇਸ਼ੱਕ ਇਸ ਨਾਲ ਸਮੁੱਚੇ ਮੰਡੀਕਰਨ 'ਤੇ ਵੱਡਾ ਅਸਰ ਨਾ ਪਵੇ, ਪਰ ਉਦਯੋਗ ਲਈ ਨਾ ਸਹਿਣਯੋਗ ਘਾਟੇ ਨੂੰ ਨਕਾਰਿਆ ਨਹੀਂ ਜਾ ਸਕਦਾ। ਉਨ੍ਹਾ ਉਮੀਦ ਜ਼ਾਹਰ ਕੀਤੀ ਕਿ ਉਦਯੋਗ ਦੇ ਦੁਵੱਲੇ ਸਰਕਾਰੀ ਹਿੱਸੇਦਾਰਾਂ ਨੂੰ ਸਾਂਝਾ ਹੱਲ ਤਲਾਸ਼ਣਾ ਹੀ ਉਦਯੋਗਕ ਵਿਕਾਸ ਲਈ ਜ਼ਰੂਰੀ ਹੈ।

## ਪਨਾਮਾ 'ਚ ਅਮਰੀਕੀ ਝੰਡੇ ਸਾੜੇ



ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਗੱਦੀ ਸੰਭਾਲਦੇ ਹੀ ਗੁਆਂਢੀ ਮੁਲਕਾਂ ਨਾਲ ਲਏ ਟੈਰਿਫ ਪੰਗੇ ਦਾ ਸੇਕ ਕੇਂਦਰੀ ਅਮਰੀਕਾ ਦੇ ਮੁਲਕ ਪਨਾਮਾ ਤੱਕ ਜਾ ਪਹੁੰਚਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੱਲੋਂ ਪਨਾਮਾ ਦੇ ਰਾਸ਼ਟਰਪਤੀ ਜੋਇ ਰੌਇ ਮੋਲੀਨੋ ਨੂੰ ਪਨਾਮਾ ਨਹਿਰ ਤੋਂ ਚੀਨ ਦੇ ਦਖਲ ਅਤੇ ਪ੍ਰਭਾਵ ਨੂੰ ਘਟਾਉਣ ਲਈ ਕਹਿਣਾ ਉੱਥੋਂ ਦੇ ਲੋਕਾਂ ਨੂੰ ਬੁਰਾ ਲੱਗਾ ਹੈ। ਰੂਬੀਓ ਨੇ ਕਿਹਾ ਸੀ ਕਿ ਅਮਰੀਕਾ ਵੱਲੋਂ ਬਣਾਈ ਨਹਿਰ ਉੱਤੇ ਕਿਸੇ ਹੋਰ ਦੇਸ਼ ਦੇ ਗਲਬੇ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਮੋਲੀਨੋ ਨੇ ਹਾਲਾਂਕਿ ਇਸ ਦੇ ਜਵਾਬ ਵਿਚ ਸਪੱਸ਼ਟ ਕਹਿ ਦਿੱਤਾ ਹੈ ਕਿ ਉਹ 1999 ਦੇ ਸਮਝੌਤੇ ਦੀ ਪਾਲਣਾ ਦੇ ਪਾਬੰਦ ਹਨ ਤੇ ਉਸ ਨੂੰ ਹੀ ਨਵਿਆਇਆ ਜਾਏਗਾ। ਅਮਰੀਕਨ ਧਮਕੀ ਤੋਂ ਬਾਅਦ ਸੈਂਕੜੇ ਲੋਕਾਂ ਨੇ ਪਨਾਮਾ ਦੀਆਂ ਸੜਕਾਂ 'ਤੇ ਆ ਕੇ ਅਮਰੀਕਨ ਝੰਡੇ ਸਾੜੇ।

## ਆਲ ਇੰਡੀਆ ਕਿਸਾਨ ਸਭਾ ਦੀ ਦੋ-ਰੋਜ਼ਾ ਹਰਿਆਣਾ ਕਾਨਫਰੰਸ 'ਚ ਗੰਭੀਰ ਵਿਚਾਰਾਂ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਆਲ ਇੰਡੀਆ ਕਿਸਾਨ ਸਭਾ (ਏ ਆਈ ਕੇ ਐੱਸ) ਹਰਿਆਣਾ ਦਾ 15ਵਾਂ ਪ੍ਰਤੀਨਿਧੀ ਸੰਮੇਲਨ ਝੁੰਥਰਾ ਧਰਮਸ਼ਾਲਾ ਸਿਰਸਾ ਵਿਖੇ ਸਫਲਤਾਪੂਰਵਕ ਸਮਾਪਤ ਹੋਇਆ। ਇਸ ਦੋ-ਰੋਜ਼ਾ ਕਾਨਫਰੰਸ ਦੇ ਵਿਸ਼ੇਸ਼ ਮਹਿਮਾਨ ਮਾਸਟਰ ਬਲਬੀਰ ਸਿੰਘ, ਕਿਸਾਨ ਸਭਾ ਦੇ ਸੂਬਾ ਪ੍ਰਧਾਨ ਮਨਦੀਪ ਸਿੰਘ, ਕਿਸਾਨ ਸੰਘਰਸ਼ ਸਮਿਤੀ ਹਰਿਆਣਾ ਦੇ ਪ੍ਰਹਿਲਾਦ ਸਿੰਘ ਭਾਰੂਖੇੜਾ, ਰਾਸ਼ਟਰੀ ਕਿਸਾਨ ਮੰਚ ਦੇ ਪ੍ਰਧਾਨ ਨਿਰਭੈ ਸਿੰਘ ਰਤੀਆ ਸਨ। ਕਾਨਫਰੰਸ ਦੇ ਪਹਿਲੇ ਪੜਾਅ ਵਿੱਚ ਸਾਬਕਾ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਜੋਸ਼ ਨੇ ਆਲ ਇੰਡੀਆ ਕਿਸਾਨ ਸਭਾ ਦਾ ਝੰਡਾ ਲਹਿਰਾਇਆ ਅਤੇ ਦੂਜੇ ਪੜਾਅ ਵਿੱਚ ਕਿਸਾਨ ਅੰਦੋਲਨ ਦੇ ਸ਼ਹੀਦਾਂ ਕਾਮਰੇਡ ਅਤੁਲ ਕੁਮਾਰ ਅਨਜਾਨ, ਸਤਪਾਲ ਸਿੰਘ ਬੈਣੀਵਾਲ ਅਤੇ





ਮਹਾਂਕੁੰਭ ਮੇਲੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਕਾਮਰੇਡ ਰਾਜਨ ਕਸ਼ੀਰਸਾਗਰ ਨੇ ਕਿਹਾ ਕਿ ਨਵਾਂ ਖੇਤੀ ਬਾਜ਼ਾਰ ਵਪਾਰ ਪ੍ਰੋਗਰਾਮ ਢਾਂਚਾ ਕਿਸਾਨਾਂ ਦੇ ਹਿੱਤਾ ਦੀ ਥਾਂ ਕਾਰਪੋਰੇਟਾਂ ਦੇ ਹੱਕ ਵਿੱਚ ਤਿਆਰ ਕੀਤਾ ਗਿਆ ਹੈ। ਤੀਜੇ ਪੜਾਅ ਵਿੱਚ ਡਾ. ਸੁਖਦੇਵ ਸਿੰਘ ਜੰਮੂ ਨੇ ਸੰਗਠਨਾਤਮਕ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਾਲਾਤ 'ਤੇ ਚਰਚਾ ਕੀਤੀ। ਸਾਥੀ ਭਜਨ ਲਾਲ ਬਾਜੇਕਾ, ਜਗਰੂਪ ਸਿੰਘ ਚੌਬਜਾ, ਤਿਲਕ ਰਾਜ ਵਿਨਾਇਕ ਅਤੇ ਰੋਸ਼ਨ ਸੁਚਾਨ ਦੇ ਸੁਝਾਵਾਂ 'ਤੇ ਸਹਿਮਤੀ ਦਰਜ ਕੀਤੀ ਗਈ। ਕਾ. ਸਵਰਨ ਸਿੰਘ ਵਿਰਕ ਅਤੇ ਇਕਬਾਲ • ਬਾਕੀ ਸਫ਼ਾ 2 'ਤੇ

## ਬਜਟ 'ਚ ਨਰੇਗਾ ਕਾਮਿਆਂ ਨਾਲ ਸਰਾਸਰ ਧੱਕਾ : ਮਾੜੀਮੇਘਾ, ਨਰਿੰਦਰ ਅਲਗੋਂ

**ਭਿੱਖੀਵਿੰਡ :** ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਤਰਨ ਤਾਰਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ ਤੇ ਜ਼ਿਲ੍ਹਾ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਵਾਰ ਕੇਂਦਰ ਸਰਕਾਰ ਵੱਲੋਂ ਜੋ ਸਾਲਾਨਾ ਬਜਟ ਪੇਸ਼ ਕੀਤਾ ਗਿਆ, ਉਹ ਗਰੀਬ, ਕਿਰਤੀਆਂ ਤੇ ਕਿਸਾਨਾਂ ਦੇ ਪੱਖ ਵਾਲਾ ਨਹੀਂ ਹੈ। ਨਰੇਗਾ ਯੂਨੀਅਨ ਪਿਛਲੇ ਅਰਸੇ ਤੋਂ ਮੰਗ ਕਰਦੀ ਆ ਰਹੀ ਹੈ ਕਿ ਨਰੇਗਾ ਦੇ ਸਾਲਾਨਾ ਬਜਟ ਵਿੱਚ ਵਾਧਾ ਕੀਤਾ ਜਾਵੇ, ਪਰ ਬਜਟ ਵਿੱਚ ਕੌਮੀ ਪੇਂਡੂ ਰੁਜ਼ਗਾਰ ਯੋਜਨਾ ਰਾਹੀਂ ਹੋਣ ਵਾਲੇ ਪਿੰਡਾਂ ਦੇ ਕੰਮਾਂ ਤੇ ਵਿਕਾਸ ਵਾਸਤੇ ਪਿਛਲੇ ਸਾਲ ਜਿੰਨਾ ਹੀ ਬਜਟ 86000 ਕਰੋੜ ਰੁਪਏ ਹੀ ਰੱਖਿਆ ਗਿਆ ਹੈ, ਜਦੋਂ ਕਿ ਪਹਿਲਾਂ ਹੀ ਬਜਟ ਵਿੱਚ ਪੈਸੇ ਦੀ ਘਾਟ ਕਾਰਨ ਨਰੇਗਾ ਕਾਮਿਆਂ ਨੂੰ ਕੀਤੇ ਹੋਏ ਕੰਮਾਂ ਦੇ ਪੈਸੇ ਨਹੀਂ ਮਿਲ ਰਹੇ। ਯੂਨੀਅਨ ਇਸ ਮੰਗ 'ਤੇ ਸੰਘਰਸ਼ ਕਰ ਰਹੀ ਹੈ ਕਿ ਨਰੇਗਾ ਕੰਮ ਸਾਲ ਵਿੱਚ ਘੱਟੋ-ਘੱਟ 200 ਦਿਨ ਕੰਮ ਅਤੇ ਦਿਹਾੜੀ 1000 ਰੁਪਏ ਕੀਤੀ ਜਾਵੇ। ਆਗੂਆਂ ਕਿਹਾ ਕਿ ਨਰੇਗਾ ਕੰਮ ਦੇਣ ਵਿੱਚ ਅਫ਼ਸਰਸ਼ਾਹੀ ਲਾਪਰਵਾਹੀ, ਮਨਮਾਨੀ ਅਤੇ ਕੁਰੱਪਸ਼ਨ ਵਾਲਾ ਢੰਗ ਵਰਤਦੀ ਹੈ। ਅਫ਼ਸਰਸ਼ਾਹੀ ਪਿੰਡਾਂ ਦੇ ਮੋਹਤਬਰਾਂ ਨਾਲ ਰਲ ਕੇ ਨਰੇਗਾ ਕਾਰਜ ਵਿੱਚ ਕੁਰੱਪਸ਼ਨ ਕਰਦੀ ਹੈ। ਖਾਂਦੇ-ਪੀਂਦੇ ਲੋਕ ਜਿਹੜੇ ਕੰਮ ਨਹੀਂ ਕਰਦੇ, ਉਨ੍ਹਾਂ ਦੀਆਂ ਜਾਲ੍ਹੀ ਹਾਜ਼ਰੀਆਂ ਲਾ ਕੇ ਪੈਸੇ ਉਨ੍ਹਾਂ ਦੇ ਖਾਤਿਆਂ ਵਿੱਚ ਜਾਂਦੇ ਹਨ। ਗਰੀਬ ਨਰੇਗਾ ਕਾਮਿਆਂ ਦੇ ਜਾਬ ਕਾਰਡ ਅਤੇ ਬੈਂਕਾਂ ਦੀਆਂ ਕਾਪੀਆਂ ਵੀ ਪਿੰਡਾਂ ਦੇ ਮੋਹਤਬਰਾਂ ਨੇ ਆਪਣੇ ਕੋਲ ਰੱਖੀਆਂ ਹੋਈਆਂ ਹਨ। ਆਗੂਆਂ ਕਿਹਾ ਕਿ ਨਰੇਗਾ ਕਾਨੂੰਨ ਪਿੰਡਾਂ ਦੇ ਕਾਮਿਆਂ ਨੂੰ ਰੁਜ਼ਗਾਰ ਦੇਣ ਅਤੇ ਪਿੰਡਾਂ ਦੇ ਵਿਕਾਸ ਲਈ ਬਣਿਆ ਸੀ, ਪਰ ਮੋਦੀ ਸਰਕਾਰ ਜਦੋਂ ਦੀ ਕੇਂਦਰ ਵਿੱਚ ਆਈ ਹੈ, ਬਜਟ ਵਿੱਚ ਕਟੌਤੀ ਕਰਦੀ ਆ ਰਹੀ ਹੈ। ਇਸ ਵਾਰ ਬਜਟ ਪਿਛਲੇ ਸਾਲ ਜਿੰਨਾ ਹੀ ਰੱਖਿਆ ਗਿਆ ਹੈ। ਮੋਦੀ ਸਰਕਾਰ ਨੇ ਨਰੇਗਾ ਬਜਟ ਵਿੱਚ ਵਾਧਾ ਨਾ ਕਰਕੇ ਪੇਂਡੂ ਆਵਾਮ ਤੇ ਨਰੇਗਾ ਕਾਮਿਆਂ ਨਾਲ ਸਰਾਸਰ ਧੱਕਾ ਕੀਤਾ ਹੈ।

### ਅੱਜ-ਨਾਮਾ

ਦਿੱਲੀ ਅੰਦਰ ਹਨ ਸੜਕਾਂ ਦੇ ਸ਼ੋਅ ਮੁੱਕੇ,
ਰੁਕ ਗਿਆ ਚੋਣਾਂ ਦਾ ਪੂਰਾ ਪ੍ਰਚਾਰ ਬੇਲੀ।
ਚੋਣ ਕਾਨੂੰਨ ਨੇ ਭਾਰਤ ਦੇ ਸਖਤ ਬਾਹਲੇ,
ਸੁਣਿਆ ਮੁਸ਼ਕਲ ਹੈ ਝੱਲਣਾ ਵਾਰ ਬੇਲੀ।
ਫਿਰ ਵੀ ਦਾਬਾ ਕਾਨੂੰਨਾਂ ਦਾ ਮੰਨਦੇ ਨਹੀਂ,
ਜਿਨ੍ਹਾਂ ਦੇ ਪਾਸੇ ਦੀ ਹੁੰਦੀ ਸਰਕਾਰ ਬੇਲੀ।
ਹੋਰਾਂ ਸਾਰਿਆਂ ਨੂੰ ਧੱਕ ਕੇ ਬਾਹਰ ਕਰਦੇ,
ਕਰਦੇ ਗਿੱਦੜ ਦੇ ਵਾਂਗ ਫਿਰ ਮਾਰ ਬੇਲੀ।
ਅਸਲੀ ਖੇਡ ਵੀ ਇਹਨੀਂ ਹੈ ਦਿਨੀਂ ਹੁੰਦੀ,
ਲਾਇਆ ਜਾਵੇ ਸਭ ਸਿਰੇ ਦਾ ਜ਼ੋਰ ਬੇਲੀ।
ਫਿਰ ਵੀ ਤੋੜਦਾ ਚੁੱਪ ਨਹੀਂ ਕਦੀ ਵੋਟਰ,
ਜੀਹਦੇ ਹੱਥ ਆ ਕਿਸਮਤ ਦੀ ਡੋਰ ਬੇਲੀ।

-ਤੀਸ ਮਾਰ ਖਾਂ

## 'ਜਿਸ ਲਾਹੌਰ ਨਹੀਂ ਦੇਖਿਆ' ਨਾਟਕ ਨੇ ਮਨੁੱਖੀ ਰਿਸ਼ਤਿਆਂ ਦੀ ਪਾਕੀਜ਼ਗੀ ਦੀ ਬਾਤ ਪਾਈ

**ਸ਼ਾਹਕੋਟ (ਗਿਆਨ ਸੈਦਪੁਰੀ)**

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਇਕਾਈ ਸ਼ਾਹਕੋਟ ਵੱਲੋਂ ਤਰਕਸ਼ੀਲ ਮੇਲਾ ਕਰਵਾਇਆ ਗਿਆ। ਇਸ ਮੇਲੇ ਵਿੱਚ ਉੱਘੇ ਸਾਹਿਤਕਾਰ ਡਾ. ਅਸਗਰ ਵਜਾਹਤ ਦਾ ਲਿਖਿਆ ਅਤੇ ਉੱਘੇ ਨਾਟਕਕਾਰ ਕੇਵਲ ਧਾਲੀਵਾਲ ਵੱਲੋਂ ਨਿਰਦੇਸ਼ਤ ਨਾਟਕ 'ਜਿਸ ਲਾਹੌਰ ਨਹੀਂ ਦੇਖਿਆ' ਸਰੋਤਿਆਂ 'ਤੇ ਚਿਰ ਸਥਾਈ ਪ੍ਰਭਾਵ ਛੱਡ ਗਿਆ। 1947 ਦੀ ਦੇਸ਼ ਵੰਡ ਉਪਰੰਤ ਵਾਪਰੇ ਮਹਾਂ ਦੁਖਾਂਤ ਦੀ ਕਹਾਣੀ ਪੇਸ਼ ਕਰਦਾ ਇਹ ਨਾਟਕ ਜਿੱਥੇ ਮਨੁੱਖੀ ਰਿਸ਼ਤਿਆਂ ਦੀ ਪਾਕੀਜ਼ਗੀ ਦੀ ਬਾਤ ਪਾਉਂਦਾ ਹੈ, ਉੱਥੇ ਆਪਣੀਆਂ ਜੜ੍ਹਾਂ ਤੋਂ ਜਬਰੀ ਉਖਾੜ ਦਿੱਤੇ ਗਏ ਬੰਦੇ ਨੂੰ ਆਪਣੀ ਮਿੱਟੀ ਤੋਂ ਦੂਰ ਹੋ ਕੇ ਜੜ੍ਹਾਂ ਜਮਾਉਣ ਵਿੱਚ ਆਉਂਦੀਆਂ ਮੁਸ਼ਕਲਾਂ ਦਾ ਭਾਵਨਾਤਮਿਕ ਵਰਣਨ ਵੀ ਕਰਦਾ ਹੈ। ਵੰਡ ਉਪਰੰਤ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਦੇ ਵਤਨੀ ਤਬਾਦਲੇ ਵੇਲੇ ਲਖਨਊ ਦੇ ਰਹਿਣ ਵਾਲੇ ਸਿਕੰਦਰ ਮਿਰਜ਼ਾ ਦੇ ਪਰਵਾਰ ਨੂੰ ਲਾਹੌਰ ਵਿੱਚ ਰਤਨ ਜੌਹਰੀ ਦੀ ਮਹਿਲਨੁਮਾ ਸ਼ਾਨਦਾਰ ਕੋਠੀ ਅਲਾਟ ਹੋ ਜਾਂਦੀ ਹੈ। ਰਤਨ ਜੌਹਰੀ ਦੀ ਮਾਂ ਆਪਣੇ ਪਰਵਾਰ ਨੂੰ ਗੁਆ ਕੇ 22 ਕਮਰਿਆਂ ਵਾਲੇ ਮਹਿਲ ਵਿੱਚ



ਇਕ ਕਮਰੇ ਵਿੱਚ ਰਹਿ ਰਹੀ ਹੈ, ਇਸ ਬਾਰੇ ਪਤਾ ਲੱਗਣ 'ਤੇ ਮਿਰਜ਼ਾ ਦਾ ਪਰਵਾਰ ਪ੍ਰੇਸ਼ਾਨ ਹੋ ਜਾਂਦਾ ਹੈ। ਉਸ ਬਜ਼ੁਰਗ ਔਰਤ ਦੇ ਦੁਆਲੇ ਹੀ ਨਾਟਕ ਦੀ ਕਹਾਣੀ ਘੁੰਮਦੀ ਹੈ। ਫੇਰ ਜਦੋਂ ਬਜ਼ੁਰਗ ਔਰਤ ਸਮਝਦੀ ਹੈ ਕਿ ਇਸ ਮਹਿਲ ਵਿੱਚ ਉਸ ਦੇ ਟਿਕੇ ਰਹਿਣ ਵਾਲੇ ਹਾਲਾਤ ਸਾਜ਼ਗਾਰ ਨਹੀਂ ਹਨ ਤਾਂ ਉਹ ਦਿੱਲੀ ਜਾਣ ਦਾ ਮਨ ਬਣਾ ਲੈਂਦੀ ਹੈ। ਉਸ ਵੇਲੇ ਇੱਕ ਸ਼ਾਇਰ ਨਾਸਿਰ ਕਾਜ਼ਮੀ (ਜੋ ਅੰਬਾਲੇ ਤੋਂ ਉੱਜੜ ਕੇ ਲਾਹੌਰ ਗਿਆ ਹੈ) ਕਹਿੰਦਾ ਹੈ, 'ਤੁਹਾਨੂੰ ਲਾਹੌਰ ਹੋਰ ਕਿਧਰੇ ਨਹੀਂ ਮਿਲਣਾ, ਜਿਵੇਂ ਮੈਨੂੰ ਅੰਬਾਲਾ ਨਹੀਂ ਮਿਲਿਆ।' ਇਸ ਕਥਨ ਅੰਦਰਲਾ ਦਰਦ ਸਭ ਨੂੰ ਸਮਝ ਆਉਂਦਾ ਹੈ। ਕਾਜ਼ਮੀ ਅੱਗੇ ਕਹਿੰਦਾ ਹੈ, 'ਮਾਈ ਤੁਸੀਂ ਲਾਹੌਰ ਛੱਡ ਕੇ ਚਲੇ ਗਏ ਤਾਂ ਅਸੀਂ ਨੰਗੇ ਹੋ ਜਾਵਾਂਗੇ, ਨੰਗਾ ਨੰਗਾ ਹੁੰਦਾ ਹੈ, ਮੁਸਲਮਾਨ ਜਾਂ ਹਿੰਦੂ ਨਹੀਂ ਹੁੰਦਾ।' ਪੂਰਾ ਨਾਟਕ ਦੂਸਰੇ ਮਜ਼ਹਬ ਦੇ ਜਜ਼ਬਾਤਾਂ ਦੀ ਕਦਰ ਕਰਨ ਦੀ ਪ੍ਰੇਰਨਾ ਦਿੰਦਾ ਹੈ। ਮਾਰੂਥਲ ਵਿੱਚ ਕਿਣਮਿਣ ਹੋਣ ਦਾ ਅਹਿਸਾਸ ਕਰਵਾਉਂਦੇ ਨਾਟਕ ਦੇ ਕਲਾਕਾਰਾਂ ਨੇ ਖੁੱਭ ਕੇ ਅਦਾਕਾਰੀ ਕੀਤੀ ਹੈ। ਸਿਕੰਦਰ ਮਿਰਜ਼ਾ ਦੇ ਰੂਪ ਵਿੱਚ ਕੇਵਲ ਧਾਲੀਵਾਲ, ਕਮਾਲ ਦੇ ਰੂਪ ਵਿੱਚ ਜਚੇ। ਹਮੀਦਾ ਬੇਗ਼ਮ ਵਜੋਂ ਵੀਰਪਾਲ ਕੌਰ, ਬਜ਼ੁਰਗ ਔਰਤ ਦੇ ਤੌਰ 'ਤੇ ਡੌਲੀ, ਨਾਸਿਰ ਕਾਜ਼ਮੀ ਦੇ ਰੋਲ ਵਿੱਚ ਸੱਜਨ ਕੋਹਿਨੂਰ ਅਤੇ ਬਾਕੀ ਦੇ ਸਾਰੇ ਕਲਾਕਾਰਾਂ ਨੇ ਆਪੋ ਆਪਣੇ ਕਿਰਦਾਰ ਨਾਲ ਪੂਰਾ ਇਨਸਾਫ਼ ਕੀਤਾ।

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੇ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ ਨੇ ਆਪਣੀ ਤਕਰੀਰ ਵਿੱਚ ਦੰਭੀ ਸਿਆਸਤਦਾਨਾਂ ਅਤੇ ਕੁਰਾਹੇ ਪਾਉਣ ਵਾਲੇ ਅਖੌਤੀ ਬਾਬਿਆਂ ਦੇ ਕਾਰਨਾਮਿਆਂ ਦਾ ਸੱਚ ਉਦਾਹਰਨਾਂ ਸਹਿਤ ਸਾਹਮਣੇ ਲਿਆਂਦਾ ਹੈ। ਮਾਸਟਰ ਭਦੌੜ ਨੇ ਸਮੇਂ ਦੇ ਹਾਣੀ ਬਣਨ ਲਈ ਤਰਕ ਦੇ ਧਾਰਨੀ ਬਣਨ ਦਾ ਜ਼ੋਰਦਾਰ ਸੁਨੇਹਾ ਦਿੱਤਾ।

ਸ਼ਾਇਰ ਤੇ ਨਾਟਕਕਾਰ ਜਗੀਰ ਜੋਸਨ ਦੀ ਅਗਵਾਈ ਵਿੱਚ ਚੱਲ ਰਹੇ ਫੁਲਵਾੜੀ ਸਕੂਲ ਲੋਹੀਆਂ ਖਾਸ ਦੀਆਂ ਵਿਦਿਆਰਥਣਾਂ ਵੱਲੋਂ ਪੇਸ਼ ਕੀਤਾ ਗਿਆ ਗਿੱਧਾ ਆਪਣੇ-ਆਪ ਵਿੱਚ ਸਾਰਥਿਕ ਸੰਦੇਸ਼ ਹੋ ਨਿੱਬੜਿਆ। ਪੰਜਾਬੀ ਵਿਰਸੇ ਦੀ ਝਲਕ ਪਵਾਉਂਦਿਆਂ ਇਹ ਗਿੱਧਾ ਲੁਟੇਰੇ ਨਿਜ਼ਾਮ ਦੇ ਜਮੂਰਿਆਂ ਦੀ ਖੁੰਬ ਠੱਪਣ ਲਈ ਵੀ ਪ੍ਰੇਰਨਾ ਦਿੰਦਾ ਨਜ਼ਰ ਆਇਆ। 'ਮਾਏ ਮੇਰੇ ਘੋਟਣੇ ਨੂੰ ਘੁੰਗਰੂ ਲਵਾ ਦੇ ਮੈਂ ਕੱਲਾ ਕੱਲਾ ਲੋਟੂ ਕੁੱਟਣਾ' ਬੋਲੀ ਇਸੇ ਨਜ਼ਰੀਏ ਦਾ ਪ੍ਰਗਟਾਵਾ ਕਰਦੀ ਹੈ।

ਤਰਕਸ਼ੀਲ ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਸੰਤ ਰਾਮ ਉਦਾਸੀ ਦੇ ਰਿਕਾਰਡ ਗੀਤ ਫਿਜ਼ਾ ਵਿੱਚ ਕਿਰਤੀਆਂ ਦੀ ਬਾਤ ਪਾਉਂਦੇ ਸੁਣਾਈ ਦਿੰਦੇ ਰਹੇ। ਜਗਸੀਰ ਜੀਦਾ ਦੀਆਂ ਬੋਲੀਆਂ ਦੰਭੀ ਆਗੂਆਂ ਦੇ ਪੜਛੇ ਉਧੇੜਦੀਆਂ ਰਹੀਆਂ। ਮੇਲੇ ਦੀ ਸ਼ੁਰੂਆਤ ਨਵਰੋਜ਼, ਮਨਜੋਤ, ਨਛੱਤਰ ਅਤੇ ਬਿਅੰਤ ਔਜਲਾ ਵੱਲੋਂ ਪੇਸ਼ ਕੀਤੀਆਂ ਇਨਕਲਾਬੀ ਕਵਿਤਾਵਾਂ ਤੇ ਗੀਤਾਂ ਨਾਲ ਹੋਈ। ਜਿੰਦਰ ਬਾਗਪੁਰ ਨੇ ਸਟੇਜ ਦੀ ਕਾਰਵਾਈ ਚਲਾਉਣ ਦੇ ਨਾਲ-ਨਾਲ ਹੀ ਤਰਕਸ਼ੀਲ ਸੁਸਾਇਟੀ ਵੱਲੋਂ ਲੋਕਾਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਦੇ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਇਕਾਈ ਸ਼ਾਹਕੋਟ ਦੇ ਜਥੇਬੰਦਕ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਨੇ ਸਭ ਦਾ ਧੰਨਵਾਦ • ਬਾਕੀ ਸਫ਼ਾ 2 'ਤੇ

4-FEB-PAGE-1.qxd 2/3/2025 10:22 PM Page 2



## ਅਨੰਦ ਈਸ਼ਰ ਸਪੋਰਟਸ ਕਲੱਬ ਨੇ ਖ਼ੂਨਦਾਨ ਕੈਂਪ ਲਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿੰਡ ਦੀਨਾ ਸਾਹਿਬ ਵਿਖੇ ਅਨੰਦ ਈਸ਼ਰ ਸਪੋਰਟਸ ਕਲੱਬ ਦੀਨਾ ਸਾਹਿਬ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ ਕਰੀਬ 20 ਵਿਅਕਤੀਆਂ ਵੱਲੋਂ ਆਪਣਾ ਖ਼ੂਨਦਾਨ ਕਰਕੇ ਯੋਗਦਾਨ ਪਾਇਆ ਗਿਆ। ਜਸਵੀਰ ਸਿੰਘ ਜੱਸੀ ਬਲਾਕ ਪ੍ਰਧਾਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਖ਼ੂਨਦਾਨ ਕਰਨਾ ਇੱਕ ਮਹਾਂਦਾਨ ਹੈ ਤੇ ਹਰੇਕ ਵਿਅਕਤੀ ਨੂੰ ਆਪਣਾ ਖ਼ੂਨਦਾਨ ਕਰਕੇ ਕਿਸੇ ਦੀ ਜ਼ਿੰਦਗੀ ਨੂੰ ਬਚਾਉਣਾ ਸਭ ਤੋਂ ਵੱਡਾ ਮਹਾਦਾਨ ਹੈ।ਇਸ ਮੌਕੇ ਜਸਵੀਰ ਸਿੰਘ ਜੱਸੀ ਬਲਾਕ ਪ੍ਰਧਾਨ, ਲਖਵਿੰਦਰ ਸਿੰਘ ਕਲੱਬ ਪ੍ਰਧਾਨ ਸਰਪੰਚ ਰਣਜੀਤ ਸਿੰਘ, ਰਣਜੀਤ ਸਿੰਘ ਧਾਲੀਵਾਲ ਸਰਬੱਤ ਦਾ ਭਲਾ ਟਰੱਸਟ ਮੈਂਬਰ ਹਰਦੀਪ ਸਿੰਘ ਦੋਧੀ ਗੋਗਾ ਦੀਨਾ ਨਵੀ ਧਾਲੀਵਾਲ ਮਨਜਿੰਦਰ ਸਿੰਘ, ਬਲਵਿੰਦਰ ਸਿੰਘ, ਜਗਸੀਰ ਸਿੰਘ ਰੌਤਾ, ਜਸਪਾਲ ਸਿੰਘ ਦੋਸ਼ਕੇ, ਕਾਲਾ ਸਿੰਘ ਰੌਤਾ, ਗੋਗਾ ਸਿੰਘ ਰੌਤਾ, ਮੈਡਮ ਗੁਰਜਿੰਦਰ ਕੌਰ, ਗੁਲਾਬ ਸਿੰਘ, ਅਵਤਾਰ ਸਿੰਘ, ਮਨਜੀਤ ਸਿੰਘ ਬਲੱਡ ਬੈਂਕ ਮੋਗਾ ਦੀ ਟੀਮ ਹਾਜ਼ਰ ਸਨ।

## ਬਾਪ ਦੀ ਚਲਾਈ ਰੀਤ ਅੱਗੇ ਵਧਾ ਰਹੇ ਵਿਜੈ ਅਰੋੜਾ



**ਬਠਿੰਡਾ (ਰਾਜੀਵ ਗੋਇਲ)**-ਆਪਣੇ ਬਾਪ ਦੇ ਪਾਏ ਪੂਰਨਿਆਂ 'ਤੇ ਤੁਰਨ ਦੇ ਨਾਲ-ਨਾਲ ਉਨ੍ਹਾਂ ਦੁਆਰਾ ਚਲਾਈ ਗਈ ਰੀਤ ਨੂੰ ਆਏ ਵਰ੍ਹੇ ਬਾਖੂਬੀ ਢੰਗ ਨਾਲ ਭਗਤਾ ਸਾਹਿਬ ਦੇ ਉੱਘੇ ਸਮਾਜਸੇਵੀ ਵਿਜੈ ਕੁਮਾਰ ਅਰੋੜਾ ਨਿਭਾਅ ਰਹੇ ਹਨ।ਸਵ. ਦਰਸ਼ਨ ਕੁਮਾਰ ਦੇ ਬੇਟੇ, ਜੋ ਸ਼ਹਿਰ ਅੰਦਰ ਸਵੀਟ ਦਾ ਕੰਮ ਕਰਦੇ ਹਨ, ਆਏ ਵਰ੍ਹੇ ਪੂਰੀਆਂ ਛੋਲਿਆਂ ਦਾ ਲੰਗਰ ਲਾਉਂਦੇ ਆ ਰਹੇ ਹਨ, ਜਿੱਥੇ ਰਾਹਗੀਰਾਂ ਵੱਲੋਂ ਲੰਗਰ ਛਕਿਆ ਗਿਆ।ਦੱਸਣਾ ਬਣਦਾ ਹੈ ਕਿ ਆਏ ਵਰ੍ਹੇ ਮਾਤਾ ਚਿੰਤਪੁਰਨੀ ਧਾਮ ਵਿਖੇ ਲਾਏ ਜਾਣ ਵਾਲੇ ਲੰਗਰ ਵਿੱਚ ਵੀ ਵਿਜੈ ਕੁਮਾਰ ਮੋਹਰੀ ਭੂਮਿਕਾ ਨਿਭਾਉਂਦੇ ਹਨ।

## ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨੇ ਤੇ ਜ਼ੁਲਮ ਢਾਉਣਾ ਬੰਦ ਕਰੇ : ਸੁਖਜਿੰਦਰ ਰਸੂਲਪੁਰ



**ਜਗਰਾਓਂ/ਹਠੂਰ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਹਲਕਾ ਜਗਰਾਓਂ ਦੇ ਪ੍ਰਧਾਨ ਸੁਖਜਿੰਦਰ ਰਸੂਲਪੁਰ ਨੇ ਕਰੜੇ ਸ਼ਬਦਾਂ ਵਿੱਚ ਕਿਹਾ ਕਿ ਦਿੱਲੀ ਮੋਰਚਾ-2 ਦੇ ਪੂਰੇ 12 ਮਹੀਨਿਆਂ ਦੌਰਾਨ 30 ਕਿਸਾਨ ਧਿਰਾਂ ਦੀਆਂ ਜਾਨਾਂ ਲੈਣ, 433 ਨੂੰ ਫੱਟੜ ਕਰਨ, 6 ਦੀਆਂ ਅੱਖਾਂ ਦੀ ਰੋਸ਼ਨੀ ਦਾ ਖਾਤਮਾ ਕਰਨ, ਪੁਤ 6 ਤੋਂ 8 ਦਸੰਬਰ ਨੂੰ 30 ਹੋਰਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰਨ ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ 68 ਵੇਂ ਦਿਨ 'ਚ ਵਧੇਰੇ ਨਾਜ਼ੁਕ ਤੇ ਖਤਰੇ ਭਰਪੂਰ ਹਾਲਤ ਬਣਨ ਦੀ ਜ਼ਿੰਮੇਵਾਰ ਕੇਂਦਰੀ ਹਕੂਮਤ ਸਿਰੇ ਦੀ ਕਿਸਾਨ ਵਿਰੋਧੀ, ਮਜ਼ਦੂਰ ਵਿਰੋਧੀ, ਦੇਸ਼ ਵਿਰੋਧੀ ਤੇ ਖੇਤੀ ਸੰਕਟ ਵਿਰੋਧੀ ਸਾਬਤ ਹੋ ਚੁੱਕੀ ਹੈ।ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਗਿਆਨੀ ਨੇ ਆਖਿਆ ਕਿ ਇੱਕ ਪਾਸੇ ਕੇਂਦਰੀ ਮੰਤਰੀ ਕਈ ਮਹੀਨਿਆਂ ਤੋਂ ਅੰਦੋਲਨਕਾਰੀ ਕਿਸਾਨਾਂ ਨੂੰ ਪੈਦਲ ਦਿੱਲੀ ਜਾਣ ਦੀਆਂ ਨਸੀਹਤਾਂ ਦਿੰਦੇ ਆ ਰਹੇ ਸਨ ਤੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨੇ ਹੋਰ ਵਜ਼ੀਰਾਂ ਰਾਹੀਂ ਕਿਸਾਨਾਂ ਨੂੰ ਦਿੱਲੀ ਜਾਣ ਵਾਸਤੇ ਬਿਆਨ ਦਾਗਿਆ ਹੈ।ਦੂਜੇ ਪਾਸੇ 6 ਤੋਂ 8 ਦਸੰਬਰ ਨੂੰ ਮਰਜੀਵੜੇ ਕਿਸਾਨਾਂ ਦੇ 101 ਮੈਂਬਰੀ ਪੈਦਲ ਜਥਿਆਂ ਤੇ ਅੱਥਰੂ ਗੈਸ ਦੇ ਗੋਲੇ, ਰਬੜ ਦੀਆਂ ਗੋਲੀਆਂ ਮਿਰਚਾਂ ਤੇ ਕੈਮੀਕਲ ਦੇ ਸਪਰੇਆਂ ਰਾਹੀਂ ਘੱਟਿਆਰੋਧੀ ਹਰਿਆਣਾ ਪੁਲਸ ਤੇ ਕੇਂਦਰੀ ਬਲਾਂ ਨੇ ਜਬਰ ਕਰਨ ਦੀ ਕਸਰ ਬਾਕੀ ਨਹੀਂ ਛੱਡੀ।

## ਧੰਜੂ ਦੀ ਪੁਸਤਕ 'ਵਿਰਸੇ ਦੇ ਹਰਫ਼' ਲੋਕ ਅਰਪਣ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬੀ ਸਾਹਿਤ ਸਭਾ ਪਾਤੜਾਂ ਵੱਲੋਂ ਸਥਾਨਕ ਬੱਤਰਾ ਅਕੈਡਮੀ ਵਿਖੇ ਲੇਖਕ ਗੁਰਚਰਨ ਸਿੰਘ ਧੰਜੂ ਦੀ ਪੁਸਤਕ 'ਵਿਰਸੇ ਦੇ ਹਰਫ਼' ਨੂੰ ਲੋਕ ਅਰਪਣ ਕਰਨ ਲਈ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਡਾਕਟਰ ਜਗਮੇਲ ਸਿੰਘ ਭਾਠੂਆਂ ਨੇ ਸ਼ਿਰਕਤ ਕੀਤੀ।ਸਮਾਗਮ ਦੀ ਸ਼ੁਰੂਆਤ ਕਰਦਿਆਂ ਸਾਹਿਤ ਸਭਾ ਦੇ ਪ੍ਰਧਾਨ ਤਰਸੇਮ ਸਿੰਘ ਖਾਸਪੁਰੀ ਨੇ ਲੇਖਕ ਗੁਰਚਰਨ ਸਿੰਘ ਧੰਜੂ ਤੇ ਉਨ੍ਹਾਂ ਦੀ ਲਿਖੀ ਪੁਸਤਕ ਸਬੰਧੀ ਸੰਖੇਪ ਜਾਣਕਾਰੀ ਸਾਂਝੀ ਕੀਤੀ।ਉਪਰੰਤ ਮੁੱਖ ਮਹਿਮਾਨ ਡਾਕਟਰ ਜਗਮੇਲ ਸਿੰਘ ਭਾਠੂਆਂ ਨੇ ਲੇਖਕ ਵੱਲੋਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਏ ਗਏ ਕਾਵਿ ਸੰਗ੍ਰਹਿ ਨੂੰ ਜੀ ਆਇਆਂ ਆਖਦਿਆਂ ਆਪਣੇ ਵਿਚਾਰ ਸਾਂਝੇ ਕੀਤੇ।ਪੁਸਤਕ ਦੀ ਘੁੰਡ ਚੁਕਾਈ ਉਪਰੰਤ ਭੁਪਿੰਦਰਜੀਤ ਮੌਲਵੀਵਾਲਾ ਵੱਲੋਂ ਪਰਚਾ ਪੜ੍ਹਿਆ ਗਿਆ, ਜਿਸ ਦੌਰਾਨ ਉਨ੍ਹਾਂ ਪੁਸਤਕ ਵਿੱਚ ਸ਼ਾਮਲ ਰਚਨਾਵਾਂ ਦਾ ਜ਼ਿਕਰ ਕਰਦਿਆਂ ਲੇਖਕ ਦੇ ਕਲਾਤਮਕ ਪੱਖ ਤੇ ਵਿਸ਼ਿਆਂ ਦੀ ਵੰਨ ਸੁਵੰਨਤਾ ਦੇ ਨਾਲ ਨਾਲ ਲੇਖਕ ਵੱਲੋਂ ਉਠਾਏ ਗਏ ਨੁਕਤਿਆਂ ਉੱਤੇ ਵਿਚਾਰ ਸਾਂਝੇ ਕੀਤੇ।ਪਰਚਾ ਪੜ੍ਹਨ ਉਪਰੰਤ ਪੁਲਸ ਪੁਸਤਕ ਉੱਤੇ ਕੀਤੀ ਗਈ ਚਰਚਾ ਵਿੱਚ ਸਭਾ ਦੇ ਸਰਪ੍ਰਸਤ ਬਾਜ ਸਿੰਘ ਮਹਿਲੀਆ, ਪ੍ਰਸਿੱਧ ਸ਼ਾਇਰ ਰਾਮਫਲ ਰਾਜਲਹੇੜੀ ਤੇ ਦਰਸ਼ਨ ਲਾਡਬੰਨਜਾਰਾ ਨੇ ਹਿੱਸਾ ਲਿਆ।ਨਿਰਮਲਾ ਗਰਗ ਤੇ ਅਨੀਤਾ ਅਰੋੜਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਲੇਖਕ ਨੂੰ ਮੁਬਾਰਕਬਾਦ ਪੇਸ਼ ਕੀਤੀ।ਉਪਰੰਤ ਚੱਲੇ ਰਚਨਾਵਾਂ ਦੇ ਦੌਰ ਦੌਰਾਨ ਸੁਭਾਸ਼ ਘੱਗਾ, ਸੁਮਨਦੀਦ, ਪ੍ਰੇਮ ਮੌਲਵੀਵਾਲਾ, ਜਤਿਨ ਬੱਤਰਾ, ਖੁਸ਼ਪ੍ਰੀਤ ਹਰੀਗੜ ਵੱਲੋਂ ਰਚਨਾਵਾਂ ਪੜ੍ਹੀਆਂ ਗਈਆਂ, ਜਿਨ੍ਹਾਂ 'ਤੇ ਉਸਾਰੂ ਬਹਿਸ ਹੋਈ।ਮੰਚ ਸੰਚਾਲਨ ਰਵੀ ਘੱਗਾ ਨੇ ਬਾਖੂਬੀ ਕੀਤਾ।ਅਖੀਰ 'ਚ ਸਾਹਿਤ ਸਭਾ ਵੱਲੋਂ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਬੀ ਐੱਸ ਐੱਨ ਐੱਲ ਐਸੋਸੀਏਸ਼ਨ ਦੀ ਮੀਟਿੰਗ 'ਚ ਤਰਕਸ਼ੀਲ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਬੀ ਐੱਸ ਐੱਨ ਐੱਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਦੀ ਮਹੀਨਾਵਾਰ ਮੀਟਿੰਗ ਸਥਾਨਕ ਸ੍ਰੀ ਨੈਣਾ ਦੇਵੀ ਮੰਦਰ ਵਿਖੇ ਹੋਈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ, ਤਰਕਸੀਲ ਆਗੂ ਲੈਕਚਰਾਰ ਜਸਦੇਵ ਸਿੰਘ ਤੇ ਇਕਾਈ ਮੁਖੀ ਸੁਰਿੰਦਰ ਪਾਲ ਨੇ ਹਾਜ਼ਰੀਨ ਨੂੰ ਆਪਣੇ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਭਾਵਪੂਰਤ ਸੁਨੇਹਾ ਦਿੱਤਾ, ਉਨ੍ਹਾਂ ਰਹੱਸਮਈ ਜਾਪਦੀਆਂ ਘਟਨਾਵਾਂ ਦੇ ਹੱਲ ਕੀਤੇ ਕਈ ਕੇਸਾਂ ਦੀ ਰਿਪੋਰਟਿੰਗ ਕੀਤੀ। ਰਹੱਸਮਈ ਜਾਪਦੀਆਂ ਘਟਨਾਵਾਂ, ਜਿਨ੍ਹਾਂ ਨੂੰ ਭੂਤ ਪ੍ਰੇਤਾਂ ਦੀ ਕਾਰਵਾਈ ਬਾਰੇ ਸੋਚਿਆ ਜਾਂਦਾ ਹੈ, ਦਾ ਪਰਦਾਫਾਸ਼ ਕਰਵਾਉਣ ਲਈ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨਾਂ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ ਦੇ ਹਨੇਰੇ ਵਿੱਚੋਂ ਨਿੱਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਤੇ ਤਰਕਸ਼ੀਲ ਲਹਿਰ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਨੁਮਾਇੰਦਿਆਂ ਵੱਲੋਂ 80 ਦੇ ਲਗਭਗ ਤਰਕਸ਼ੀਲ ਕੈਲੰਡਰ ਵੀ ਵੰਡੇ ਗਏ। ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਵਿੱਚ ਸਹਿਯੋਗ ਦੇਣ ਲਈ ਸੇਵਾ ਨਿਵਿਰਤ ਐੱਸ ਡੀ ਓ ਅਸ਼ਵਨੀ ਕੁਮਾਰ ਲਹਿਰਾ ਦਾ ਸਨਮਾਨ ਪੱਤਰ ਤੇ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬਲਦੇਵ ਸਿੰਘ ਠੁੱਲੀਵਾਲ ਨੇ ਧਰਮ ਤੇ ਨੈਤਿਕਤਾ ਸਬੰਧੀ ਪ੍ਰਭਾਵਸ਼ਾਲੀ ਤਕਰੀਰ ਕੀਤੀ। ਪੀ ਕੇ ਗਰਗ ਨੇ ਜੀਵਨਸ਼ੈਲੀ ਤੇ ਮਾਨਸਿਕ ਤੰਦਰੁਸਤੀ ਲਈ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਸ੍ਰੀ ਸੁਖਦੇਵ ਸਿੰਘ ਵਾਈਸ ਪ੍ਰੈਜ਼ੀਡੈਂਟ ਹਿਊਮਨ ਰਾਇਟਸ, ਨਵਨੀਤ ਕੁਮਾਰ ਬਰਨਾਲਾ, ਬਲਦੇਵ ਸਿੰਘ ਸੰਗਰੂਰ ਤੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਮੰਚ ਸੰਚਾਲਨ ਸਾਧਾ ਸਿੰਘ ਵਿਰਕ ਵੱਲੋਂ ਕੀਤਾ ਗਿਆ।

## ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਚੀਮਾ ਮੰਡੀ (ਰਵਿੰਦਰ ਚੀਮਾ)**-ਨਵੀਂ ਸਬ ਤਹਿਸੀਲ ਬਣਨ ਦੀ ਖੁਸ਼ੀ ਵਿੱਚ ਪਿਛਲੇ ਦੋ ਰੋਜ਼ ਤੋਂ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਾਏ ਗਏ ਸਨ ਤੇ ਉਨ੍ਹਾਂ ਦੇ ਪਾਠਾਂ ਦੇ ਭੋਗ ਪਾਏ ਗਏ। ਮੁੱਖ ਮੰਤਰੀ ਭਗਵੰਤ ਮਾਨ ਦੇ ਮਾਤਾ ਹਰਪਾਲ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਏ.ਡੀ.ਸੀ ਅਮਿਤ ਬੈਂਬੋ ਐਸਡੀਐਮ ਸੁਨਾਮ, ਪ੍ਰਮੋਦ ਸਿੰਗਲਾ, ਸਮਿਤ ਢਿੱਲੋਂ ਤਹਿਸੀਲਦਾਰ, ਨਾਇਬ ਤਹਸੀਲਦਾਰ ਸਲੋਚਨਾ ਰਾਣੀ, ਨਾਇਬ ਤਹਿਸੀਲਦਾਰ ਚੀਮਾ ਮਨਮੋਹਨ ਸਿੰਘ ਰੈਵਨਿਊ ਪਟਵਾਰ ਯੂਨੀਅਨ ਤੇ ਰੈਵਨਿਊ ਕਾਨੂੰਗੋ ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਤੌਰ 'ਤੇ ਇਹ ਉਪਰਾਲਾ ਕੀਤਾ ਗਿਆ। ਹਜ਼ਾਰਾਂ ਦੀ ਗਿਣਤੀ 'ਚ ਨੰਬਰਦਾਰ ਤੇ ਸੰਗਤਾਂ ਨੇ ਹਿੱਸਾ ਲਿਆ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਿਆ।

## ਪੁਲਸ ਨਸ਼ੇ ਦੀ ਸਪਲਾਈ ਲਾਈਨ ਤੋੜਨ 'ਚ ਅਸਫਲ : ਸੰਜੀਵ ਸ਼ਰਮਾ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਸੰਜੀਵ ਸ਼ਰਮਾ ਕਾਲੂ ਨੇ ਨਾਭਾ ਦੇ ਰੋਹਟੀ ਛੰਨਾ ਦੀ ਕਾਂਗਰਸੀ ਸਰਪੰਚ ਗੁਰਪ੍ਰੀਤ ਕੌਰ ਦੇ ਪਰਿਵਾਰ ਤੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਵਿਰੁੱਧ ਪੁਲਸ ਨੇ ਨਾਭਾ ਵਿੱਚ ਨਸ਼ੇ ਕਾਰਨ ਹੋਈ ਮੌਤ ਵਿੱਚ ਆਪਣੀ ਅਸਫਲਤਾ ਨੂੰ ਛੁਪਾਉਣ ਲਈ ਕੇਸ ਦਰਜ ਕੀਤਾ ਸੀ।ਸੰਜੀਵ ਸ਼ਰਮਾ ਕਾਲੂ ਨੇ ਕਿਹਾ ਕਿ ਸਰਪੰਚ ਦਾ ਨਾਮ ਐੱਫਆਈਆਰ ਵਿੱਚ ਸ਼ਾਮਲ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਮਾਮਲੇ ਵਿੱਚ ਸਰਪੰਚ ਦੀ ਕੀ ਜ਼ਿੰਮੇਵਾਰੀ ਹੈ? ਕੀ ਸਰਪੰਚ ਨੇ ਕਿਸੇ ਕਿਸਮ ਦਾ ਨਸ਼ਾ ਖਾਧਾ ਹੈ ਜਾਂ ਕੀ ਉਸ ਨੂੰ ਨਸ਼ਾ ਸਪਲਾਈ ਕਰਦੇ ਫੜਿਆ ਗਿਆ ਹੈ ਜਾਂ ਉਹ ਕਿਸੇ ਨੂੰ ਨਸ਼ਾ ਭੇਜ ਰਿਹਾ ਹੈ? ਕਿਸ ਆਧਾਰ 'ਤੇ ਇਹ ਮਾਮਲਾ ਉਸ ਵਿਰੁੱਧ ਦਰਜ ਕੀਤਾ ਗਿਆ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਐੱਫਆਈਆਰ ਸਿਰਫ਼ ਨਿੱਜੀ ਦੁਸ਼ਮਣੀ ਕਾਰਨ ਦਰਜ ਕੀਤੀ ਗਈ ਹੈ, ਕਿਉਂਕਿ ਇਸ ਪਿੰਡ ਵਿੱਚ ਆਮ ਆਦਮੀ ਪਾਰਟੀ ਦਾ ਸਰਪੰਚ ਉਮੀਦਵਾਰ ਹਾਰ ਗਿਆ ਹੈ ਤੇ ਕਾਂਗਰਸ ਦਾ ਸਰਪੰਚ ਜਿੱਤ ਗਿਆ ਹੈ।ਇਸ ਲਈ ਇਹ ਸਪੱਸ਼ਟ ਹੈ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਨੇ ਨਗਰ ਨਿਗਮ ਚੋਣਾਂ ਵਿੱਚ ਹਾਰ ਮੰਨੀ ਸੀ, ਉਸੇ ਤਰ੍ਹਾਂ ਹੁਣ ਇਹ ਕਾਂਗਰਸੀਆਂ ਵਿਰੁੱਧ ਝੂਠੇ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ।ਸੰਜੀਵ ਸ਼ਰਮਾ ਨੇ ਕਿਹਾ ਕਿ ਜੇਕਰ ਉਨ੍ਹਾਂ ਵਿਰੁੱਧ ਪਿੰਡ ਦੇ ਸਰਪੰਚ ਹੋਣ ਦੇ ਨਾਤੇ ਕੇਸ ਦਰਜ ਕੀਤਾ ਜਾ ਰਿਹਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਉਕਤ ਇਲਾਕੇ ਦੇ ਵਿਧਾਇਕ ਦੀ ਵੀ ਹੈ।ਇਸ ਆਧਾਰ 'ਤੇ ਉਸ ਇਲਾਕੇ ਦੇ ਵਿਧਾਇਕ ਵਿਰੁੱਧ ਵੀ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ, ਜਿਸ ਦੇ ਵਿਧਾਨ ਸਭਾ ਹਲਕੇ ਵਿੱਚ ਨਸ਼ੇ ਵਿਕ ਰਹੇ ਹਨ।ਸੰਜੀਵ ਸ਼ਰਮਾ ਦਾ ਕਹਿਣਾ ਹੈ ਕਿ ਅਸੀਂ ਇਸ ਮਾਮਲੇ ਨੂੰ ਹਾਈ ਕੋਰਟ ਵਿੱਚ ਲੈ ਕੇ ਜਾਵਾਂਗੇ।ਇਸ ਮੌਕੇ ਸੇਵਕ ਸਿੰਘ ਭਿੰਡ ਸਕੱਤਰ ਕੌਂਸਲਰ ਚੇਅਰਮੈਨ ਜ਼ਿਲ੍ਹਾ ਐੱਸ ਸੀ ਸੈੱਲ ਕਾਂਗਰਸ, ਮਨਜਿੰਦਰ ਸਿੰਘ ਮੀਤਾ ਸਰਪੰਚ ਅਜਨੌਦਾ ਕਲਾਂ, ਸਾਬਕਾ ਸਰਪੰਚ ਕਾਂਸੂਆ ਪ੍ਰਧਾਨ ਸਰਪੰਚ ਯੂਨੀਅਨ, ਰਘਵੀਰ ਸਿੰਘ ਢੇਹਾ, ਜਸਮੇਲ ਕੌਰ ਪੰਚ, ਜਸਵਿੰਦਰ ਸਿੰਘ ਪੰਚ, ਲਖਵਿੰਦਰ ਸਿੰਘ ਪੰਚ, ਸੁਨੀਤਾ ਰਾਣੀ ਪੰਚ, ਸਬਕਾ ਪੰਚ, ਪਰਮਜੀਤ ਕੌਰ, ਪਰਮਜੀਤ ਕੌਰ ਭੈਣ, ਭਰਪੂਰ ਕੌਰ ਭੈਣ, ਬਰਿੰਦਰ ਸਿੰਘ, ਪਰਮਜੀਤ ਕੌਰ, ਜਰਨੈਲ ਸਿੰਘ, ਗੁਰਮੇਲ ਸਿੰਘ, ਲਖਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਤੇਜ ਸਿੰਘ, ਗੁਰਵਿੰਦਰ ਸਿੰਘ, ਜਸਵੀਰ ਸਿੰਘ, ਅਵਤਾਰ ਸਿੰਘ, ਰਿਧਮ ਸ਼ਰਮਾ ਆਦਿ ਹਾਜ਼ਰ ਸਨ।

## ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)** ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ.) ਪੰਜਾਬ ਵੱਲੋਂ ਕਬੱਡੀ ਟੂਰਨਾਮੈਂਟ ਨਾਲ ਬਜੀਦਪੁਰ (ਫ਼ਿਰੋਜ਼ਪੁਰ) ਵਿਖੇ ਗੁਰਦੁਆਰਾ ਜਾਮਨੀ ਸਾਹਿਬ ਅਤੇ ਬਸੰਤ ਪੰਚਮੀ ਟੂਰਨਾਮੈਂਟ ਸੁਸਾਇਟੀ (ਰਜਿ.) ਬਜੀਦਪੁਰ ਤੇ ਸਮੂਹ ਇਲਾਕਾ ਨਿਵਾਸੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ।ਸੁਸਾਇਟੀ ਦੇ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ ਨੇ ਦੱਸਿਆ ਕਿ ਬਹੁਤ ਜ਼ਿਆਦਾ ਖ਼ੂਨਦਾਨੀਆਂ ਦੇ ਉਤਸ਼ਾਹ ਦੇ ਬਾਵਜੂਦ ਇਸ ਕੈਂਪ ਵਿੱਚ 40 ਯੂਨਿਟ ਖ਼ੂਨਦਾਨ ਹੋਇਆ, ਜਿਸ ਵਿੱਚੋਂ ਬਲੱਡ ਬੈਂਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫ਼ਰੀਦਕੋਟ ਦੀ ਟੀਮ ਨੂੰ 20 ਯੂਨਿਟ ਅਤੇ ਦੀਪ ਬਲੱਡ ਬੈਂਕ ਫ਼ਰੀਦਕੋਟ ਦੀ ਟੀਮ ਨੂੰ 20 ਯੂਨਿਟ ਦਿੱਤੇ ਗਏ।ਇਸ ਖ਼ੂਨਦਾਨ ਕੈਂਪ ਨੂੰ ਸਫ਼ਲ ਬਣਾਉਣ ਲਈ ਕੈਪਟਨ ਧਰਮ ਸਿੰਘ ਗਿੱਲ (ਮੁੱਖ ਸੇਵਾਦਾਰ, ਗੁਰਦੁਆਰਾ ਲੰਗਰ ਮਾਤਾ ਖੀਵੀ ਜੀ ਫ਼ਰੀਦਕੋਟ), ਆਲ ਇੰਡੀਆ ਕਿਸਾਨ ਯੂਨੀਅਨ ਏਕਤਾ (ਫ਼ਤਿਹ), ਸਾਂਝ ਬਲੱਡ ਵੈਲਫ਼ੇਅਰ ਸੁਸਾਇਟੀ, ਸਿਹਤ ਵਿਭਾਗ ਫ਼ਿਰੋਜ਼ਪੁਰ, ਸ਼ੇਖ਼ ਫ਼ਰੀਦ ਸਾਹਿਤ ਅਤੇ ਵੈਲਫ਼ੇਅਰ ਕਲੱਬ ਫ਼ਰੀਦਕੋਟ ਦਾ ਵਿਸ਼ੇਸ਼ ਯੋਗਦਾਨ ਰਿਹਾ। ਕੈਂਪ ਵਿੱਚ ਸੁਸਾਇਟੀ ਵੱਲੋਂ ਸਮਾਜ ਸੇਵੀ ਆਗੂਆਂ, ਪਤਵੰਤੇ ਸੱਜਣਾਂ ਅਤੇ ਹਰੇਕ ਖ਼ੂਨਦਾਨੀ ਨੂੰ ਸਰਟੀਫ਼ਿਕੇਟ ਤੇ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਵਿੱਚ ਬਸੰਤ ਪੰਚਮੀ ਟੂਰਨਾਮੈਂਟ ਕਮੇਟੀ ਦੀ ਸਾਰੀ ਟੀਮ ਦਲੀਪ ਸਿੰਘ ਸੰਧੂ, ਜਸਪਾਲ ਸਿੰਘ ਤੇ ਮੰਦਰ ਮਿਰਜ਼ਾ ਦਾ ਵਿਸ਼ੇਸ਼ ਸਹਿਯੋਗ ਰਿਹਾ। ਰੈੱਡ ਕਰਾਸ ਫ਼ਰੀਦਕੋਟ ਦੇ ਮੈਂਬਰ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰੋ. ਬੀਰ ਇੰਦਰ, ਸ਼ਰਨਜੀਤ ਸਿੰਘ ਸਰਾਂ, ਕੇ ਪੀ ਸਿੰਘ ਸਰਾਂ, ਸਾਹਿਲ ਪ੍ਰਤਾਪ, ਸਾਗਰ, ਜਸਵੀਰ ਸਿੰਘ, ਧਰਮਪਾਲ ਬਾਵਾ, ਕਰਮਜੀਤ ਕੈਨੇਡਾ, ਡਾ. ਹਰੀਸ਼ ਗਰੋਵਰ, ਕੁਲਵੰਤ ਸਿੰਘ, ਅਮਜਦ ਖਾਨ, ਮਨਪ੍ਰੀਤ ਸਿੰਘ ਸੰਧੂ, ਸੁਖਚੈਨ ਗਿੱਲ, ਜਸਵੰਤ ਗਿੱਲ, ਗੁਰਦੀਪ ਕਾਲਾ, ਇੰਦਰਜੀਤ, ਬੱਬੂ ਬਰਾੜ, ਗੁਰਵਿੰਦਰ ਭਾਗਥਲਾ, ਜੀ.ਐੱਸ ਮਠਾਰੂ, ਹਰਜੀਤ ਸਿੰਘ, ਹਰਮੀਤ ਸਿੰਘ, ਮਨਮੋਹਨ ਸਿੰਘ,ਧਰਮਪਾਲ ਅਤੇ ਕੁਲਵੰਤ ਸਿੰਘ ਆਦਿ ਦੇ ਸਹਿਯੋਗ ਨਾਲ ਇਹ ਕੈਂਪ ਸਫ਼ਲ ਹੋ ਨਿਬੜਿਆ।

## ਬੀ ਕੇ ਯੂ ਕ੍ਰਾਂਤੀਕਾਰੀ ਦੀ ਮਹੀਨਾਵਾਰ ਮੀਟਿੰਗ

### 11 ਨੂੰ ਫਿਰੋਜ਼ਪੁਰ 'ਚ ਕੀਤਾ ਜਾਵੇਗਾ ਵੱਡਾ ਇਕੱਠ : ਸਵਾਜਪੁਰ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਬਲਾਕ ਸਮਾਣਾ ਦੀ ਮਹੀਨਾ ਵਾਰੀ ਮੀਟਿੰਗ ਗੁਰਦੁਆਰਾ ਈਸਰਸਰ ਸਾਹਿਬ ਬਿਜਲਪੁਰ ਅੱਡਾ ਢੈਂਠਲ ਵਿਖੇ ਬਲਾਕ ਪ੍ਰਧਾਨ ਗੁਰਨਾਮ ਸਿੰਘ ਢੈਂਠਲ ਦੀ ਅਗਵਾਈ ਹੇਠ ਹੋਈ।ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਸਵਾਜਪੁਰ ਵਿਸ਼ੇਸ਼ ਤੌਰ 'ਤੇ ਪਹੁੰਚੇ।ਜ਼ਿਲ੍ਹਾ ਪ੍ਰਧਾਨ ਸਵਾਜਪੁਰ ਨੇ ਹਰਿਆਣੇ ਦੇ ਬਾਰਡਰਾਂ 'ਤੇ ਚੱਲ ਰਹੇ ਦੋਨੋ ਮੋਰਚਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਤੇ ਆਉਣ ਵਾਲੇ ਜਥੇਬੰਦੀ ਦੇ ਪ੍ਰੋਗਰਾਮਾਂ ਬਾਰੇ ਦੱਸਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 2022 ਦੀ ਮੋਦੀ ਦੀ ਰੈਲੀ ਦੌਰਾਨ ਅਣਪਛਾਤੇ ਲੋਕਾਂ 'ਤੇ ਮਾਮੂਲੀ ਪਰਚੇ ਨੂੰ ਬਦਲ ਕੇ ਪੰਜਾਬ ਸਰਕਾਰ ਸੈਂਟਰ ਸਰਕਾਰ ਦੇ ਕਦਮਾਂ 'ਤੇ ਚਲਦੇ ਹੋਏ ਹਰਿਆਣੇ ਦੇ ਬਾਰਡਰਾਂ 'ਤੇ ਮੋਰਚਿਆਂ ਨੂੰ ਫਿੱਕਾ ਪਾਉਣ ਵਾਸਤੇ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਜੁਝਾਰੂ ਅਹੁਦੇਦਾਰਾਂ ਨੂੰ ਡਰਾਉਣ ਵਾਸਤੇ 307 ਦੇ ਪਰਚੇ ਪਾਏ ਗਏ ਹਨ।ਇਨ੍ਹਾਂ ਨੂੰ ਰੱਦ ਕਰਾਉਣ ਵਾਸਤੇ 11 ਫਰਵਰੀ ਨੂੰ ਫਿਰੋਜ਼ਪੁਰ ਵਿਖੇ ਵੱਡਾ ਇਕੱਠ ਕਰਕੇ ਸਰਕਾਰ ਨੂੰ ਚੇਤਾਵਨੀ ਦਿੱਤੀ ਜਾਏਗੀ।ਉਨ੍ਹਾਂ ਕਿਹਾ ਕਿ ਇਨ੍ਹਾਂ ਪਰਚਿਆਂ ਨੂੰ ਰੱਦ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕਰਕੇ ਪੰਜਾਬ ਵਿੱਚ ਹੋਰ ਪ੍ਰੋਗਰਾਮ ਉਲੀਕੇ ਜਾਣਗੇ।ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਯਾਦਵਿੰਦਰ ਸਿੰਘ ਕੂਕਾ, ਬਲਾਕ ਖਜ਼ਾਨਚੀ ਪਸਵਿੰਦਰ ਸਿੰਘ ਰਤਨਹੇੜੀ, ਅੰਗਰੇਜ ਸਿੰਘ ਜ਼ਿਲ੍ਹਾ ਕਮੇਟੀ ਮੈਂਬਰ ਰਤਨਹੇੜੀ, ਸੁਖਚੈਨ ਸਿੰਘ ਧਨੇਠਾ, ਇੰਦਰਜੀਤ ਸਿੰਘ ਧਨੇਠਾ, ਸਾਬਰ ਸਿੰਘ, ਨਿਸ਼ਾਵਰ ਸਿੰਘ ਕੂਕਾ, ਮਲਕੀਤ ਸਿੰਘ ਕੂਕਾ, ਸਿੰਘ, ਬੂਟਾ ਸਿੰਘ ਕੂਕਾ, ਜਗਤਾਰ ਸਿੰਘ ਕੂਕਾ, ਗੁਰਮੁੱਖ ਸਿੰਘ ਕੂਕਾ, ਗੁਰਬਾਗ ਸਿੰਘ ਢੈਂਠਲ, ਕਸ਼ਮੀਰ ਸਿੰਘ ਢੈਂਠਲ, ਲਖਮੀਰ ਸਿੰਘ ਢੈਂਠਲ, ਬਲਵੀਰ ਸਿੰਘ ਢੈਂਠਲ, ਜੋਗਾ ਸਿੰਘ ਛੰਨਾ, ਗੁਰਦੇਵ ਸਿੰਘ ਚੌਂਹਠ, ਮੋਹਨ ਸਿੰਘ ਚੌਂਹਠ, ਪ੍ਰੈੱਸ ਸਕੱਤਰ ਸੁਖਜਿੰਦਰ ਸਿੰਘ ਕੁਲਾਰਾਂ ਸਮੇਤ ਕਿਸਾਨ ਆਗੂ ਹਾਜ਼ਰ ਸਨ।

## ਵਿਦੇਸ਼ ਭੇਜਣ ਦੇ ਨਾਂਅ 'ਤੇ ਲੱਖਾਂ ਰੁਪਏ ਦੀ ਧੋਖਾਧੜੀ ਦੇ ਦੋ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਦੇਸ਼ ਭੇਜਣ ਦੇ ਨਾਮ 'ਤੇ ਲੱਖਾਂ ਰੁਪਏ ਦੀ ਧੋਖਾਧੜੀ ਦੇ ਦੋ ਵੱਖ-ਵੱਖ ਮਾਮਲਿਆਂ 'ਚ ਫ਼ਤਹਿਗੜ੍ਹ ਸਾਹਿਬ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੰਦੀਪ ਸਿੰਘ ਵਾਸੀ ਸਰਹਿੰਦ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੋਸ਼ ਲਗਾਏ ਸਨ ਕਿ ਕਿਰਨਦੀਪ ਕੌਰ ਭੁੱਲਰ ਤੇ ਗੁਰਜੰਟ ਸਿੰਘ ਨੇ ਵਰਕ ਪਰਮਿਟ 'ਤੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਉਸ ਤੋਂ 19 ਲੱਖ ਰੁਪਏ ਲੈ ਲਏ, ਜਦੋਂ ਕਿ ਨਾ ਤਾਂ ਉਸ ਨੂੰ ਕੈਨੇਡਾ ਭੇਜਿਆ ਗਿਆ ਤੇ ਨਾ ਹੀ ਉਸ ਦੀ ਰਕਮ ਵਾਪਸ ਕੀਤੀ ਗਈ।ਦਰਖਾਸਤ ਦੀ ਪੜਤਾਲ ਉਪਰੰਤ ਕਿਰਨਜੀਤ ਕੌਰ ਭੁੱਲਰ ਤੇ ਗੁਰਜੰਟ ਸਿੰਘ ਵਾਸੀ ਪਿੰਡ ਕੋਕਰੀ ਕਲਾਂ (ਮੋਗਾ) ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।ਇੱਕ ਹੋਰ ਮਾਮਲੇ 'ਚ ਮਨਪ੍ਰੀਤ ਕੌਰ ਨਾਮਕ ਮਹਿਲਾ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੋਸ਼ ਲਗਾਏ ਕਿ ਤਾਮਿਲਨਾਡੂ ਦੀ ਰਹਿਣ ਵਾਲੀ ਅੰਬਿਕਾ ਸੰਜੇ ਨੇ ਜਾਲ੍ਹੀ ਦਸਤਾਵੇਜ਼ਾਂ ਰਾਹੀਂ ਉਸ ਨੂੰ ਭਰੋਸਾ ਦਿੱਤਾ ਕਿ ਕਰੋਸ਼ੀਆ (ਯੂਰਪ) ਦੀ ਇੱਕ ਪ੍ਰਸਿੱਧ ਕੰਪਨੀ ਨਾਲ ਉਸ ਦਾ ਟਾਈਅੱਪ ਹੈ ਤੇ ਉਹ ਯੂਰਪ ਦੀਆਂ ਹੋਰ ਵੀ ਕੰਪਨੀਆਂ ਦੇ ਵੀਜ਼ੇ ਲਗਵਾ ਕੇ ਦੇਵੇਗੀ, ਜਿਸ 'ਤੇ ਵਿਸ਼ਵਾਸ ਕਰਕੇ ਉਸ ਨੇ 11 ਕਲਾਇੰਟਾਂ ਦੇ ਵੀਜ਼ੇ ਲਗਵਾਉਣ ਲਈ ਦਸਤਾਵੇਜ਼ ਭੇਜ ਦਿੱਤੇ ਅਤੇ ਉਸ ਵੱਲੋਂ ਦੱਸੇ ਗਏ ਬੈਂਕ ਖਾਤੇ 'ਚ 23,60,000/- ਰੁਪਏ ਪਾ ਦਿੱਤੇ।ਜਦੋਂ ਕਿ ਅੰਬਿਕਾ ਸੰਜੇ ਨੇ ਧੋਖਾਧੜੀ ਕਰਦਿਆਂ ਨਾ ਵੀਜ਼ੇ ਲਗਵਾਏ ਤੇ ਨਾ ਹੀ ਰਕਮ ਵਾਪਸ ਕੀਤੀ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅੰਬਿਕਾ ਸੰਜੇ ਵਾਸੀ ਕੋਇੰਬੇਟੂਰ (ਤਾਮਿਲਨਾਡੂ) ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਪੰਜਾਬੀ ਸਾਹਿਤ ਅਕਾਦਮੀ ਵੱਲੋਂ ਖੋਜੀ ਵਿਦਵਾਨ ਡਾ. ਬੇਦੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਲੁਧਿਆਣਾ (ਭਾਟੀਆ, ਸਿੰਗਲਾ)**

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰ, ਪ੍ਰਬੰਧਕੀ ਬੋਰਡ ਦੇ ਮੈਂਬਰ ਤੇ ਸਮੂਹ ਮੈਂਬਰਾਂ ਵੱਲੋਂ ਅਕਾਦਮੀ ਦੇ ਜੀਵਨ ਮੈਂਬਰ ਤੇ ਵਿਦਵਾਨ ਡਾ. ਤਰਲੋਚਨ ਸਿੰਘ ਬੇਦੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਖੋਜੀ ਵਿਦਵਾਨ ਡਾ. ਤਰਲੋਚਨ ਸਿੰਘ ਬੇਦੀ ਮਾਂ ਬੋਲੀ ਪੰਜਾਬੀ ਦੇ ਕਰਮਯੋਗੀ ਕਾਮੇ ਸਨ।ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਡਾ. ਤਰਲੋਚਨ ਸਿੰਘ ਬੇਦੀ ਵਰਗੇ ਵਿਦਵਾਨ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਜਗਤ ਤੇ ਪਰਵਾਰਾਂ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਡਾ. ਤਰਲੋਚਨ ਸਿੰਘ ਬੇਦੀ ਨੇ ਬਹੁਤ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ।ਡਾ. ਸਾਹਿਬ ਦੀ ਇੱਕ ਮਹੱਤਵਪੂਰਨ ਪੁਸਤਕ 'ਏਕਾਦਸ਼ੀ ਮਹਾਤਮ' ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਵੀ ਪ੍ਰਕਾਸ਼ਤ ਕੀਤੀ ਹੈ, ਜਿਸ ਦੀ ਪਾਠਕਾਂ ਵਿਚ ਕਾਫ਼ੀ ਚਰਚਾ ਹੈ।ਡਾ. ਤਰਲੋਚਨ ਸਿੰਘ ਅਨੇਕਾਂ ਭਾਸ਼ਾਵਾਂ ਦੇ ਗਿਆਤਾ ਸਨ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਡਾ. ਅਰਵਿੰਦਰ ਕੌਰ ਕਾਕੜਾ, ਡਾ ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਡਾ. ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਵਰਗਿਸ ਸਲਾਮਤ, ਪ੍ਰੋ. ਸਰਘੀ, ਦੀਪ ਜਗਦੀਪ ਸਿੰਘ, ਕਰਮਜੀਤ ਸਿੰਘ ਗਰੇਵਾਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਪ੍ਰੇਮ ਸਾਹਿਲ ਤੇ ਸਮੂਹ ਮੈਂਬਰ ਸ਼ਾਮਲ ਹਨ।

## ਡਾ. ਮੀਆਂ ਦੀ ਹਾਜ਼ਰੀ 'ਚ ਵੱਡੀ ਗਿਣਤੀ ਲੋਕ ਕਾਂਗਰਸ 'ਚ ਸ਼ਾਮਲ



**ਬੁਢਲਾਡਾ (ਅਸ਼ੋਕ ਲਾਕੜਾ)**

ਪਿੰਡ ਭਾਦੜਾ ਵਿਖੇ ਕਾਂਗਰਸ ਦੇ ਇੰਚਾਰਜ ਡਾ. ਰਣਵੀਰ ਕੌਰ ਮੀਆਂ ਦੀ ਹਾਜ਼ਰੀ ਵਿੱਚ ਬਹੁਤ ਸਾਰੇ ਪਰਵਾਰਾਂ ਨੇ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਕਹਿੰਦਿਆਂ ਸਰਕਲ ਪ੍ਰਧਾਨ ਜੁਗਤਾਰ ਸਿੰਘ ਗੁੜੱਦੀ ਦੇ ਉੱਦਮ ਸਦਕਾ ਕਾਂਗਰਸ ਦਾ ਪੱਲਾ ਫੜਿਆ।

ਡਾ. ਰਣਵੀਰ ਕੌਰ ਮੀਆਂ ਨੇ ਕਿਹਾ ਕਿ ਪੰਜਾਬ ਦੇ ਲੋਕ ਸੂਬੇ ਦੀ 'ਆਪ' ਸਰਕਾਰ ਤੋਂ ਅੱਕ ਚੁੱਕੇ ਹਨ, ਕਿਉਂਕਿ ਇਹ ਸਰਕਾਰ ਲੋਕਾਂ ਦੀਆਂ ਭਾਵਨਾਵਾਂ 'ਤੇ ਖਰੀ ਨਹੀਂ ਉਤਰੀ।ਉਨ੍ਹਾਂ ਕਿਹਾ ਕਿ ਸ਼ਾਮਲ ਹੋਣ ਵਾਲਿਆਂ ਦਾ ਆਪ ਨਾਲ਼ ਗਿਲਾ ਹੈ ਕਿ ਉਹ ਕੀਤੇ ਵਾਅਦਿਆਂ ਤੇ ਖਰ੍ਹੇ ਨਹੀਂ ਉਤਰੇ, ਜਿਸ ਕਰਕੇ ਉਨ੍ਹਾਂ ਵੱਲੋਂ ਮੁੜ ਕਾਂਗਰਸ ਵੱਲ ਰੁੱਖ ਕੀਤਾ ਹੈ।ਡਾ. ਮੀਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਵੱਲੋਂ ਵੀ ਸੂਬੇ ਦਾ ਵਿਕਾਸ ਕਰਨ ਦੀ ਬਜਾਏ ਆਪਣੇ ਘਰਾਂ ਨੂੰ ਭਰਿਆ ਗਿਆ ਹੈ, ਜਿਸ ਕਰਕੇ ਵੱਡੀ ਗਿਣਤੀ ਵਿੱਚ ਲੋਕ ਕਾਂਗਰਸ ਪਾਰਟੀ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦਾ ਜਦੋਂ ਵੀ ਵਿਕਾਸ ਹੋਇਆ, ਉਹ ਕਾਂਗਰਸ ਪਾਰਟੀ ਦੇ ਰਾਜਕਾਲ ਦੌਰਾਨ ਹੀ ਹੋਇਆ ਹੈ।ਸਰਕਲ ਪ੍ਰਧਾਨ ਜਗਤਾਰ ਸਿੰਘ ਗੁੜੱਦੀ ਨੇ ਦੱਸਿਆ ਕਿ ਸ਼ਾਮਲ ਹੋਣ ਵਾਲਿਆਂ ਵਿੱਚ ਧਰਮਿੰਦਰ ਸਿੰਘ, ਗੁਰਸੇਵਕ ਸਿੰਘ, ਮੱਖਣ ਸਿੰਘ, ਗੁਰਲਾਲ ਸਿੰਘ ਲਾਲੀ, ਗੁਰਲਾਲ ਸਿੰਘ ਭੋਲਾ, ਮਹਿੰਦਰ ਸਿੰਘ, ਰਾਮਾ ਸਿੰਘ, ਬਲਵਿੰਦਰ ਸਿੰਘ, ਕਾਲਾ ਸਿੰਘ, ਪਾਲਾ ਸਿੰਘ, ਜੱਗਾ ਸਿੰਘ, ਕੋਰਾ ਸਿੰਘ, ਮੱਖਣ ਸਿੰਘ, ਬਾਬੂ ਸਿੰਘ, ਮਿੱਠੂ ਸਿੰਘ, ਸੋਮਾ ਕੌਰ, ਬਲਜੀਤ ਕੌਰ, ਚਰਨਾਂ ਕੌਰ, ਸਿਮਰਜੀਤ ਕੌਰ, ਗੁਰਮੀਤ ਕੌਰ, ਪਰਮਜੀਤ ਕੌਰ, ਬਬਲੀ ਕੌਰ, ਕੁਲਵੰਤ ਕੌਰ, ਸੁਖਵਿੰਦਰ ਕੌਰ, ਪਰਮਜੀਤ ਕੌਰ, ਰਣਜੀਤ ਕੌਰ ਚਰਨਜੀਤ ਕੌਰ, ਸਿਮਰਨਜੀਤ ਕੌਰ, ਅਮਰਜੀਤ ਕੌਰ ਤੇ ਜਰਨੈਲ ਕੌਰ ਦੇ ਨਾਂਅ ਸ਼ਾਮਲ ਹਨ।

## ਭਾਈ ਜੈਤਾ ਜੀ ਫਾਊਂਡੇਸ਼ਨ ਵੱਲੋਂ ਵਿਦਿਆਰਥੀਆਂ ਦਾ ਦਾਖਲਾ ਟੈਸਟ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੇ ਸੰਸਥਾਪਕ ਹਰਪਾਲ ਸਿੰਘ ਦੀ ਯੋਗ ਅਗਵਾਈ ਹੇਠ ਸ਼ਿਵਾਲਿਕ ਹਿੱਲਜ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਮਪੁਰਾ ਫੂਲ ਦੇ ਡਾਇਰੈਕਟਰ ਗਗਨਦੀਪ ਸ਼ਰਮਾ ਦੇ ਸਹਿਯੋਗ ਨਾਲ ਫਾਊਂਡੇਸ਼ਨ ਦੇ ਜ਼ਿਲ੍ਹਾ ਕੋਆਰਡੀਨੇਟਰ ਬਲਜਿੰਦਰ ਸਿੰਘ ਲਹਿਰਾ ਮੁਹੱਬਤ (ਰਿਟਾ. ਪ੍ਰਿੰਸੀਪਲ), ਫਾਊਂਡੇਸ਼ਨ ਦੇ ਪ੍ਰਤੀਨਿਧ ਸ੍ਰ. ਗੋਬਿੰਦਰ ਸਿੰਘ, ਸਮੂਹ ਸਟਾਫ ਤੇ ਵਲੰਟੀਅਰਾਂ ਦੀ ਨਿਗਰਾਨੀ ਹੇਠ ਬਠਿੰਡਾ, ਮੋਗਾ ਤੇ ਬਰਨਾਲਾ ਜ਼ਿਲ੍ਹਿਆਂ ਦੇ ਦਸਵੀਂ ਕਲਾਸ ਵਿੱਚ ਪੜ੍ਹਦੇ 114 ਵਿਦਿਆਰਥੀਆਂ ਦਾ +1 ਤੇ +2 ਦੀ ਨਾਨ-ਮੈਡੀਕਲ, ਮੈਡੀਕਲ ਤੇ ਕਾਮਰਸ ਵਿਸ਼ਿਆਂ ਦੀ ਤਿਆਰੀ ਸਬੰਧੀ ਫਾਊਂਡੇਸ਼ਨ ਦੇ ਮੁੱਖ ਦਫਤਰ ਚੰਡੀਗੜ੍ਹ ਸੈਕਟਰ 28 'ਚ ਸਥਿਤ ਕੋਚਿੰਗ ਸੈਂਟਰ ਵਿੱਚ ਮੁਫਤ ਤੇ ਰਿਆਇਤੀ ਦਰਾਂ 'ਤੇ ਪੜ੍ਹਾਈ ਕਰਾਉਣ ਲਈ ਦਾਖਲਾ ਟੈਸਟ ਲਿਆ ਗਿਆ। ਜ਼ਿਕਰਯੋਗ ਹੈ ਕਿ ਇਸ ਕੋਚਿੰਗ ਸੈਂਟਰ ਵਿੱਚ ਲੜਕੇ ਤੇ ਲੜਕੀਆਂ ਲਈ ਅਲੱਗ-ਅਲੱਗ ਹੋਸਟਲਾਂ ਦੀ ਸੁਵਿਧਾ ਉਪਲਬਧ ਹੈ। ਚੁਣੇ ਗਏ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਦੇਸ਼ ਦੀਆਂ ਉੱਚਕੋਟੀ ਸਿੱਖਿਆ ਸੰਸਥਾਵਾਂ ਵਿੱਚ ਦਾਖਲੇ ਲਈ ਤਿਆਰੀ ਕਰਵਾਈ ਜਾਂਦੀ ਹੈ। ਸੰਸਥਾ ਦੇ ਬੁਲਾਰਿਆਂ ਵੱਲੋਂ ਬੱਚਿਆਂ ਨੂੰ ਪ੍ਰੇਰਣਾ ਦਿੰਦੇ ਹੋਏ ਕਿਹਾ ਕਿ ਆਪਣੇ ਉੱਜਵਲ ਭਵਿੱਖ ਲਈ ਸਖਤ ਮਿਹਨਤ ਦੀ ਜ਼ਰੂਰਤ ਹੈ, ਜਿਸ ਨਾਲ ਤੁਸੀਂ ਸਿਹਤਮੰਦ ਤੇ ਨਰੋਏ ਸਮਾਜ ਦੀ ਸਿਰਜਣਾ ਕਰਨ ਵਿੱਚ ਸਹਾਈ ਹੋ ਸਕਦੇ ਹੋ। ਸਕੂਲ ਦੇ ਡਾਇਰੈਕਟਰ ਸ੍ਰੀ ਗਗਨਦੀਪ ਸ਼ਰਮਾ ਦਾ ਟੈਸਟ ਲਈ ਪਹੁੰਚੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਸੁਚੱਜੇ ਪ੍ਰਬੰਧਾਂ ਸਮੇਤ ਚਾਹ-ਪਾਣੀ ਤੇ ਰਿਫਰੈਸ਼ਮੈਂਟ ਆਦਿ ਲਈ ਵਿਸ਼ੇਸ ਯੋਗਦਾਨ ਲਈ ਫਾਊਂਡੇਸ਼ਨ ਵੱਲੋਂ ਯਾਦਗਾਰੀ ਸਨਮਾਨ-ਚਿੰਨ੍ਹ ਭੇਟ ਕੀਤਾ ਗਿਆ।

## ਮਜ਼ਦੂਰਾਂ ਦੀਆਂ ਮੰਗਾਂ ਲਈ ਸਾਂਝਾ ਧਰਨਾ 7 ਨੂੰ : ਮਜ਼ਦੂਰ ਆਗੂ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਦੀਆਂ ਸੱਤ ਖੇਤ ਮਜ਼ਦੂਰ ਤੇ ਪੇਂਡੂ ਮਜ਼ਦੂਰ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਮਿਉਂਸਪਲ ਪਾਰਕ ਕੋਟਕਪੂਰਾ ਵਿਖੇ ਕਾਮਰੇਡ ਗੁਰਤੇਜ ਸਿੰਘ ਹਰੀ ਨੌ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ 7 ਫਰਵਰੀ ਨੂੰ ਏਡੀਸੀ ਵਿਕਾਸ ਦਫਤਰ ਵਿਖੇ ਜ਼ਬਰਦਸਤ ਰੋਸ ਧਰਨਾ ਦਿੱਤਾ ਜਾਵੇਗਾ।ਇਸ ਧਰਨੇ ਨੂੰ ਸੰਬੋਧਨ ਕਰਨ ਲਈ ਜਥੇਬੰਦੀਆਂ ਦੇ ਸੂਬਾ ਆਗੂ ਵੀ ਪੁੱਜਣਗੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਗੋਰਾ ਸਿੰਘ ਪਿਪਲੀ, ਸਤਨਾਮ ਸਿੰਘ ਪੱਖੀ ਖੁਰਦ, ਗੁਰਪਾਲ ਸਿੰਘ ਨੰਗਲ ਆਦਿ ਆਗੂਆਂ ਨੇ ਕਿਹਾ ਕਿ ਜ਼ਿਲ੍ਹੇ ਭਰ ਵਿੱਚ ਨਰੇਗਾ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਬਲਾਕ ਫਰੀਦਕੋਟ ਵਿੱਚ ਬਲਾਕ ਦਫਤਰ ਦੇ ਕਰਮਚਾਰੀ ਸਿੱਧੇ ਤੌਰ 'ਤੇ ਸੱਤਾਧਾਰੀ ਧਿਰ ਦੇ ਐੱਮ ਐੱਲ ਏ ਤੋਂ ਸਿਫਾਰਸ਼ ਕਰਵਾਉਣ ਲਈ ਕਹਿ ਰਹੇ ਹਨ, ਜੋ ਕਿ ਸ਼ਰੇਆਮ ਕਾਨੂੰਨ ਦੀ ਉਲੰਘਣਾ ਹੈ। ਲੋੜਵੰਦਾਂ ਨੂੰ ਨਰੇਗਾ ਦਾ ਕੰਮ ਨਹੀਂ ਮਿਲ ਰਿਹਾ, ਸਿਰਫ ਚਹੇਤੇ ਵਿਅਕਤੀਆਂ ਦੀਆਂ ਆਈਡੀਆਂ ਬਣਾਈਆਂ ਜਾ ਰਹੀਆਂ ਹਨ। ਇਥੋਂ ਤੱਕ ਕਿ ਸਰਪੰਚ ਵੀ ਅਸਮਰਥ ਨਜ਼ਰ ਆ ਰਹੇ ਹਨ, ਨਵੀਆਂ ਪੰਚਾਇਤਾਂ ਨੂੰ ਵੀ ਪੁੱਛਿਆ ਤੱਕ ਨਹੀਂ ਜਾ ਰਿਹਾ। ਇੰਦਰਾ ਆਵਾਸ ਯੋਜਨਾ ਤਹਿਤ ਸਿਰਫ ਚਹੇਤਿਆਂ ਦੇ ਘਰਾਂ ਨੂੰ ਯੋਗ ਕਰਾਰ ਦਿੱਤਾ ਜਾ ਰਿਹਾ ਹੈ, ਵਿਰੋਧੀਆਂ ਨੂੰ ਅਯੋਗ ਕਰਾਰ ਦਿੱਤਾ ਜਾ ਰਿਹਾ ਹੈ।ਇਸ ਸਮੇਂ ਮਜ਼ਦੂਰ ਆਗੂਆਂ ਤੋਂ ਇਲਾਵਾ ਬਲੀ ਸਿੰਘ ਢਿੱਲਵਾਂ, ਬਲਜੀਤ ਕੌਰ, ਵੀਰਪਾਲ ਕੌਰ ਬੱਗਿਆਣਾ, ਗੁਰਚਰਨ ਸਿੰਘ ਢਿੱਲਵਾਂ ਆਦਿ ਆਗੂ ਹਾਜ਼ਰ ਰਹੇ।

## ...ਸਫ਼ਾ 1 ਦੇ ਬਾਕੀ

### ਜੇ ਅਸੀਂ ਬੇਰੁਜ਼ਗਾਰੀ ...

ਤੇ ਖਪਤ ਦੀ ਸਪੇਸ ਚੀਨ ਤੇ ਅਮਰੀਕੀ ਕੰਪਨੀਆਂ ਨੂੰ ਗੁਆਈ ਨਾ ਹੁੰਦੀ ਤਾਂ ਇਸ ਦੀ ਪੁਜ਼ੀਸ਼ਨ ਕਮਜ਼ੋਰ ਨਹੀਂ ਹੋਣੀ ਸੀ। ਭਾਰਤ ਨੂੰ ਵਿਦੇਸ਼ ਮੰਤਰੀ ਨੂੰ ਇਸ ਲਈ ਅਮਰੀਕਾ ਨਾ ਭੇਜਣਾ ਪੈਂਦਾ ਕਿ ਅਮਰੀਕੀ ਰਾਸ਼ਟਰਪਤੀ ਦੀ ਤਾਜਪੋਸ਼ੀ ਸਮਾਰੋਹ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਵੀ ਸੱਦਿਆ ਜਾਵੇ। ਜੇ ਭਾਰਤ ਉਤਪਾਦਨ ਸ਼ਕਤੀ ਹੁੰਦਾ ਤਾਂ ਅਮਰੀਕੀ ਰਾਸ਼ਟਰਪਤੀ ਨੇ ਖ਼ੁਦ ਚੱਲ ਕੇ ਭਾਰਤ ਆਉਣਾ ਸੀ। ਰਾਹੁਲ ਨੇ ਇਹ ਵੀ ਕਿ ਪ੍ਰਧਾਨ ਮੰਤਰੀ ਖੰਡਨ ਕਰਦੇ ਹਨ, ਪਰ ਫੌਜ ਕਹਿੰਦੀ ਹੈ ਕਿ ਲਗਭਗ ਚਾਰ ਹਜ਼ਾਰ ਵਰਗ ਕਿੱਲੋਮੀਟਰ ਇਲਾਕਾ ਚੀਨੀ ਕਬਜ਼ੇ ਵਿਚ ਹੈ। ਪ੍ਰਧਾਨ ਮੰਤਰੀ ਖੰਡਨ ਕਰਦੇ ਹਨ, ਪਰ ਫੌਜ ਚੀਨ ਬਾਰੇ ਗੱਲ ਕਰਦੀ ਰਹਿੰਦੀ ਹੈ। ਇਹ ਹਕੀਕਤ ਹੈ। ਜੰਗਾਂ ਫੌਜਾਂ ਵਿਚਾਲੇ ਨਹੀਂ ਲੜੀਆਂ ਜਾਂਦੀਆਂ, ਜੰਗਾਂ ਇੰਡਸਟ੍ਰੀਅਲ ਸਿਸਟਮਾਂ ਵਿਚਾਲੇ ਲੜੀਆਂ ਜਾਂਦੀਆਂ ਹਨ। ਚੀਨ ਕੋਲ ਤਕੜਾ ਤੇ ਵੱਡਾ ਇੰਡਸਟ੍ਰੀਅਲ ਸਿਸਟਮ ਹੈ, ਜਿਸ ਕਰਕੇ ਉਸ ਦਾ ਭਾਰਤੀ ਇਲਾਕੇ ਵਿੱਚ ਦਾਖਲ ਹੋਣ ਦਾ ਹੀਆ ਹੋਇਆ। ਰਾਹੁਲ ਦੇ ਭਾਸ਼ਣ 'ਤੇ ਮੋਦੀ ਦੀ ਮੌਜੂਦਗੀ ਵਿੱਚ ਸੱਤਾਧਾਰੀ ਮੈਂਬਰਾਂ ਨੇ ਕਾਫੀ ਰੌਲਾ ਪਾਇਆ। ਰਾਹੁਲ ਨੇ ਕਿਹਾ ਕਿ ਭਾਰਤ ਅਮਰੀਕਾ ਦਾ ਰਣਨੀਤਕ ਭਾਈਵਾਲ ਹੈ ਤੇ ਦੋਹਾਂ ਨੂੰ ਇਸ ਗੱਲ 'ਤੇ ਫੋਕਸ ਕਰਨਾ ਚਾਹੀਦਾ ਹੈ ਕਿ ਦੋਨੋਂ ਮਿਲ ਕੇ ਕੰਮ ਕਿਵੇਂ ਕਰ ਸਕਦੇ ਹਨ। ਅਮਰੀਕਾ ਨੂੰ ਅਹਿਸਾਸ ਕਰਾਉਣਾ ਚਾਹੀਦਾ ਹੈ ਕਿ ਉਹ ਭਾਰਤ ਦੇ ਬਿਨਾਂ ਇੰਡਸਟ੍ਰੀਅਲ ਸਿਸਟਮ ਨਹੀਂ ਬਣਾ ਸਕਦਾ।

### ਆਲ ਇੰਡੀਆ ਕਿਸਾਨ ...

ਸਿੰਘ ਨੇਜਾਡੇਲਾ ਨੇ ਘੱਗਰ ਨਦੀ ਦੇ ਪਾਣੀ ਦੀ ਸਮੱਸਿਆ 'ਤੇ ਗੰਭੀਰ ਚਰਚਾ ਕੀਤੀ। ਗਤੀਵਿਧੀ ਰਿਪੋਰਟ ਵਿਚ ਕਿਸਾਨਾਂ ਨੂੰ ਲਾਮਬੰਦ ਕਰਕੇ ਬਲਾਕਾਂ ਦੇ ਆਧਾਰ 'ਤੇ ਪ੍ਰੋਗਰਾਮ ਬਣਾਇਆ ਗਿਆ ।ਚੌਥੇ ਪੜਾਅ ਵਿੱਚ ਰਾਸ਼ਟਰੀ ਜਨਰਲ ਸਕੱਤਰ ਕਾਮਰੇਡ ਵੈਂਕਈਆ ਰਵੂਲਾ ਨੇ ਸਦਨ ਨੂੰ ਅੰਗਰੇਜ਼ੀ ਵਿਚ ਸੰਬੋਧਨ ਕੀਤਾ। ਆਖਰੀ ਪੰਜਵੇਂ ਪੜਾਅ ਵਿੱਚ ਪੁਰਾਣੀ ਸੂਬਾ ਕਮੇਟੀ ਭੰਗ ਕਰਕੇ 27 ਮੈਂਬਰੀ ਨਵੀਂ ਸੂਬਾ ਕਮੇਟੀ ਵਿੱਚ ਗੁਰਭਜਨ ਸਿੰਘ ਸੰਧੂ, ਧਰਮਪਾਲ ਚੌਹਾਨ, ਚਾਂਦ ਸੈਣੀ, ਓਮ ਪ੍ਰਕਾਸ਼, ਸਤੇਂਦਰ ਗਿਰੀ, ਜੈਨਾਰਾਇਣ ਸੈਣੀ, ਰੋਸ਼ਨ ਸੁਚਾਨ, ਹਨੂੰਮਾਨ ਸਿੰਘ, ਵਿਕਾਸ ਕਾਕਾ, ਨਰੇਸ਼ ਕੁਮਾਰ, ਰਾਮ ਚੰਦਰ, ਬਲਰਾਜ ਬਾਣੀ, ਡਾ. ਸੁਖਦੇਵ ਸਿੰਘ ਜੰਮੂ, ਇਕਬਾਲ ਸਿੰਘ, ਅਮਰਜੀਤ ਸਿੰਘ ਆਦਿ ਨੂੰ ਜ਼ੁੰਮੇਵਾਰੀਆਂ ਦਿੱਤੀਆਂ ਗਈਆਂ ਅਤੇ ਸਭ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਇਸ ਕਾਨਫਰੰਸ ਵਿਚ ਬਲਦੇਵ ਸਿੰਘ ਨਿਹਾਲਗੜ੍ਹ, ਬਾਬਾ ਗੁਰਦੀਪ ਸਿੰਘ ਝਿੜੀ, ਤੇਜਿੰਦਰ ਸਿੰਘ ਥਿੰਦ, ਬਲਰਾਜ ਵਣੀ, ਸਕੱਤਰ ਪ੍ਰਿਤਪਾਲ ਸਿੰਘ ਸਿੱਧੂ, ਹਰਦੇਵ ਸਿੰਘ ਜੋਸ਼, ਡਾ. ਸੁਖਦੇਵ ਸਿੰਘ ਜੰਮੂ, ਤਿਲਕ ਰਾਜ ਵਿਨਾਇਕ, ਇਕਬਾਲ ਸਿੰਘ, ਹਰਮੀਤ ਸਿੰਘ ਨੇਜਾਡੇਲਾ, ਭਜਨ ਲਾਲ, ਹੈਪੀ ਬਖਸ਼ੀ, ਸੁਰਜੀਤ ਰੈਣੂ ਸਮੇਤ ਸੈਂਕੜੇ ਖੱਬੇ ਪੱਖੀ ਸ਼ਖਸੀਅਤਾਂ ਨੇ ਹਾਜ਼ਰੀਆਂ ਭਰੀਆਂ।

### 'ਜਿਸ ਲਾਹੌਰ ਨਹੀਂ ਦੇਖਿਆ'...

ਕਰਦਿਆਂ ਮੇਲੇ ਵਿੱਚ ਦਿਖਾਏ ਗਏ ਨਾਟਕ ਬਾਰੇ ਗੱਲ ਕਰਦਿਆਂ ਕਿਹਾ ਕਿ ਆਮ ਤੌਰ 'ਤੇ ਦੇਸ਼ ਦੀ ਵੰਡ ਨਾਲ ਸੰਬੰਧਤ ਨਾਟਕਾਂ ਵਿੱਚ ਓਧਰਲੇ ਪੰਜਾਬ ਤੋਂ ਉੱਜੜ ਕੇ ਇੱਧਰ ਆਏ ਲੋਕਾਂ ਦੀ ਦਰਦ ਦੀ ਗੱਲ ਹੋਈ ਹੈ। 'ਜਿਸ ਲਾਹੌਰ ਨਹੀਂ ਦੇਖਿਆ' ਵਿੱਚ ਇੱਧਰੋਂ ਉੱਧਰ ਗਏ ਦੁਖੀ ਲੋਕਾਂ ਦੀ ਪੀੜ ਦੀ ਬਾਤ ਪਾਈ ਹੈ। ਬਾਕੌਲ ਸੁਖਵਿੰਦਰ ਬਾਗਪੁਰ 'ਨਾਟਕ ਵੇਖਦਿਆਂ ਕਈ ਵਾਰ ਇੰਜ ਮਹਿਸੂਸ ਹੋਇਆ ਕਿ ਅਸੀਂ ਨਾਟਕ ਨਹੀਂ, ਸਗੋਂ ਅਸਲੀਅਤ ਵਿੱਚ ਵਾਪਰ ਰਹੀਆਂ ਘਟਨਾਵਾਂ ਵੇਖ ਰਹੇ ਹਾਂ...' ਤੋਂ ਜਿਸ ਲਾਹੌਰ ਨਹੀਂ ਦੇਖਿਆ, ਦੀ ਸਫ਼ਲਤਾ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਤਰਕਸ਼ੀਲ ਮੇਲੇ ਦੀ ਸਫ਼ਲਤਾ ਲਈ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਪਾਲ ਬਾਗਪੁਰ, ਬਿੱਟੂ ਰੂਪੇਵਾਲੀ, ਡਾ. ਜਗਜੀਤ ਸਿੰਘ (ਐੱਸ ਐੱਮ ਓ), ਸਤਨਾਮ ਸਿੰਘ ਨੀਟਾ, ਡਾ. ਰੇਸ਼ਮ ਰੂਪੇਵਾਲੀ, ਦਲਬਾਰਾ ਸਿੰਘ ਰੂਪੇਵਾਲੀ, ਦੇਸ ਰਾਜ ਜਾਫਰਵਾਲ ਆਦਿ ਨੇ ਅਹਿਮ ਭੂਮਿਕਾ ਨਿਭਾਈ। ਮੇਲੇ ਵਿੱਚ ਇਨਕਲਾਬੀ ਕਵੀ ਪਾਸ਼ ਦੀਆਂ ਵਿਦੇਸ਼ ਰਹਿੰਦੀਆਂ ਭੈਣਾਂ ਪਰਮਿੰਦਰ ਗਿੱਲ ਤੇ ਰਜਿੰਦਰ ਕੌਰ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸੇ ਤਰ੍ਹਾਂ ਕਵੀ ਫਤਿਹਜੀਤ ਦੀ ਜੀਵਨ ਸਾਥਣ ਰਣਧੀਰ ਕੌਰ ਤੇ ਧੀ ਬਲਜੀਤ ਕੌਰ ਵੀ ਮੇਲੇ ਦਾ ਹਿੱਸਾ ਬਣੀਆਂ।

## ਹਾਰਵਰਡ ਕਾਨਵੈਂਟ ਸਕੂਲ 'ਚ ਬੱਚਿਆਂ ਨੇ ਮਨਾਈ ਪਿਕਨਿਕ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਹਮੇਸ਼ਾ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਦੇ ਮਨੋਰੰਜਨ ਲਈ ਵੀ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਕਰਦਾ ਰਹਿੰਦਾ ਹੈ।ਇਸ ਲੜੀ ਤਹਿਤ ਸਕੂਲ ਵਿੱਚ ਪ੍ਰੀ ਨਰਸਰੀ ਤੋਂ ਲੈ ਕੇ ਤੀਸਰੀ ਕਲਾਸ ਤੱਕ ਦੇ ਬੱਚਿਆਂ ਲਈ ਪਿਕਨਿਕ ਦਾ ਆਯੋਜਨ ਕੀਤਾ ਗਿਆ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਤੇ ਡਾਇਰੈਕਟਰ ਇੰਜ: ਜਗਦੀਪ ਸਿੰਘ ਬਰਾੜ ਨੇ ਦੱਸਿਆ ਕਿ ਇਸ ਪਿਕਨਿਕ ਵਿੱਚ ਬੱਚਿਆਂ ਲਈ ਭਿੰਨ ਭਿੰਨ ਪ੍ਰਕਾਰ ਦੀਆਂ ਗੇਮਾਂ, ਰਾਈਡਸ ਜਿਵੇਂ ਟੁਆਏ ਟਰੇਨ, ਹੋਰਸ ਰਾਈਡਿੰਗ, ਟਰੈਪੋਲਿਨ, ਵਾਟਰਬਾਲ, ਮਿੱਕੀ ਮਾਊਸ ਜੰਪਿੰਗ ਰਾਈਡਸ ਆਦਿ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ।ਇਸ ਪਿਕਨਿਕ ਵਿੱਚ ਸਭ ਤੋਂ ਵੱਧ ਹੋਰਸ ਰਾਈਡਿੰਗ ਖਿੱਚ ਦਾ ਕੇਂਦਰ ਰਿਹਾ, ਜਿਸ ਰਾਹੀਂ ਬੱਚਿਆਂ ਨੇ ਬਹੁਤ ਮਸਤੀ ਕੀਤੀ।ਇਸ ਤੋਂ ਬਾਅਦ ਮਿੱਕੀ ਮਾਊਸ ਦੁਆਰਾ ਬੱਚਿਆਂ ਨੂੰ ਟੌਫੀਆਂ ਦਿੱਤੀਆਂ ਗਈਆਂ।ਇਸ ਸਮੇਂ ਸਕੂਲ ਡਾਇਰੈਕਟਰ ਇੰਜ: ਜਗਦੀਪ ਸਿੰਘ ਬਰਾੜ ਨੇ ਦੱਸਿਆ ਕਿ ਇਸ ਪਿਕਨਿਕ ਦਾ ਮੁੱਖ ਮਕਸਦ ਬੱਚਿਆਂ ਨੂੰ ਇੱਕ ਦਿਨ ਪੜ੍ਹਾਈ ਤੋਂ ਮੁਕਤ ਕਰਕੇ ਉਨ੍ਹਾਂ ਦੇ ਮਨੋਰੰਜਨ ਦਾ ਉਪਰਾਲਾ ਕਰਨਾ ਹੈ।ਇਸ ਸਮੇਂ ਬੱਚਿਆਂ ਨੇ ਆਪਣੀ ਕਲਾਸ ਇੰਚਾਰਜ ਅਧਿਆਪਕਾਂ ਦੀ ਨਿਗਰਾਨੀ ਵਿੱਚ ਭਿੰਨ ਭਿੰਨ ਪ੍ਰਕਾਰ ਦੀਆਂ ਗੇਮਾਂ ਦਾ ਆਨੰਦ ਮਾਣਿਆ।

## ਪੁਸਤਕ ਮੇਲਾ 7 ਤੇ 8 ਨੂੰ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਡਾ. ਸੰਤੋਖ ਸਿੰਘ ਟਿਵਾਣਾ ਯਾਦਗਾਰੀ ਟਰੱਸਟ ਲਸੋਈ ਵੱਲੋਂ ਦੂਜਾ ਦੋ ਰੋਜ਼ਾ ਪੁਸਤਕ ਮੇਲਾ 07 ਤੇ 08 ਫਰਵਰੀ ਨੂੰ ਅਲ-ਫਲਾਹ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਾਇਆ ਜਾ ਰਿਹਾ ਹੈ।ਇਸ ਪੁਸਤਕ ਮੇਲੇ ਦੀ ਸ਼ੁਰੂਆਤ 7 ਫਰਵਰੀ ਨੂੰ ਸਾਢੇ ਦਸ ਵਜੇ ਸੀਨੀਅਰ ਪੱਤਰਕਾਰ ਤੇ ਲੇਖਕ ਐੱਸ.ਪੀ ਸਿੰਘ ਦੇ ਉਦਘਾਟਨੀ ਭਾਸ਼ਣ ਨਾਲ ਹੋਵੇਗੀ।ਪੁਸਤਕ ਮੇਲੇ ਦੌਰਾਨ ਸਮਕਾਲੀ ਸਰੋਕਾਰਾਂ ਤੇ ਚਰਚਾ, ਪੁਸਤਕ ਪ੍ਰਦਰਸ਼ਨੀ, ਸਾਹਿਤਕ ਵਿਚਾਰ ਚਰਚਾ, ਕਵੀ ਦਰਬਾਰ, ਨਾਟਕ ਤੇ ਹੋਰ ਵੰਨਗੀਆਂ ਹੋਣਗੀਆਂ।

## 140 ਗੁੰਮ ਹੋਏ ਮੋਬਾਇਲ ਫੋਨ ਮਾਲਕਾਂ ਦੇ ਹਵਾਲੇ ਕੀਤੇ : ਅਮਨੀਤ ਕੌਂਡਲ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਮੈਡਮ ਅਮਨੀਤ ਕੌਂਡਲ, ਆਈ.ਪੀ.ਐਸ, ਐੱਸ.ਐੱਸ.ਪੀ ਵੱਲੋਂ ਸੰਬੋਧਨ ਕਰਦੇ ਹੋਏ ਦੱਸਿਆ ਕਿ ਸੀ.ਈ.ਆਈ ਆਰ ਪੋਰਟਲ ਦੀ ਮੱਦਦ ਨਾਲ ਜ਼ਿਲ੍ਹਾ ਬਠਿੰਡਾ ਦੀ ਸਮੁੱਚੀ ਸਾਂਝ ਸਟਾਫ ਦੀ ਪੁਲਸ ਟੀਮ ਦੇ ਤਜਰਬੇਕਾਰ ਕ੍ਰਮਚਾਰੀਆਂ ਦੀ ਇੱਕ ਸਾਂਝੀ ਟੀਮ ਨੇ ਪ੍ਰੰਪਰਾਗਤ ਤੇ ਆਧੁਨਿਕ ਵਿਗਿਆਨਕ ਤਕਨੀਕ ਦੇ ਸੁਮੇਲ ਦੀ ਵਰਤੋਂ ਕਰਦੇ ਹੋਏ ਇਸ ਮੁਹਿੰਮ ਦੌਰਾਨ 140 ਗੁੰਮ ਹੋਏ ਮੋਬਾਇਲ ਫੋਨ ਲੱਭ ਕੇ ਉਨ੍ਹਾਂ ਦੇ ਮਾਲਕਾਂ ਦੇ ਹਵਾਲੇ ਕੀਤੇ ਗਏ, ਜਿਨ੍ਹਾਂ ਦੀ ਕੁੱਲ ਕੀਮਤ ਕਰੀਬ 18,40,000/-ਲੱਖ ਰੁਪਏ ਬਣਦੀ ਹੈ।ਇਸ ਤੋਂ ਪਹਿਲਾਂ ਪਿਛਲੇ ਦਿਨਾਂ ਵਿੱਚ 106 ਮੋਬਾਈਲ ਫੋਨ ਟਰੇਸ ਕਰਕੇ ਅਸਲ ਮਾਲਕਾਂ ਨੂੰ ਸਪੁਰਦ ਕੀਤੇ ਸਨ, ਜਿਨ੍ਹਾਂ ਦੀ ਕੁੱਲ ਕੀਮਤ 17,23,000/- ਰੁਪਏ ਦੇ ਕਰੀਬ ਬਣਦੀ ਸੀ।ਬਠਿੰਡਾ ਪੁਲਸ ਵੱਲੋਂ ਜਨਵਰੀ 2025 ਵਿੱਚ ਕੁੱਲ 246 ਮੋਬਾਈਲ ਫੋਨ ਟਰੇਸ ਕੀਤੇ ਸਨ, ਜਿਨ੍ਹਾਂ ਦੀ ਕੀਮਤ ਕਰੀਬ 36 ਲੱਖ ਰੁਪਏ ਬਣਦੀ ਹੈ।ਇਹ ਪੋਰਟਲ ਅਪ੍ਰੈਲ ਸਾਲ 2023 ਤੋਂ ਚਾਲੂ ਹੋਇਆ ਹੈ, ਜਿਸ ਰਾਹੀਂ ਹੁਣ ਤੱਕ ਬਠਿੰਡਾ ਪੁਲਿਸ ਵੱਲੋਂ ਕੁੱਲ 588 ਮੋਬਾਇਲ ਫੋਨ ਰਿਕਵਰ ਕਰਕੇ ਅਸਲ ਮਾਲਕਾਂ ਦੇ ਹਵਾਲੇ ਕੀਤੇ ਜਾ ਚੁੱਕੇ ਹਨ।ਇਸ ਤੋਂ ਇਲਾਵਾ ਬਠਿੰਡਾ ਪੁਲਸ ਲਗਾਤਾਰ 24 ਘੰਟੇ ਆਪਣੇ ਕੰਮ ਵਿੱਚ ਮੁਸਤੈਦ ਹੈ, ਜਿਸ ਦੇ ਸਿੱਟੇ ਵਜੋਂ ਭਵਿੱਖ ਵਿੱਚ ਪਬਲਿਕ ਦੇ ਬਾਕੀ ਰਹਿੰਦੇ ਗੁੰਮਸ਼ੁਦਾ ਮੋਬਾਇਲ ਫੋਨ ਬਰਾਮਦ ਹੋਣ ਦੀ ਵੱਡੀ ਉਮੀਦ ਹੈ।ਅਖੀਰ ਵਿੱਚ ਸੀ ਈ ਆਈ ਆਰ ਪੋਰਟਲ ਸਬੰਧੀ ਜਾਣੂ ਕਰਾਉਂਦੇ ਹੋਏ ਪਬਲਿਕ ਨੂੰ ਅਪੀਲ ਕੀਤੀ ਗਈ ਕਿ ਜੇਕਰ ਕਿਸੇ ਵੀ ਵਿਅਕਤੀ ਦਾ ਮੋਬਾਇਲ ਫੋਨ ਗੁੰਮ ਹੋ ਜਾਦਾ ਹੈ ਤਾਂ ਉਹ ਤੁਰੰਤ ਸੀ ਈ ਆਰ ਈ ਪੋਰਟਲ 'ਤੇ ਆਨਲਾਇਨ ਜਾਂ ਨੇੜਲੇ ਪੁਲਿਸ ਸਾਂਝ ਕੇਂਦਰ ਵਿੱਚ ਇਸ ਸਬੰਧੀ ਆਪਣੀ ਸ਼ਿਕਾਇਤ ਦਰਜ ਕਰਾਉਣ।ਮੋਬਾਈਲ ਦੁਕਾਨਦਾਰਾਂ ਤੇ ਆਮ ਪਬਲਿਕ ਨੂੰ ਵੀ ਇਹ ਅਪੀਲ ਕੀਤੀ ਜਾਂਦੀ ਹੈ ਕਿ ਕੋਈ ਵੀ ਪੁਰਾਣਾ ਮੋਬਾਈਲ ਫੋਨ ਖ੍ਰੀਦਣ ਤੋਂ ਪਹਿਲਾਂ ਉਸਦਾ ਅਸਲ ਬਿੱਲ ਜ਼ਰੂਰ ਲਓ। ਬਿਨਾਂ ਬਿੱਲ ਤੋਂ ਕੋਈ ਵੀ ਖਰੀਦਦਾਰੀ ਨਾ ਕੀਤੀ ਜਾਵੇ।ਪਬਲਿਕ ਦੇ ਗੁੰਮਸ਼ੁਦਾ ਮੋਬਾਇਲ ਫੋਨਾਂ ਦੀ ਬਰਾਮਦਗੀ ਸਬੰਧੀ ਬਠਿੰਡਾ ਪੁਲਿਸ ਵੱਲੋਂ ਆਰੰਭੀ ਮੁਹਿੰਮ ਅੱਗੇ ਲਈ ਵੀ ਇਸੇ ਤਰ੍ਹਾਂ ਹੀ ਜਾਰੀ ਰਹੇਗੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮਾਨ ਸਰਕਾਰ ਨੇ ਬਿਜਲੀ ਦੇ ਖੇਤਰ 'ਚ ਬੇਮਿਸਾਲ ਵਿਕਾਸ ਕੀਤਾ : ਰੰਧਾਵਾ

## ਸੂਬੇ ਦੇ 90 ਫ਼ੀਸਦੀ ਘਰੇਲੂ ਖਪਤਕਾਰਾਂ ਨੂੰ ਆਏ ਜ਼ੀਰੋ ਬਿਜਲੀ ਬਿੱਲ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਿਜਲੀ ਖੇਤਰ ਵਿੱਚ ਕ੍ਰਾਂਤੀ ਲਿਆਉਣ ਲਈ ਵੱਡੇ ਮਾਅਰਕੇ ਮਾਰੇ ਗਏ ਹਨ।ਪੰਜਾਬ ਸਰਕਾਰ ਵੱਲੋਂ ਸੂਬੇ ਦੇ ਘਰੇਲੂ ਖਪਤਕਾਰਾਂ ਨੂੰ ਹਰ ਦੋ ਮਹੀਨਿਆਂ ਲਈ 600 ਯੂਨਿਟ ਮੁਫ਼ਤ ਬਿਜਲੀ (ਜਾਂ 300 ਯੂਨਿਟ ਪ੍ਰਤੀ ਮਹੀਨਾ) ਸਫਲਤਾਪੂਰਵਕ ਮੁਹੱਈਆ ਕਰਵਾਈ ਹੈ, ਜਿਸ ਸਦਕਾ ਸੂਬੇ ਦੇ 90 ਫ਼ੀਸਦੀ ਘਰੇਲੂ ਖਪਤਕਾਰਾਂ ਨੂੰ ਜ਼ੀਰੋ ਬਿਜਲੀ ਬਿੱਲ ਪ੍ਰਾਪਤ ਹੋ ਰਹੇ ਹਨ।ਬਿਜਲੀ ਖੇਤਰ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੀਆਂ ਅਹਿਮ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਦਸੰਬਰ 2022 ਤੋਂ ਸ਼ੁਰੂ ਕੀਤੀ ਗਈ ਪਛਵਾੜਾ ਕੋਲਾ ਖਾਣ ਸੂਬੇ ਦੇ ਥਰਮਲ ਪਲਾਂਟਾਂ ਨੂੰ ਕੋਲੇ ਦੀ ਸਪਲਾਈ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।ਉਨ੍ਹਾਂ ਕਿਹਾ ਕਿ 1 ਅਪ੍ਰੈਲ, 2024 ਤੋਂ 1277 ਰੈਕਾਂ ਰਾਹੀਂ ਇਸ ਖਾਣ ਤੋਂ ਕੁੱਲ 50.84 ਲੱਖ ਮੀਟਰਿਕ ਟਨ ਕੋਲੇ ਦੀ ਪ੍ਰਾਪਤੀ ਹੋਈ, ਜਿਸ ਦੀ ਲਾਗਤ ਕੋਲ ਇੰਡੀਆ ਲਿਮਟਿਡ ਨਾਲੋਂ 11 ਕਰੋੜ ਪ੍ਰਤੀ 1 ਲੱਖ ਮੀਟਰਿਕ ਟਨ ਸਸਤਾ ਹੈ।ਇਸ ਦੇ ਨਤੀਜੇ ਵਜੋਂ ਸੂਬੇ ਨੂੰ ਇਸ ਵਿੱਤੀ ਸਾਲ ਦੌਰਾਨ 593 ਰੁਪਏ ਦੀ ਬੱਚਤ ਹੋਈ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਠੋਸ ਯਤਨਾਂ ਨਾਲ ਦਸੰਬਰ 2022 ਵਿੱਚ ਸ਼ੁਰੂ ਹੋਈ ਇਸ ਖਾਣ ਤੋਂ ਹੁਣ ਤੱਕ 93.87 ਲੱਖ ਮੀਟਰਿਕ ਟਨ ਕੋਲਾ ਪ੍ਰਾਪਤ ਕੀਤਾ ਗਿਆ ਹੈ ਜਿਸ ਨਾਲ ਕੁੱਲ 1000 ਕਰੋੜ ਰੁਪਏ ਦੀ ਬੱਚਤ ਹੋਈ ਹੈ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਭਾਰਤ ਵਿੱਚ ਪਹਿਲੀ ਵਾਰ ਇੱਕ ਸੂਬਾ ਸਰਕਾਰ ਦੁਆਰਾ ਇੱਕ ਪ੍ਰਾਈਵੇਟ ਪਾਵਰ ਪਲਾਂਟ ਖ਼ਰੀਦਿਆ ਗਿਆ ਹੈ, ਜਿਸ ਦਾ ਸਿਹਰਾ ਮਾਨ ਸਰਕਾਰ ਨੂੰ ਜਾਂਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੀ. ਵੀ. ਕੇ. ਪਾਵਰ ਤੋਂ ਗੋਇੰਦਵਾਲ ਪਾਵਰ ਪਲਾਂਟ ਨੂੰ 1080 ਕਰੋੜ ਰੁਪਏ ਦੀ ਲਾਗਤ ਨਾਲ ਖ਼ਰੀਦ ਕੇ ਇਤਿਹਾਸ ਕਾਇਮ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ 'ਤੇ ਰੱਖੇ ਗਏ ਇਸ ਥਰਮਲ ਪਲਾਂਟ ਦਾ ਲੋਡ ਫੈਕਟਰ ਪਿਛਲੇ ਸਾਲ ਦੌਰਾਨ 35 ਪ੍ਰਤੀਸ਼ਤ ਤੋਂ ਵਧਾ ਕੇ 77 ਪ੍ਰਤੀਸ਼ਤ ਕਰ ਦਿੱਤਾ ਗਿਆ, ਜਿਸ ਨਾਲ ਇਸ ਦੀ ਬਿਜਲੀ ਉਤਪਾਦਨ ਸਮਰੱਥਾ ਦੁੱਗਣੀ ਹੋ ਗਈ।ਇਹ 540 ਮੈਗਾਵਾਟ ਥਰਮਲ ਪਲਾਂਟ 2 ਕਰੋੜ ਪ੍ਰਤੀ ਮੈਗਾਵਾਟ ਦੀ ਕਿਫ਼ਾਇਤੀ ਦਰ ਤੇ ਪ੍ਰਾਪਤ ਕੀਤਾ ਗਿਆ, ਜਿਸ ਨਾਲ ਰਾਜ ਨੂੰ ਸਾਲਾਨਾ 350 ਕਰੋੜ ਰੁਪਏ ਤੋਂ ਵੱਧ ਦੀ ਬੱਚਤ ਹੋਣ ਦਾ ਅਨੁਮਾਨ ਹੈ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 5 ਨਵੇਂ 66 ਕੇਵੀ ਸਬ-ਸਟੇਸ਼ਨ ਚਾਲੂ ਕੀਤੇ ਗਏ ਅਤੇ 14 ਪਾਵਰ ਟਰਾਂਸਫ਼ਾਰਮਰਾਂ ਦੀ ਸਮਰੱਥਾ ਦਾ ਵਿਸਤਾਰ ਕਰਕੇ 66 ਕੇਵੀ ਟਰਾਂਸਮਿਸ਼ਨ ਵਿੱਚ 780 ਮੈਗਾਵਾਟ ਦਾ ਵਾਧਾ ਕੀਤਾ ਗਿਆ।ਇਸ ਦੇ ਨਾਲ ਹੀ 27 ਕਿਲੋਮੀਟਰ ਲੰਬੀਆਂ 66 ਕੇਵੀ ਟਰਾਂਸਮਿਸ਼ਨ ਲਾਈਨਾਂ ਨੂੰ ਜੋੜਿਆ ਗਿਆ ਅਤੇ 400 ਕੇਵੀ, 220 ਕੇਵੀ ਜਾਂ 132 ਕੇਵੀ ਦੇ 28 ਪਾਵਰ ਟਰਾਂਸਫ਼ਾਰਮਰਾਂ ਦੀ ਸਮਰੱਥਾ ਵਧਾਈ ਗਈ ਜਾਂ ਨਵੇਂ ਟਰਾਂਸਫ਼ਾਰਮਰ ਲਗਾਏ ਗਏ, ਜਿਸ ਨਾਲ ਇਸ ਟਰਾਂਸਮਿਸ਼ਨ ਸਮਰੱਥਾ ਵਿੱਚ ਕੁੱਲ 2591 ਐਮਵੀਏ ਦਾ ਵਾਧਾ ਹੋਇਆ।ਉਨ੍ਹਾਂ ਦੱਸਿਆ ਕਿ 400 ਕੇਵੀ, 220 ਕੇਵੀ ਜਾਂ 132 ਕੇਵੀ ਸਬ-ਸਟੇਸ਼ਨਾਂ ਨਾਲ 131 ਸਰਕਟ ਕਿਲੋਮੀਟਰ ਟਰਾਂਸਮਿਸ਼ਨ ਲਾਈਨਾਂ ਨੂੰ ਜੋੜਿਆ ਗਿਆ ਹੈ।ਉਨ੍ਹਾਂ ਕਿਹਾ ਕਿ ਰੋਪੜ ਵਿੱਚ ਇੱਕ ਨਵਾਂ 400 ਕੇਵੀ ਸਬ-ਸਟੇਸ਼ਨ ਚਾਲੂ ਕੀਤਾ ਗਿਆ ਹੈ ਅਤੇ ਗੁਰਦਾਸਪੁਰ ਵਿੱਚ 132 ਕੇਵੀ ਸਬ-ਸਟੇਸ਼ਨ ਨੂੰ 220 ਕੇਵੀ ਸਮਰੱਥਾ ਤੱਕ ਅਪਗਰੇਡ ਕੀਤਾ ਗਿਆ ਹੈ।

# ਪੈਟਰੋਲ ਪੰਪ ਦੇ ਕਰਿੰਦੇ ਤੋਂ 5000 ਰੁਪਏ ਲੁੱਟੇ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਗਹਿਰੀ ਧੁੰਦ ਦਾ ਫਾਇਦਾ ਲੈਂਦਿਆਂ ਦੋ ਮੋਟਰਸਾਈਕਲ ਸਵਾਰਾਂ ਨੇ ਵਾਰਦਾਤ ਨੂੰ ਅੰਜਾਮ ਦਿੰਦਿਆਂ ਗੁਰਦਾਸਪੁਰ-ਹਰਗੋਬਿੰਦਪੁਰ ਮਾਰਗ 'ਤੇ ਪੈਂਦੇ ਸਠਿਆਲੀ ਦੇ ਕੋਲ ਇੱਕ ਪੈਟਰੋਲ ਪੰਪ ਤੋਂ ਪਿਸਤੌਲ ਦੀ ਨੋਕ 'ਤੇ ਪੰਪ ਦੇ ਕਰਿੰਦੇ ਕੋਲੋਂ 5 ਹਜ਼ਾਰ ਦੇ ਕਰੀਬ ਨਕਦੀ ਲੁੱਟ ਲਈ।ਕਰਿੰਦੇ ਗੁਰਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਉਸਦੇ ਕੋਲ ਦੋ ਮੋਟਰਸਾਈਕਲ ਨੌਜਵਾਨ ਜਿਨ੍ਹਾਂ ਨੇ ਆਪਣੇ ਮੂੰਹ ਢੱਕੇ ਹੋਏ ਸਨ, ਨੇ 50 ਰੁਪਏ ਦਾ ਪੈਟਰੋਲ ਪਾਉਣ ਲਈ ਕਿਹਾ। ਜਦੋਂ ਤੇਲ ਪਾਇਆ ਤਾਂ ਉਕਤ ਲੁਟੇਰਾ ਗਰੋਹ ਨੇ 100 ਦੇ ਕੇ ਸੌ ਰੁਪਏ ਦੀਆਂ ਪਰਚੀਆਂ ਦੇਣ ਦੀ ਮੰਗ ਕੀਤੀ। ਜਦੋਂ ਉਹ ਪਰਚੀਆਂ ਦੇਣ ਲੱਗਾ ਤਾਂ ਲੁਟੇਰੇ ਉਸ ਕੋਲੋਂ ਝਪਟ ਮਾਰ ਕੇ ਸਾਰੇ ਪੈਸੇ ਲੈ ਗਏ।ਕਰਿੰਦੇ ਨੇ ਦੱਸਿਆ ਕਿ ਲੁੱਟ-ਖੋਹ ਦੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਕਤ ਲੁਟੇਰਾ ਗਰੋਹ ਧੁੰਦ ਦਾ ਫਾਇਦਾ ਉਠਾਉਂਦਾ ਹੋਇਆ ਮੌਕੇ ਤੋਂ ਫਰਾਰ ਹੋ ਗਿਆ।ਇਸ ਸਬੰਧੀ ਸ੍ਰੀ ਹਰਿਕ੍ਰਿਸ਼ਨ ਆਟੋ ਫਿਊਲ ਦੇ ਮਾਲਕ ਹਰਪ੍ਰੀਤ ਸਿੰਘ ਵੱਲੋਂ ਪੁਲਸ ਥਾਣਾ ਕਾਹਨੂੰਵਾਨ ਦੀ ਪੁਲਸ ਨੂੰ ਇਤਲਾਹ ਦਿੱਤੀ ਗਈ ਜਿਸ ਤੋਂ ਬਾਅਦ ਕਾਹਨੂੰਵਾਨ ਪੁਲਸ ਵੱਲੋਂ ਉਕਤ ਅਣਪਛਾਤੇ ਲੁਟੇਰਾ ਗਰੋਹ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਬਜਟ ਕਾਰਪੋਰੇਟ ਘਰਾਣਿਆਂ ਦੇ ਹੱਕ 'ਚ ਨਾ ਕਿ ਗਰੀਬਾਂ ਦੇ : ਅਵਤਾਰ ਟੱਕਰ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਕੇਂਦਰ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਬਜਟ ਸਿਰਫ਼ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅਵਤਾਰ ਸਿੰਘ ਟੱਕਰ ਕਾਂਗਰਸ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਪ੍ਰਧਾਨ ਨੇ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਵੱਲੋਂ ਪੇਸ਼ ਕੀਤੇ ਬਜਟ ਨਾਲ ਗ਼ਰੀਬ ਲੋਕਾਂ ਦੀਆਂ ਆਸਾਂ ਤੇ ਪਾਣੀ ਫਿਰਦਾ ਹੋਇਆ ਦਿਖਾਈ ਦੇਣ ਲੱਗਾ ਕਿਉਂਕਿ ਇਸ ਬਜਟ ਵਿੱਚੋਂ ਦਿਹਾੜੀਦਾਰ ਮਜ਼ਦੂਰਾਂ ਅਤੇ ਮੱਧ ਵਰਗੀ ਲੋਕਾਂ ਨੂੰ ਦੂਰ ਰੱਖਿਆ ਗਿਆ ਕਿਉਂਕਿ ਇਸ ਬਜਟ ਵਿਚ ਗ਼ਰੀਬ ਦੀ ਰਸੋਈ ਲਈ ਵਰਤੀਆਂ ਜਾਣ ਵਾਲੀਆਂ ਵਸਤੂਆਂ ਅਤੇ ਘਰੇਲੂ ਗੈਸ ਦੀਆਂ ਕੀਮਤਾਂ ਵਿੱਚ ਕੋਈ ਕਮੀ ਨਹੀਂ ਕੀਤੀ ਗਈ।ਟੱਕਰ ਨੇ ਅੱਗੇ ਕਿਹਾ ਕਿ ਟੈਕਸਾਂ 'ਚ ਛੋਟ ਨਾਲ ਸਿਰਫ਼ ਵੱਡੇ ਲੋਕਾਂ ਨੂੰ ਰਾਹਤ ਮਿਲੇਗੀ, ਗਰੀਬ ਅਤੇ ਮੱਧ ਵਰਗ ਦੇ ਲੋਕਾਂ ਨੂੰ ਇਸ ਦਾ ਕੋਈ ਫਾਇਦਾ ਹੁੰਦਾ ਦਿਖਾਈ ਨਹੀਂ ਦਿੰਦਾ।ਪੰਜਾਬ ਲਈ ਕੋਈ ਵਿਸ਼ੇਸ਼ ਪੈਕੇਜ ਨਾ ਦੇਣਾ, ਸਿੱਧਾ ਸਿੱਧਾ ਪੰਜਾਬ ਵਾਸੀਆਂ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤਾ ਗਿਆ ਹੈ।ਟੱਕਰ ਨੇ ਅੱਗੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨਾਲ ਵੀ ਵੱਡਾ ਧੋਖਾ ਕੀਤਾ ਗਿਆ ਹੈ ।ਇਹ ਬਜਟ ਕਿਸਾਨ ਵਿਰੋਧੀ, ਪੰਜਾਬ ਵਿਰੋਧੀ ਅਤੇ ਖੇਤੀਬਾੜੀ ਦੇ ਖੇਤਰ ਨੂੰ ਨਸ਼ਟ ਕਰਨ ਲਈ ਬਣਾਇਆ ਗਿਆ ਇਕ ਦਸਤਾਵੇਜ਼ ਹੈ।ਕੇਂਦਰ ਸਰਕਾਰ ਕਿਸਾਨਾਂ ਨੂੰ ਬੇਵਕੂਫ਼ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਪਹਿਲਾਂ ਤਿੰਨ ਖੇਤੀ ਕਾਨੂੰਨ ਲੈ ਕੇ ਆਈ, ਜਦ ਕਿਸਾਨਾਂ ਨੇ ਸੰਘਰਸ਼ ਕਰਕੇ ਉਨ੍ਹਾਂ ਨੂੰ ਰੱਦ ਕਰਵਾਇਆ ਤਾਂ ਹੁਣ ਨਵੇਂ ਹਲਿਆਂ ਨਾਲ ਖੇਤੀ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥ ਵੇਚਣ ਦੀ ਤਿਆਰੀ ਹੋ ਰਹੀ ਹੈ। ਟੱਕਰ ਨੇ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਕੇਂਦਰ ਸਰਕਾਰ ਇੱਕ ਵਾਰ ਫਿਰ ਇਸ ਬਜਟ ਉਪਰ ਵਿਚਾਰ ਕਰੇ।

# ਚੀਫ ਫਾਰਮੇਸੀ ਅਫਸਰ ਸੁਖਵਿੰਦਰ ਕੌਰ ਦੀ ਸੇਵਾ ਮੁਕਤੀ 'ਤੇ ਸਮਾਗਮ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਚੀਫ਼ ਫਾਰਮੇਸੀ ਅਫਸਰ ਸ੍ਰੀਮਤੀ ਸੁਖਵਿੰਦਰ ਕੌਰ ਦੀ ਸੇਵਾ ਮੁਕਤੀ 'ਤੇ ਸਥਾਨਕ ਕਸਬੇ ਵਿੱਚ ਇੱਕ ਸਨਮਾਨ ਸਮਾਗਮ ਕਰਵਾਇਆ ਗਿਆ। ਸ਼੍ਰੀਮਤੀ ਸੁਖਵਿੰਦਰ ਕੌਰ ਨੇ 1987 ਵਿੱਚ ਆਪਣੀ ਨੌਕਰੀ ਮੁੱਢਲਾ ਸਿਹਤ ਕੇਂਦਰ ਰੁੜਕਾ ਕਲਾਂ ਵਿੱਚ ਬਤੌਰ ਫਾਰਮੇਸੀ ਅਫਸਰ ਸ਼ੁਰੂ ਕੀਤੀ। ਉਹਨਾਂ ਲੰਬਾ ਸਮਾਂ ਨਕੋਦਰ ਅਤੇ ਜੰਡਿਆਲਾ ਵਿੱਚ ਵੀ ਆਪਣੀਆਂ ਸੇਵਾਵਾਂ ਨਿਭਾਈਆਂ। ਈਐਸਆਈ ਹਸਪਤਾਲ ਤੋਂ ਸੇਵਾ ਮੁਕਤ ਹੋਏ ਸ਼੍ਰੀਮਤੀ ਸੁਖਵਿੰਦਰ ਕੌਰ ਦੇ ਪਤੀ ਰਣਧੀਰ ਸਿੰਘ ਗੁਜਰਾਲ ਸਮਾਜ ਸੇਵੀ ਹਨ ਅਤੇ ਉਨਾਂ ਦੇ ਪੁੱਤਰ ਰਜਤਪ੍ਰੀਤ ਸਿੰਘ ਨਿਊਜ਼ੀਲੈਂਡ ਵਿੱਚ ਉਚੇਰੀ ਪੜ੍ਹਾਈ ਕਰਕੇ ਪੱਕੇ ਤੌਰ 'ਤੇ ਰਹਿ ਰਹੇ ਹਨ।ਵੱਖ-ਵੱਖ ਅਧਿਕਾਰੀਆਂ, ਇਲਾਕੇ ਦੇ ਪਤਵੰਤਿਆਂ, ਪਿੰਡ ਦੀ ਸਮੁੱਚੀ ਪੰਚਾਇਤ ਵੱਲੋਂ ਸੇਵਾ ਮੁਕਤੀ ਤੇ ਉਨਾਂ ਨੂੰ ਵੱਖ-ਵੱਖ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਿਹਤ ਵਿਭਾਗ ਦੇ ਵੱਖ-ਵੱਖ ਅਧਿਕਾਰੀਆਂ, ਪਤਵੰਤਿਆਂ ਤੋਂ ਇਲਾਵਾ ਜੰਡਿਆਲਾ ਮੰਜਕੀ ਦੀ ਸਮੁੱਚੀ ਪੰਚਾਇਤ ਹਾਜ਼ਰ ਸੀ।

# ਪਾਬੰਦੀ ਦੇ ਬਾਵਜੂਦ ਪਲਾਸਟਿਕ ਦੇ ਲਿਫਾਫਿਆਂ ਦੀ ਵਿਕਰੀ ਜ਼ੋਰਾਂ 'ਤੇ

**ਗੁਰਦਾਸਪੁਰ, (ਜਨਕ ਮਹਾਜਨ)**-ਮਾਨਯੋਗ ਸੁਪਰੀਮ ਕੋਰਟ ਵੱਲੋਂ ਪਲਾਸਟਿਕ ਲਿਫਾਫਿਆਂ ਉਪਰ ਲਗਾਈ ਗਈ ਪਾਬੰਦੀ ਦੇ ਬਾਵਜੂਦ ਸ਼ਹਿਰ ਅਤੇ ਦਿਹਾਤੀ ਖੇਤਰ ਦੀਆਂ ਦੁਕਾਨਾਂ ਅੰਦਰ ਇਨ੍ਹਾਂ ਪਲਾਸਟਿਕ ਲਿਫਾਫਿਆਂ ਦੀ ਵਿਕਰੀ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਇਨ੍ਹਾਂ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨੂੰ ਰੋਕਣ ਵਾਸਤੇ ਸਬੰਧਿਤ ਵਿਭਾਗ ਵਲੋਂ ਕੁਝ ਦਿਨ ਰੌਲਾ ਰੱਪਾ ਕੇ ਪਾ ਕੇ ਖ਼ਾਨਾਪੂਰਤੀ ਕਰ ਦਿੱਤੀ ਜਾਂਦੀ ਹੈ ਪਰ ਫ਼ਿਰ ਪਰਨਾਲਾ ਉਥੇ ਦਾ ਉਥੇ ਹੀ ਰਹਿ ਜਾਂਦਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਕੁਝ ਵਾਤਾਵਰਣ ਪ੍ਰੇਮੀਆਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਵਿਚ ਦੱਸਿਆ ਕਿ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿਚ ਪਲਾਸਟਿਕ ਦੇ ਲਿਫਾਫਿਆਂ ਦਾ ਇਕ ਅਹਿਮ ਰੋਲ ਹੈ। ਉਨ੍ਹਾਂ ਕਿਹਾ ਪਲਾਸਟਿਕ ਦਾ ਲਿਫਾਫਾ ਇਕ ਨਾਗਲਣ ਯੋਗ ਵਸਤੂ ਹੈ ਜੋ ਕਾਫ਼ੀ ਸਮਾਂ ਮਿੱਟੀ ਵਿਚ ਦੱਬੇ ਰਹਿਣ ਦੇ ਬਾਵਜੂਦ ਵੀ ਗਲਦਾ ਨਹੀਂ। ਉਨ੍ਹਾਂ ਇਨ੍ਹਾਂ ਲਿਫਾਫਿਆਂ ਕਾਰਨ ਇਕ ਖ਼ਾਸ ਸਮੱਸਿਆ ਸ਼ਹਿਰ ਅੰਦਰ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਪਲਾਸਟਿਕ ਦੇ ਲਿਫਾਫੇ ਅਕਸਰ ਨਾਲੇ ਅਤੇ ਸੀਵਰੇਜਾਂ ਅੰਦਰ ਫਸ ਜਾਂਦੇ ਹਨ ਤਾਂ ਬਰਸਾਤਾਂ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਨਹੀਂ ਹੁੰਦਾ ਅਤੇ ਪਾਣੀ ਓਵਰਫਲੋ ਹੋ ਕੇ ਸੜਕਾਂ ਉਪਰ ਆ ਜਾਂਦਾ ਹੈ। ਉਨ੍ਹਾਂ ਕਿਹਾ ਸ਼ਹਿਰ ਅੰਦਰ ਤੇ ਦਿਹਾਤੀ ਖੇਤਰ ਵਿਚ ਇਨ੍ਹਾਂ ਪਲਾਸਟਿਕ ਦੇ ਲਿਫਾਫਿਆਂ ਦੀ ਵਿਕਰੀ ਆਮ ਹੀ ਦੇਖੀ ਜਾਂਦੀ ਹੈ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸਬੰਧਿਤ ਵਿਭਾਗ ਨੂੰ ਹਦਾਇਤਾਂ ਜਾਰੀ ਕਰਕੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

# ਪੱਤੀ ਭੂਰੇ ਕੀ ਸਭਰਾ ਦੇ ਗੁ. ਸਾਹਿਬ ਵਿਖੇ ਚੰਦੋਆ ਸਾਹਿਬ, ਰੁਮਾਲਾ ਸਾਹਿਬ ਤੇ ਬਰਤਨ ਭੇਟ



**ਪੱਟੀ (ਸ਼ਮਸ਼ੇਰ ਸਿੰਘ ਯੋਧਾ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਾ ਪੱਟੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਖੁਸ਼ਵਿੰਦਰ ਸਿੰਘ ਭਾਟੀਆ ਨੇ ਪੱਤੀ ਭੂਰੇ ਕੀ ਸਭਰਾ ਪਿੰਡ ਵਿਖੇ ਚੰਦੋਆ ਸਾਹਿਬ, ਰੁਮਾਲਾ ਸਾਹਿਬ ਅਤੇ ਬਰਤਨ ਆਦਿ ਭੇਟ ਕੀਤੇ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਵੱਲੋਂ ਹਰੇਕ ਪਿੰਡ ਅਤੇ ਹਰੇਕ ਸ਼ਹਿਰ ਦੇ ਗੁਰਦੁਆਰਾ ਸਾਹਿਬ ਲਈ ਸੰਗਤਾਂ ਦੇ ਸਹਿਯੋਗ ਨਾਲ ਸੇਵਾ ਕੀਤੀ ਜਾ ਰਹੀ ਹੈ ਅਤੇ ਗੁਰੂ ਸਾਹਿਬ ਜੀ ਵੱਲੋਂ ਦਾਸ ਨੂੰ ਬਖਸ਼ੀ ਹੋਈ ਸੇਵਾ ਤਨਦੇਹੀ ਨਾਲ ਕੀਤੀ ਜਾ ਰਹੀ ਹੈ।ਇਸ ਉਪਰੰਤ ਸੁਖਵਿੰਦਰ ਸਿੰਘ (ਆੜ੍ਹਤੀ) ਪੈਟਰੋਲ ਪੰਪ ਵਾਲਿਆਂ ਨੇ ਜਥੇਦਾਰ ਖੁਸ਼ਵਿੰਦਰ ਸਿੰਘ ਭਾਟੀਆ ਨੂੰ ਗੁਰੂ ਸਾਹਿਬ ਵੱਲੋਂ ਬਖਸ਼ੀ ਦਾਤ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਜੀ ਆਇਆਂ ਕਹਿੰਦੇ ਹੋਏ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਠੇਕੇਦਾਰ ਸ਼ਿੰਗਾਰ ਸਿੰਘ ਸਾਬਕਾ ਚੇਅਰਮੈਨ, ਸਾਬਕਾ ਸਰਪੰਚ ਸੁਰਜੀਤ ਸਿੰਘ ਬੱਬੀ, ਡਾਕਟਰ ਰਜਿੰਦਰ ਸਿੰਘ, ਸਰਪੰਚ ਨਰਿੰਦਰ ਸਿੰਘ ਚੂਸਲੇਵੜ, ਹੈੱਡ ਗ੍ਰੰਥੀ ਬਾਬਾ ਭੁਪਿੰਦਰ ਸਿੰਘ ਬਿੱਟੂ ਆਦਿ ਨਗਰ ਨਿਵਾਸੀ ਹਾਜ਼ਰ ਸਨ।

# 12ਵੀਂ ਦੇ ਵਿਦਿਆਰਥੀਆਂ ਲਈ ਭਾਵੁਕ ਵਿਦਾਇਗੀ ਪਾਰਟੀ



**ਪਠਾਨਕੋਟ (ਦਵਿੰਦਰ ਸਿੰਘ)**-ਐੱਮ ਸੀ ਐੱਸ ਸਕੂਲ ਪਠਾਨਕੋਟ ਨੇ ਗ੍ਰੈਂਡ ਪ੍ਰੋਗਰਾਮ ਲਮਹੇ ਦੇ ਨਾਲ 12ਵੀਂ ਕਲਾਸ ਦੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ ।ਇਸ ਮੌਕੇ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਭੰਗੜਾ ਅਤੇ ਗੀਤਾਂ ਨਾਲ ਮਹੌਲ ਨੂੰ ਚਾਰ ਚੰਦ ਲਗਾਏ ।ਪ੍ਰੋਗਰਾਮ ਦਾ ਮੁੱਖ ਆਕਰਸ਼ਣ ਰੈਂਪ ਵਾਕ ਸੀ ਜਿੱਥੇ ਕਿ ਕਲਾਸ ਦੇ ਵਿਦਿਆਰਥੀਆਂ ਨੇ ਵਿਸ਼ਵਾਸ ਅਤੇ ਸ਼ੈਲੀ ਦਾ ਪ੍ਰਦਰਸ਼ਨ ਕੀਤਾ।ਸਕੂਲ ਵੱਲੋਂ ਇਸ ਮੌਕੇ ਵੱਖ-ਵੱਖ ਗਤੀਵਿਧੀਆਂ ਦੇ ਜੇਤੂਆਂ ਨੂੰ ਸਨਮਾਨਿਤ ਵੀ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਰਸ਼ਮੀ ਆਹਲੂਵਾਲੀਆ ਨੇ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਦੀ ਸਰਾਹਨਾ ਕੀਤੀ ਅਤੇ ਉਨ੍ਹਾਂ ਦੀ ਅੱਗੇ ਆਉਣ ਵਾਲੀ ਜ਼ਿੰਦਗੀ ਵਿੱਚ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਸਕੂਲ ਦੇ ਚੇਅਰਮੈਨ ਵਿਨੋਦ ਮਹਾਜਨ, ਉਨ੍ਹਾਂ ਦੀ ਧਰਮ ਪਤਨੀ ਸੁਸ਼ਮਾ ਮਹਾਜਨ ਅਤੇ ਉਪ ਚੇਅਰਮੈਨ ਆਕਾਸ਼ ਮਹਾਜਨ ਆਦਿ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਆਰਮਜ਼ ਐਕਟ ਤਹਿਤ 3 ਵਿਅਕਤੀਆਂ ਖਿਲਾਫ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਦੋਰਾਂਗਲਾ ਪੁਲਸ ਨੇ ਏਐੱਸਆਈ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਮੁੱਖਬਰ ਦੀ ਇਤਲਾਹ 'ਤੇ ਨੇੜੇ ਪਿੰਡ ਤਾਜਪੁਰ ਤੋਂ ਸਲੀਮ ਪੁੱਤਰ ਦਾਰ ਮਸੀਹ, ਹੈਪੀ ਮਸੀਹ ਪੁੱਤਰ ਸੱਤਾ ਮਸੀਹ ਵਾਸੀ ਆਦੀ, ਗੁਰਮੀਤ ਮਸੀਹ ਪੁੱਤਰ ਤਰਸੇਮ ਮਸੀਹ ਵਾਸੀ ਕਲੇਰ ਕਲਾਂ ਜੋ ਸੜਕ 'ਤੇ ਪੈਦਲ ਦੋਰਾਂਗਲਾ ਤੋਂ ਤਾਜਪੁਰ ਸਾਈਡ ਨੂੰ ਜਾ ਰਹੇ ਸਨ, ਨੂੰ ਕਾਬੂ ਕਰਕੇ ਤਲਾਸ਼ੀ ਕੀਤੀ ਤਾਂ ਸਲੀਮ ਦੀ ਸੱਜੀ ਡੱਬ ਵਿਚੋਂ ਇਕ ਨਜਾਇਜ਼ ਪਿਸਟਲ ਦੇਸੀ 9 ਐੱਮ. ਐੱਮ. ਸਮੇਤ ਮੈਗਜ਼ੀਨ ਬਿਨਾਂ ਰੌਂਦ ਬਰਾਮਦ ਹੋਇਆ ਹੈ। ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਜ਼ੇਰੇ ਧਾਰਾ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਚੀਫ ਖਾਲਸਾ ਦੀਵਾਨ ਤਰਨ ਤਾਰਨ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਮੈਂਬਰ ਇੰਚਾਰਜ ਸਕੂਲ ਰਣਦੀਪ ਸਿੰਘ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਪ੍ਰੋਗਰਾਮ ਦੀ ਸ਼ੁਰੂਆਤ ਬਸੰਤ ਨਾਲ ਸੰਬੰਧਿਤ ਸ਼ਬਦ ਨਾਲ ਹੋਈ। ਉਪਰੰਤ ਬੱਚਿਆਂ ਨੇ ਭਾਸ਼ਣ ਤੇ ਕਵਿਤਾ ਆਦਿ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਰੂਪ ਬਸੰਤ ਨਾਲ ਸੰਬੰਧਿਤ ਕਵੀਸ਼ਰੀ ਦਾ ਗਾਇਨ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ।ਚੀਫ਼ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਇਸ ਮੌਕੇ ਬੋਲਦੇ ਹੋਏ ਕਿਹਾ ਕਿ ਬਸੰਤ ਪੰਚਮੀ ਰੁੱਤਾਂ ਦੀ ਤਬਦੀਲੀ ਨਾਲ ਸੰਬੰਧਿਤ ਇੱਕ ਤਿਉਹਾਰ ਹੈ ਜੋ ਮਾਘ ਸੁਦੀ ਪੰਜਵੀਂ ਨੂੰ ਸਾਰੇ ਪੰਜਾਬ ਵਿੱਚ ਧੂਮਧਾਮ ਨਾਲ ਮਨਾਇਆ ਜਾਂਦਾ ਹੈ।ਬਸੰਤ ਰੁੱਤ ਖ਼ੁਸ਼ੀਆਂ ਅਤੇ ਖੇੜਿਆਂ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੰਦੀ ਹੈ।ਚੀਫ਼ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਬਸੰਤ ਪੰਚਮੀ ਦੇ ਤਿਉਹਾਰ ਨਾਲ ਸੰਬੰਧਿਤ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਖੁਸ਼ੀਆਂ ਅਤੇ ਖੇੜਿਆਂ ਦੀ ਰੁੱਤ ਹੈ।ਖੁਸ਼ੀਆਂ ਵੰਡਦੀ ਇਹ ਰੁੱਤ ਜੀਵਨ ਪਰਿਵਰਤਨ ਦਾ ਸੰਦੇਸ਼ ਦਿੰਦੀ ਹੈ।ਮੈਂਬਰ ਇੰਚਾਰਜ ਨਵਜੋਤ ਸਿੰਘ ਨੇ ਕਿਹਾ ਕਿ ਬਸੰਤ ਨੂੰ ਰਿਤੂ ਰਾਜ ਕਿਹਾ ਜਾਂਦਾ ਹੈ ਕਿਉਂਕਿ ਬਸੰਤ ਰੁੱਤ ਸਭ ਰੁੱਤਾਂ ਤੋਂ ਉੱਤਮ ਗਿਣੀ ਜਾਂਦੀ ਹੈ ।ਸ. ਰਣਦੀਪ ਸਿੰਘ ਨੇ ਬਸੰਤ ਰੁੱਤ ਦੇ ਇਤਿਹਾਸ 'ਤੇ ਚਾਨਣਾ ਪਾਇਆ। ਸਕੂਲ ਦੇ ਪ੍ਰਿੰਸੀਪਲ ਸਤਵੰਤ ਸਿੰਘ ਬੈਂਸ ਨੇ ਵਿਦਿਆਰਥੀਆਂ ਨੂੰ ਬਸੰਤ ਪੰਚਮੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਭ ਦੀ ਹਰਮਨਪਿਆਰੀ ਰੁੱਤ ਹੈ।ਸਾਨੂੰ ਚੇਤਨਾ ਅਤੇ ਉਮੰਗ ਨਾਲ ਇਸ ਤਿਉਹਾਰ ਨੂੰ ਮਨਾਉਣਾ ਚਾਹੀਦਾ ਹੈ।

# ਕੇਂਦਰ ਵੱਲੋਂ ਪੇਸ਼ ਬਜਟ ਪ੍ਰਗਤੀਸ਼ੀਲ ਤੇ ਮੱਧ ਵਰਗ ਲਈ ਲਾਹੇਵੰਦ : ਹਰਸਿਮਰਨ ਵਾਲੀਆ



**ਬਟਾਲਾ, (ਤਰਲੋਕ ਬੱਗਾ)**

ਭਾਜਪਾ ਦੇ ਜ਼ਿਲਾ ਪ੍ਰਧਾਨ ਹਰਸਿਮਰਨ ਸਿੰਘ ਵਾਲੀਆਂ ਨੇ ਕੇਂਦਰੀ ਬਜਟ ਨੂੰ ਵਿਕਾਸ-ਮੁਖੀ, ਮੱਧ ਵਰਗ ਸਮੇਤ ਸਮੂਹ ਵਰਗਾਂ ਲਈ ਲਾਹੇਵੰਦ ਦੱਸਦਿਆਂ ਕਿਹਾ ਕਿ ਇਹ ਬਜਟ ਚਾਰੇ ਪਾਸੇ ਆਰਥਿਕ ਖੁਸ਼ਹਾਲੀ 'ਚ ਨਵੀਂ ਜਾਨ ਪਾਵੇਗਾ।ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਆਮਦਨ ਮਿਆਦ ਨੂੰ ਮੌਜੂਦਾ 7 ਲੱਖ ਰੁਪਏ ਤੋਂ ਵਧਾ ਕੇ 12 ਲੱਖ ਰੁਪਏ ਕਰਕੇ ਤਨਖਾਹਦਾਰ ਵਰਗ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਰਾਹਤ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਆਰਥਿਕ ਵਿਕਾਸ 'ਚ ਸਹਾਇਤਾ ਕਰੇਗਾ ਅਤੇ ਸਮਾਜ ਦੇ ਇਕ ਵੱਡੇ ਵਰਗ ਨੂੰ ਵਿੱਤੀ ਬੜ੍ਹਾਵਾ ਦੇਵੇਗਾ।ਸ: ਹਰਸਿਮਰਨ ਸਿੰਘ ਵਾਲੀਆਂ ਨੇ ਬਜਟ ਦੇ ਰੱਖਿਆ, ਬੁਨਿਆਦੀ ਢਾਂਚੇ, ਉਦਯੋਗ ਅਤੇ ਖੇਤੀਬਾੜੀ 'ਤੇ ਧਿਆਨ ਕੇਂਦਰਿਤ ਕਰਨ ਦੀ ਵੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਮੈਡੀਕਲ ਸਿੱਖਿਆ ਜੋ ਕਿ ਸਮੇਂ ਦੀ ਲੋੜ ਹੈ, ਨੂੰ ਅਗਲੇ ਕੁਝ ਸਾਲਾਂ 'ਚ ਦੇਸ਼ ਦੇ ਮੈਡੀਕਲ ਕਾਲਜਾਂ 'ਚ 75000 ਤੋਂ ਵੱਧ ਸੀਟਾਂ ਜੋੜਨ ਦੇ ਵੱਡੇ ਟੀਚੇ ਵੀ ਅਲਾਟ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਕੇਂਦਰੀ ਬਜਟ 'ਚ ਕਿਸਾਨਾਂ 'ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ ਹੈ ਅਤੇ ਕਿਸਾਨਾਂ ਲਈ ਕ੍ਰੈਡਿਟ ਕਾਰਡ ਮਿਆਦ ਨੂੰ ਵਧਾ ਕੇ 5 ਲੱਖ ਰੁਪਏ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਫਸਲਾਂ ਦੇ ਬੀਮੇ ਤੋਂ ਇਲਾਵਾ ਫਸਲਾਂ ਦੀ ਵਿਭਿੰਨਤਾ ਅਤੇ ਡਿਜੀਟਲ ਮੈਪਿੰਗ ਵੀ ਇੱਕ ਸਲਾਹੁਣਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਹੁਨਰ ਵਿਕਾਸ 'ਤੇ ਕੇਂਦ੍ਰਿਤ ਨਵੇਂ ਵਿੱਦਿਅਕ ਪ੍ਰੋਜੈਕਟ ਸ਼ਲਾਘਾਯੋਗ ਹਨ ਅਤੇ ਮੋਦੀ ਨੂੰ ਇਕ ਦੂਰਦਰਸ਼ੀ ਨੇਤਾ ਦੱਸਦਿਆਂ ਕਿਹਾ ਕਿ ਭਾਰਤ ਨੂੰ ਵਿਕਾਸ ਦੇ ਨਵੇਂ ਰਾਹ 'ਤੇ ਲੈ ਜਾਣਗੇ ਅਤੇ ਬਜਟ ਵੰਡ ਪ੍ਰਧਾਨ ਮੰਤਰੀ ਦੇ ਵਿਕਾਸ ਭਾਰਤ ਦੇ ਸੁਪਨੇ ਦਾ ਸਪੱਸ਼ਟ ਸੂਚਕ ਹਨ।ਉਨ੍ਹਾਂ ਕਿਹਾ ਕਿ ਸਮਾਜ ਦੇ ਗਰੀਬ ਵਰਗ ਅਤੇ ਆਮ ਤੌਰ 'ਤੇ ਔਰਤਾਂ ਲਈ ਕਈ ਯੋਜਨਾਵਾਂ ਹਨ ਅਤੇ ਆਈ. ਟੀ. ਸੇਵਾ ਖੇਤਰ, ਡਿਜੀਟਲ ਸੇਵਾਵਾਂ ਅਤੇ ਆਮ ਤੌਰ 'ਤੇ ਉਦਯੋਗਾਂ 'ਤੇ ਜ਼ੋਰ ਦੇਣ ਨਾਲ ਅਰਥਵਿਵਸਥਾ ਨੂੰ ਹੁਲਾਰਾ ਮਿਲੇਗਾ।

# ਪ੍ਰਤਾਪ ਵਰਲਡ ਸਕੂਲ 'ਚ ਵਿਦਾਇਗੀ ਪਾਰਟੀ ਦਾ ਆਯੋਜਨ



**ਪਠਾਨਕੋਟ (ਦਵਿੰਦਰ ਸਿੰਘ)**-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿਖੇ 12ਵੀਂ ਕਲਾਸ ਦੇ ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਦਾ ਆਯੋਜਿਤ ਕੀਤਾ ਗਿਆ ਜਿਸ ਵਿੱਚ 11ਵੀਂ ਕਲਾਸ ਲਈ ਇੱਕ ਰੰਗੀਨ ਪ੍ਰੋਗਰਾਮ ਰੱਖਿਆ ਗਿਆ।ਵਿਦਿਆਰਥੀਆਂ ਵੱਲੋਂ ਭਾਸ਼ਣ ਦਾ ਆਯੋਜਨ ਕੀਤਾ ਗਿਆ ਜਿਸ ਦੇ ਨਾਲ ਅਧਿਆਪਕ ਭਾਵੁਕ ਹੋਏ।ਇਸ ਮੌਕੇ ਵਿਦਿਆਰਥੀਆਂ ਨੂੰ ਅਹਿਸਾਸ ਹੋਇਆ ਕਿ ਹੁਣ ਸਕੂਲ ਇਕ ਅਜਿਹੀ ਜਗ੍ਹਾ ਹੈ ਜਿੱਥੇ ਅਸੀਂ ਆਪਣੀ ਜ਼ਿੰਦਗੀ ਵਿਚ ਬਹੁਤ ਕੁਝ ਸਿੱਖਦੇ ਹਾਂ।ਇਸ ਮੌਕੇ 12ਵੀਂ ਕਲਾਸ ਦੇ ਬਕੁਲ ਮਿਸਟਰ ਪ੍ਰਤਾਪ ਵਰਲਡ ਸਕੂਲ ਅਤੇ ਆਇਸ਼ਾ ਮਿਸ ਪ੍ਰਤਾਪ ਵਰਲਡ ਸਕੂਲ ਚੁਣੇ ਗਏ।ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ, ਓਸ਼ਿਨ ਮਹਾਜਨ, ਪ੍ਰਿੰ. ਸੁਭਰਾ ਰਾਣੀ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਜੋ ਵਿਦਿਆਰਥੀ ਸਖ਼ਤ ਮਿਹਨਤ ਅਤੇ ਸਮਰਪਣ ਨਾਲ ਆਪਣੀ ਪੜ੍ਹਾਈ ਕਰਦਾ ਹੈ, ਆਪਣਾ ਟੀਚਾ ਜ਼ਰੂਰ ਪ੍ਰਾਪਤ ਕਰਦਾ ਹੈ।

# ਪੈਟਰੋਲ ਪੰਪ ਤੋਂ ਲੁੱਟਖੋਹ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਾਹਨੂੰਵਾਨ ਪੁਲਸ ਦੇ ਏ. ਐੱਸ. ਆਈ. ਗੁਰਹਿੰਦਰ ਸਿੰਘ ਪੁੱਤਰ ਸਵਿੰਦਰ ਸਿੰਘ ਵਾਸੀ ਨੌਸ਼ਿਹਰਾ ਮੱਝਾ ਸਿੰਘ ਨੇ ਦੱਸਿਆ ਕਿ ਉਹ ਸ੍ਰੀ ਹਰਕ੍ਰਿਸ਼ਨ ਫਿਲਿੰਗ ਸਟੇਸ਼ਨ ਸਠਿਆਲੀ ਵਿਖੇ ਨੌਕਰੀ ਕਰਦਾ ਹੈ। 1 ਫਰਵਰੀ ਨੂੰ ਉਹ ਪੈਟਰੋਲ ਪੰਪ 'ਤੇ ਡਿਊਟੀ ਕਰ ਰਿਹਾ ਸੀ ਕਿ ਸਮਾਂ ਰਾਤ 7.30 ਵਜੇ 2 ਅਣਪਛਾਤੇ ਵਿਅਕਤੀ ਜਿਨ੍ਹਾਂ ਨੇ ਮੂੰਹ ਬੰਨ੍ਹੇ ਹੋਏ ਸਨ, ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਅਤੇ ਮੈਨੂੰ 50 ਰੁਪਏ ਦਾ ਤੇਲ ਪਾਉਣ ਲਈ ਕਿਹਾ, ਇਨੇ ਨੂੰ ਉਸ ਨਾ-ਮਾਲੂਮ ਵਿਅਕਤੀ ਨੇ ਪਿਸਤੌਲ ਕੱਢ ਕੇ ਮੈਨੂੰ ਡਰਾ ਧਮਕਾ ਕੇ 3600 ਰੁਪਏ ਦੀ ਨਕਦੀ ਅਤੇ ਮੋਬਾਇਲ ਫੋਨ ਖੋਹ ਕੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਕੋਟ ਟੋਡਰਮੱਲ ਵਾਲੀ ਸਾਇਡ ਨੂੰ ਚਲੇ ਗਏ। ਥਾਣਾ ਕਾਹਨੂੰਵਾਨ ਪੁਲਸ ਨੇ ਲੁਟੇਰਿਆਂ ਖ਼ਿਲਾਫ਼ ਜ਼ੇਰੇ ਧਾਰਾ 304 (2) ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਪ੍ਰਿੰ. ਡਾ. ਸੁਨੀਤਾ ਕੌਸ਼ਲ ਦਾ ਵਿਸ਼ੇਸ਼ ਸਨਮਾਨ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਕਾਦੀਆਂ ਦੇ ਸੇਂਟ ਵਰੀਅਰਜ਼ ਸਕੂਲ ਵਿੱਚ ਕਰਵਾਏ ਗਏ ਸਟੇਟ ਪੱਧਰੀ ਸਮਾਗਮ ਵਿੱਚ ਪੀ. ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੂੰ ਸਮਾਗਮ ਦੇ ਮੁੱਖ ਮਹਿਮਾਨ ਬਾਲ ਮੁਕੰਦ ਸ਼ਰਮਾ ਚੇਅਰਮੈਨ ਫੂਡ ਕਮਿਸ਼ਨ ਪੰਜਾਬ ਅਤੇ ਡੀ. ਸੀ. ਉਮਾ ਸ਼ੰਕਰ ਗੁਪਤਾ ਵੱਲੋਂ ਸਿੱਖਿਆ ਅਤੇ ਮਾਂ ਬੋਲੀ ਪੰਜਾਬੀ ਦੇ ਖੇਤਰ ਵਿੱਚ ਪਾਏ ਅਹਿਮ ਯੋਗਦਾਨ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗੱਲਬਾਤ ਦੌਰਾਨ ਪ੍ਰਿੰ. ਡਾ. ਕੌਸ਼ਲ ਨੇ ਜਗਤ ਪੰਜਾਬੀ ਸਭਾ ਕੈਨੇਡਾ ਦਾ ਧੰਨਵਾਦ ਕਰਨ ਉਪਰੰਤ ਕਿਹਾ ਕਿ ਭਾਸ਼ਾਈ ਅਤੇ ਸੱਭਿਆਚਾਰਕ ਵਿਭਿੰਨਤਾ ਨੂੰ ਬਚਾਉਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।ਖੇਤਰੀ ਭਾਸ਼ਾ ਹਰ ਕੌਮ ਦਾ ਸੱਭਿਆਚਾਰਕ, ਰਾਜਨੀਤਕ ਅਤੇ ਸਮਾਜਿਕ ਸਰਮਾਇਆ ਹੁੰਦੀ ਹੈ।ਇਸ ਲਈ ਕਿਸੇ ਕੌਮ ਦੀ ਪਛਾਣ ਲਈ ਉਸ ਦੀ ਭਾਸ਼ਾ ਦਾ ਜ਼ਿੰਦਾ ਰਹਿਣਾ ਅਤਿ ਜ਼ਰੂਰੀ ਹੈ।ਇਸ ਸੰਮੇਲਨ ਵਿੱਚ ਜ਼ਿਲ੍ਹਾ ਗੁਰਦਾਸਪੁਰ ਤੋਂ ਇਲਾਵਾ 12 ਜ਼ਿਲ੍ਹਿਆਂ ਤੋਂ ਮਾਂ-ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲ਼ੇ ਲਗਭਗ 80 ਦੇ ਕਰੀਬ ਸਾਹਿਤਕਾਰ, ਕਹਾਣੀਕਾਰ, ਕਵੀ, ਗਾਇਕ, ਫ਼ਿਲਮੀ ਅਦਾਕਾਰ, ਅਦਾਕਾਰ, ਨਿਰਦੇਸ਼ਕ, ਅਧਿਆਪਕ ਸਾਹਿਬਾਨ ਅਤੇ ਮਾਂ-ਬੋਲੀ ਪੰਜਾਬੀ ਨੂੰ ਪ੍ਰਫੁਲਿਤ ਕਰਨ ਵਾਲ਼ੀਆਂ ਸੰਸਥਾਵਾਂ ਦੇ ਮੁਖੀਆਂ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸਟੇਟ ਐਵਾਰਡ ਨਾਲ਼ ਸਨਮਾਨਿਤ 12 ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।ਸਮਾਗਮ ਦੇ ਅੰਤ ਵਿੱਚ ਜਗਤ ਪੰਜਾਬੀ ਸਭਾ ਦੀ ਸੂਬਾ ਇਕਾਈ ਵੱਲੋਂ ਮੁੱਖ ਮਹਿਮਾਨ ਬਾਲ ਮੁਕੰਦ ਸ਼ਰਮਾ, ਮੈਡਮ ਕੰਚਨ ਸ਼ਰਮਾ, ਚੇਅਰਮੈਨ ਅਜੈਬ ਸਿੰਘ ਚੱਠਾ, ਪ੍ਰਧਾਨ ਸਰਦੂਲ ਸਿੰਘ ਥਿਆੜਾ, ਡੀਸੀ ਉਮਾ ਸ਼ੰਕਰ ਗੁਪਤਾ, ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ, ਚੇਅਰਮੈਨ ਸੱਜਣ ਸਿੰਘ ਧੰਦਲ, ਡਾਇਰੈਕਟਰ ਸਰਵਣ ਸਿੰਘ ਧੰਦਲ ਅਤੇ ਪੀ. ਆਰ. ਐੱਸ. ਓ. ਰਣਜੀਤ ਕੌਰ ਨੂੰ ਯਾਦਗਾਰੀ ਚਿੰਨ੍ਹ ਅਤੇ ਸ਼ਾਲ ਭੇਟ ਕੀਤੇ ਅਤੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਵੀ ਕੀਤਾ।

# ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਜਾਇਆ ਨਗਰ ਕੀਰਤਨ



**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**

ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਅਧੀਨ ਪੈਂਦੇ ਪਿੰਡ ਮੁਰੀਦਕੇ ਦੇ ਗੁਰਦੁਆਰਾ ਸਾਹਿਬ ਤੋਂ ਅਮਰ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਜਾਹੋ-ਜਲਾਲ ਨਾਲ ਸਜਾਇਆ ਗਿਆ।ਨਗਰ ਕੀਰਤਨ ਗੁਰਦੁਆਰਾ ਸਾਹਿਬ ਬਾਬਾ ਜੀਵਨ ਸਿੰਘ ਜੀ ਮੁਰੀਦਕੇ ਤੋਂ ਸ਼ੁਰੂ ਹੋਇਆ ਤੇ ਪਿੰਡ ਦੀ ਪਰਿਕਰਮਾ ਕਰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਨਤਮਸਤਕ ਹੋਇਆ।ਨਗਰ ਕੀਰਤਨ 'ਚ ਸੰਗਤਾਂ ਵੱਲੋ ਹਰ-ਜਸ ਗਾਇਨ ਕੀਤਾ ਗਿਆ।ਰਸਤੇ 'ਚ ਸ਼ਰਧਾਲੂਆ ਵੱਲੋਂ ਅਨੇਕਾ ਪ੍ਰਕਾਰ ਦੇ ਲੰਗਰਾਂ ਨਾਲ ਸੰਗਤਾਂ ਦੀ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਰਾਤਰੀ ਸਮੇਂ ਗੁਰਦੁਆਰਾ ਸਾਹਿਬ 'ਚ ਸੰਗਤਾਂ ਵੱਲੋਂ ਦੀਵਾਨ ਵੀ ਸਜਾਏ ਗਏ।ਬਾਬਾ ਪ੍ਰੇਮ ਸਿੰਘ ਗ੍ਰੰਥੀ ਸਿੰਘ, ਸੁੱਚਾ ਸਿੰਘ ਪ੍ਰਧਾਨ, ਸੁਖਜਿੰਦਰ ਸਿੰਘ ਕਾਹਲੋਂ, ਸੂਬਾ ਸਿੰਘ, ਸਾਹਿਬ ਪ੍ਰੀਤ ਸਿੰਘ, ਵਿਸ਼ਾਲਦੀਪ ਸਿੰਘ, ਗੁਰਦੇਵ ਸਿੰਘ, ਜਸਵਿੰਦਰ, ਕੁਲਵਿੰਦਰ ਸਿੰਘ, ਧਰਮਪਾਲ ਸਿੰਘ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਅਮਰਜੀਤ ਸਿੰਘ, ਗੁਰਦੇਵ ਸਿੰਘ, ਮੰਗਲ ਸਿੰਘ, ਸੁਖਬਾਜ ਸਿੰਘ, ਹਰਮਿੰਦਰ ਸਿੰਘ ਗ੍ਰੰਥੀ ਸਿੰਘ, ਲਖਵਿੰਦਰ ਸਿੰਘ, ਬਲਕਾਰ ਸਿੰਘ, ਕਰਤਾਰ ਸਿੰਘ, ਸਰਬਜੀਤ ਸਿੰਘ, ਕਰਨਪ੍ਰੀਤ ਸਿੰਘ, ਨਿਰਮਲ ਸਿੰਘ, ਰਣਜੀਤ ਸਿੰਘ, ਹਰਦੇਵ ਸਿੰਘ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ, ਰੋਬਿਨਬੀਰ ਸਿੰਘ, ਯਾਦਵਿੰਦਰ ਸਿੰਘ, ਮਨਪ੍ਰੀਤ ਸਿੰਘ, ਕੁਲਦੀਪ ਸਿੰਘ, ਸਰਬਜੀਤ ਸਿੰਘ, ਸਾਬੀ, ਮੋਹਨ ਸਿੰਘ, ਕੁਲਵੰਤ ਸਿੰਘ, ਦਲਬੀਰ ਸਿੰਘ, ਮੁਖਤਾਰ ਸਿੰਘ, ਗੁਰਪ੍ਰੀਤ ਸਿੰਘ, ਦਿਲਜੀਤ ਸਿੰਘ, ਗੁਰਦੀਪ ਸਿੰਘ, ਹਰਪਾਲ ਸਿੰਘ, ਬਿਕਰਮਜੀਤ ਸਿੰਘ, ਹਰਦੀਪ ਸਿੰਘ, ਸੁਲੱਖਣ ਸਿੰਘ, ਪਰਮਜੀਤ ਸਿੰਘ, ਸਾਂਈ, ਬਲਜਿੰਦਰ ਸਿੰਘ, ਗੁਰਵਿੰਦਰ ਸਿੰਘ, ਗੁਲਜ਼ਾਰ ਸਿੰਘ ਸੇਵਾਦਾਰ ਹਾਜ਼ਰ ਸਨ।

# ਸਿਹਤ ਦੀ ਰੱਖਿਆ ਤੇ ਬਿਮਾਰੀਆਂ ਤੋਂ ਸੁਰੱਖਿਆ ਹੀ ਯੋਗ ਦਾ ਉਦੇਸ਼ ਹੈ:ਸਵਾਮੀ ਵਿਗਿਆਨਾਨੰਦ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵਲੋਂ ਬਸੰਤ ਰੁੱਤ ਦੇ ਮੌਕੇ ਆਪਣੇ ਸਥਾਨਕ ਆਸ਼ਰਮ ਵਿਖੇ ਦੋ ਦਿਨਾ ਵਿਲੱਖਣਯੋਗ ਅਤੇ ਧਿਆਨ ਸ਼ਿਵਰ ਦਾ ਆਯੋਜਨ ਕੀਤਾ ਗਿਆ ਜਿਸਦੇ ਦੇ ਅੱਜ ਪਹਿਲੇ ਦਿਨ ਸੰਸਥਾਨ ਵਲੋਂ ਸ਼੍ਰੀ ਆਸ਼ੁਤੋਸ਼ ਮਹਾਰਾਜ ਦੇ ਸ਼ਿਸ਼ ਸਵਾਮੀ ਵਿਗਿਆਨਾਨੰਦ ਜੀ ਨੇ ਦੱਸਿਆ ਕਿ ਵੱਧਦੇ ਹੋਏ ਪ੍ਰਦੂਸ਼ਣ, ਉਦਯੋਗਾਂ, ਸ਼ਹਿਰੀਕਰਨ ਅਤੇ ਰੁੱਖਾਂ ਦੇ ਕਟਾਵ ਕਾਰਣ ਕੁਦਰਤੀ ਆਪਦਾਂ ਵਧਦੀਆਂ ਜਾ ਰਹੀਆਂ ਹਨ।ਨਾਲ ਹੀ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਣਾ ਵੀ ਮੁਸ਼ਕਿਲ ਹੋ ਚੁੱਕਿਆ ਹੈ।ਸਿੱਟੇ ਵਜੋਂ ਅੱਜ ਦਿਲ ਦੀਆਂ ਬਿਮਾਰੀਆਂ ਦੇ ਨਾਲ ਹੀ ਟੀ. ਬੀ., ਕੈਂਸਰ, ਸ਼ੂਗਰ, ਤਰ੍ਹਾਂ ਤਰ੍ਹਾਂ ਦੇ ਬੁਖਾਰ, ਡੇਂਗੂ, ਚਿਕਨਗੁਨੀਆ ਆਦਿ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ।ਸਵਾਮੀ ਜੀ ਨੇ ਦੱਸਿਆ ਕਿ ਵਿਸ਼ਵ ਸਵਾਸਥ ਸੰਗਠਨ ਵਾਹੋ ਦੇ ਅਨੁਸਾਰ ਵਿਗਿਆਨ ਦਾ ਸਹਾਰਾ ਲੈ ਕੇ ਚਾਹੇ ਆਧੁਨਿਕ ਚਿਕਿਤਸਾ ਪੱਧਤੀ ਨੇ ਬਹੁਤ ਤਰੱਕੀ ਕੀਤੀ ਹੈ, ਫਿਰ ਵੀ ਬਹੁਤ ਸਾਰੀਆਂ ਐਸੀਆਂ ਬਿਮਾਰੀਆਂ ਹਨ ਜਿਸਦਾ ਇਲਾਜ ਆਧੁਨਿਕ ਚਿਕਿਤਸਾ ਪੱਧਤੀ ਵਿੱਚ ਤਾਂ ਨਹੀਂ ਪਰੰਤੂ ਭਾਰਤੀ ਵੈਦਿਕ ਯੋਗ ਦਰਸ਼ਨ ਵਿੱਚ ਸੌ ਫੀਸਦੀ ਹੈ।ਯੋਗ ਦਾ ਸਹਾਰਾ ਲੈ ਕੇ ਮਨੁੱਖ ਚਾਹੇ ਤਾਂ ਸੌ ਸਾਲ ਤਕ ਵੀ ਨਿਰੋਗੀ ਅਤੇ ਬਿਮਾਰੀਆਂ ਤੋਂ ਮੁਕਤ ਹੋ ਕੇ ਜੀਵਨ ਬਤੀਤ ਕਰ ਸਕਦਾ ਹੈ।ਸਵਾਮੀ ਜੀ ਨੇ ਸਾਧਕਾਂ ਨੂੰ ਨਾੜੀ ਸ਼ੋਧਨ, ਅਨੁਲੋਮ ਵਿਲੋਮ, ਪ੍ਰਾਣਾਯਾਮ, ਸਕੰਧ ਚਾਲਨ, ਪਾਦ ਚਾਲਨ, ਅਰਧ ਚੰਦ੍ਰਾਸਨ, ਉਤਿਸ਼ਟ ਤਾਨ ਆਸਨ ਅਤੇ ਮੰਡੂਕਾ ਆਸਨ ਆਦਿ ਕਿਰਿਆਵਾਂ ਦਾ ਅਭਿਆਸ ਕਰਵਾਇਆ ਅਤੇ ਨਾਲ ਹੀ ਇਨਾਂ ਦੇ ਸਰੀਰਕ ਅਤੇ ਵਿਗਿਆਨਕ ਲਾਭ ਵੀ ਦੱਸੇ।ਕੁਦਰਤੀ ਸੋਮਿਆਂ ਦੀ ਰੱਖਿਆ ਵੱਲ ਧਿਆਨ ਦਿਵਾਉਂਦੇ ਹੋਏ ਸਵਾਮੀ ਜੀ ਨੇ ਸਾਧਕਾਂ ਨੂੰ ਪੌਦਾ ਰੋਪਣ ਕਰਨ ਅਤੇ ਜਲ ਬਚਾਉਣ ਦੀ ਪ੍ਰੇਰਨਾ ਵੀ ਦਿੱਤੀ ਅਤੇ ਸੰਕਲਪ ਵੀ ਦਿਵਾਇਆ।ਧਿਆਨ ਦੇਣ ਯੋਗ ਹੈ ਕਿ ਸੰਸਥਾਨ ਵੱਲੋਂ ਆਪਣੇ ਸੰਰਕਸ਼ਣ ਪ੍ਰਕਲਪ ਦੇ ਅੰਤਰਗਤ ਅੱਜ ਪੂਰੇ ਦੇਸ਼ ਵਿਚ ਪੌਦੇ ਲਗਾਏ ਜਾ ਰਹੇ ਹਨ ਅਤੇ ਨਾਲ ਹੀ ਇਨ੍ਹਾਂ ਦਾ ਸੰਰਕਸ਼ਣ ਵੀ ਕੀਤਾ ਜਾ ਰਿਹਾ ਹੈ।ਪ੍ਰੋਗਰਾਮ ਦਾ ਆਰੰਭ ਵੈਦਿਕ ਮੰਤਰਾਂ ਦਾ ਗਾਇਨ ਕਰਕੇ ਹੋਇਆ।ਸਾਧਕਾਂ ਨੇ ਸਰੀਰਕ ਅਤੇ ਆਤਮਿਕ ਲਾਭਾਂ ਤੋਂ ਭਰਪੂਰ ਇਸ ਪ੍ਰੋਗਰਾਮ ਦਾ ਪੂਰਾ ਲਾਭ ਪ੍ਰਾਪਤ ਕੀਤਾ ।ਇਸ ਮੌਕੇ ਸੰਗਤਾਂ ਲਈ ਲੰਗਰ ਭੰਡਾਰਾ ਵੀ ਲਗਾਇਆ ਗਿਆ।

# ਨਿਪਸ ਤੇ ਸ੍ਰੀ ਕਲਗੀਧਰ ਪਬਲਿਕ ਸਕੂਲ ਵਿਖੇ ਸਾਲਾਨਾ ਅਰਦਾਸ ਦਿਵਸ ਸਮਾਗਮ ਆਯੋਜਿਤ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਇਲਾਕੇ ਦੀਆਂ ਨਾਮਵਰ ਵਿੱਦਿਅਕ ਸੰਸਥਾਵਾਂ ਸ੍ਰੀ ਕਲਗੀਧਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਨਿਊ ਇੰਡੀਅਨ ਪਬਲਿਕ ਸਕੂਲ, ਬੁਤਾਲਾ ਵਿਖੇ ਸਾਲਾਨਾ ਅਰਦਾਸ ਦਿਵਸ ਸਮਾਗਮ ਦਾ ਆਯੋਜਨ ਸਮੂਹ ਵਿਦਿਆਰਥੀਆਂ, ਸਟਾਫ਼ ਅਤੇ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥੀਆਂ ਦੇ ਬੋਰਡ ਪ੍ਰੀਖਿਆਵਾਂ ਅਤੇ ਸਲਾਨਾ ਸਕੂਲ ਪ੍ਰੀਖਿਆਵਾਂ ਵਿੱਚ ਬੈਠਣ ਮੌਕੇ ਗੁਰੂ ਮਹਾਰਾਜ ਦਾ ਓਟ ਆਸਰਾ ਲੈਣ ਲਈ ਕੀਤਾ ਗਿਆ।ਸਮਾਗਮ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਜੀ 'ਬੁੱਟਰ' ਨੇ ਵਿਸ਼ੇਸ਼ ਰੂਪ ਵਿੱਚ ਹਾਜ਼ਰੀ ਭਰੀ ਅਤੇ ਹਾਜ਼ਰ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ।ਇਸ ਮੌਕੇ ਉਨ੍ਹਾਂ ਸ੍ਰੀ ਸਹਿਜ ਪਾਠ ਕਰਨ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ।ਸਮਾਗਮ ਵਿੱਚ ਜਥੇਦਾਰ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਵੀ ਹਾਜ਼ਰੀ ਭਰੀ।ਹਜ਼ੂਰੀ ਰਾਗੀ ਜਥਿਆਂ ਭਾਈ ਲਵਪ੍ਰੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਜਥਿਆਂ ਵੱਲੋਂ ਸੰਗਤ ਨੂੰ ਸ਼ਬਦ ਕੀਰਤਨ ਸਰਵਣ ਕਰਾਇਆ। ਸੰਸਥਾ ਦੇ ਚੇਅਰਮੈਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ, ਪ੍ਰਧਾਨ ਕੁਲਬੀਰ ਸਿੰਘ ਮਾਨ ਅਤੇ ਸਕੱਤਰ ਹਰਸ਼ਦੀਪ ਸਿੰਘ ਰੰਧਾਵਾ ਵੱਲੋਂ ਆਈਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ।ਸਮਾਗਮ ਵਿੱਚ ਵਿਦਿਆਰਥੀਆਂ ਦੇ ਮਾਪਿਆ ਤੋਂ ਇਲਾਵਾ ਅਵਤਾਰ ਸਿੰਘ ਬੁੱਟਰ ਮੈਂਬਰ ਚੀਫ਼ ਖ਼ਾਲਸਾ ਦੀਵਾਨ, ਸੁਰਜੀਤ ਸਿੰਘ ਕੰਗ ਪ੍ਰਧਾਨ ਨਗਰ ਕੌਂਸਲ ਬਾਬਾ ਬਕਾਲਾ ਸਾਹਿਬ, ਪ੍ਰਿੰ. ਮਨਜੀਤ ਕੌਰ ਵਾਲੀਆ, ਪ੍ਰਿੰ: ਮਨਦੀਪ ਸਿੰਘ, ਅਨੁਜੀਤ ਸਿੰਘ ਵਾਲੀਆ, ਹਰਦੀਪ ਸਿੰਘ, ਅਮਨਪਾਲ ਸਿੰਘ, ਮੈਡਮ ਰਜਵੰਤ ਕੌਰ ਅਤੇ ਮੈਡਮ ਸੰਦੀਪ ਕੌਰ ਹਾਜ਼ਰ ਸਨ।

# ਛੇਵੀਂ ਵਿਦਿਆਰਥੀ ਚੇਤਨਾ ਪ੍ਰੀਖਿਆ ਦੇ ਹੋਣਹਾਰ ਵਿਦਿਆਰਥੀ ਸਨਮਾਨਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਤਰਕਸ਼ੀਲ਼ ਸੁਸਾਇਟੀ ਪੰਜਾਬ ਵੱਲੋਂ ਛੇਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਸੂਬਾਈ ਅਤੇ ਇਕਾਈ ਪੱਧਰ ਤੇ ਅਹਿਮ ਸਥਾਨ ਹਾਸਿਲ ਕਰਨ ਵਾਲੇ ਆਤਮ ਪਬਲਿਕ ਸਕੂਲ ਇਸਲਾਮਾਬਾਦ ਅੰਮ੍ਰਿਤਸਰ ਦੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਸੂਬਾਈ ਪੱਧਰ ਤੇ ਬਾਰ੍ਹਵੀਂ ਜਮਾਤ 'ਚੋਂ ਦੂਜਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀ ਨਮਨ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ ਦਾ ਸੈੱਟ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਸਕੂਲ ਵਿੱਚ ਹੋਏ ਇੱਕ ਅੰਮ੍ਰਿਤਸਰ ਇਕਾਈ ਪੱਧਰ ਤੇ ਛੇਵੀਂ ਜਮਾਤ 'ਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਜੀਆ, ਦੂਜਾ ਸਥਾਨ ਸੋਨਾਕਸ਼ੀ ਅਤੇ ਤੀਜਾ ਸਥਾਨ ਸਾਂਝੇ ਤੌਰ 'ਤੇ ਗੁਰਨੂਰ ਅਤੇ ਦਿਵਿਆ, ਸੱਤਵੀਂ ਜਮਾਤ ਚੋਂ ਪਹਿਲਾ ਸਥਾਨ ਮਯੂਰੇਸ਼ ਅਤੇ ਤੀਜਾ ਸਥਾਨ ਸਮਰਿਧੀ, ਅੱਠਵੀਂ ਜਮਾਤ 'ਚੋਂ ਪਹਿਲਾ ਸਥਾਨ ਵੀਰ ਵਰਮਾ, ਦੂਜਾ ਸਥਾਨ ਬੁਮਨ ਖੁਰਾਣਾ, ਤੀਜਾ ਸਥਾਨ ਸਾਂਝੇ ਤੌਰ ਤੇ ਕੁਸ਼ਲ ਸੇਠੀ ਅਤੇ ਅਰਮਾਨ, ਨੌਵੀਂ ਜਮਾਤ 'ਚੋਂ ਸਾਂਝੇ ਤੌਰ ਤੇ ਦੂਜਾ ਸਥਾਨ ਪ੍ਰੀਆ ਅਤੇ ਰਵਨੀਤ ਕੌਰ ਅਤੇ ਤੀਜਾ ਸਥਾਨ ਭੂਮਿਕਾ ਸ਼ਰਮਾ ਅਤੇ ਦਸਵੀਂ ਜਮਾਤ 'ਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੀ ਵਿਦਿਆਰਥਣ ਰੁਪਾਲੀ ਨੂੰ ਤਰਕਸ਼ੀਲ ਕਿਤਾਬਾਂ ਦਾ ਸੈੱਟ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਚੇਤਨ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਵਿਖਾਉਣ ਵਾਲੇ 244 ਵਿਦਿਆਰਥੀਆਂ ਨੂੰ ਵੀ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤਰਕਸ਼ੀਲ਼ ਆਗੂਆਂ ਸੁਮੀਤ ਅੰਮ੍ਰਿਤਸਰ, ਜਸਪਾਲ ਬਾਸਰਕੇ ਅਤੇ ਪ੍ਰਿੰ. ਮੇਲਾ ਰਾਮ ਨੇ ਆਪਣੇ ਸੰਬੋਧਨ ਵਿਚ ਸਕੂਲ ਦੇ ਸੰਸਥਾਪਕ ਅਤੇ ਨਾਮਵਰ ਸ਼ਾਇਰ ਮਰਹੂਮ ਦੇਵ ਦਰਦ ਦੇ ਵਿਗਿਆਨਕ ਚੇਤਨਾ ਅਤੇ ਸਾਹਿਤ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਕਿਹਾ ਕਿ ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਵਿਚ ਵਿਗਿਆਨਕ ਸੋਚ ਪ੍ਰਫੁੱਲਿਤ ਕਰਨਾ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ, ਸਮਾਜਿਕ ਬੁਰਾਈਆਂ ਤੋਂ ਮੁਕਤ ਕਰਨਾ ਅਤੇ ਸਮਾਜ ਦੇ ਅਸਲ ਨਾਇਕਾਂ ਮਹਾਨ ਵਿਗਿਆਨੀਆਂ, ਇਨਕਲਾਬੀ ਸ਼ਹੀਦਾਂ ਅਤੇ ਚਿੰਤਕਾਂ ਦੇ ਰੂਬਰੂ ਕਰਵਾਉਣਾ ਹੈ ਤਾਂ ਕਿ ਇਕ ਵਿਗਿਆਨਕ ਅਤੇ ਵਿਕਸਤ ਸਮਾਜ ਦੀ ਉਸਾਰੀ ਵਿਚ ਉਹ ਆਪਣਾ ਵੱਡਾ ਯੋਗਦਾਨ ਪਾ ਸਕਣ।ਇਸ ਮੌਕੇ ਸਕੂਲ ਦੇ ਮੁੱਖ ਨਿਰਦੇਸ਼ਕ ਪ੍ਰਤੀਕ ਸਹਿਦੇਵ ਅਤੇ ਪ੍ਰਿੰ. ਮੈਡਮ ਅੰਕਿਤਾ ਸਹਿਦੇਵ ਨੇ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਧਾਗੇ ਤਵੀਤਾਂ, ਜਨਮ ਟੇਵਿਆਂ, ਨਸ਼ਿਆਂ, ਰੂੜ੍ਹੀਵਾਦੀ ਰਸਮਾਂ, ਫਿਰਕਾਪ੍ਰਸਤੀ, ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਵਿਦਿਅਕ ਅਦਾਰਿਆਂ ਵਿਚ ਸਮੇਂ-ਸਮੇਂ ਉਤੇ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ।ਇਸ ਮੌਕੇ ਤਰਕਸ਼ੀਲ ਆਗੂ ਐਡਵੋਕੇਟ ਅਮਰਜੀਤ ਬਾਈ ਅਤੇ ਦਮਨਜੀਤ ਕੌਰ ਨੇ ਸਕੂਲ ਦੇ ਵਾਈਸ ਪ੍ਰਿੰ. ਸੁਭਾਸ਼ ਚੰਦਰ, ਮੋਹਿਤ ਸਹਿਦੇਵ, ਕੋਮਲ ਸਹਿਦੇਵ ਅਤੇ ਅਧਿਆਪਕਾਂ ਮੈਡਮ ਤ੍ਰਿਪਤਾ, ਮੀਨਾਕਸ਼ੀ ਮਿਸ਼ਰਾ, ਨਵਦੀਪ, ਕਿਰਨਜੋਤੀ, ਪ੍ਰਿਅੰਕਾ, ਸੁਮਨ, ਅਸ਼ਵਨੀ, ਰੂਪਮ, ਕਾਮਨੀ, ਨਾਨਕੀ ਅਤੇ ਆਕਾਸ਼ ਵੱਲੋਂ ਦਿੱਤੇ ਪੂਰਨ ਸਹਿਯੋਗ ਅਤੇ ਵਿਦਿਆਰਥੀਆਂ ਵੱਲੋਂ ਦਿੱਤੇ ਵੱਡੇ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਇਸ ਮੌਕੇ ਤਰਕਸ਼ੀਲ਼ ਸੁਸਾਇਟੀ ਵੱਲੋਂ ਚੇਤਨਾ ਪ੍ਰੀਖਿਆ ਵਿੱਚ ਪੂਰਨ ਸਹਿਯੋਗ ਕਰਨ ਲਈ ਪ੍ਰਿੰ. ਅੰਕਿਤਾ ਸਹਿਦੇਵ ਅਤੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ।

# ਭਿੱਖ ਮੰਗਣ ਵਾਲੇ ਛੋਟੇ-ਛੋਟੇ ਬੱਚਿਆਂ ਦੀ ਗਿਣਤੀ 'ਚ ਵਾਧਾ ਦਰਜ !

**ਗੁਰਦਾਸਪੁਰ, (ਜਨਕ ਮਹਾਜਨ)**-ਚੰਦਰਮਾ 'ਤੇ ਘਰ ਬਣਾਉਣ ਦਾ ਸੁਪਨਾ ਦੇਖਣ ਵਾਲੇ ਭਾਰਤ ਦੀ ਜ਼ਮੀਨ 'ਤੇ ਅੱਜ ਵੀ ਵੱਡੀ ਗਿਣਤੀ ਵਿੱਚ ਲੋਕ ਆਪਣਾ ਜੀਵਨ ਮੰਗ ਕੇ ਬਤੀਤ ਕਰਨ ਲਈ ਮਜਬੂਰ ਹਨ। ਮੰਗ ਕੇ ਖਾਣ ਵਾਲਿਆਂ ਵਿੱਚ ਛੋਟੇ ਬੱਚੇ ਵੀ ਆਉਂਦੇ ਹਨ ਜਿਨ੍ਹਾਂ ਦੇ ਪੈਰਾਂ ਵਿੱਚ ਨਾ ਤਾਂ ਜੁੱਤੀ ਅਤੇ ਨਾ ਹੀ ਤਨ ਤੇ ਪੂਰੇ ਕੱਪੜੇ ਹੁੰਦੇ ਹਨ। ਜ਼ਿਲ੍ਹਾ ਗੁਰਦਾਸਪੁਰ ਅਤੇ ਆਲ ਦੁਆਲੇ ਦੇ ਕਸਬਿਆਂ ਵਿੱਚ ਭਿਖ ਮੰਗ ਕੇ ਪੇਟ ਪਾਲਣ ਵਾਲੇ ਛੋਟੇ ਛੋਟੇ ਬੱਚਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ ਪਰ ਸੰਬੰਧਿਤ ਵਿਭਾਗ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਸ਼ਹਿਰ ਵਾਸੀਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੜ੍ਹਨ ਲਿਖਣ ਦੀ ਉਮਰ ਵਿੱਚ ਝੁੱਗੀ ਝੌਂਪੜੀਆਂ ਤੇ ਬੱਚੇ ਸਵੇਰੇ ਤੜਕਸਾਰ ਉਠ ਕੇ ਸ਼ਹਿਰ ਦੇ ਬਾਜ਼ਾਰਾਂ, ਗਲੀਆਂ ਅਤੇ ਦੁਕਾਨਾਂ ਅੱਗੇ ਖੜੇ ਹੋ ਜਾਂਦੇ ਹਨ ਅਤੇ ਹਰ ਆਉਣ ਜਾਣ ਵਾਲੇ ਵਿਅਕਤੀ ਪਾਸੋਂ ਭਿੱਖ ਮੰਗਦੇ ਹਨ। ਲੋਕਾਂ ਦਾ ਕਹਿਣਾ ਕਿ ਇਨ੍ਹਾਂ ਛੋਟੇ ਬੱਚਿਆਂ ਦੇ ਮਾਪਿਆਂ ਵੱਲੋਂ ਇਨ੍ਹਾਂ ਨੂੰ ਖੁਦ ਸ਼ਹਿਰ ਵਿੱਚ ਭੀਖ ਮੰਗਣ ਲਈ ਭੇਜ ਦਿੱਤਾ ਜਾਂਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਚਾਹੀਦਾ ਕਿ ਉਹ ਇਨ੍ਹਾਂ ਭਿੱਖ ਮੰਗਣ ਵਾਲੇ ਛੋਟੇ ਬੱਚਿਆਂ ਦੇ ਰਹਿਣ ਅਤੇ ਪੜ੍ਹਾਈ ਲਈ ਖਾਸ ਪ੍ਰਬੰਧ ਕਰਨ ਦੇ ਨਾਲ-ਨਾਲ ਇਨ੍ਹਾਂ ਦੇ ਮਾਪਿਆਂ ਖਿਲਾਫ ਸਖਤ ਕਾਰਵਾਈ ਕਰੇ ਤਾਂ ਜੋ ਮਾਪੇ ਆਪਣੇ ਬੱਚਿਆਂ ਨੂੰ ਭਿੱਖ ਮੰਗਣ ਲਈ ਮਜਬੂਰ ਨਾ ਕਰ ਸਕਣ।

4-Feb-PAGE-4.qxd 2/3/2025 10:40 PM Page 1

ਨਵਾਂ ਜ਼ਮਾਨਾ
ਮੰਗਲਵਾਰ, 4 ਫ਼ਰਵਰੀ 2025

# ਗੰਗਾ-ਜਮੁਨੀ ਤਹਿਜ਼ੀਬ ਦਾ ਨਜ਼ਾਰਾ

*ਕੁੰਭ ਮੇਲੇ ਅੰਦਰ ਭਗਦੜਾਂ ਵਿੱਚ ਕਿੰਨੇ ਲੋਕ ਮਰੇ ਜਾਂ ਸਵਰਗ ਸਿਧਾਰੇ, ਇਸ ਦੀ ਚਿੰਤਾ ਕਿਸੇ ਨੂੰ ਨਹੀਂ। ਇਨ੍ਹਾਂ ਮੌਤਾਂ ਕਾਰਨ ਮਹਾਂਕੁੰਭ ਦੀ ਸ਼ਾਨ ਫਿੱਕੀ ਨਾ ਪਵੇ, ਇਸ ਲਈ ਸ਼ਾਹੀ ਇਸ਼ਨਾਨਾਂ ਮੌਕੇ ਹਵਾਈ ਜਹਾਜ਼ਾਂ ਨਾਲ ਫੁੱਲ ਬਰਸਾਏ ਜਾ ਰਹੇ ਹਨ। ਦੁਨੀਆ ਦੇ ਸਭ ਤੋਂ ਵੱਡੇ ਜੋੜ-ਮੇਲੇ ਦੇ 'ਬੇਮਿਸਾਲ' ਪ੍ਰਬੰਧ ਲਈ ਯੋਗੀ ਆਦਿੱਤਿਆਨਾਥ ਦੇ ਕਸੀਦੇ ਪੜ੍ਹੇ ਜਾ ਰਹੇ ਹਨ।*

*ਜਦੋਂ ਭਗਦੜ ਮਚੀ ਤਾਂ ਸਾਰੇ ਸ਼ਰਧਾਲੂ ਵਾਹੋਦਾਹੀ ਸ਼ਹਿਰ ਵੱਲ ਭੱਜੇ। ਸ਼ਹਿਰ ਦੇ ਮੁਸਲਮਾਨ ਬਸ਼ਿੰਦਿਆਂ ਨੇ ਜਿਸ ਤਰ੍ਹਾਂ ਆਪਣੇ ਘਰਾਂ ਦੇ ਦਰਵਾਜ਼ੇ ਇਨ੍ਹਾਂ ਵਕਤ ਦੇ ਮਾਰਿਆਂ ਲਈ ਖੋਲ੍ਹ ਦਿੱਤੇ, ਇਹ ਅਦਭੁੱਤ ਸੀ। ਇਹ ਉਦੋਂ ਵਾਪਰਿਆ, ਜਦੋਂ ਮੇਲੇ ਦੇ ਸ਼ੁਰੂ ਵਿੱਚ ਲਗਾਤਾਰ ਅਜਿਹੇ ਬਿਆਨ ਆ ਰਹੇ ਸਨ ਕਿ ਇਸ ਪਵਿੱਤਰ ਮੇਲੇ ਤੋਂ ਮੁਸਲਮਾਨਾਂ ਨੂੰ ਦੂਰ ਰੱਖਿਆ ਜਾਵੇ। ਪ੍ਰਸ਼ਾਸਨ ਨੇ ਦੁਕਾਨਾਂ ਲਈ ਅਲਾਟਮੈਂਟ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਕਿ ਅਲਾਟੀਆਂ ਵਿੱਚ ਕੋਈ ਮੁਸਲਮਾਨ ਨਹੀਂ ਹੋਣਾ ਚਾਹੀਦਾ। ਮੁਸਲਮਾਨਾਂ ਦੇ ਬਾਈਕਾਟ ਲਈ ਅਖੌਤੀ ਸੰਤਾਂ ਨੇ ਵੀ ਪੂਰਾ ਸਹਿਯੋਗ ਦਿੱਤਾ। ਜਿਓਤਿਸ਼ਪੀਠ ਦੇ ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ ਨੇ ਤਾਂ ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਇਹ ਬਿਆਨ ਦਾਗ ਦਿੱਤਾ, 'ਮੁਸਲਮਾਨਾਂ ਦੇ ਸਭ ਤੋਂ ਵੱਡੇ ਤੀਰਥ ਸਥਾਨ ਮੱਕਾ ਸ਼ਰੀਫ ਦੇ ਹੱਜ ਮੌਕੇ ਹਿੰਦੂਆਂ ਨੂੰ 40 ਕਿਲੋਮੀਟਰ ਦੂਰ ਰੋਕ ਦਿੱਤਾ ਜਾਂਦਾ ਹੈ। ਉਹ ਇਸ ਲਈ ਕਿ ਇਹ ਸਾਡਾ ਮੁਸਲਮਾਨਾਂ ਦਾ ਤੀਰਥ ਹੈ, ਤੁਹਾਡਾ ਇਥੇ ਕੋਈ ਕੰਮ ਨਹੀਂ ਹੈ। ਤਾਂ ਠੀਕ ਹੈ, ਅਸੀਂ ਕਹਿ ਰਹੇ ਹਾਂ ਕਿ ਇਹ ਸਾਡਾ ਕੁੰਭ ਹੈ, ਤੁਹਾਡਾ ਇੱਥੇ ਕੀ ਕੰਮ, ਇਸ ਵਿੱਚ ਗਲਤ ਕੀ ਹੈ।' ਉਹ ਇੱਥੇ ਹੀ ਨਹੀਂ ਰੁਕਿਆ, ਉਸ ਨੇ ਅੱਗੇ ਕਿਹਾ, 'ਮੁਸਲਮਾਨ ਸਾਡਾ ਧਰਮ ਭ੍ਰਿਸ਼ਟ ਕਰਨਾ ਚਾਹੁੰਦੇ ਹਨ, ਸਾਨੂੰ ਅਪਵਿੱਤਰ ਕਰਨਾ ਚਾਹੁੰਦੇ ਹਨ, ਇਸ ਲਈ ਉਨ੍ਹਾਂ ਦੇ ਨੇੜੇ ਨਾ ਜਾਣਾ।' ਸੱਚਾਈ ਇਹ ਹੈ ਕਿ ਅਜਿਹੇ ਬਿਆਨਾਂ ਬਾਅਦ ਸ਼ਹਿਰ ਦੇ ਮੁਸਲਮਾਨ ਆਪਣੇ ਘਰਾਂ 'ਚ ਦੁਬਕੇ ਰਹੇ ਸਨ।*

*ਭਗਦੜ ਤੋਂ ਬਾਅਦ ਇਲਾਹਾਬਾਦ (ਪ੍ਰਯਾਗਰਾਜ) ਵਿੱਚ ਭਾਈਚਾਰੇ ਦੀ ਅਜਿਹੀ ਗੰਗਾ ਵਗੀ, ਜਿਹੜੀ ਨਫ਼ਰਤ ਦੀਆਂ ਸਭ ਦੀਵਾਰਾਂ ਨੂੰ ਰੋੜ੍ਹ ਕੇ ਆਪਣੇ ਨਾਲ ਲੈ ਗਈ। ਉਸ ਰਾਤ ਦੀ ਹਾਲਤ ਬਾਰੇ ਇਲਾਹਾਬਾਦ ਦੇ ਅਜ਼ਾਦ ਪੱਤਰਕਾਰ ਸੁਸ਼ੀਲ ਮਾਨਵ ਦੀ ਰਿਪੋਰਟ ਇਸ ਸਥਿਤੀ ਦਾ ਸਹੀ ਮੁਲਅੰਕਣ ਕਰਦੀ ਹੈ।*

*'ਕਹਿੰਦੇ ਹਨ ਕਿ ਜਦੋਂ ਕੋਈ ਗੰਗਾ ਇਸ਼ਨਾਨ ਕਰਕੇ ਘਰ ਆਉਂਦਾ ਹੈ ਤਾਂ ਉਸ ਦੇ ਪੈਰਾਂ ਨਾਲ ਲੱਗ ਕੇ ਗੰਗਾ ਦੀ ਮਿੱਟੀ ਵੀ ਆ ਜਾਂਦੀ ਹੈ, ਘਰ ਦੇ ਉਨ੍ਹਾਂ ਲੋਕਾਂ ਲਈ ਜੋ ਗੰਗਾ ਤੱਕ ਨਹੀਂ ਜਾ ਸਕੇ ਸਨ। ਭਗਦੜ ਦੀ ਰਾਤ ਜਦੋਂ ਸਭ ਸ਼ਰਧਾਲੂ ਸ਼ਹਿਰ ਵੱਲ ਆਏ ਤਾਂ ਸ਼ਹਿਰ ਦੇ ਮੌਲਾਣਿਆਂ ਨੇ ਮਸਜਿਦਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਇਸ ਤਰ੍ਹਾਂ ਜਿਨ੍ਹਾਂ ਮੁਸਲਮਾਨਾਂ ਨੂੰ ਕੁੰਭ ਵਿੱਚ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ ਸੀ, ਕੁੰਭ ਖੁਦ ਹੀ ਉਨ੍ਹਾਂ ਦੀਆਂ ਮਸਜਿਦਾਂ ਤੇ ਘਰਾਂ ਵਿੱਚ ਆ ਗਿਆ ਸੀ।'*

*'ਸ਼ਹਿਰ ਦੇ ਮੁਮਤਾਜ਼ ਮਹਿਲ ਇਲਾਕੇ ਦੇ ਮੁਜ਼ੱਫਰ ਬਾਗੀ ਦੱਸਦੇ ਹਨ ਕਿ ਪੁਲਸ ਨੇ ਸਾਡੀਆਂ ਗਲੀਆਂ ਨੂੰ ਬੈਰੀਕੇਡ ਲਾ ਕੇ ਬੰਦ ਕਰ ਦਿੱਤਾ ਸੀ। ਸਾਨੂੰ ਘਰਾਂ 'ਚੋਂ ਨਿਕਲਣ ਨਹੀਂ ਦਿੰਦੇ ਸਨ। ਜਦੋਂ ਭਗਦੜ ਮਚੀ ਤਾਂ ਪੁਲਸ ਵਾਲੇ ਭੱਜ ਗਏ। ਮੇਲੇ 'ਚੋਂ ਆਏ ਸ਼ਰਧਾਲੂਆਂ ਨੇ ਬੈਰੀਕੇਡ ਤੋੜ ਦਿੱਤੇ ਅਤੇ ਅਸੀਂ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ।'*

*ਬਾਗੀ ਸਾਹਿਬ ਅੱਗੇ ਦਸਦੇ ਹਨ, '29 ਜਨਵਰੀ ਦੀ ਰਾਤ ਲਾਚਾਰ ਤੇ ਮਜਬੂਰ ਲੋਕ ਏਨੇ ਥੱਕੇ ਹੋਏ ਸਨ ਕਿ ਤੁਰ ਨਹੀਂ ਸਕਦੇ ਸਨ। ਔਰਤਾਂ ਹਾਜਤ ਕਾਰਨ ਬਹੁਤ ਮੁਸੀਬਤ ਵਿੱਚੋਂ ਗੁਜ਼ਰ ਰਹੀਆਂ ਸਨ। ਅਸੀਂ ਦਰਵਾਜ਼ੇ ਖੋਲ੍ਹ ਕੇ ਉਨ੍ਹਾਂ ਨੂੰ ਜੀ ਆਇਆਂ ਕਿਹਾ। ਅਸੀਂ ਆਪਣੇ ਕੰਬਲ, ਚਾਦਰਾਂ ਤੇ ਵਿਛੌਣੇ ਦਿੱਤੇ ਤੇ ਖਾਣ-ਪੀਣ ਦਾ ਬੰਦੋਬਸਤ ਕੀਤਾ। ਵਸੀਉਲਾਹ ਸਾਹਿਬ ਦੀ ਮਸਜਿਦ, ਮਨਸੂਰ ਪਾਰਕ, ਜਾਮਾ ਮਸਜਿਦ, ਕਚਹਿਰੀ ਬਜ਼ਾਰ, ਰੌਸ਼ਨ ਬਾਗ ਅਤੇ ਇਨ੍ਹਾਂ ਇਲਾਕਿਆਂ ਦੀਆਂ ਸਭ ਗਲੀਆਂ ਅੰਦਰਲੇ ਘਰਾਂ ਦੇ ਦਰਵਾਜ਼ੇ ਕੁੰਭ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਗਏ ਸਨ। ਉਨ੍ਹਾਂ ਸਾਨੂੰ ਦੁਆਵਾਂ ਦਿੱਤੀਆਂ। ਉਸ ਮੌਕੇ ਉਨ੍ਹਾਂ ਦੀ ਨਜ਼ਰ ਵਿੱਚ ਕੋਈ ਹਿੰਦੂ-ਮੁਸਲਿਮ ਨਹੀਂ ਸੀ।'*

*ਇਲਾਹਾਬਾਦ ਦੇ ਰੌਸ਼ਨ ਬਾਗ ਇਲਾਕੇ, ਜੋ ਨਾਗਰਿਕ ਸੋਧ ਕਾਨੂੰਨ ਸਮੇਂ ਸੰਘਰਸ਼ ਦਾ ਗਵਾਹ ਬਣਿਆ ਸੀ, ਨੇ ਉਸ ਰਾਤ ਗੰਗਾ-ਜਮੁਨੀ ਤਹਿਜ਼ੀਬ ਨੂੰ ਰੌਸ਼ਨ ਕੀਤਾ। ਇਲਾਹਾਬਾਦ ਦੀ ਵੱਡੀ ਮਸਜਿਦ ਵਸੀਉਲਾਹ ਮਸਜਿਦ ਦੇ ਇਮਾਮ ਨੇ ਸ਼ਰਧਾਲੂਆਂ ਲਈ ਰੌਸ਼ਨ ਬਾਗ ਵਿੱਚ ਰਹਿਣ ਤੇ ਖਾਣ-ਪੀਣ ਦਾ ਬੰਦੋਬਸਤ ਕੀਤਾ। ਇੱਥੇ 4-5 ਹਜ਼ਾਰ ਸ਼ਰਧਾਲੂ 29 ਤੋਂ 31 ਜਨਵਰੀ ਤੱਕ ਰਹੇ।*

*ਗੌਹਰ ਆਜ਼ਮੀ ਹੁਸੈਨੀ ਇੰਟਰ ਕਾਲਜ ਦੇ ਪ੍ਰਬੰਧਕ ਹਨ। ਉਨ੍ਹਾ ਪੂਰਾ ਕਾਲਜ ਸ਼ਰਧਾਲੂਆਂ ਦੇ ਹਵਾਲੇ ਕਰ ਦਿੱਤਾ ਤੇ ਉਨ੍ਹਾਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਕੀਤਾ। ਇੱਥੇ ਵੀ ਹਜ਼ਾਰਾਂ ਲੋਕਾਂ ਨੇ ਸ਼ਰਨ ਲਈ ਸੀ। ਮੁਹੰਮਦ ਯੂਨਸ ਬਹੁਤ ਵੱਡੀ ਅਨਵਰ ਮਾਰਕੀਟ ਦੇ ਮਾਲਕ ਹਨ। ਉਨ੍ਹਾ ਸਮੁੱਚੀ ਮਾਰਕੀਟ ਖੁੱਲ੍ਹਵਾ ਕੇ ਸ਼ਰਧਾਲੂਆਂ ਦੇ ਹਵਾਲੇ ਕਰ ਦਿੱਤੀ ਤੇ ਉਨ੍ਹਾਂ ਦੇ ਰਹਿਣ-ਖਾਣ ਦਾ ਪੂਰਾ ਪ੍ਰਬੰਧ ਕੀਤਾ। ਯਾਦਗਾਰੇ ਹੁਸੈਨੀ, ਮਜੀਦੀਆ ਇਸਲਾਮੀਆ ਤੇ ਨੂਰੁਲਾਹ ਰੋਡ ਦੇ ਮੁਸਲਮਾਨ ਨੌਜਵਾਨਾਂ ਨੇ ਥਾਂ-ਥਾਂ ਚਾਹ-ਬਿਸਕੁਟ ਦੇ ਮੁਫ਼ਤ ਸਟਾਲ ਲਾ ਦਿੱਤੇ ਸਨ। ਈਸਾਈ ਸਮਾਜ ਵੱਲੋਂ ਫਾਦਰ ਵਿਪਨ ਡਿਸੂਜਾ ਦੀ ਅਗਵਾਈ ਵਿੱਚ ਸ਼ਰਧਾਲੂਆਂ ਲਈ ਵਿਸ਼ਾਲ ਭੰਡਾਰਾ ਲਾ ਦਿੱਤਾ ਗਿਆ ਸੀ।*

*ਇਲਾਹਾਬਾਦ ਹਾਈ ਕੋਰਟ ਦੇ ਸੀਨੀਅਰ ਵਕੀਲ ਕਮਲ ਕ੍ਰਿਸ਼ਨ ਨੇ ਕਿਹਾ, 'ਇਹ ਹਨ ਇਲਾਹਾਬਾਦ ਦੇ ਮਾਇਨੇ। ਜਦੋਂ ਜ਼ਰੂਰਤ ਪੈਂਦੀ ਹੈ, ਮੁਸ਼ਕਲ ਘੜੀ ਆਉਂਦੀ ਹੈ ਤਾਂ ਫਿਰ ਹਿੰਦੂ-ਮੁਸਲਿਮ ਨਹੀਂ, ਇਲਾਹਾਬਾਦੀਅਤ ਤੇ ਇਨਸਾਨੀਅਤ ਦਾ ਪ੍ਰਚਮ ਲਹਿਰਾਉਂਦਾ ਹੈ।'*

**-ਚੰਦ ਫਤਿਹਪੁਰੀ**

# ਦੁਨੀਆ ਦੇ ਅੰਤ ਨੂੰ ਨਹਿਰੂ ਨੇ ਮੂਰਖਤਾ ਕਿਹਾ ਸੀ

**ਮੂਲ : ਪੀ. ਰਮਨ**
**ਅਨੁਵਾਦ : ਪੁਸ਼ਪਿੰਦਰ**

ਲੇਖਕ ਨੇ 1962 ਦੇ ਘਟਨਾਕਰਮ ਨੂੰ ਅੱਖੀਂ ਦੇਖਿਆ ਹੈ, ਜਦ ਹਿੰਦੂ ਧਰਮ ਦੇ ਗਿਆਨ ਅਨੁਸਾਰ 'ਅਸ਼ਟਗ੍ਰਹਿ ਸੰਮਯੋਗ' ਵਾਪਰਿਆ ਸੀ , ਯਾਨਿ ਅੱਠ ਗ੍ਰਹਿ : ਸੂਰਜ, ਚੰਦ, ਧਰਤੀ, ਬੁੱਧ, ਸ਼ੁੱਕਰ, ਮੰਗਲ, ਬ੍ਰਹਿਸਪਤ ਅਤੇ ਸ਼ਨੀ ਇਕੱਠੇ ਇਕੋ ਕਤਾਰ ਵਿਚ ਆ ਜਾਣੇ ਸਨ ਅਤੇ ਇਹ ਭਵਿੱਖਬਾਣੀ ਕੀਤੀ ਗਈ ਸੀ ਕਿ 5 ਫਰਵਰੀ ਸ਼ਾਮ 5.38 ਵਜੇ ਦੁਨੀਆ ਦਾ ਅੰਤ ਹੋ ਰਿਹਾ ਹੈ। ਇਸ ਭਵਿਖਵਾਣੀ ਨੇ ਭਾਰਤ ਦੀ ਜਨਤਾ ਨੂੰ ਬੇਚੈਨ ਕਰ ਦਿੱਤਾ ਹੋਇਆ ਸੀ ।ਘਬਰਾਏ ਹੋਏ ਲੋਕ ਪਰਲੋ ਤੋਂ ਪਹਿਲਾਂ ਪਰਵਾਰਾਂ ਦੇ ਪਰਵਾਰ ਡਰਦੇ ਮਾਰੇ ਪੰਡਤਾਂ, ਪੁਜਾਰੀਆਂ ਸੰਤਾਂ ਨੂੰ ਖੂਬ ਦਾਨ ਪੁੰਨ , ਪਾਠ ਪੂਜਾ ਹਵਨ ਆਦਿ ਕਰ ਤੇ ਕਰਵਾ ਰਹੇ ਸਨ ਤਾਂ ਕਿ ਮਰਨ ਤੋਂ ਬਾਅਦ ਘੱਟੋ-ਘੱਟ ਸਵਰਗਾਂ ਵਿਚ ਤਾਂ ਸੀਟ ਰਿਜ਼ਰਵ ਹੋ ਜਾਵੇ ।ਦੁਪਹਿਰ ਤੋਂ ਹੀ ਲੋਕ ਪਾਰਕਾਂ, ਖੁੱਲ੍ਹੇ ਮੈਦਾਨਾਂ ਵਿਚ ਇਕੱਠੇ ਹੋ ਕੇ ਅੰਤ ਦਾ ਇੰਤਜ਼ਾਰ ਕਰਨ ਲੱਗ ਪਏ ਸਨ । ਨਾਲ ਉਹਨਾ ਖਾਣ ਲਈ ਭੋਜਨ ਪਦਾਰਥ , ਪੀਣ ਲਈ ਪਾਣੀ ਆਦਿ ਵੀ ਲੈ ਲਿਆ ਸੀ।ਦਿਲੀ ਪਰਿਵਹਿਨ ਨਿਗਮ ਦੀਆਂ ਬੱਸਾਂ ਖਾਲ੍ਹੀ ਦੌੜ ਰਹੀਆਂ ਸਨ, ਬਜ਼ਾਰ ਬੰਦ ਹੋ ਗਏ ਸਨ, ਗਲੀਆਂ ਸੁੰਨ-ਮਸਾਨ ਹੋ ਗਈਆਂ ਸਨ, ਪਰਾਈਵੇਟ ਅਦਾਰਿਆਂ ਦੇ ਦਫਤਰ ਵੀ ਤਕਰੀਬਨ ਖਾਲੀ ਹੋ ਗਏ ਸਨ । ਸਰਕਾਰੀ ਦਫਤਰ ਆਮ ਦੀ ਤਰ੍ਹਾਂ ਕੰਮ ਕਰ ਰਹੇ ਸਨ ।ਕੁਝ ਦਫਤਰਾਂ ਨੇ ਆਪਣੇ ਤੌਰ 'ਤੇ ਸ਼ਾਮ ਦੀ ਛੁੱਟੀ ਕਰ ਦਿੱਤੀ ਸੀ, ਪਰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਸਰਕਾਰੀ ਕੌਮੀ ਛੁੱਟੀ ਕਰਨ ਤੋਂ ਸਖਤੀ ਨਾਲ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉਸ ਦਾ ਕਹਿਣਾ ਸੀ-ਇਸ ਦਾ ਅਰਥ ਹੋਵੇਗਾ ਕਿ ਸਰਕਾਰ ਵੀ ਇਸ ਅੰਧਵਿਸ਼ਵਾਸ ਦੀ ਹਮਾਇਤ ਕਰ ਰਹੀ ਹੈ ।ਇਸ ਕਰਕੇ ਸਰਕਾਰੀ ਅਦਾਰਿਆਂ ਵਿਚ ਹਾਜ਼ਰੀ ਪੂਰੀ ਰਹੀ ।

ਬਾਅਦ ਵਿਚ ਕਾਨਪੁਰ ਵਿਚ ਤਿੰਨ ਲੱਖ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਨਹਿਰੂ ਨੇ ਅਪੀਲ ਕੀਤੀ ਸੀ ਕਿ ਵਿਗਿਆਨਕ ਸੋਚ ਨੂੰ ਜ਼ਿੰਦਗੀ ਦਾ ਆਧਾਰ ਬਣਾਉਣ। ਮੂਰਖਤਾ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ, ਉਸ ਨੇ ਕਿਹਾ ਸੀ । ਸੂਰਜ ਗ੍ਰਹਿਣ ਦੇ ਮੌਕੇ ਲੱਖਾਂ ਲੋਕ ਗੰਗਾ ਨਦੀ ਵਿਚ ਇਸ਼ਨਾਨ ਕਰ ਰਹੇ ਹਨ , ਨਹਿਰੂ ਨੇ ਇਸ ਨੂੰ ਹਾਸੋਹੀਣਾ ਦੱਸਿਆ ।ਅੰਧ-ਵਿਸ਼ਵਾਸ ਮਨਾਂ ਵਿਚ ਬੈਠੇ ਡਰ 'ਤੇ ਅਧਾਰਤ ਹੁੰਦਾ ਹੈ ਅਤੇ ਇਸ ਡਰ ਨੂੰ ਮਿਟਾਉਣਾ ਬਹੁਤ ਮੁਸ਼ਕਲ ਹੁੰਦਾ ਹੈ ।ਇਸ ਆਧੁਨਿਕ ਯੁੱਗ ਵਿਚ ਅਜੇ ਤੱਕ ਵੀ ਵਹਿਮਾਂ-ਭਰਮਾਂ ਦਾ ਬੋਲਬਾਲਾ ਹੈ ।ਪ੍ਰਧਾਨ ਮੰਤਰੀ ਨਹਿਰੂ ਨੇ ਟਿਪਣੀ ਕੀਤੀ ਸੀ-ਇਹ ਸਮਝਿਆ ਜਾ ਰਿਹਾ ਹੈ ਕਿ ਜੋ ਪਵਿਤਰ ਵਿਅਕਤੀਆਂ ਨੂੰ ਜ਼ਿਆਦਾ ਦਾਨ-ਪੁੰਨ ਕਰਨਗੇ, ਉਹ ਇਸ ਸਾੜਸਤੀ ਤੋਂ ਬਚ ਜਾਣਗੇ , ਇਸ ਲਈ ਪਵਿਤਰ ਵਿਅਕਤੀਆਂ ਦੀ ਬਹੁਤ ਕਮੀ ਆ ਗਈ ਹੈ । ਸਹਿਮ ਦੇ ਮਾਰੇ ਲੋਕਾਂ ਨੇ ਦੇਸੀ ਸ਼ਰਾਬ ਖਰੀਦਣੀ ਬੰਦ ਕਰ ਦਿੱਤੀ ਹੈ, ਵਿਕਰੀ ਵਿਚ 50 ਪ੍ਰਤੀਸ਼ਤ ਦੀ ਕਮੀ ਆ ਗਈ ਹੈ । ਨਹਿਰੂ ਦਾ ਇਹ ਸਭ ਕਹਿਣਾ ਕੋਈ ਅਤਿਕਥਨੀ ਨਹੀਂ ਸੀ । ਇਸ ਲੇਖਕ ਨੇ ਆਪਣੀ ਅੱਖੀਂ ਸਭ ਦੇਖਿਆ ਹੈ ਕਿ ਕਿਵੇਂ ਲੋਕ ਡਰ ਅਤੇ ਚਿੰਤਾ ਦਾ ਸ਼ਿਕਾਰ ਹੋਏ ਬੈਠੇ ਸਨ , ਸਹਿਮ ਦੇ ਮਾਰੇ ਲੋਕ ਤਰਕਹੀਣ, ਬੇਵਕੂਫਾਨਾ ਹਰਕਤਾਂ ਕਰ ਰਹੇ ਸਨ।ਕੁਝ ਜੋਤਸ਼ੀਆਂ ਨੇ ਭਵਿੱਖਬਾਣੀ ਕੀਤੀ ਸੀ ਕਿ ਪਰਲੋ ਆ ਰਹੀ ਹੈ , ਕੁਝ ਮੀਡੀਆ ਰਾਹੀਂ, ਪਰ ਜ਼ਿਆਦਾ ਮੂੰਹੋਂ ਮੂੰਹੀਂ ਇਹ ਖਬਰ ਅੱਗ ਵਾਂਗ ਫੈਲ ਗਈ । ਜਨਤਾ ਦਾ ਬਹੁਤ ਵੱਡਾ ਹਿੱਸਾ ਇਹ ਮੰਨਣ ਲੱਗ ਪਿਆ ਕਿ 5 ਫਰਵਰੀ 1962 ਵਾਲੇ ਦਿਨ ਸ਼ਾਮ 5.38 ਵਜੇ ਦੁਨੀਆ ਦਾ ਅੰਤ ਹੋ ਜਾਵੇਗਾ । ਜੋਤਸ਼ੀਆਂ ਦਾ ਕਹਿਣਾ ਸੀ ਕਿ ਜੇ ਸੱਤ ਗ੍ਰਹਿਆਂ ਦਾ ਮਿਲਾਣ ਮਹਾਂਭਾਰਤ ਵਰਗਾ ਯੁੱਧ ਲਿਆ ਸਕਦਾ ਹੈ ਤਾਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਅੱਠ ਗ੍ਰਹਿਆਂ ਦਾ ਯੋਗ ਕੀ ਕੁਝ ਕਰ ਸਕਦਾ ਹੈ ? ਯਮਨਾ ਨਦੀ ਦਾ ਜਲ ਉਸ ਵਕਤ ਬਹੁਤ ਸਾਫ ਤੇ ਨਿਰਮਲ ਹੁੰਦਾ ਸੀ, ਲੋਕਾਂ ਦੀਆਂ ਭੀੜਾਂ ਉਸ ਵਿਚ ਡੁਬਕੀਆਂ ਲਗਾ ਰਹੀਆਂ ਸਨ । ਦਿਲੀ ਦੇ ਬਿਰਲਾ ਮੰਦਰ ਅਤੇ ਕਨਾਟ ਪਲੇਸ ਦਾ ਹਨੂੰਮਾਨ ਮੰਦਰ ਵਿਚ ਲੋਕ ਭਾਰੀ ਗਿਣਤੀ ਵਿਚ ਇਕੱਠੇ ਹੋ ਗਏ , ਪੈਰ ਰੱਖਣ ਨੂੰ ਥਾਂ ਨਹੀਂ ਸੀ। ਜਿਵੇਂ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ, ਉਸ ਵਕਤ ਪਵਿੱਤਰ ਪੁਜਾਰੀਆਂ ਦੀ ਭਾਰੀ ਕਮੀ ਹੋ ਗਈ ਸੀ, ਪਰ ਸ਼ਾਇਦ ਰੇਹੜੀ ਵਾਲਿਆਂ ਨੂੰ ਆਉਣ ਵਾਲੀ ਪਰਲੋ ਦਾ ਗਿਆਨ ਨਹੀਂ ਸੀ, ਉਹ ਸ਼ਾਮ ਪੰਜ ਵਜੇ ਵੀ ਖੂਬ ਕਮਾਈ ਕਰ ਰਹੇ ਸਨ । ਖਤਰੇ ਦੇ ਪਲ ਤੋਂ ਕਈ ਘੰਟੇ ਪਹਿਲਾਂ ਦੁਪਹਿਰ ਤੋਂ ਹੀ ਔਰਤਾਂ ਤੇ ਆਦਮੀ ਬੱਚਿਆਂ, ਬੁੱਢਿਆਂ ਨੂੰ ਲੈ ਕੇ ਅਤੇ ਨਾਲ ਰੋਟੀ-ਸਬਜ਼ੀ ਲੈ ਕੇ ਪਾਣੀ ਦੀਆਂ ਸੁਰਾਹੀਆਂ ਭਰ ਕੇ ਮੰਦਰਾਂ, ਮੈਦਾਨਾਂ ਵੱਲ ਤੁਰ ਪਏ ਸਨ । ਮੰਤਰਾਂ ਦਾ ਉਚਾਰਨ ਕਰ ਰਹੇ ਸਨ , ਜਿਉਂ-ਜਿਉਂ ਵਕਤ ਨਜ਼ਦੀਕ ਆ ਰਿਹਾ ਸੀ, ਉਚੀਆਂ ਆਵਾਜ਼ਾਂ ਵਿਚ ਜੈਕਾਰੇ ਛੱਡ ਰਹੇ ਸਨ । ਅਖੀਰ ਪੰਜ ਵੱਜ ਕੇ ਅੱਠਤੀ ਮਿੰਟ ਦਾ ਸਮਾਂ ਲੰਘ ਗਿਆ ਤਾਂ ਸੁੱਖ ਦਾ ਸਾਹ ਆਇਆ , ਸੂਰਜ ਅਸਤ ਹੋਇਆ ਤਾਂ ਲੋਕਾਂ ਨੇ ਘਰਾਂ ਵੱਲ ਪਰਤਣਾ ਸ਼ੁਰੂ ਕੀਤਾ, ਪਰ ਜੋਤਸ਼ੀ ਤੇ ਸੰਤ ਤਾਂ ਹਮੇਸ਼ਾਂ ਸੱਚੇ ਹੁੰਦੇ ਹਨ , ਉਹ ਕਦੇ ਹਾਰ ਸਵੀਕਾਰ ਨਹੀਂ ਕਰਦੇ । ਹਫਤੇ ਬਾਅਦ ਹੀ ਕਹਿਣ ਲੱਗ ਪਏ-ਲੋਕਾਂ ਵੱਲੋਂ ਕੀਤੇ ਦਾਨ ਪੁੰਨ ਅਤੇ ਪੁਜਾਰੀਆਂ ਵਲੋਂ ਕੀਤੀ ਗਈ ਪੂਜਾ ਦੇ ਕਾਰਨ ਆਉਣ ਵਾਲੀ ਸਾੜ੍ਹਸਤੀ ਟਲ ਗਈ ਹੈ । ਇਹ ਹੀ ਨਹੀਂ ਉਹਨਾਂ ਦਾ ਕਹਿਣਾ ਸੀ ਕਿ ਚੀਨੀ ਫੌਜਾਂ ਦੀ ਘੁਸਪੈਠ , ਪਾਕਿਸਤਾਨ ਦੇ ਨਾਲ ਹੋਏ ਯੁੱਧ , ਲਾਲ ਬਹਾਦੁਰ ਸ਼ਾਸਤਰੀ ਦੀ ਅਚਾਨਕ ਮੌਤ ਅਤੇ ਕਿਊਬਾ ਦਾ ਮਿਜ਼ਾਈਲ ਸੰਕਟ, ਇਹ ਸਭ ਅਸ਼ਟਗ੍ਰਹਿ ਦੀਆਂ ਹੀ ਕਰਾਮਾਤਾਂ ਸਨ, ਇਸ ਦਾ ਅਸਰ 1994 ਤੱਕ ਜਾਰੀ ਰਹਿਣਾ ਸੀ ।ਫਿਰ ਵੀ ਇੱਕ ਸੰਤ ਅਜਿਹਾ ਵੀ ਸੀ ਜੋ ਕਹਿ ਰਿਹਾ ਸੀ ਅਸ਼ਟਗ੍ਰਹਿ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਸਾਰੇ ਗ੍ਰਹਿ ਸ਼ਰਧਾਲੂਆਂ ਦਾ ਭਲਾ ਹੀ ਕਰਦੇ ਹਨ । ਉਸ ਨੇ ਲੋਕਾਂ ਨੂੰ ਅਪੀਲ ਕੀਤੀ ਸੀ ਮੰਤਰਾਂ ਦਾ ਪਾਠ ਕਰੋ ਅਤੇ ਆਪਣੇ-ਆਪਣੇ ਦੇਵਤੇ ਦਾ ਨਾਂਅ ਲਿਖ ਲਵੋ ।

ਵਿਗਿਆਨੀ ਲੇਖਕ ਕੈਰੋਲਿਨ ਗਰਾਮਲਿੰਗ ਲਿਖਦਾ ਹੈ : ਦੁਨੀਆ ਦੀਆਂ ਹੋਰ ਥਾਵਾਂ 'ਤੇ ਲੋਕਾਂ ਦੀਆਂ ਪ੍ਰਤੀਕਿਰਿਆਵਾਂ ਅਤਿਅੰਤ ਅਜੀਬ ਸਨ । ਅਮਰੀਕਾ ਵਿਚ ਲੋਕ ਬੰਬਾਂ ਤੋਂ ਬਚਣ ਲਈ ਬਣਾਏ ਘੁਰਨਿਆਂ ਵਿਚ ਜਾ ਵੜੇ, ਬੰਬਈ ਵਿਚ ਲੱਖਾਂ ਲੋਕ ਲਗਾਤਾਰ ਪ੍ਰਾਥਨਾਵਾਂ ਕਰੀ ਜਾ ਰਹੇ ਸਨ , ਲੋਕਾਂ ਦਾ ਇੱਕ ਸਮੂਹ ਕਲੀਟਰ ਕਸਬੇ ਵਿਚ ਚਲਾ ਗਿਆ, ਸਮਝਿਆ ਜਾਂਦਾ ਸੀ ਕਿ ਇਹ ਦੁਨੀਆ ਦੀਆਂ 12 ਥਾਵਾਂ ਵਿਚੋਂ ਇੱਕ ਹੈ, ਜਿਥੇ ਆਉਣ ਵਾਲੀ ਪਰਲੋ ਦਾ ਅਸਰ ਨਹੀਂ ਹੋਵੇਗਾ । ਰੂੜ੍ਹੀਵਾਦੀ ਸੋਚ ਰੱਖਣ ਵਾਲਾ ਇੱਕ ਸਮੂਹ ਅਜਿਹਾ ਵੀ ਹੈ, ਜੋ ਕਿਆਮਤ ਦੇ ਦਿਨ ਦੀ ਪੇਸ਼ੀਨਗੋਈ ਦਾ ਵਿਗਿਆਨਕ ਤਰਕ ਦੇਣ ਦੀ ਕੋਸ਼ਿਸ਼ ਕਰਦਾ ਹੈ । ਉਹਨਾਂ ਦਾ ਤਰਕ ਹੈ ਕਿ ਅੱਠਾਂ ਗ੍ਰਹਿਆਂ ਦੇ ਇੱਕ ਕਤਾਰ ਵਿਚ ਆ ਜਾਣ ਨਾਲ ਗਰੂਤਾ ਸ਼ਕਤੀ ਦਾ ਸਾਰਾ ਸੰਤੁਲਨ ਵਿਗੜ ਜਾਵੇਗਾ । ਜੇ ਇੱਕ ਚੰਦਰਮਾ ਦੀ ਚਾਲ ਦੇ ਕਾਰਨ ਸਮੁੰਦਰੀ ਲਹਿਰਾਂ ਵਿਚ ਉਛਾਲ ਆ ਸਕਦਾ ਹੈ ਤਾਂ ਸੱਤ ਜਾਂ ਅੱਠ ਗ੍ਰਹਿਆਂ ਦੇ ਇੱਕਠੇ ਹੋਣ ਨਾਲ ਕਿੰਨੀ ਵੱਡੀ ਤਬਦੀਲੀ ਆ ਸਕਦੀ ਹੈ, ਅਸੀਂ ਅੰਦਾਜ਼ਾ ਲਗਾ ਸਕਦੇ ਹਾਂ , ਪਰ ਤਾਰਾ ਵਿਗਿਆਨੀਆਂ ਦਾ ਤਰਕ ਕੁਝ ਹੋਰ ਹੈ ।ਜੇ ਸਾਰੇ ਦੇ ਸਾਰੇ ਗ੍ਰਹਿ ਪੂਰੀ ਤਰ੍ਹਾਂ ਜੁੜ ਜਾਂਦੇ ਹਨ ਤਾਂ ਉਹਨਾਂ ਦੀ ਸਾਂਝੀ ਗਰੂਤਾ ਸ਼ਕਤੀ ਸਮੁੰਦਰ ਦੀਆਂ ਲਹਿਰਾਂ ਵਿਚ ਇੱਕ ਮਿਲੀਮੀਟਰ ਤੋਂ ਵੀ ਘੱਟ ਦਾ ਉਛਾਲ ਲਿਆ ਸਕਦੀ ਹੈ ।

ਵਿਗਿਆਨੀਆਂ ਦਾ ਕਹਿਣਾ ਹੈ।ਇਤਿਹਾਸ ਅਜਿਹੀਆਂ ਕਿਆਮਤ ਦੇ ਦਿਨ ਦੀਆਂ ਪੇਸ਼ੀਨਗੋਈਆਂ ਨਾਲ ਭਰਿਆ ਪਿਆ ਹੈ । ਸੱਤ-ਅੱਠ ਜਾਂ ਨੌਂ ਗ੍ਰਹਿਆਂ ਦਾ ਜੋੜ ਪੁਰਾਤਨ ਸਮਿਆਂ ਤੋਂ ਹੀ ਹੁੰਦਾ ਆਇਆ ਹੈ । ਇਹ ਕੁਦਰਤ ਦਾ ਲਗਾਤਾਰ ਵਰਤਾਰਾ ਹੈ ।ਸਾਲ 2022 ਦੌਰਾਨ ਦੋ ਵਾਰ ਅਸ਼ਟਗ੍ਰਹਿ ਸੰਮਯੋਗ ਵਾਪਰਿਆ ਹੈ, ਜੂਨ ਅਤੇ ਦਸੰਬਰ ਮਹੀਨੇ ਦੌਰਾਨ, ਪਰ ਇਨ੍ਹਾਂ ਦੇ ਕਾਰਨ ਕੋਈ ਪਰਲੋ ਤਾਂ ਕੀ ਛੋਟਾ-ਮੋਟਾ ਤੂਫਾਨ ਵੀ ਨਹੀਂ ਆਇਆ । ਉਹ ਦਿਨ ਵੀ ਬਾਕੀ ਦਿਨਾਂ ਵਰਗੇ ਹੀ ਸਨ । ਕੁਦਰਤ ਦੀ ਇਸ ਸਧਾਰਨ ਪ੍ਰਕਿਰਿਆ ਨੂੰ ਵੀ ਨਾ ਸਮਝਣ ਨੂੰ ਜਵਾਹਰ ਲਾਲ ਨਹਿਰੂ ਅਵਿਗਿਆਨਕ ਸੋਚ ਕਹਿੰਦਾ ਹੈ ।ਪਹਿਲੇ ਵਿਸ਼ਵ ਯੁੱਧ ਤੋਂ ਬਾਅਦ 1919 ਵਿਚ ਵੀ ਕਿਆਮਤ ਦੀ ਭਵਿੱਖਬਾਣੀ ਕੀਤੀ ਗਈ ਸੀ ।ਸਾਰੀ ਦੁਨੀਆ ਵਿਸ਼ਵ ਯੁੱਧ ਦੁਆਰਾ ਮਚਾਈ ਤਬਾਹੀ ਤੋਂ ਉਭਰਨ ਦੀ ਕੋਸ਼ਿਸ਼ ਕਰ ਰਹੀ ਸੀ, ਤਾਂ ਪੱਛਮੀ ਜੋਤਸ਼ੀਆਂ ਨੇ ਕਿਹਾ ਸੀ ਕਿ ਦੁਨੀਆ ਦਾ ਅੰਤ ਆ ਗਿਆ ਹੈ, ਕਿਉਂਕਿ ਸੱਤ ਗ੍ਰਹਿ ਸੂਰਜ ਗ੍ਰਹਿ ਦੀ ਕਤਾਰ ਵਿਚ ਆ ਗਏ ਹਨ । ਡਰੇ ਹੋਏ ਲੋਕ ਤਬਾਹੀ ਦਾ ਇੰਤਜ਼ਾਰ ਕਰਦੇ ਰਹੇ, ਜੋ 19 ਦਸੰਬਰ 1919 ਵਾਲੇ ਦਿਨ ਸਵੇਰੇ ਅੱਠ ਵੱਜ ਕੇ ਇਕੱਤੀ ਮਿੰਟ 'ਤੇ ਹੋਣੀ ਸੀ, ਪਰ ਕੁਝ ਨਹੀਂ ਹੋਇਆ ।ਯੂਰਪ ਤੇ ਅਮਰੀਕਾ ਨੂੰ ਤਬਾਹੀ ਦਾ ਕੇਂਦਰ ਮੰਨਿਆ ਗਿਆ ਸੀ , ਲੋਕ ਇੰਤਜ਼ਾਰ 'ਤੇ ਇੰਤਜ਼ਾਰ ਕਰਦੇ ਰਹੇ । ਪੈਰਿਸ ਵਿਚ ਧਰਮ ਵਿਚ ਆਸਥਾ ਰੱਖਣ ਵਾਲੇ ਗਿਰਜਿਆਂ ਵਿਚ ਇਕੱਤਰ ਹੋ ਕੇ ਪ੍ਰਥਨਾਵਾ ਕਰਦੇ ਰਹੇ । ਕੈਨੇਡਾ ਦੇ ਵੈਨਕੂਵਰ ਵਿਚ ਲੋਕ ਜਾਮ ਤੇ ਜਾਮ ਪੀਂਦੇ ਰਹੇ, ਨੱਚਦੇ ਗਾਉਂਦੇ ਰਹੇ , ਜੇ ਮਰਨਾ ਹੀ ਹੈ ਤਾਂ ਖੁਸ਼ੀ-ਖੁਸ਼ੀ ਮਰੀਏ , ਪਰ ਮੌਤ ਆਈ ਨਹੀਂ । ਬਰਤਾਨੀਆ ਤੋਂ ਲੈ ਕੇ ਪੈਰਿਸ ਤੱਕ, ਵਾਸ਼ਿੰਗਟਨ ਤੋਂ ਲੈ ਕੇ ਰੋਮ ਤੱਕ ਲੋਕ ਕੋਠਿਆਂ 'ਤੇ ਚੜ੍ਹ ਕੇ ਅਸਮਾਨ ਵੱਲ ਤਕਦੇ ਰਹੇ, ਪਰ ਕੁਝ ਨਹੀਂ ਵਾਪਰਿਆ ।

ਈਸਾਈਆਂ ਦੇ ਇੱਕ ਭਾਈਚਾਰੇ ਮਿਲੇਰਾਈਟਸ ਦੀ ਵੀ ਇੱਕ ਅਜਿਹੀ ਗਾਥਾ ਹੈ ।ਉਨ੍ਹਾਂ ਦਾ ਵਿਚਾਰ ਸੀ ਕਿ ਸਰਵਨਾਸ਼ ਦਾ ਦਿਨ 1884 ਵਿਚ ਆਉਣ ਵਾਲਾ ਹੈ । ਹਜ਼ਾਰਾਂ ਲੋਕ ਅਲਬਾਨੀ ਦੇ ਬਾਹਰ ਇੱਕ ਪਹਾੜ ਉਪਰ ਚੜ੍ਹ ਗਏ । ਉਹ ਸੋਚ ਰਹੇ ਸਨ ਕਿ ਉਹ ਸੌਂ ਜਾਣਗੇ ਤੇ ਜਦ ਸਵੇਰੇ ਜਾਗਣਗੇ ਤਾਂ ਸਵਰਗ ਵਿਚ ਹੋਣਗੇ , ਪ੍ਰਭੂ ਦੇ ਦਰਬਾਰ ਵਿਚ, ਪਰ ਜਦੋਂ ਉਹ ਸਵੇਰੇ ਜਾਗੇ ਤਾਂ ਉਥੇ ਹੀ ਸਨ ਅਲਬਾਨੀ ਵਿਚ । ਨਿਊ ਜਰਸੀ ਦੀ ਕੀਨ ਯੂਨੀਵਰਸਿਟੀ ਦਾ ਇਤਿਹਾਸਕਾਰ ਬਰੇਨ ਰੀਗਲ ਲਿਖਦਾ ਹੈ ਹੈ ਕਿ ਸਰਵਨਾਸ਼ ਦੀਆਂ ਜ਼ਿਆਦਾ ਭਵਿੱਖਬਾਣੀਆਂ ਧਰਮ ਦੇ ਗੁਰੂਆਂ ਵੱਲੋਂ ਹੀ ਕੀਤੀਆਂ ਜਾਂਦੀਆਂ ਹਨ ।

**'ਦਾ ਵਾਇਰ' ਦੇ ਧੰਨਵਾਦ ਸਹਿਤ ।**

**# ਸੰਪਰਕ : 94632-32402**

# ਲਹੂ ਭਿੱਜੀ ਦਾਸਤਾਨ



ਹਰਨੰਦ ਸਿੰਘ ਬੱਲਿਆਂਵਾਲਾ

ਧਰਤੀ ਦੀ ਫ਼ਿਤਰਤ ਹਰਿਆਵਲ ਉਪਜਣਾ ਹੈ । ਜਲ, ਜੰਗਲ ਅਤੇ ਜ਼ਮੀਨ ਇੱਥੇ ਵੱਸਦੇ ਪ੍ਰਾਣੀਆਂ ਦੀ ਖੁਰਾਕ ਤੇ ਸਾਹ ਰਗਾਂ ਹਨ । ਵਹਿੰਦਾ ਪਾਣੀ, ਝੂਮਦੇ ਜੰਗਲ ਅਤੇ ਲਹਿਰਾਉਂਦੀਆਂ ਫਸਲਾਂ ਖੂਬਸੂਰਤ ਤੇ ਖੁਸ਼ਹਾਲ ਜ਼ਿੰਦਗੀ ਦੀ ਰਵਾਨਗੀ ਦਾ ਪ੍ਰਤੀਕ ਹਨ । ਮਨੁੱਖ ਇਸ ਕਾਇਨਾਤ ਦਾ ਉੱਤਮ ਜੀਵ ਹੈ, ਜਿਸ ਨੇ ਕੁਦਰਤੀ ਰਹੱਸਾਂ ਦੀ ਥਾਹ ਪਾਉਣ ਲਈ ਲਗਾਤਾਰ ਸੰਘਰਸ਼ ਕੀਤਾ।ਮਨੁੱਖੀ ਵਿਕਾਸ ਲਈ ਤਾਂ ਇਸ ਦੀਆਂ ਖੋਜਾਂ ਕਾਰਗਰ ਸਾਬਿਤ ਹੋਈਆਂ, ਪਰ ਮਨੁੱਖੀ ਵਿਨਾਸ਼ ਦੀਆਂ ਖੋਜਾਂ ਨੇ ਇਸ ਧਰਤੀ ਨੂੰ ਬੰਜਰ ਤੇ ਲਹੂ-ਲੁਹਾਨ ਕੀਤਾ । ਚੰਗੀ ਵਿਚਾਰਧਾਰਾ, ਵਿਕਾਸ ਤੇ ਵਿਨਾਸ਼ ਨਾਲੋਂ-ਨਾਲ ਚੱਲਦਾ ਰਿਹਾ । ਮਹਾਂਪੁਰਸ਼ਾਂ ਨੇ ਮਾਨਵਵਾਦੀ ਸੋਚ ਦਾ ਪ੍ਰਸਾਰ ਕਰ ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ; ਵਿਗਿਆਨਕ ਖੋਜ ਨੇ ਧਰਤੀ 'ਚੋਂ ਮਨੁੱਖੀ ਖੁਰਾਕ ਤੇ ਹੋਰ ਸੁੱਖ-ਸਹੂਲਤਾਂ ਪੈਦਾ ਕੀਤੀਆਂ । ਦੂਜੇ ਪਾਸੇ ਹਮਲਾਵਰ ਤਲਵਾਰਾਂ ਤੇ ਨੇਜ਼ਿਆਂ ਨਾਲ ਮਾਨਵਤਾ ਦਾ ਘਾਣ ਕਰਦੇ ਆਪਣੇ ਸਾਮਰਾਜ ਦੀਆਂ ਹੱਦਾਂ ਵਧਾਉਣ ਲਈ ਅੱਗੇ ਹੀ ਅੱਗੇ ਵਧਦੇ ਜਾਂਦੇ। ਫਿਰ ਬਾਰੂਦ ਦੀ ਖੋਜ ਹੋਣ ਤੋਂ ਬਾਅਦ ਪਲਾਂ ਵਿੱਚ ਹੀ ਮਨੁੱਖੀ ਵਸੇਬਾ ਨੇਸਤਨਾਬੂਦ ਹੋਣ ਲੱਗਾ। ਅਜੋਕਾ ਸਮਾਂ ਤਾਨਾਸ਼ਾਹੀ ਤੇ ਪੂੰਜੀਵਾਦ ਦਾ ਹੈ । ਇਹ ਦੋਨੋਂ ਮਿਲ ਮਨੁੱਖੀ ਸਰਮਾਏ 'ਤੇ ਕਾਬਜ਼ ਹੋਣ ਲਈ ਹਰਿਆਵਲ ਜ਼ਮੀਨ ਨੂੰ ਬੰਜਰ ਬਣਾ ਦਿੰਦੇ ਹਨ । ਧਰਤੀ ਦੇ ਬਹੁਤ ਸਾਰੇ ਮੁਲਕਾਂ ਦੀਆਂ ਉਦਾਹਰਣਾਂ ਹਨ, ਜਿੰਨ੍ਹਾਂ ਦੀ ਜਿੰਦਗੀ ਅਤੇ ਉਨ੍ਹਾਂ ਦੇ ਅਸ਼ਿਆਨੇ ਹੈਵਾਨ ਮਨੁੱਖ ਦੀ ਕਰੂਰਤਾ ਦੀ ਭੇਟ ਚੜ੍ਹੇ। ਇੱਥੇ ਕੇਵਲ ਅਸੀਂ ਫਲਸਤੀਨ ਦੀ ਗੱਲ ਕਰਾਂਗੇ ਜਿਸ ਦੀ ਜ਼ਮੀਨ ਸਦੀਆਂ ਤੋਂ ਲਹੂ ਨਾਲ ਸਿੰਜੀ ਜਾਂਦੀ ਰਹੀ ਹੈ ।

ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਸਿੱਧ ਕਿਤਾਬ 'ਵਿਸ਼ਵ ਇਤਿਹਾਸ ਦੀ ਝਲਕ' ਪੜ੍ਹਦਿਆਂ ਪਤਾ ਲਗਦਾ ਹੈ ਕਿ ਫਲਸਤੀਨ ਵਿੱਚ ਹੋਏ ਧਰਮ ਯੁੱਧ ਵਿੱਚ ਲੱਖਾਂ ਮੁਸਲਮਾਨਾਂ ਅਤੇ ਈਸਾਈਆਂ ਨੂੰ ਮੁਸੀਬਤਾਂ ਝੱਲਣੀਆਂ ਪਈਆਂ। 1095 ਈਸਵੀ ਵਿੱਚ ਈਸਾਈਆਂ ਅਤੇ ਮੁਸਲਮਾਨਾਂ ਵਿਚਕਾਰ ਹੋਏ ਧਰਮ ਯੁੱਧ ਨੂੰ 'ਪਵਿੱਤਰ ਜੰਗ' ਦਾ ਨਾਂਅ ਦਿੱਤਾ ਜਾਂਦਾ ਹੈ ਜਾਂ ਇਸ ਨੂੰ ਸਲੀਬ ਯੁੱਧ ਵੀ ਕਿਹਾ ਜਾਂਦਾ ਹੈ। ਇਸ ਯੁੱਧ ਵਿੱਚ ਬਹੁਤ ਸਾਰੀਆਂ ਮੌਤਾਂ ਹੋਣ ਕਾਰਨ ਫਲਸਤੀਨ ਦੀ ਜ਼ਮੀਨ ਲਹੂ-ਲੁਹਾਨ ਹੋ ਗਈ । ਧਰਮ ਦੇ ਨਾਂਅ 'ਤੇ ਇਹ ਲਹੂ ਰਾਜਨੀਤਕ ਸਾਜ਼ਿਸ਼ਾਂ ਕਾਰਨ ਵਹਾਇਆ ਗਿਆ । ਪੁਨਰ ਜਾਗ੍ਰਿਤੀ ਸਮੇਂ ਦੌਰਾਨ ਫਲੋਰੈਂਸ ਦਾ ਰਹਿਣ ਵਾਲਾ ਮੈਕਾਵਿੱਲੀ, ਜੋ ਕਿ ਇੱਕ ਸਾਧਾਰਨ ਸਿਆਸਤਦਾਨ ਸੀ, ਆਪਣੀ 'ਪ੍ਰਿੰਸ' ਨਾਂਅ ਦੀ ਪੁਸਤਕ ਵਿੱਚ ਆਖਦਾ ਹੈ, 'ਸਰਕਾਰ ਲਈ ਧਰਮ ਦੀ ਲੋੜ ਹੈ। ਇਹ ਇਸ ਕਰਕੇ ਨਹੀਂ ਕਿ ਜਨਤਾ ਚੰਗੇ ਆਚਰਣ ਵਾਲੀ ਬਣੇ, ਸਗੋਂ ਇਸ ਨਾਲ ਰਾਜ ਕਾਇਮ ਰੱਖਣ ਵਿੱਚ ਸਹਾਇਤਾ ਮਿਲਦੀ ਹੈ।' ਇਸ ਲਈ ਸਿਆਸਤ ਧਰਮ ਦੇ ਨਾਂਅ 'ਤੇ ਲੋਕ ਵੰਡੀਆਂ ਪਾ ਕਈ ਵਾਰ ਸਾਧਾਰਨ ਲੋਕਾਂ ਦਾ ਲਹੂ ਵਹਾਉਂਦੀ ਰਹੀ ਹੈ। ਉਸ ਸਮੇਂ ਯੂਰਪ ਦੇ ਰੋਮ ਸਾਮਰਾਜ ਵੱਲੋਂ ਈਸਾਈ ਧਰਮ ਦੇ ਲੋਕਾਂ ਵਿੱਚ ਯੂਰੋਸ਼ਲਮ ਨੂੰ ਮੁਸਲਮਾਨ ਕਾਫ਼ਰਾਂ ਤੋਂ ਆਜ਼ਾਦ ਕਰਵਾਉਣ ਦੀ ਭਾਵਨਾ ਪੈਦਾ ਕੀਤੀ ਗਈ ਅਤੇ ਲੋਕ ਭਾਵੁਕ ਹੋ ਕੇ ਮਰਨ-ਮਿਟਣ ਲਈ ਤਿਆਰ ਹੋ ਗਏ । ਦਰਅਸਲ-ਯਰੋਸ਼ਲਮ ਪ੍ਰਭੂ ਈਸਾ ਮਸੀਹ ਦਾ ਪਵਿੱਤਰ ਅਸਥਾਨ ਹੈ, ਜਿੱਥੇ ਉਨ੍ਹਾਂ ਨੂੰ ਸਲੀਬ 'ਤੇ ਚੜ੍ਹਾ ਕੇ ਸ਼ਹੀਦ ਕਰਨ ਤੋਂ ਬਾਅਦ ਦਫਨਾਇਆ ਗਿਆ ਸੀ। ਇੱਥੇ ਈਸਾਈ ਲੋਕ ਆਪਣਾ ਹੱਕ ਸਮਝਦੇ ਸਨ ਅਤੇ ਫਲਸਤੀਨ ਮੁਸਲਿਮ ਰਾਜ ਅਧੀਨ ਸੀ। ਇਸ ਲਈ ਈਸਾਈ ਧਰਮ ਦੇ ਲੋਕ ਯੂਰੋਸ਼ਲਮ ਨੂੰ ਆਜ਼ਾਦ ਕਰਵਾਉਣ ਲਈ ਧਰਮ ਦੇ ਨਾਂਅ ਕੁਰਬਾਨ ਹੋਣ ਨੂੰ ਪਵਿੱਤਰ ਕਾਰਜ ਸਮਝਣ ਲੱਗੇ। ਕਹਿੰਦੇ ਹਨ ਉਸ ਸਮੇਂ ਯਰੋਸ਼ਲਮ ਵਿੱਚ ਲਹੂ ਦੀਆਂ ਨਦੀਆਂ ਵਹਿ ਤੁਰੀਆਂ, ਲੋਕਾਂ ਵਿਚਕਾਰ ਅੰਨ੍ਹੀ ਕੱਟ-ਵੱਢ ਹੋਈ ਅਤੇ ਇੱਕ ਹਫਤੇ ਵਿੱਚ ਬੇਸ਼ੁਮਾਰ ਲੋਕ ਕਤਲ ਕੀਤੇ ਗਏ । ਅੱਖੀਂ ਵੇਖਣ ਵਾਲਿਆਂ ਵਿੱਚੋਂ ਇੱਕ ਫਰਾਂਸੀਸੀ ਲੇਖਕ ਨੇ ਲਿਖਿਆ ਹੈ ਕਿ, 'ਮਸਜਿਦ ਦੀ ਡਿਊਢੀ ਵਿੱਚ ਗੋਡੇ-ਗੋਡੇ ਲਹੂ ਸੀ। ਇਹ ਘੋੜਿਆਂ ਦੀਆਂ ਲਗਾਮਾਂ ਨੂੰ ਛੂਹੰਦਾ ਸੀ'। ਇਹ ਗੱਲ ਵਧਾ-ਚੜ੍ਹਾ ਕੇ ਵੀ ਦੱਸੀ ਹੋ ਸਕਦੀ ਹੈ, ਪਰ ਇਹ ਗੱਲ ਤਾਂ ਸੱਚ ਹੈ ਕਿ ਫਲਸਤੀਨ ਵਿੱਚ ਮਾਨਵਤਾ 'ਤੇ ਇੰਤਹਾ ਜ਼ੁਲਮ ਕੀਤਾ ਗਿਆ ।

ਅੱਜ ਦੇ ਵਧੇਰੇ ਸਭਿਅ ਤੇ ਸੁਲਝੇ ਹੋਏ ਸਮਾਜ ਵਿੱਚ ਵੀ ਜ਼ੁਲਮ ਦੀਆਂ ਖੌਫ਼ਨਾਕ ਮਿਸਾਲਾਂ ਘੱਟ ਨਹੀਂ ਹਨ । ਮਨੁੱਖਤਾ ਦੀ ਹੰਕਾਰੀ ਤੇ ਤੰਗ ਸੋਚ ਕਾਰਨ ਉਸ ਵਿੱਚ ਪੁਰਾਣਾ ਜੰਗਲੀਪੁਣਾ ਉੱਭਰ ਆਉਂਦਾ ਹੈ ਅਤੇ ਲੋਕਾਂ ਨੂੰ ਤਬਾਹ ਕਰਨ ਦਾ ਜਨੂੰਨ ਸਵਾਰ ਹੋ ਜਾਂਦਾ ਹੈ । ਇਸ ਕਾਰਨ ਫਲਸਤੀਨ ਦੀ ਜ਼ਮੀਨ ਅੱਜ ਵੀ ਲਹੂ ਨਾਲ ਭਿੱਜੀ ਪਈ ਹੈ । ਪਿਛਲੇ ਲੱਗਭੱਗ ਪੰਦਰਾਂ ਮਹੀਨਿਆਂ ਤੋਂ ਇਹ ਧਰਤੀ ਖੂਨ ਨਾਲ ਲੱਥ-ਪੱਥ ਹੁੰਦੀ ਆ ਰਹੀ ਹੈ, ਜਿਸ 'ਤੇ ਹੁਣੇ-ਹੁਣੇ ਰੋਕ ਲੱਗੀ, ਪਰ ਕਿੰਨਾ ਕੁ ਚਿਰ? ਇਸ ਬਾਰੇ ਕੁਝ ਪਤਾ ਨਹੀਂ। ਅਕਤੂਬਰ 2023 ਤੋਂ ਹਮਾਸ ਵੱਲੋਂ 251 ਇਜ਼ਰਾਈਲੀ ਨਾਗਰਿਕਾਂ ਨੂੰ ਬੰਧਕ ਬਣਾਏ ਜਾਣ ਕਾਰਨ ਸ਼ੁਰੂ ਹੋਈ ਹਥਿਆਰਬੰਦ ਜੰਗ ਨੇ ਇਜ਼ਰਾਈਲ ਦੀ ਤਾਨਾਸ਼ਾਹੀ ਸਰਕਾਰ ਦਾ ਕਰੂਪ ਚਿਹਰਾ ਸਾਹਮਣੇ ਲਿਆ ਦਿੱਤਾ ਹੈ । ਸਭ ਤੋਂ ਵੱਧ ਨੁਕਸਾਨ ਫਲਸਤੀਨ ਨੂੰ ਝੱਲਣਾ ਪਿਆ । ਜਿਵੇਂ ਇਜ਼ਰਾਈਲ ਪਹਿਲਾਂ ਹੀ ਮੌਕੇ ਦੀ ਭਾਲ ਕਰ ਰਿਹਾ ਸੀ, ਤਾਂ ਜੋ ਫਲਸਤੀਨ ਦੀ ਜ਼ਮੀਨ ਹੜੱਪ ਕੇ ਫਲਸਤੀਨ ਵਾਸੀਆਂ ਨੂੰ ਬਾਹਰ ਕੱਢਿਆ ਜਾ ਸਕੇ। ਹਮਾਸ ਨੇ ਉਸ ਨੂੰ ਇਹ ਮੌਕਾ ਪਰੋਸ ਦਿੱਤਾ । ਜਿਸ ਦਾ ਨਤੀਜਾ 46700 ਦੇ ਲੱਗਭੱਗ ਫਲਸਤੀਨੀ ਮੌਤ ਦੇ ਮੂੰਹ ਵਿੱਚ ਚਲੇ ਗਏ । ਇਜ਼ਰਾਈਲ ਦੇ ਦੋ ਹਜ਼ਾਰ ਤੱਕ ਨਾਗਰਿਕ ਮਾਰੇ ਗਏ। ਇਸ ਖ਼ੂਨੀ ਜੰਗ ਵਿੱਚ 11000 ਫਲਸਤੀਨੀ ਅਤੇ 13500 ਇਜ਼ਰਾਈਲ ਵਾਸੀ ਜ਼ਖ਼ਮੀ ਹੋਏ। ਲੋਕਾਂ ਵੱਲੋਂ ਖ਼ੂਨ-ਪਸੀਨੇ ਨਾਲ ਬਣਾਏ ਆਸ਼ਿਆਨੇ ਬੰਬਾਰੀ ਕਾਰਨ ਮਲਬੇ ਦੇ ਢੇਰ ਵਿੱਚ ਬਦਲ ਗਏ । ਮਾਂ-ਬਾਪ ਦੀਆਂ ਲਾਸ਼ਾਂ ਕੋਲ ਵਿਲਕਦੇ ਬੱਚੇ, ਆਪਣੇ ਮਾਸੂਮਾਂ ਦੀਆਂ ਲਾਸ਼ ਬਣੇ ਸਰੀਰਾਂ ਨੂੰ ਚੁੱਕ ਕੇ ਲਿਜਾਂਦੇ ਲੋਕ, ਮਨੁੱਖੀ ਮਾਸ ਦੀਆਂ ਖਿਲਰੀਆਂ ਬੋਟੀਆਂ ਅਤੇ ਬੇਸਹਾਰਾ ਹੋਏ ਲੋਕ, ਅਜੋਕੀ ਵਿਕਸਤ ਸੱਭਿਅਤਾ ਦੀਆਂ ਘਿਨੌਣੀਆਂ ਤਸਵੀਰਾਂ ਹਨ, ਜੋ ਸਾਡੀ ਅੱਜ ਦੀ ਵਿਕਸਤ ਦੁਨੀਆ ਦਾ ਕਰੂਪ ਚਿਹਰਾ ਪੇਸ਼ ਕਰਦੀਆਂ ਹਨ। ਹੁਣ ਇੱਕ ਵਾਰ ਦੋਹਾਂ ਦੇਸ਼ਾਂ ਦੇ ਬੰਧਕਾਂ ਨੂੰ ਛੱਡਣ 'ਤੇ ਸਹਿਮਤੀ ਹੋਣ ਕਾਰਨ ਜੰਗਬੰਦੀ ਹੋ ਚੁੱਕੀ ਹੈ, ਜੋ ਕਿ ਸਭ ਲਈ ਧਰਵਾਸ ਵਾਲੀ ਖ਼ਬਰ ਹੈ। ਫਿਰ ਵੀ ਸਰਮਾਏਦਾਰੀ ਤੇ ਸਾਮਰਾਜਵਾਦੀ ਸੋਚ ਦੇ ਲਹੂ ਲਿੱਬੜੇ ਹੱਥਾਂ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ; ਕਿਉਂਕਿ ਲਾਲਚੀ ਬਿਰਤੀ ਆਪਣੀ ਭੁੱਖ ਮਨੁੱਖਤਾ ਦਾ ਉਜਾੜਾ ਕਰਕੇ ਮਿਟਾਉਂਦੀ ਹੈ। ਪੂੰਜੀਵਾਦੀ ਸੰਸਾਰ ਮਾਨਵਤਾ ਨੂੰ ਸਦਮੇ ਦੇ ਕੇ ਲੁੱਟਮਾਰ ਦਾ ਢੰਗ ਕਦੇ ਵੀ ਗਵਾਉਂਦਾ ਨਹੀਂ; ਉਹ ਚਾਹੇ ਜੰਗ ਦੇ ਰੂਪ ਵਿੱਚ ਹੋਵੇ, ਭਾਵੇਂ ਮਹਾਂਮਾਰੀ ਦੇ ਰੂਪ ਵਿੱਚ!

ਜੰਗਾਂ ਦਾ ਇਹ ਦੌਰ ਖਤਮ ਹੋਣਾ ਚਾਹੀਦਾ ਹੈ। ਇਜ਼ਰਾਈਲ-ਫਲਸਤੀਨ ਜੰਗ ਕਾਰਨ ਜੋ ਉਜਾੜਾ ਬੇਦੋਸ਼ੇ ਲੋਕਾਂ ਦਾ ਹੋਇਆ, ਉਸ ਦੀ ਭਰਪਾਈ ਕੌਣ ਕਰੇਗਾ? ਹੱਸਦੇ-ਵੱਸਦੇ ਘਰ ਕੀਰਨਿਆਂ 'ਚ ਬਦਲ ਗਏ, ਜਿਉਂਦੇ ਰਹਿ ਗਏ ਲੋਕਾਂ ਲਈ ਇਕੱਲਤਾ ਕਿਸੇ ਸਰਾਪ ਤੋਂ ਘੱਟ ਨਹੀਂ । ਉਹ ਲੋਕ ਆਪਣਾ ਕਾਰੋਬਾਰ ਗਵਾ ਚੁੱਕੇ ਹਨ ਅਤੇ ਮਿਹਨਤ ਦੀ ਕਮਾਈ ਜੰਗ ਨੇ ਸਵਾਹ ਕਰ ਦਿੱਤੀ। ਜੀਵਨ ਦੀ ਸ਼ੁਰੂਆਤ ਉਨ੍ਹਾਂ ਨੂੰ ਦੁਬਾਰਾ ਕਰਨੀ ਪਵੇਗੀ, ਉਨ੍ਹਾਂ ਨੂੰ ਕਾਰੋਬਾਰ ਦੁਬਾਰਾ ਲੱਭਣਾ ਪਵੇਗਾ ਅਤੇ ਘਰ ਬਣਾਉਣੇ ਪੈਣਗੇ। ਇਹ ਠੀਕ ਹੈ ਕਿ ਜੀਵਨ ਦੁਬਾਰਾ ਉੱਠ ਪੈਂਦਾ ਹੈ, ਕਿਉਂਕਿ ਜ਼ਿੰਦਗੀ ਦੀ ਰਵਾਨਗੀ ਆਪਣੇ ਰਾਹ ਆਪ ਅਖ਼ਤਿਆਰ ਕਰ ਲੈਂਦੀ ਹੈ। ਉਹ ਲੋਕ ਮਿਹਨਤ ਕਰ ਆਪਣੇ ਘਰਾਂ ਦੀ ਉਸਾਰੀ ਦੁਬਾਰਾ ਕਰ ਲੈਣਗੇ, ਪਰ ਉਹ ਘਰ ਉਨ੍ਹਾਂ ਲਈ ਕੇਵਲ ਇੱਕ ਮਕਾਨ ਤੋਂ ਵੱਧ ਕੁਝ ਨਹੀਂ ਹੋਣਗੇ ਜਿਨ੍ਹਾਂ ਆਪਣਿਆਂ ਨੂੰ ਖੋਹਿਆ । ਪਰਵਾਰ ਦੇ ਹਮੇਸ਼ਾ ਲਈ ਵਿੱਛੜ ਚੁੱਕੇ ਲੋਕ ਉਨ੍ਹਾਂ ਨੂੰ ਕਿਧਰੇ ਵੀ ਨਜ਼ਰ ਨਹੀਂ ਆਉਣਗੇ; ਘਰ ਚਹਿਲ-ਪਹਿਲ ਤੇ ਕਿਲਕਾਰੀਆਂ ਤੋਂ ਸਖਣੇ ਹੋਣਗੇ। ਦੂਸਰਾ, ਜੰਗ ਵਰਗੀ ਆਫ਼ਤ ਕਿਸ ਵੇਲੇ ਆਪਣੀ ਫੰਨ ਚੁੱਕ ਲਵੇ, ਕੀ ਪਤਾ?

ਫਿਰ ਵੀ ਜੀਵਨ ਵਹਿੰਦਾ ਪਾਣੀ ਹੈ। ਦੁੱਖ-ਸੁੱਖ, ਘਾਟਾ-ਵਾਧਾ, ਕੁਦਰਤੀ ਆਫ਼ਤਾਂ ਅਤੇ ਮਨੁੱਖੀ ਵਹਿਸ਼ੀਆਨਾ ਦੀਆਂ ਕਾਰਵਾਈਆਂ ਜੀਵਨ ਦੇ ਸ਼ੁਰੂਆਤ ਤੋਂ ਹੀ ਚਲੀਆਂ ਆਉਂਦੀਆਂ ਹਨ । ਅੱਜ ਅਸੀਂ ਸੱਭਿਅਤਾ ਪੱਖੋਂ ਉੱਚਾ ਮੁਕਾਮ ਹਾਸਲ ਕਰ ਰਹੇ ਹਾਂ ਪਰ ਅਸਭਿਅ ਸੋਚ ਵੀ ਨਾਲੋ-ਨਾਲ ਚੱਲ ਰਹੀ ਹੈ । ਇਹ ਅਸਭਿਅ ਅਤੇ ਵਹਿਸ਼ੀ ਸੋਚ ਖਤਮ ਹੋਣੀ ਚਾਹੀਦੀ ਹੈ । ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਧਰਤੀ ਸਭ ਦੀ ਸਾਂਝੀ ਹੈ; ਹਰੇਕ ਨੂੰ ਜਿਉਣ ਤੇ ਜ਼ਿੰਦਗੀ ਮਾਨਣ ਦਾ ਹੱਕ ਹੈ । ਧਰਤੀ ਦਾ ਸਰਮਾਇਆ ਕਿਸੇ ਇੱਕ ਆਦਮੀ ਦੀ ਜਾਗੀਰ ਨਹੀਂ । ਇਸ ਲਈ ਧਰਤੀ ਨੂੰ ਹਰੀ-ਭਰੀ ਅਤੇ ਰਹਿਣਯੋਗ ਬਣਾਉਣ ਲਈ ਦੇਸ਼ਾਂ ਵਿੱਚ ਆਪਸੀ ਦੁਸ਼ਮਣੀ ਖਤਮ ਹੋਣੀ ਚਾਹੀਦੀ ਹੈ। ਜੇਕਰ ਅਸੀਂ ਕਿਸੇ ਘਰ ਅੱਗ ਲਾਉਂਦੇ ਹਾਂ ਤਾਂ ਉਸ ਦਾ ਸੇਕ ਸਾਡੇ ਘਰ ਵੀ ਪਹੁੰਚਣਾ ਹੈ। ਮਨੁੱਖ ਇਸ ਧਰਤੀ ਦਾ ਉੱਤਮ ਪ੍ਰਾਣੀ ਹੈ । ਸਭਿਅ ਸੋਚ ਹੀ ਸੰਸਾਰ ਨੂੰ ਖੁਸ਼ਹਾਲ ਰੱਖ ਸਕਦੀ ਹੈ। ਇਸ ਲਈ ਜੰਗਾਂ-ਯੁੱਧਾਂ ਵਾਲੀ ਸੋਚ ਖਤਮ ਕਰ ਮਾਨਵਤਾ ਦੀ ਭਲਾਈ ਵਾਲੇ ਕਾਰਜਾਂ ਨੂੰ ਵੱਧ ਤੋਂ ਵੱਧ ਤਰਜੀਹ ਦੇਣੀ ਚਾਹੀਦੀ ਹੈ।

**# ਸੰਪਰਕ: 70870-70050**

# ਕੈਂਸਰ ਦਾ ਪ੍ਰਕੋਪ : ਕਾਰਨ ਅਤੇ ਬਚਾਅ



ਡਾ. ਗੁਰਤੇਜ ਸਿੰਘ

ਕੈਂਸਰ ਦੀ ਬੀਮਾਰੀ ਦਾ ਨਾਂਅ ਸੁਣਦੇ ਹੀ ਲੋਕ ਸਹਿਮ ਜਾਂਦੇ ਹਨ। ਇਸ ਨਾਮੁਰਾਦ ਬੀਮਾਰੀ ਨੇ ਲੋਕਾਂ ਵਿੱਚ ਏਨਾ ਖੌਫ਼ ਪਾਇਆ ਹੋਇਆ ਹੈ ਜ਼ਿਆਦਾਤਰ ਲੋਕ ਇਸ ਬੀਮਾਰੀ ਦਾ ਨਾਂਅ ਲੈਣ ਤੋਂ ਵੀ ਝਿਜਕਦੇ ਹਨ। ਪਿੰਡਾਂ ਵਿੱਚ ਲੋਕ ਇਸ ਰੋਗ ਦਾ ਨਾਂਅ ਜ਼ੁਬਾਨ 'ਤੇ ਲਿਆਉਣਾ ਅਸ਼ੁਭ ਮੰਨਦੇ ਹਨ। ਕੈਂਸਰ ਨੇ ਮਨੁੱਖਤਾ ਦੇ ਪੈਰੀਂ ਅਜਿਹਾ ਨਾਗਵਲ ਪਾਇਆ ਹੈ, ਜਿਸ ਵਿੱਚ ਪੂਰੀ ਦੁਨੀਆ ਜਕੜੀ ਜਾ ਰਹੀ ਹੈ। ਅਜਗਰ ਵਾਂਗ ਇਹ ਬੀਮਾਰੀ ਮਾਨਵਤਾ ਨੂੰ ਨਿਗਲਦੀ ਜਾ ਰਹੀ ਹੈ, ਜੋ ਵਿਸ਼ਵ-ਵਿਆਪੀ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਵਿੱਚ ਖਾਸ ਕਰਕੇ ਮਾਲਵਾ ਖੇਤਰ ਬਠਿੰਡਾ, ਮਾਨਸਾ, ਮੁਕਤਸਰ ਸਾਹਿਬ ਅਤੇ ਨਾਲ ਲੱਗਦੇ ਇਲਾਕਿਆਂ 'ਚ ਕੈਂਸਰ ਨੇ ਕਹਿਰ ਮਚਾਇਆ ਹੋਇਆ ਹੈ। ਉਦਯੋਗੀਕਰਨ ਦੇ ਨਾਂਅ ਹੇਠ ਇਸ ਇਲਾਕੇ ਵਿੱਚ ਪ੍ਰਦੂਸ਼ਣ ਕੰਟਰੋਲ ਮਹਿਕਮੇ ਦੇ ਹੁਕਮਾਂ ਨੂੰ ਛਿੱਕੇ ਟੰਗ ਕੇ ਕਾਰਪੋਰੇਟ ਘਰਾਣਿਆਂ ਦੇ ਉਦਯੋਗਾਂ ਨੇ ਜ਼ਮੀਨੀ ਪਾਣੀ ਨੂੰ ਦੂਸ਼ਿਤ ਕਰਨ ਦੇ ਨਾਲ ਵਾਤਾਵਰਨ ਨੂੰ ਜ਼ਹਿਰੀਲਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਤਾਪ ਬਿਜਲੀ ਘਰਾਂ ਦੇ ਕੋਇਲੇ ਦੇ ਧੂੰਏਂ ਅਤੇ ਰਾਖ ਨੇ ਮਾਲਵਾ ਖੇਤਰ ਨੂੰ ਦਮਘੁਟੀ ਦੀ ਦਲਦਲ ਵਿੱਚ ਧੱਕਿਆ ਹੈ। ਸੂਬੇ ਦੀਆਂ ਕਾਫੀ ਸ਼ਰਾਬ ਫੈਕਟਰੀਆਂ ਅਤੇ ਹੋਰ ਉਦਯੋਗਿਕ ਇਕਾਈਆਂ ਦੇ ਕਚਰੇ ਅਤੇ ਗੰਦੇ ਪਾਣੀ ਨੂੰ ਬੋਰ ਕਰਕੇ ਸਿੱਧਾ ਜ਼ਮੀਨ ਵਿੱਚ ਪਾਉਣ ਦੀਆਂ ਖ਼ਬਰਾਂ ਮੀਡੀਆ 'ਚ ਨਸ਼ਰ ਹੋ ਚੁੱਕੀਆਂ ਹਨ, ਜਿਸ ਦਾ ਪੁਖ਼ਤਾ ਸਬੂਤ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਤੇ ਹੋਰ ਖ਼ਤਰਨਾਕ ਤੱਤਾਂ ਦਾ ਰਿਸਾਅ ਹੈ, ਜੋ ਜੱਗ ਜ਼ਾਹਿਰ ਹੈ, ਜਿਸ ਕਾਰਨ ਇੱਥੋਂ ਦੇ ਲੋਕ ਗੰਦਾ ਪਾਣੀ ਪੀਣ ਕਰਕੇ ਕਾਲਾ ਪੀਲੀਆ ਤੇ ਕੈਂਸਰ ਦੀ ਪਕੜ ਹੇਠ ਹਨ। ਸੂਬੇ ਦਾ ਮਾਲਵਾ ਖੇਤਰ ਜੋ ਕਪਾਹ ਪੱਟੀ ਨਾਂਅ ਨਾਲ ਮਸ਼ਹੂਰ ਸੀ, ਹੁਣ ਕੈਂਸਰ ਪੱਟੀ ਕਰਕੇ ਜਾਣਿਆ ਜਾਂਦਾ ਹੈ। ਸੂਬੇ ਅੰਦਰ ਕੈਂਸਰ ਦੇ ਇਲਾਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਰ ਕੇ ਇਨ੍ਹਾਂ ਇਲਾਕਿਆਂ ਦੇ ਲੋਕਾਂ ਨੂੰ ਦੂਜੇ ਸੂਬਿਆਂ 'ਚ ਇਲਾਜ ਲਈ ਜਾਣਾ ਪੈਂਦਾ ਹੈ। ਬਠਿੰਡਾ ਤੋਂ ਬੀਕਾਨੇਰ ਜਾਂਦੀ ਰੇਲ ਗੱਡੀ ਦਾ ਨਾਂਅ 'ਕੈਂਸਰ ਟਰੇਨ' ਪੈ ਗਿਆ ਹੈ।

ਕੈਂਸਰ ਨੂੰ ਲੈ ਕੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਸ ਤਰ੍ਹਾਂ ਮਨੁੱਖੀ ਸਰੀਰ ਨੂੰ ਪ੍ਰਭਾਵਤ ਕਰਦਾ ਹੈ। ਮਨੁੱਖੀ ਸਰੀਰ ਸੈੱਲਾਂ ਦਾ ਬਣਿਆ ਹੋਇਆ ਹੈ। ਸਰੀਰ ਦੇ ਸਾਰੇ ਕਾਰਜ ਸੈੱਲਾਂ ਅਤੇ ਸਰੀਰ 'ਚ ਮੌਜੂਦ ਦ੍ਰਵਾਂ ਜਿਵੇਂ ਖ਼ੂਨ, ਹਾਰਮੋਨ ਆਦਿ ਦੁਆਰਾ ਕੀਤੇ ਜਾਂਦੇ ਹਨ। ਇਨ੍ਹਾਂ ਸੈੱਲਾਂ ਦੀ ਵਿਲੱਖਣਤਾ ਇਹ ਹੈ ਕਿ ਇਹ ਸੈੱਲ ਇੱਕ-ਦੂਜੇ ਨਾਲ ਜੁੜੇ ਹੁੰਦੇ ਹਨ, ਭਾਵ ਸਿੱਧੇ-ਅਸਿੱਧੇ ਤੌਰ 'ਤੇ ਸਬੰਧ ਰੱਖਦੇ ਹਨ। ਸਰੀਰ ਦੇ ਸੈੱਲ ਸਧਾਰਨ ਤਰੀਕੇ ਨਾਲ ਬਣਦੇ ਹਨ ਤੇ ਉਨ੍ਹਾਂ ਵਿੱਚ ਵੰਡ (ਡਵੀਜ਼ਨ) ਆਮ ਢੰਗ ਨਾਲ ਕੁਦਰਤੀ ਹੁੰਦੀ ਰਹਿੰਦੀ ਹੈ। ਇਨ੍ਹਾਂ ਸੈੱਲਾਂ ਦਾ ਜੀਵਨ ਕਾਲ ਨਿਰਧਾਰਤ ਹੁੰਦਾ ਹੈ ਤੇ ਆਪਣੇ ਆਪ ਪ੍ਰਕ੍ਰਿਆ ਰਾਹੀਂ ਨਸ਼ਟ ਹੁੰਦੇ ਰਹਿੰਦੇ ਹਨ, ਇਨ੍ਹਾਂ ਦੀ ਜਗ੍ਹਾ ਨਵੇਂ ਸੈੱਲ ਲੈ ਲੈਂਦੇ ਹਨ। ਇਸ ਤਰ੍ਹਾਂ ਇਹ ਚੱਕਰ ਸਧਾਰਨ ਸੈੱਲਾਂ 'ਚ ਚਲਦਾ ਰਹਿੰਦਾ ਹੈ। ਸਰੀਰ ਵਿੱਚ ਸੈੱਲਾਂ ਦੀ ਬਣਤਰ, ਉਨ੍ਹਾਂ ਦੀ ਗਿਣਤੀ ਅਤੇ ਪੈਦਾ ਹੋਣ ਦੀ ਪ੍ਰਕਿਰਿਆ ਦਾ ਕਿਸੇ ਕਾਰਨ ਕਰਕੇ ਬੇਕਾਬੂ ਹੋਣਾ ਕੈਂਸਰ ਕਹਾਉਂਦਾ ਹੈ। ਕੈਂਸਰ ਸੈੱਲ ਸਰੀਰ ਦੇ ਸਧਾਰਨ ਸੈੱਲਾਂ ਤੋਂ ਪੂਰੀ ਤਰ੍ਹਾਂ ਵੱਖ ਹੁੰਦੇ ਹਨ, ਇਨ੍ਹਾਂ 'ਚ ਬੇਤਹਾਸ਼ਾ ਵਾਧਾ ਟਿਊਮਰ ਅਖਵਾਉਂਦਾ ਹੈ। ਇੱਥੇ ਇਹ ਗੱਲ ਦੱਸਣਯੋਗ ਹੈ ਕਿ ਸਾਰੇ ਟਿਊਮਰ ਕੈਂਸਰ ਨਹੀ ਹੁੰਦੇ, ਕਿਉਂਕਿ ਟਿਊਮਰ ਦੋ ਤਰਾਂ ਦੇ ਹੁੰਦੇ ਹਨ। ਬਿਨਾਈਨ ਟਿਊਮਰ (ਜੋ ਕੈਂਸਰ ਨਹੀਂ) ਅਤੇ ਮੈਲਿਗਨੈਂਟ ਟਿਊਮਰ (ਕੈਂਸਰ ਵਾਲੇ)।

ਬਿਨਾਈਨ ਟਿਊਮਰ ਉਹ ਹੁੰਦੇ ਹਨ, ਜੋ ਸਰੀਰ 'ਚ ਇੱਕੋ ਜਗ੍ਹਾ ਮੌਜੂਦ ਹੁੰਦੇ ਹਨ ਤੇ ਸਰੀਰ ਦੇ ਹੋਰ ਭਾਗਾਂ ਵਿੱਚ ਨਹੀਂ ਫੈਲਦੇ, ਜਿਸ ਕਾਰਨ ਸਰੀਰ ਦਾ ਉਹੀ ਹਿੱਸਾ ਪ੍ਰਭਾਵਤ ਹੁੰਦਾ ਹੈ, ਜਿੱਥੇ ਬਿਨਾਈਨ ਟਿਊਮਰ ਹੋਵੇ। ਮੈਲਿਗਨੈਂਟ ਟਿਊਮਰ ਨੂੰ ਕੈਂਸਰ ਕਿਹਾ ਜਾਂਦਾ ਹੈ। ਇਹ ਪਹਿਲਾਂ ਤਾਂ ਹੌਲੀ-ਹੌਲੀ ਵਧਦਾ ਹੈ ਤੇ ਜ਼ਿਆਦਾ ਕੋਈ ਲੱਛਣ ਵੀ ਨਜ਼ਰ ਨਹੀਂ ਆਉਂਦੇ, ਪਿੱਛੋਂ ਆ ਕੇ ਇਹ ਬੜੀ ਤੇਜ਼ੀ ਨਾਲ ਵਧਦੇ ਹਨ, ਜਿਸ ਕਾਰਨ ਮਰੀਜ਼ 'ਚ ਲੱਛਣ ਵੀ ਉਤਪੰਨ ਹੋਣ ਲੱਗਦੇ ਹਨ। ਅਕਸਰ ਹੀ ਇਹ ਆਖ਼ਰੀ ਸਟੇਜ ਹੁੰਦੀ ਹੈ।

ਕੈਂਸਰ ਦੇ ਵਧਦੇ ਪ੍ਰਕੋਪ ਅਤੇ ਇਸ ਦੇ ਕਾਰਨ ਮਨੁੱਖਤਾ ਦੀ ਹੋਂਦ ਨੂੰ ਪੈਦਾ ਹੋਏ ਸੰਭਾਵੀ ਖ਼ਤਰੇ ਨੂੰ ਭਾਂਪਦਿਆਂ ਯੂਨੀਅਨ ਫ਼ਾਰ ਇੰਟਰਨੈਸ਼ਨਲ ਕੈਂਸਰ ਕੰਟਰੋਲ ਸੰਸਥਾ ਨੇ ਲੋਕਾਂ ਵਿੱਚ ਕੈਂਸਰ ਪ੍ਰਤੀ ਜਾਗਰੂਕਤਾ, ਰੋਗ ਦੀ ਪਹਿਚਾਣ, ਇਲਾਜ ਅਤੇ ਰੋਕਥਾਮ ਸੰਬੰਧੀ ਸੰਨ 2008 ਵਿੱਚ 04 ਫਰਵਰੀ ਨੂੰ ਵਿਸ਼ਵ ਕੈਂਸਰ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਸੀ। ਇਹ ਸੰਸਥਾ ਵਿਸ਼ਵ ਸਿਹਤ ਸੰਗਠਨ ਅਤੇ ਬਾਕੀ ਦੇਸ਼ਾਂ ਦੀਆਂ ਸੰਸਥਾਵਾਂ ਨਾਲ ਮਿਲ ਕੇ ਕੈਂਸਰ ਦੀ ਰੋਕਥਾਮ ਅਤੇ ਲੋਕਾਂ ਵਿੱਚ ਜਾਗਰੂਕਤਾ ਹਿੱਤ ਤਤਪਰ ਹੈ। ਅਗਰ ਸਮਾ ਰਹਿੰਦੇ ਇਸ ਦਾ ਇਲਾਜ ਤੇ ਜਾਗਰੂਕਤਾ ਨਾ ਫੈਲਾਈ ਗਈ ਤਾਂ ਲੱਖਾਂ ਲੋਕ ਇਸ ਦੀ ਲਪੇਟ 'ਚ ਹਨ ਤੇ ਕਈ ਗੁਣਾਂ ਲੋਕ ਇਸ ਦੀ ਲਪੇਟ 'ਚ ਆ ਜਾਣਗੇ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਸੰਨ 2018 ਵਿੱਚ 11.6 ਲੱਖ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਪਹਿਚਾਣ ਹੋਈ ਸੀ, ਜਿਸ ਵਿੱਚੋਂ 7.84 ਲੱਖ ਮਰੀਜ਼ਾਂ ਦੀ ਮੌਤ ਹੋਈ ਹੈ। ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ 10 ਭਾਰਤੀਆਂ ਵਿੱਚੋਂ ਇੱਕ ਆਪਣੀ ਜ਼ਿੰਦਗੀ 'ਚ ਕੈਂਸਰ ਦਾ ਸ਼ਿਕਾਰ ਹੁੰਦਾ ਹੈ ਅਤੇ ਹਰ 15 ਵਿੱਚੋਂ 1 ਭਾਰਤੀ ਕੈਂਸਰ ਦਾ ਸਹੀ ਇਲਾਜ ਨਾ ਮਿਲਣ ਕਾਰਨ ਮੌਤ ਦੇ ਮੂੰਹ ਵਿੱਚ ਚਲਾ ਜਾਂਦਾ ਹੈ। ਭਾਰਤ ਵਿੱਚ ਕੈਂਸਰ ਦੇ ਪ੍ਰਕੋਪ ਦਾ ਮੁੱਖ ਕਾਰਨ ਤੰਬਾਕੂ ਸੇਵਨ ਮੰਨਿਆ ਗਿਆ ਹੈ। ਦੁਨੀਆਂ ਦੇ 50 ਫ਼ੀਸਦੀ ਤੰਬਾਕੂ ਦਾ ਸੇਵਨ ਧੂੰਏਂ ਦੇ ਰੂਪ ਵਿੱਚ ਕਰਨ ਵਾਲੇ ਪੁਰਸ਼ ਚੀਨ, ਭਾਰਤ, ਇੰਡੋਨੇਸ਼ੀਆ ਇਨ੍ਹਾਂ ਮੁਲਕਾਂ 'ਚ ਰਹਿੰਦੇ ਹਨ। ਭਾਰਤ ਵਿੱਚ 16.4 ਕਰੋੜ ਧੂੰਆਂ ਰਹਿਤ ਤੰਬਾਕੂ ਸੇਵਨ ਕਰਤਾ, 6.9 ਕਰੋੜ ਲੋਕ ਤੰਬਾਕੂ ਸੇਵਨ ਧੂੰਏਂ ਵਿਧੀ ਰਾਹੀਂ ਕਰਦੇ ਹਨ, ਜਦਕਿ 4.2 ਕਰੋੜ ਲੋਕ ਤੰਬਾਕੂ ਸੇਵਨ ਧੂੰਏਂ ਵਿਧੀ ਰਾਹੀਂ ਅਤੇ ਮੂੰਹ ਰਾਹੀਂ ਚਬਾ ਕੇ ਕਰਦੇ ਹਨ। ਨੈਸ਼ਨਲ ਇੰਸਟੀਚਿਊਟ ਆਫ ਹੈੱਲਥ ਐਂਡ ਫੈਮਿਲੀ ਵੈਲਫੇਅਰ ਅਨੁਸਾਰ ਆਲਮੀ ਪੱਧਰ 'ਤੇ ਕੁੱਲ ਮੂੰਹ ਦੇ ਕੈਂਸਰ ਦਾ 86 ਫ਼ੀਸਦੀ ਭਾਰਤ ਵਿੱਚ ਹੈ ਅਤੇ 90 ਫ਼ੀਸਦੀ ਮੂੰਹ ਦੇ ਕੈਂਸਰ ਦਾ ਕਾਰਨ ਤੰਬਾਕੂ ਹੈ। ਕਿਦਵਈ ਇੰਸਟੀਚਿਊਟ ਆਫ ਆਨਕੋਲੌਜੀ ਦੇ ਕੈਂਸਰ ਵਿਭਾਗ ਦੇ ਮੁਖੀ ਡਾ. ਸੀ ਰਮੇਸ਼ ਅਨੁਸਾਰ ਭਾਰਤ 'ਚ ਔਸਤਨ ਹਰ ਸਾਲ ਸੱਤ ਲੱਖ ਤੋਂ ਜਿਆਦਾ ਕੈਂਸਰ ਦੇ ਨਵੇਂ ਮਰੀਜ਼ ਸਾਹਮਣੇ ਆਉਂਦੇ ਹਨ ਅਤੇ ਔਸਤਨ 3.5 ਲੱਖ ਲੋਕ ਕੈਂਸਰ ਕਰਕੇ ਮਰਦੇ ਹਨ। ਨਵੇਂ ਸੱਤ ਲੱਖ ਮਰੀਜਾਂ 'ਚੋਂ 2.3 ਲੱਖ ਭਾਵ 33 ਫ਼ੀਸਦੀ ਲੋਕਾਂ ਵਿੱਚ ਕੈਂਸਰ ਤੰਬਾਕੂ ਕਰਕੇ ਹੁੰਦਾ ਹੈ। ਔਰਤਾਂ ਵਿੱਚ ਛਾਤੀ ਅਤੇ ਬੱਚੇਦਾਨੀ ਦਾ ਕੈਂਸਰ ਬਹੁਤ ਜਿਆਦਾ ਹੈ। ਇੱਕ ਅੰਦਾਜ਼ੇ ਮੁਤਾਬਕ ਭਾਰਤ ਵਿੱਚ ਔਰਤਾਂ 'ਚ ਛਾਤੀ ਦੇ ਕੈਂਸਰ ਦੇ ਮਰੀਜ਼ ਸੰਨ 2025 ਤੱਕ ਦੁੱਗਣੇ ਹੋ ਜਾਣਗੇ। ਅਗਲੇ ਵੀਹ ਸਾਲਾਂ ਤੱਕ ਦੇਸ਼ 'ਚ ਕੈਂਸਰ ਦੇ ਮਰੀਜ਼ ਵੀ ਦੁੱਗਣੇ ਹੋ ਜਾਣਗੇ।

ਕੈਂਸਰ ਸਮੁੱਚੀ ਮਨੁੱਖਤਾ ਨੂੰ ਘੁਣ ਵਾਂਗ ਖਾ ਰਿਹਾ ਹੈ। ਬਦਲਵੇਂ ਜ਼ਿੰਦਗੀ ਜਿਉਣ ਦੇ ਢੰਗ ਨੇ ਕੈਂਸਰ ਅਤੇ ਹੋਰ ਬੀਮਾਰੀਆਂ 'ਚ ਅਥਾਹ ਵਾਧਾ ਕੀਤਾ ਹੈ। ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਨੇ ਕੈਂਸਰ ਆਦਿ ਖਤਰਨਾਕ ਬੀਮਾਰੀਆਂ ਨੂੰ ਜਨਮ ਦਿੱਤਾ ਹੈ। ਓਜ਼ੋਨ ਪਰਤ ਦੀ ਘਣਤਾ ਪਤਲੀ ਹੋਣ ਕਾਰਨ (ਓਜ਼ੋਨ ਛੇਕ) ਪਰਾਵੈਂਗਣੀ ਕਿਰਨਾਂ ਧਰਤੀ 'ਤੇ ਪਹੁੰਚ ਰਹੀਆਂ ਹਨ ਜੋ ਚਮੜੀ ਦਾ ਕੈਂਸਰ ਅਤੇ ਅੰਨ੍ਹੇਪਣ ਲਈ ਜ਼ਿੰਮੇਵਾਰ ਹਨ। ਖੇਤੀ ਖੇਤਰ ਵਿੱਚ ਅੰਨੇਵਾਹ ਰਸਾਇਣਕ ਖਾਦਾਂ ਦੀ ਵਰਤੋਂ,ਉਦਯੋਗਾਂ ਅਤੇ ਵਾਹਨਾਂ ਦੇ ਪ੍ਰਦੂਸ਼ਣ ਦੇ ਨਾਲ ਨਾਲ ਮੋਬਾਇਲ ਫ਼ੋਨ ਦੀਆਂ ਤਰੰਗਾਂ ਵੀ ਕੈਂਸਰ ਲਈ ਜ਼ਿੰਮੇਵਾਰ ਹਨ। ਸੁਰੱਖਿਆ ਸਾਜ਼ੋ-ਸਮਾਨ ਅਤੇ ਵਿਗਿਆਨਕ ਪ੍ਰਯੋਗਾਂ ਦੇ ਈ ਕਚਰੇ ਨੇ ਵੀ ਵਾਤਾਵਰਨ ਨੂੰ ਦੂਸ਼ਿਤ ਕੀਤਾ ਹੈ ਅਤੇ ਖ਼ਤਰਨਾਕ ਤੱਤਾਂ ਦੇ ਰਿਸਾਅ ਕਾਰਨ ਲੋਕ ਕੈਂਸਰ ਦੀ ਪਕੜ ਹੇਠਾਂ ਆ ਰਹੇ ਹਨ।

ਇਸ ਬੀਮਾਰੀ ਤੋਂ ਬਚਣ ਲਈ ਸਭ ਤੋਂ ਪਹਿਲਾਂ ਜੀਵਨ ਸ਼ੈਲੀ 'ਚ ਸੁਧਾਰ ਕਰਨਾ ਪਵੇਗਾ, ਚੰਗੀ ਖੁਰਾਕ ਅਤੇ ਨੇਮ ਨਾਲ ਕਸਰਤ ਲਾਜ਼ਮੀ ਹੈ। ਮੋਬਾਇਲ ਫ਼ੋਨ ਦੀ ਵਰਤੋਂ ਸੀਮਤ ਕਰਨੀ ਹੋਵੇਗੀ ਤੇ ਇਸ ਨੂੰ ਸਰੀਰ ਤੋਂ ਦੂਰ ਰੱਖਿਆ ਜਾਵੇ। ਮੋਬਾਇਲ ਫ਼ੋਨ ਦੀ ਖਤਮ ਹੋ ਰਹੀ ਬੈਟਰੀ ਸਮੇਂ ਉਸ ਮੋਬਾਇਲ ਫ਼ੋਨ 'ਤੇ ਗੱਲ ਕਰਨ ਤੋਂ ਪ੍ਰਹੇਜ਼ ਕੀਤਾ ਜਾਵੇ, ਕਿਉਂਕਿ ਉਸ ਸਮੇ ਉਸ ਮੋਬਾਇਲ ਫ਼ੋਨ ਵਿੱਚੋਂ ਬਹੁਤ ਖ਼ਤਰਨਾਕ ਕਿਰਨਾਂ ਦਾ ਰਿਸਾਅ ਹੁੰਦਾ ਹੈ। ਤੰਬਾਕੂ, ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਪ੍ਰਹੇਜ਼ ਕੀਤਾ ਜਾਣਾ ਚਾਹੀਦਾ ਹੈ। ਨਿਯਮਤ ਡਾਕਟਰੀ ਜਾਂਚ ਜਰੂਰੀ ਹੈ, ਤਾਂ ਜੋ ਬੀਮਾਰੀ ਨੂੰ ਸਮੇ ਸਿਰ ਫੜਿਆ ਜਾ ਸਕੇ ਅਤੇ ਸਹੀ ਇਲਾਜ ਹੋ ਸਕੇ।

ਅਗਰ ਕੈਂਸਰ ਦੀ ਪਹਿਚਾਣ ਸ਼ੁਰੂਆਤੀ ਦੌਰ 'ਚ ਹੋ ਜਾਵੇ ਤਾਂ ਸਹੀ ਇਲਾਜ ਨਾਲ ਮਰੀਜ਼ ਸਧਾਰਨ ਜ਼ਿੰਦਗੀ ਜਿਉਣ ਦੇ ਕਾਬਿਲ ਹੋ ਜਾਂਦਾ ਹੈ। ਇਹ ਬੀਮਾਰੀ ਸੰਕ੍ਰਮਣ ਨਾਲ ਨਹੀਂ ਫੈਲਦੀ ਤੇ ਕੈਂਸਰ ਪ੍ਰਤੀ ਪਾਏ ਜਾਦੇ ਜਾਂਦੇ ਵਹਿਮਾਂ-ਭਰਮਾਂ ਨੂੰ ਛੱਡ ਕੇ ਸਹੀ ਇਲਾਜ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਅਜੋਕੇ ਸਮੇ ਅੰਦਰ ਕੈਂਸਰ ਦੇ ਇਲਾਜ ਵਿੱਚ ਮੈਡੀਕਲ ਖੇਤਰ 'ਚ ਕ੍ਰਾਂਤੀ ਆਈ ਹੈ ਸਰਜਰੀ, ਰੇਡੀਏਸ਼ਨ ਥਰੈਪੀ ਅਤੇ ਕੀਮੋਥਰੈਪੀ (ਦਵਾਈਆਂ ਰਾਹੀਂ ਇਲਾਜ) ਆਦਿ ਤਰੀਕਿਆਂ ਨਾਲ ਕੈਂਸਰ ਦਾ ਇਲਾਜ ਕੀਤਾ ਜਾਂਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਕੈਂਸਰ ਦੇ ਇਲਾਜ ਲਈ ਜਨਤਕ ਸਿਹਤ ਸਹੂਲਤਾਂ ਦਾ ਦਰੁਸਤ ਪ੍ਰਬੰਧ ਕੀਤਾ ਜਾਵੇ, ਤਾਂ ਜੋ ਗ਼ਰੀਬ ਲੋਕ ਵੀ ਆਪਣਾ ਇਲਾਜ ਕਰਵਾ ਸਕਣ। ਸਸਤੇ ਭਾਅ 'ਤੇ ਦਵਾਈਆਂ ਉਪਲੱਬਧ ਕਰਵਾਈਆਂ ਜਾਣ। ਤੜਫ਼ ਰਹੇ ਕੈਂਸਰ ਮਰੀਜ਼ਾਂ ਦੀ ਸਾਰ ਲਈ ਜਾਵੇ।

**# ਸੰਪਰਕ : 95173-96001**

# ਪੰਜਾਬ ਦੀਆਂ ਜਲਗਾਹਾਂ ਤੇ ਦਰਿਆਵਾਂ ਨੂੰ ਬਚਾਉਣ ਲਈ ਸਰਕਾਰ ਜਲਦ ਉੱਦਮ ਕਰੇ : ਵਾਤਾਵਰਨ ਕਾਰਕੁਨ

**ਵਿਸ਼ਵ ਵੈੱਟਲੈਂਡ ਦਿਵਸ ਮੌਕੇ ਬਿਆਸ ਬੇੜਾ ਯਾਤਰਾ ਰਾਹੀਂ ਹਰੀਕੇ ਤੋਂ ਸੰਦੇਸ਼**




**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਵਾਤਾਵਰਨ ਕਾਰਕੁਨਾਂ ਵੱਲੋਂ ਵਿਸ਼ਵ ਜਲਗਾਹ ਦਿਵਸ ਮੌਕੇ ਹਰੀਕੇ ਪੱਤਣ ਵਿਖੇ ਕੁਦਰਤ ਦੀ ਸੈਰ ਤੇ ਬੇੜਾ ਯਾਤਰਾ ਰਾਹੀਂ ਸਰਕਾਰ ਨੂੰ ਇਹ ਸੰਦੇਸ਼ ਦਿੱਤਾ ਗਿਆ ਕਿ ਪੰਜਾਬ ਦੇ ਦਰਿਆ, ਜਲਗਾਹਾਂ ਤੇ ਜੈਵ ਵਿਭਿੰਨਤਾ ਨੂੰ ਬਚਾਉਣ ਲਈ ਵੱਡੇ ਅਤੇ ਸਖ਼ਤ ਉਪਰਾਲਿਆਂ ਦੀ ਲੋੜ ਹੈ।ਉਨ੍ਹਾਂ ਸਰਕਾਰ ਨੂੰ ਵਾਤਾਵਰਨ ਮਾਹਰਾਂ ਤੇ ਕਾਰਕੁਨਾਂ ਨਾਲ ਮਿਲ ਕੇ ਕੁਦਰਤ ਦੀਆਂ ਇਨ੍ਹਾਂ ਬੇਸ਼ਕੀਮਤੀ ਦਾਤਾਂ ਨੂੰ ਬਚਾਉਣ ਲਈ ਉਪਰਾਲੇ ਕਰਨ ਦਾ ਸੰਦੇਸ਼ ਦਿੱਤਾ।ਇਹ ਲਗਾਤਾਰ ਤੀਜਾ ਸਾਲ ਹੈ, ਜਦੋਂ ਭੂਮਿਤ੍ਰ ਅਤੇ ਪੀਏਸੀ ਸਤਲੁਜ, ਮੱਤੇਵਾੜਾ, ਬੁੱਢਾ ਦਰਿਆ ਵੱਲੋਂ ਹਰੀਕੇ ਪੱਤਣ ਵੈੱਟਲੈਂਡ ਦੇ ਨੇੜੇ ਪਿੰਡ ਕਰਮੂਵਾਲ ਵਿਖੇ ਅਜਿਹੀ ਬੇੜਾ ਯਾਤਰਾ ਕੱਢੀ ਗਈ ਹੈ।ਫਰਾਂਸ ਤੋਂ ਉਚੇਚਾ ਇਸ ਬੇੜਾ ਯਾਤਰਾ ਲਈ ਪ੍ਰਦਰਸ਼ਨ ਕਰਨ ਆਈ ਇੱਕ ਹੈਂਡਪੈਨ ਸੰਗੀਤਕਾਰਾਂ ਤੇ ਮਨੋਵਿਗਿਆਨੀ, ਕਲੈਰ ਨਿਕੋਲੇ ਨੇ ਬਿਆਸ ਦਰਿਆ ਵਿੱਚ ਤਰਦੇ ਇਨ੍ਹਾਂ ਬੇੜਿਆਂ ਵਿੱਚ ਬੈਠੇ 100 ਤੋਂ ਵੱਧ ਵਾਤਾਵਰਨ ਪ੍ਰੇਮੀਆਂ ਨੂੰ ਆਪਣੀ ਸੰਗੀਤ ਕਲਾ ਦਾ ਜੌਹਰ ਦਿਖਾਇਆ ਅਤੇ ਨਾਲ ਹੀ ਕੁਦਰਤ ਪ੍ਰੇਮ ਤੇ ਸੰਗੀਤ ਦਾ ਮਨੁੱਖ ਦੀ ਮਨੋਵਿਗਿਆਨਕ ਸਿਹਤ 'ਤੇ ਹੋਣ ਵਾਲੇ ਚੰਗੇ ਪ੍ਰਭਾਵ ਬਾਰੇ ਨੁਕਤੇ ਸਾਂਝੇ ਕੀਤੇ। ਇਨ੍ਹਾਂ ਤੋਂ ਇਲਾਵਾ ਲੋਕ ਢਾਡੀ ਨਵਜੋਤ ਸਿੰਘ ਮੰਡੇਰ ਤੇ ਸਾਥੀ ਵੀ ਇਸ ਪ੍ਰੋਗਰਾਮ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਪੰਜਾਬ ਦੀ ਵਿਰਾਸਤੀ ਗਾਇਕੀ ਦੀਆਂ ਵੰਨਗੀਆਂ ਪੇਸ਼ ਕੀਤੀਆਂ।ਪੰਛੀਆਂ ਦੇ ਮਾਹਰ ਨਵਦੀਪ ਸੂਦ ਨੇ ਸਵੇਰ ਦੀ ਕੁਦਰਤ ਸੈਰ ਦੌਰਾਨ ਵੱਖੋ ਵੱਖਰੀਆਂ ਕਿਸਮਾਂ ਦੇ ਪ੍ਰਵਾਸੀ ਪੰਛੀਆਂ ਤੇ ਹੋਰ ਜੀਵ ਜੰਤੂਆਂ ਬਾਰੇ ਜਾਣਕਾਰੀ ਦਿੱਤੀ।ਫਰਾਂਸ ਦੀ ਸੰਗੀਤਕਾਰਾ ਕਲੈਰ ਨਿਕੋਲੇ ਨੇ ਕਿਹਾ ਕਿ ਹਰੀਕੇ ਕਮਾਲ ਦੀ ਕੁਦਰਤੀ ਥਾਂ ਹੈ, ਜਿੱਥੇ ਪ੍ਰਵਾਸੀ ਪੰਛੀਆਂ ਦੀ ਅਦੁੱਤੀ ਵਿਭਿੰਨਤਾ ਨੂੰ ਦੇਖਣ ਦਾ ਮੌਕਾ ਮਿਲਦਾ ਹੈ।ਸਾਇਬੇਰੀਅਨ ਕ੍ਰੇਨ, ਬਾਰ-ਹੈੱਡਡ ਹੰਸ, ਉੱਤਰੀ ਸ਼ੋਵਲਰ ਤੇ ਹੋਰ ਸ਼ਾਨਦਾਰ ਪ੍ਰਜਾਤੀਆਂ ਦੇ ਪੰਛੀ ਸਰਦੀਆਂ ਦੇ ਮੌਸਮ ਵਿੱਚ ਹਜ਼ਾਰਾਂ ਕਿਲੋਮੀਟਰ ਦੀ ਯਾਤਰਾ ਕਰਕੇ ਧਰਤੀ ਦੀ ਦੂਜੇ ਕੋਨੇ ਤੋਂ ਪੰਜਾਬ ਦੇ ਇਸ ਸਥਾਨ 'ਤੇ ਪਹੁੰਚੇ ਹਨ।ਇੱਥੇ ਤਾਜ਼ੇ ਪਾਣੀ ਦੀ ਡੌਲਫਿਨ ਦਾ ਵੀ ਘਰ ਹੈ।ਇਸ ਕੁਦਰਤ ਦੀ ਦਾਤ ਨੂੰ ਬਚਾਉਣਾ ਸਾਡਾ ਸਾਰਿਆਂ ਦਾ ਫਰਜ਼ ਹੈ ਤਾਂ ਕਿ ਭਵਿੱਖ ਦੀਆਂ ਪੀੜ੍ਹੀਆਂ ਇਸ ਅਣਮੁੱਲੀ ਦਾਤ ਤੋਂ ਵਾਂਝੀਆਂ ਨਾ ਹੋ ਜਾਣ।ਪੀਏਸੀ ਦੇ ਜਸਕੀਰਤ ਸਿੰਘ ਨੇ ਕਿਹਾ ਕਿ ਅਸੀਂ ਬੁੱਢਾ ਦਰਿਆ, ਕਾਲਾ ਸੰਘਿਆ ਡਰੇਨ ਤੇ ਚਿੱਟੀ ਵੇਈਂ ਦੇ ਪ੍ਰਦੂਸ਼ਣ ਨੂੰ ਰੋਕ ਕੇ ਹੀ ਸਤਲੁੱਜ ਨੂੰ ਬਿਆਸ ਵਰਗਾ ਤੇ ਸਿਹਤਮੰਦ ਕਰ ਸਕਦੇ ਹਾਂ।ਜਲਗਾਹਾਂ ਤੇ ਦਰਿਆਵਾਂ ਨੂੰ ਬਚਾਉਣ ਲਈ ਪ੍ਰਦੂਸ਼ਣ ਨੂੰ ਜੰਗੀ ਪੱਧਰ 'ਤੇ ਰੋਕਣਾ ਜ਼ਰੂਰੀ ਹੈ ਤਾਂਕਿ ਜੈਵ ਵਿਭਿੰਨਤਾ ਤੋਂ ਇਲਾਵਾ ਪੰਜਾਬ ਤੇ ਰਾਜਸਥਾਨ ਦੇ ਲੋਕਾਂ ਨੂੰ ਵੀ ਜ਼ਹਿਰੀਲੇ ਪਾਣੀ ਦੇ ਕੋੜ੍ਹ ਤੋਂ ਬਚਾਇਆ ਜਾ ਸਕੇ।

ਭੂਮਿਤ੍ਰ ਦੇ ਡਾ. ਸੰਨੀ ਸੰਧੂ, ਜੋ ਫਰਾਂਸ ਵਿੱਚ ਰਹਿੰਦੇ ਹਨ ਨੇ ਕਿਹਾ ਕਿ ਅਸੀਂ ਪੰਜਾਬ ਸਰਕਾਰ ਤੋਂ ਉਮੀਦ ਕਰਦੇ ਹਾਂ ਕਿ ਉਹ ਜਲਦ ਹੀ ਵਾਤਾਵਰਨ ਲਈ ਕੁੱਝ ਠੋਸ ਉਪਰਾਲੇ ਕਰਨਗੇ।ਅਗਲੇ ਸਾਲ ਵੀ ਇਹ ਪ੍ਰੋਗਰਾਮ ਕਰਾਂਗੇ ਤੇ ਆਸ ਕਰਦੇ ਹਾਂ ਉਦੋਂ ਤੱਕ ਸਰਕਾਰ ਮਾਹਰਾਂ ਤੇ ਕਾਰਕੁਨਾਂ ਨਾਲ ਰਾਬਤਾ ਕਰਕੇ ਇਸ ਬਾਰੇ ਗੱਲ ਨੂੰ ਸੁਹਿਰਦਤਾ ਨਾਲ ਅੱਗੇ ਤੋਰੇਗੀ।

ਹੋਰਨਾਂ ਤੋਂ ਇਲਾਵਾ ਸਮਾਗਮ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਬਹਿਰੀਨ ਤੋਂ ਜੀਨੇਟ ਸੈਟਪੇਲ, ਤਰਨ ਤਾਰਨ ਤੋਂ ਡਾ: ਜਸਪ੍ਰੀਤ ਸਿੰਘ, ਹਰੀਕੇ ਤੋਂ ਸਰਪੰਚ ਇਕਬਾਲ ਸਿੰਘ, ਪੀਏਸੀ ਮੱਤੇਵਾੜਾ ਤੋਂ ਗੁਰਪ੍ਰੀਤ ਸਿੰਘ ਪਲਾਹਾ, ਸਮਿਤਾ ਕੌਰ, ਮੋਹਿਤ ਸੱਗੜ, ਮੂਨਸਟਾਰ ਕੌਰ, ਸਵਰਨਜੀਤ ਕੌਰ, ਰਿਤੂ ਮੱਲ੍ਹਣ ਆਦਿ ਸ਼ਾਮਲ ਸਨ।

# ਬੇਗੋਵਾਲ ਦੇ ਨੌਜੁਆਨਾਂ ਚਾਈਨਾ ਡੋਰ ਇਕੱਠੀ ਕਰਕੇ ਸਾੜੀ

**ਬਸੰਤ ਪੰਚਮੀ ਮੌਕੇ ਖੂਬ ਵਿਕੀ ਚਾਈਨਾ ਡੋਰ**



**ਦੋਰਾਹਾ (ਹਰਮਿੰਦਰ ਸੇਠ)**-ਬਸੰਤ ਪੰਚਮੀ ਦੇ ਤਿਉਹਾਰ ਮੌਕੇ ਪਿੰਡਾਂ ਸਮੇਤ ਸ਼ਹਿਰਾਂ ਦੇ ਘਰਾਂ ਉਪਰ ਬੇਫ਼ਿਕਰ ਹੋ ਕੇ ਨੌਜੁਆਨਾਂ ਨੇ ਚਾਈਨਾ ਡੋਰ ਨਾਲ ਪਤੰਗ ਉਡਾਏ ਤੇ ਉੱਚੀ ਅਵਾਜ਼ ਵਿੱਚ ਸਪੀਕਰ ਲਾ ਕੇ ਹੁੜਦੰਗ ਮਚਾਇਆ।ਪੁਲਸ ਵੱਲੋਂ ਚਾਈਨਾ ਡੋਰ ਦੀ ਸੂਚਨਾ ਦੇਣ ਵਾਲੇ ਨੂੰ ਇਨਾਮ ਦੇਣ ਦੇ ਲਾਲਚ ਨੇ ਵੀ ਪੁਲਸ ਦੇ ਕਿਸੇ ਹੁਕਮ ਦੀ ਪ੍ਰਵਾਹ ਨਹੀਂ ਕੀਤੀ, ਬਲਕਿ ਬੱਚੇ ਤੇ ਨੌਜੁਆਨਾਂ ਨੇ ਸਰੇਆਮ ਚਾਈਨਾ ਡੋਰ ਦੀ ਦੁਰਵਰਤੋਂ ਕਰਦਿਆਂ ਹਰ ਰਸਤੇ 'ਤੇ ਚਾਈਨਾ ਡੋਰ ਦਾ ਜਾਲ ਵਿਛਾ ਕੇ ਰੱਖ ਦਿੱਤਾ। ਸਵੇਰ ਤੋਂ ਲੈ ਕੇ ਸ਼ਾਮ ਤੱਕ ਘਰਾਂ ਦੀਆਂ ਛੱਤਾਂ 'ਤੇ ਖੂਨੀ ਚਾਈਨਾ ਡੋਰ ਨਾਲ ਪਤੰਗ ਉਡਾਏ ਗਏ ਅਤੇ ਦੋਰਾਹਾ ਸ਼ਹਿਰ ਅੰਦਰ ਇੱਕ ਵਿਅਕਤੀ ਦੇ ਇਸ ਚਾਈਨਾ ਡੋਰ ਨਾਲ ਗੰਭੀਰ ਜ਼ਖਮੀ ਹੋ ਜਾਣ ਦਾ ਸਮਾਚਾਰ ਵੀ ਮਿਲਿਆ ਹੈ।ਫਿਰ ਵੀ ਪੁਲਸ ਨਦਾਰਦ ਰਹੀ। ਦੂਜੇ ਪਾਸੇ ਇਸ ਡੋਰ ਤੋਂ ਬਚਾਅ ਕਰਨ ਲਈ ਨੇੜਲੇ ਪਿੰਡ ਬੇਗੋਵਾਲ ਦੇ ਨੌਜੁਆਨਾਂ ਨੇ ਥਾਂ ਥਾਂ ਲਟਕ ਰਹੀ ਜਾਂ ਗਲੀਆਂ, ਰਸਤਿਆਂ ਵਿੱਚ ਪਈ ਚਾਈਨਾ ਡੋਰ ਨੂੰ ਇਕੱਠੀ ਕਰਕੇ ਸਾੜ ਦਾ ਉਪਰਾਲਾ ਕੀਤਾ ਤਾਂ ਜੋ ਕਿਸੇ ਰਾਹਗੀਰ ਜਾਂ ਪੰਛੀ ਦਾ ਨੁਕਸਾਨ ਹੋਣੋਂ ਰੋਕਿਆ ਜਾ ਸਕੇ।ਛੱਪੜ ਵਿੱਚ ਡਿੱਗੀ ਖੂਨੀ ਡੋਰ ਨਾਲ ਮੱਛੀਆਂ ਦਾ ਵੀ ਨੁਕਸਾਨ ਹੋ ਸਕਦਾ ਸੀ।ਡੋਰ ਇਕੱਠੀ ਕਰਕੇ ਸਾੜ ਰਹੇ ਨੌਜੁਆਨ ਕੁਲਵੰਤ ਸਿੰਘ ਕਾਂਤੀ, ਫੌਜੀ ਗੁਰਮੇਲ ਸਿੰਘ, ਗੁਰਮੀਤ ਸਿੰਘ ਗੰਜਾ, ਫੌਜੀ ਅਜਮੇਰ ਸਿੰਘ, ਜਸਪ੍ਰੀਤ ਸਿੰਘ ਬਿੱਲਾ ਤੇ ਨੂਰ ਮੁਹੰਮਦ ਨੇ ਕਿਹਾ ਕਿ ਸਾਨੂੰ ਇਸ ਖ਼ੂਨੀ ਡੋਰ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ।ਇਸ ਲਈ ਅਸੀਂ ਇਸ ਡੋਰ ਨੂੰ ਇਕੱਠੀ ਕਰਕੇ ਸਾੜਨ ਦਾ ਕਦਮ ਚੁੱਕਿਆ ਹੈ।ਜਦੋਂ ਨੌਜੁਆਨਾਂ ਨੂੰ ਡੋਰ ਵੇਚਣ ਦੀ ਜਾਣਕਾਰੀ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਸਰਕਾਰ ਦੇ ਹੁਕਮ ਲਾਗੂ ਨਹੀਂ ਹੋਏ।ਬਸੰਤ ਪੰਚਮੀ ਮੌਕੇ ਖੂਬ ਵਿਕ ਰਹੀ ਚਾਈਨਾ ਡੋਰ ਪ੍ਰਤੀ ਪਿੰਡਾਂ 'ਚ ਪੁਲਸ ਦਾ ਪ੍ਰਭਾਵ ਦਿਖਾਈ ਨਹੀਂ ਦਿੱਤਾ।

# 307 ਦੇ ਪਰਚਿਆਂ ਵਿਰੁੱਧ 11 ਨੂੰ ਵਿਸ਼ਾਲ ਰੋਸ ਰੈਲੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂਆਂ ਨੇ ਆਖਿਆ ਕਿ 5 ਜਨਵਰੀ 2022 ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜ਼ਪੁਰ ਰੈਲੀ ਸਮੇਂ ਕਿਸਾਨ ਜਥੇਬੰਦੀਆਂ ਵੱਲੋਂ ਡੀ ਸੀ ਹੈੱਡਕੁਆਰਟਰਾਂ 'ਤੇ ਵਿਰੋਧ ਪ੍ਰਦਰਸ਼ਨ ਕਰਨ ਦੀ ਕਾਲ ਦਿੱਤੀ ਗਈ ਸੀ, ਜਿਸ ਕਰਕੇ ਮੋਗਾ ਫਿਰੋਜ਼ਪੁਰ ਰੋਡ 'ਤੇ ਡੀ ਸੀ ਦਫਤਰ ਵੱਲ ਜਾ ਰਹੇ ਜਥੇ ਨੂੰ ਪਿਆਰੇਆਣੇ ਕੋਲ ਪੁਲਸ ਵੱਲੋਂ ਰੋਕਿਆ ਗਿਆ, ਜਿਸ ਕਾਰਨ ਹੋਰ ਵੀ ਟ੍ਰੈਫਿਕ ਜਾਮ ਹੋ ਗਿਆ ਤੇ ਕਿਸਾਨ ਰੋਸ ਵਜੋਂ ਉਥੇ ਹੀ ਧਰਨੇ 'ਤੇ ਬੈਠ ਗਏ।ਧਰਨਾ ਕਰੀਬ ਸ਼ਾਮ ਚਾਰ ਵਜੇ ਤੱਕ ਚੱਲਦਾ ਰਿਹਾ।ਧਰਨੇ ਦੀ ਸਮਾਪਤੀ ਤੋਂ ਬਾਅਦ ਕਿਸਾਨਾਂ ਨੂੰ ਪਤਾ ਲੱਗਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਉਨ੍ਹਾਂ ਤੋਂ ਤਕਰੀਬਨ ਡੇਢ ਕਿਲੋਮੀਟਰ ਪਿੱਛੇ ਜਾਮ ਵਿੱਚ ਰੁਕ ਕੇ ਵਾਪਸ ਚਲਾ ਗਿਆ। ਜਾਣ ਸਮੇਂ ਏਅਰਪੋਰਟ ਤੇ ਆਧਿਕਾਰੀਆਂ ਨੂੰ ਆਖ ਗਏ ਕਿ ਆਪਣੇ ਮੁੱਖ ਮੰਤਰੀ ਨੂੰ ਆਖ ਦਿਓ ਮੈਂ ਜਾਨ ਬਚਾ ਕੇ ਵਾਪਸ ਆ ਗਿਆ।ਉਸ ਸਮੇਂ ਦੇ ਮੁੱਖ ਮੰਤਰੀ ਨੇ ਸਾਫ ਆਖਿਆ ਸੀ ਕਿ ਪ੍ਰਧਾਨ ਮੰਤਰੀ ਨੂੰ ਕਿਸੇ ਨੇ ਕੁਝ ਨਹੀ ਆਖਿਆ।ਕੋਈ ਵੀ ਉਨ੍ਹਾਂ ਦੇ ਕੋਲ ਨਹੀਂ ਗਿਆ।ਉਸ ਸਮੇਂ ਪੁਲਸ ਪ੍ਰਸ਼ਾਸਨ ਵੱਲੋਂ ਧਾਰਾ 283 ਤਹਿਤ ਕਿਸਾਨਾਂ ਨੂੰ ਜਮਾਨਤਾਂ ਦੇ ਦਿੱਤੀਆਂ ਗਈਆਂ, ਪਰ ਹੁਣ ਜਦੋਂ ਸ਼ੰਭੂ, ਖਨੌਰੀ ਕਿਸਾਨਾਂ ਦਾ ਅੰਦੋਲਨ ਚੱਲ ਰਿਹਾ ਹੈ ਤਾਂ ਜੁਰਮ ਵਿੱਚ ਵਾਧਾ ਕਰਕੇ ਕਈ ਹੋਰ ਧਾਰਾਵਾਂ ਸਮੇਤ ਕਿਸਾਨਾਂ ਤੇ 307 ਇਰਾਦਾ ਕਤਲ ਦੀ ਧਾਰਾ ਲਾ ਦਿੱਤੀ ਗਈ ਹੈ।ਆਗੂਆਂ ਨੇ ਆਖਿਆ ਕਿ ਜੁਰਮ ਵਿੱਚ ਵਾਧਾ 20 ਦਸੰਬਰ 2022 ਨੂੰ ਹੀ ਕਰ ਦਿੱਤਾ ਗਿਆ ਸੀ, ਪਰ ਪਰਚਾ ਨੱਪ ਕੇ ਰੱਖ ਛੱਡਿਆ।ਕੋਈ ਵੀ ਜਾਂਚ ਪੜਤਾਲ ਕੀਤੇ ਬਿਨਾਂ ਹੀ ਕਿਸਾਨਾਂ ਨੂੰ ਫਸਾਇਆ ਜਾ ਰਿਹਾ ਹੈ।ਇਸ ਸਬੰਧੀ ਜਥੇਬੰਦੀਆਂ ਵੱਲੋਂ 11 ਫਰਵਰੀ ਨੂੰ ਐੱਸ ਐੱਸ ਪੀ ਫਿਰੋਜ਼ਪੁਰ ਅੱਗੇ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ।ਕਿਸਾਨ ਮਜ਼ਦੂਰ ਆਗੂਆਂ ਵੱਲੋਂ ਸਮੂਹ ਇਨਸਾਫ ਪਸੰਦ ਜਥੇਬੰਦੀਆਂ ਨੂੰ ਇਸ ਧੱਕੇ ਵਿਰੋਧ ਸੰਘਰਸ਼ ਦੀ ਹਮਾਇਤ ਕਰਨ ਦੀ ਅਪੀਲ ਕੀਤੀ।

## ਕਾਤਰਾਂ

### ਧੋਖਾਧੜੀ ਦੇ ਦੋਸ਼ 'ਚ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਪੁਲਸ ਵੱਲੋਂ ਵੇਚੀ ਫ਼ਸਲ ਦੀ ਬਣਦੀ ਰਕਮ ਨਾ ਅਦਾ ਕਰਕੇ ਵਿਸ਼ਵਾਸ਼ਘਾਤ ਅਤੇ ਧੋਖਾਧੜੀ ਕਰਨ ਦੇ ਦੋਸ਼ ਵਿਚ ਇਕ ਵਿਅਕਤੀ ਦੇ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐਚ.ਸੀ. ਅਮਨਦੀਪ ਸਿੰਘ ਨੇ ਦੱਸਿਆ ਕਿ ਇੱਕ ਦਰਖਾਸਤ ਨੰਬਰ 878-ਸਪੈਸ਼ਲ-ਪੀ.ਸੀ. ਮਿਤੀ 22-06-2024 ਨੂੰ ਕੇਵਲ ਕ੍ਰਿਸ਼ਨ ਪੁੱਤਰ ਚਿਮਨ ਲਾਲ ਵਾਸੀ ਜਲਾਲਾਬਾਦ ਵੱਲੋਂ ਦਿੱਤੀ ਗਈ ਸੀ। ਇਸ ਦਰਖਾਸਤ ਦੀ ਪੁਲਸ ਵੱਲੋਂ ਕੀਤੀ ਗਈ ਪੜਤਾਲ ਦੇ ਦੌਰਾਨ ਸ਼ਿਕਾਇਤਕਰਤਾ ਕੇਵਲ ਕ੍ਰਿਸ਼ਨ ਵੱਲੋਂ ਪੇਸ਼ ਕੀਤੇ ਰਿਕਾਰਡ ਤੇ ਆਪਣੇ ਬਿਆਨ ਦਰਜ ਕਰਾਏ, ਜਿਸ ਵਿੱਚ ਸ਼ਿਕਾਇਤਕਰਤਾ ਕੇਵਲ ਕ੍ਰਿਸ਼ਨ ਨੇ ਬਿਆਨ ਦਰਜ ਕਰਾਇਆ ਕਿ ਵਿਜੈ ਕੁਮਾਰ ਪੁੱਤਰ ਅਮਰ ਲਾਲ ਮਾਲਕ ਜੇ.ਜੀ. ਫੂਡ ਫਾਰਮ ਗਾਂਧੀ ਨਗਰ ਘੁਬਾਇਆ ਨੇ ਸਾਲ 2013 ਤੋਂ 2017 ਤੱਕ ਫ਼ਸਲਾਂ ਦੀ ਖਰੀਦ ਕਰਕੇ ਉਸ ਦੀ ਬਣਦੀ ਰਕਮ ਨਾ ਅਦਾ ਕਰਕੇ ਵਿਸ਼ਵਾਸਘਾਤ ਅਤੇ ਧੋਖਾਧੜੀ ਕੀਤੀ ਗਈ ਹੈ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਦੱਈ ਕੇਵਲ ਕ੍ਰਿਸ਼ਨ ਦੇ ਬਿਆਨਾਂ ਦੇ ਅਧਾਰ ਤੇ ਵਿਜੈ ਕੁਮਾਰ ਪੁੱਤਰ ਅਮਰ ਲਾਲ ਔਨਰ ਜੇ.ਜੀ. ਫੂਡ ਫਾਰਮ ਗਾਂਧੀ ਨਗਰ ਘੁਬਾਇਆ ਦੇ ਖਿਲਾਫ਼ ਮੁਕੱਦਮਾ ਨੰਬਰ 12 ਮਿਤੀ 01-02-2025 ਨੂੰ ਧਾਰਾ 406 ਤੇ 420 ਆਈ ਪੀ ਸੀ ਤਹਿਤ ਦਰਜ ਕੀਤਾ ਗਿਆ ਹੈ।

### ਮੈਰਿਜ ਪੈਲੇਸਾਂ 'ਚ ਅਸਲਾ ਲੈ ਕੇ ਆਉਣ 'ਤੇ ਪਾਬੰਦੀ

**ਮਾਨਸਾ (ਆਤਮਾ ਸਿੰਘ ਪਮਾਰ)**-ਵਧੀਕ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਨਿਰਮਲ ਓਸੇਪਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਮੈਰਿਜ ਪੈਲੇਸਾਂ 'ਚ ਲਾਇਸੰਸੀ ਅਸਲਾ ਲੈ ਕੇ ਆਉਣ 'ਤੇ ਮੁਕੰਮਲ ਪਾਬੰਦੀ ਲਗਾਈ ਹੈ।ਉਨ੍ਹਾ ਕਿਹਾ ਕਿ ਵਿਆਹ ਸ਼ਾਦੀਆਂ ਸਮੇਂ ਮੈਰਿਜ ਪੈਲੇਸਾਂ ਵਿੱਚ ਕੁੱਝ ਲੋਕ ਆਪਣਾ ਲਾਇਸੰਸੀ ਅਸਲਾ ਨਾਲ ਲੈ ਕੇ ਜਾਂਦੇ ਹਨ ਤੇ ਸਮਾਗਮਾਂ ਵਿੱਚ ਸ਼ਰਾਬ ਆਦਿ ਪੀ ਕੇ ਇਕ ਦੂਜੇ ਵਿਅਕਤੀ ਤੋਂ ਹਥਿਆਰ ਖੋਹ ਕੇ ਸਟੇਜ 'ਤੇ ਭੰਗੜਾ ਪਾਉਂਦੇ ਸਮੇਂ ਫਾਇਰ ਕਰਦੇ ਹਨ, ਜੋ ਪੈਲੇਸ ਵਿੱਚ ਮੌਜੂਦ ਲੋਕਾਂ ਦੀ ਜਾਨ ਦਾ ਖਤਰਾ ਬਣ ਜਾਂਦੇ ਹਨ, ਅਜਿਹੀਆਂ ਘਟਨਾਵਾਂ ਵਿੱਚ ਕਈ ਲੋਕ ਆਪਣੀ ਜਾਨ ਗੁਆ ਚੁੱਕੇ ਹਨ।ਇਹ ਹੁਕਮ 31 ਮਾਰਚ 2025 ਤੱਕ ਲਾਗੂ ਰਹੇਗਾ।

### ਨੰਗਰ 'ਚ ਕਬੱਡੀ ਲੀਗ 12 ਤੋਂ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸ਼ਹੀਦ ਭਾਨ ਸਿੰਘ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ 12 ਤੋਂ 14 ਫਰਵਰੀ ਨੂੰ ਪਿੰਡ ਨੰਗਲ (ਮੋਗਾ) ਵਿਖੇ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੀਆਂ 8 ਟੀਮਾਂ ਦੇ ਮੁਕਾਬਲੇ ਹੋਣਗੇ, ਜਿਸ ਵਿੱਚ 12 ਫਰਵਰੀ ਨੂੰ ਕਬੱਡੀ 70 ਕਿਲੋ ਤੇ ਕਬੱਡੀ 55 ਕਿਲੋ ਦੇ ਮੁਕਾਬਲੇ ਕਰਾਏ ਜਾ ਰਹੇ ਹਨ, ਜਿਸ ਵਿੱਚ ਕਬੱਡੀ 70 ਕਿਲੋ ਵਿੱਚ 2 ਕਬੱਡੀ ਖਿਡਾਰੀ ਬਾਹਰੋਂ ਤੇ 55 ਕਿਲੋ ਕਬੱਡੀ ਵਿੱਚੋਂ ਇੱਕ ਖਿਡਾਰੀ ਬਾਹਰੋਂ ਖੇਡ ਸਕਦਾ ਹੈ। ਇਸ ਤੋਂ 55 ਕਿਲੋ ਦੇ ਬੈਸਟ ਰੇਡਰ ਤੇ ਜਾਫੀ ਨੂੰ ਰੇਂਜਰ ਸਾਇਕਲ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਦਰਸ਼ਕਾਂ ਲਈ 50 ਰੇਜਰ ਸਾਇਕਲ ਤੇ 50 ਪੱਖੇ ਕਟੌਤੀ ਤੇ 13 ਫਰਵਰੀ ਨੂੰ ਓਪਰ ਹੋਣਗੇ। ਇਸ ਵਿੱਚ 2 ਖਿਡਾਰੀ ਬਾਹਰੋਂ ਖੇਡ ਸਕਦੇ। ਬੇਸਟ ਰੇਡਰ ਤੇ ਜਾਫ਼ੀ ਨੂੰ ਮੋਟਰਸਾਇਕਲ ਨਾਲ ਸਨਮਾਨਤ ਕੀਤਾ ਜਾਵੇਗਾ।

### ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਸਨਮਾਨ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਐੱਸ ਐੱਸ ਪੀ ਸ੍ਰੀ ਫਤਿਹਗੜ੍ਹ ਸਾਹਿਬ ਡਾ. ਰਵਜੋਤ ਗਰੇਵਾਲ ਵੱਲੋਂ ਸ਼ਹੀਦੀ ਜੋੜ ਮੇਲ ਫਤਿਹਗੜ੍ਹ ਸਾਹਿਬ ਵਿੱਚ ਆਈਆਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀ ਸੇਵਾ ਤੇ ਸੁਰੱਖਿਆ ਲਈ ਬੇਮਿਸਾਲ ਯੋਗਦਾਨ ਪਾਉਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਤ ਕੀਤਾ ਗਿਆ, ਜਿਨ੍ਹਾਂ ਨੇ ਬਹੁਤ ਮਿਹਨਤ ਤੇ ਲਗਨ ਨਾਲ ਆਪਣੀ ਡਿਊਟੀ ਨਿਭਾਈ, ਜਿਸ ਕਰਕੇ ਪੁਲਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਇਸ ਤਰ੍ਹਾਂ ਦੀ ਪ੍ਰੇਰਣਾ ਪੰਜਾਬ ਪੁਲਸ ਨੂੰ ਹੋਰ ਵੀ ਉਤਸ਼ਾਹ ਨਾਲ ਪਬਲਿਕ ਦੀ ਸੇਵਾ ਕਰਨ ਲਈ ਤਿਆਰ ਕਰੇਗੀ।

### ਸਾਲਾਨਾ ਭੰਡਾਰਾ ਤੇ ਮੇਲਾ 6 ਨੂੰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਪਿੰਡ ਰਾਏਸਰ ਪੰਜਾਬ ਵਿਖੇ ਪੀਰ ਗਿਆਰਵੀਂ ਵਾਲੇ ਦੀ ਦਰਗਾਹ ਕਾਲਸਾਂ ਪੱਤੀ 'ਚ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤਾਂ ਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸਾਲਾਨਾ ਭੰਡਾਰਾ ਤੇ ਮੇਲਾ 6 ਫਰਵਰੀ ਨੂੰ ਸ਼ਰਧਾਭਾਵਨਾ ਤੇ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਦੇ ਆਗੂ ਸਤਨਾਮ ਗਿੱਲ, ਕਾਕਾ ਧਾਲੀਵਾਲ, ਬਲਬੀਰ ਗਿੱਲ, ਦੁੱਲਾ ਗਿੱਲ, ਲੱਖੀ ਤੇ ਬਾਬਾ ਜੰਗ ਸਿੰਘ ਦੀਵਾਨਾ, ਜਗਮੋਹਣ ਸ਼ਾਹ, ਅਕਬਰ ਖਾਨ, ਗੁਰਜੀਤ ਧਾਲੀਵਾਲ ਨੇ ਦੱਸਿਆ ਕਿ 6 ਫਰਵਰੀ ਨੂੰ ਸਵੇਰੇ 10 ਵਜੇ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਹੋਵਗੀ।ਉਪਰੰਤ ਮਸ਼ਹੂਰ ਕਵਾਲ ਰਫ਼ੀ ਹਿੰਮਤਪੁਰਾ ਐਂਡ ਪਾਰਟੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ ਗਾਇਕ ਵਿਸ਼ਵਜੀਤ, ਸੋਨੀ ਸਿੰਘ, ਨਵਦੀਪ ਧੌਲਾ, ਚੰਨੀ ਚੱਕ ਵਾਲਾ, ਜਿੰਦ ਜਗਤਾਰ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ।

# ਸੀਵਰੇਜ ਸਿਸਟਮ ਦੇ ਪੱਕੇ ਹੱਲ ਤੋਂ ਸਰਕਾਰ ਤੇ ਪ੍ਰਸ਼ਾਸਨ ਭੱਜੇ : ਆਗੂ

**ਧਰਨੇ ਦੇ 100ਵੇਂ ਦਿਨ 'ਤੇ ਸਰਕਾਰ ਦੀ ਫੂਕੀ ਜਾਵੇਗੀ ਅਰਥੀ**



**ਮਾਨਸਾ (ਆਤਮਾ ਸਿੰਘ ਪਮਾਰ)**

ਸੀਵਰੇਜ ਸਿਸਟਮ ਦੇ ਮਾੜੇ ਪ੍ਰਬੰਧਾਂ ਕਾਰਨ ਸੀਵਰੇਜ ਸੰਘਰਸ਼ ਕਮੇਟੀ ਦੇ ਬੈਨਰ ਹੇਠ ਕੌਂਸਲਰ ਰਾਮਪਾਲ ਸਿੰਘ ਬੱਪੀਆਣਾ, ਸਮਾਜ ਸੇਵੀ ਅਮ੍ਰਿਤਪਾਲ ਗੋਗਾ, ਹੰਸਾ ਸਿੰਘ, ਅਜੀਤ ਸਿੰਘ ਸਰਪੰਚ ਤੇ ਸ਼ਹਿਰ ਦੀਆਂ ਧਾਰਮਿਕ, ਸਮਾਜਿਕ, ਵਪਾਰਕ, ਰਾਜਸੀ, ਜਨਤਕ ਤੇ ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਪੱਕਾ ਧਰਨਾ 99ਵੇਂ ਦਿਨ ਵੀ ਜਾਰੀ ਰਿਹਾ।ਧਰਨੇ ਨੂੰ ਸੰਬੋਧਨ ਕਰਦਿਆਂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ, ਡਾ. ਧੰਨਾ ਮੱਲ ਗੋਇਲ, ਪੱਤਰਕਾਰ ਆਤਮਾ ਸਿੰਘ ਪਮਾਰ, ਮਨਜੀਤ ਸਿੰਘ ਮੀਹਾਂ, ਜਸਵੰਤ ਸਿੰਘ, ਰਤਨ ਭੋਲਾ ਆਦਿ ਆਗੂਆਂ ਨੇ ਕਿਹਾ ਕਿ ਸੀਵਰੇਜ ਸਿਸਟਮ ਦੇ ਪੱਕੇ ਹੱਲ ਤੋਂ ਭੱਜ ਕੇ ਪ੍ਰਸ਼ਾਸਨ ਤੇ ਸਰਕਾਰ ਗੂੜ੍ਹੀ ਸੌਂ ਗਏ ਜਾਪਦੇ ਹਨ, ਜਦੋਂ ਕਿ ਪੀੜਤ ਲੋਕਾਂ ਦੀਆਂ ਨੀਂਦਾਂ ਹਰਾਮ ਹੋਈਆਂ ਪਈਆਂ ਹਨ ਅਤੇ ਉਹ ਸੰਘਰਸ਼ ਦੇ ਰਾਹ 'ਤੇ ਚੱਲਣ ਲਈ ਮਜਬੂਰ ਹਨ।ਆਗੂਆਂ ਨੇ ਕਿਹਾ ਕਿ ਸਰਕਾਰ ਦੀ ਬੇਧਿਆਨੀ ਤੇ ਲਾਪ੍ਰਵਾਹੀ ਖ਼ਿਲਾਫ਼ ਧਰਨੇ ਦੇ 100ਵੇਂ ਦਿਨ ਸੂਬਾ ਸਰਕਾਰ ਦੀ ਅਰਥੀ ਫੂਕ ਕੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਆਗੂਆਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਅਜੇ ਤੱਕ ਵੀ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਸੀਵਰੇਜ ਸਿਸਟਮ ਦੇ ਪੱਕੇ ਹੱਲ ਲਈ ਕੋਈ ਮੀਟਿੰਗ ਤੱਕ ਨਹੀਂ ਕੀਤੀ ਗਈ।ਆਗੂਆਂ ਨੇ ਸ਼ਹਿਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ 4 ਫਰਵਰੀ ਨੂੰ ਠੀਕਰੀਵਾਲਾ ਚੌਕ ਵਿਖੇ ਪੁੱਜ ਕੇ ਸੰਘਰਸ਼ ਵਿੱਚ ਸ਼ਾਮਲ ਹੋਣ।ਧਰਨੇ ਮੌਕੇ ਕਾਮਰੇਡ ਗੁਰਦੇਵ ਸਿੰਘ ਦਲੇਲ ਸਿੰਘ ਵਾਲਾ ਨੇ ਸ਼ਹਿਰੀ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਸੀਵਰੇਜ ਸਿਸਟਮ ਦੇ ਪੱਕੇ ਹੱਲ ਲਈ ਕੇਵਲ ਲੋਕ ਪੱਖੀ ਸੰਘਰਸ਼ ਦਾ ਰਾਹ ਹੀ ਹੈ, ਜੋ ਹਰ ਹੀਲੇ ਜਿੱਤ ਪ੍ਰਾਪਤ ਕਰ ਸਕਦਾ ਹੈ।ਧਰਨੇ ਨੂੰ ਹੋਰਨਾਂ ਤੋਂ ਇਲਾਵਾ ਦਲਵਿੰਦਰ ਸਿੰਘ, ਭੂਸ਼ਨ ਸ਼ਰਮਾ, ਅਜੀਤ ਕੁਮਾਰ ਤੇ ਸਾਬਕਾ ਐੱਮ ਸੀ ਪੰਮੀ ਢੂੰਡਾ ਆਦਿ ਨੇ ਵੀ ਸੰਬੋਧਨ ਕੀਤਾ।

## ਬੱਚੇ 'ਤੇ ਤਸ਼ੱਦਦ ਦਾ ਮਾਮਲਾ, ਬਾਲ ਸੁਰੱਖਿਆ ਕਮਿਸ਼ਨ ਨੇ ਡੀ ਸੀ ਤੇ ਐੱਸ ਐੱਸ ਪੀ ਤੋਂ ਰਿਪੋਰਟ ਮੰਗੀ

**ਪਟਿਆਲ਼ਾ (ਥਿੰਦ, ਜਟਾਣਾ)**-ਪੰਜਾਬ ਰਾਜ ਬਾਲ ਸੁਰੱਖਿਆ ਕਮਿਸ਼ਨ ਨੇ ਪਟਿਆਲਾ 'ਚ 10 ਸਾਲਾ ਬੱਚੇ 'ਤੇ ਤਸ਼ੱਦਦ ਦੇ ਮਾਮਲੇ ਦਾ ਨੋਟਿਸ ਲਿਆ ਹੈ।ਕਮਿਸ਼ਨ ਨੇ ਇਸ ਮਾਮਲੇ ਵਿੱਚ ਪਟਿਆਲਾ ਦੇ ਡੀ ਸੀ ਤੇ ਐੱਸ ਐੱਸ ਪੀ ਤੋਂ ਰਿਪੋਰਟ ਮੰਗੀ ਹੈ।ਕਮਿਸ਼ਨ ਦੇ ਚੇਅਰਮੈਨ ਕੰਵਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਐੱਫ.ਆਈ.ਆਰ. ਦਰਜ ਕਰ ਲਈ ਹੈ।ਹੁਣ ਗੋਦ ਲੈਣ ਦੀ ਪ੍ਰਕਿਰਿਆ ਦੀ ਜਾਂਚ ਕੀਤੀ ਜਾਵੇਗੀ।ਸਾਡੀ ਟੀਮ ਪਟਿਆਲਾ ਜਾ ਰਹੀ ਹੈ।ਮਾਮਲੇ ਵਿੱਚ ਜੁਵੇਨਾਈਲ ਐਕਟ ਦੀਆਂ ਧਾਰਾਵਾਂ ਲਗਾਈਆਂ ਗਈਆਂ ਹਨ।ਇਸ ਤੋਂ ਇਲਾਵਾ ਕਈ ਵਿਭਾਗਾਂ ਤੋਂ ਜਵਾਬ ਮੰਗੇ ਗਏ ਹਨ।

ਜ਼ਿਕਰਯੋਗ ਹੈ ਕਿ ਐਤਵਾਰ ਨੂੰ ਪਟਿਆਲਾ ਦੀ ਰਿਸ਼ੀ ਕਾਲੋਨੀ 'ਚ ਕਿਰਾਏ ਦੇ ਮਕਾਨ 'ਚ ਰਹਿਣ ਵਾਲੀ ਇਕ ਔਰਤ ਵੱਲੋਂ ਜਸਕਰਨ ਨਾਂਅ ਦੇ 10 ਸਾਲਾ ਬੱਚੇ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ, ਬਿਨਾਂ ਛੱਤ ਵਾਲੇ ਕਮਰੇ 'ਚ ਰੱਖਣ ਤੇ ਗਰਮ ਪ੍ਰੈੱਸ ਨਾਲ ਉਸ ਦਾ ਚਿਹਰਾ ਸਾੜ ਕੇ ਉਸ 'ਤੇ ਤਸ਼ੱਦਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਬੱਚੇ ਦਾ ਕਸੂਰ ਸਿਰਫ ਇੰਨਾ ਸੀ ਕਿ ਬੱਚੇ ਨੇ ਗੈਸ ਰੈਗੂਲੇਟਰ ਨੂੰ ਜਗਦਾ ਛੱਡ ਦਿੱਤਾ ਸੀ।

# ਮੋਹਿਤ ਕੁੰਦਰਾ, ਵਨੀਤ ਧੀਰ ਤੇ ਰਾਮਪਾਲ ਦੇ ਮੇਅਰ ਬਣਨ 'ਤੇ ਖੱਤਰੀ ਮਹਾਂ ਸਭਾ ਵੱਲੋਂ ਖੁਸ਼ੀ ਦਾ ਪ੍ਰਗਟਾਵਾ




**ਮੋਗਾ (ਇਕਬਾਲ ਸਿੰਘ ਖਹਿਰਾ)**-ਖੱਤਰੀ ਭਾਈਚਾਰੇ ਨਾਲ ਸੰਬੰਧਤ ਮੋਹਿਤ ਕੁੰਦਰਾ ਦੇ ਮਾਛੀਵਾੜਾ ਨਗਰ ਕੌਂਸਲ ਦੇ ਪ੍ਰਧਾਨ, ਵਨੀਤ ਧੀਰ ਦੇ ਨਗਰ ਨਿਗਮ ਜਲੰਧਰ ਦੇ ਮੇਅਰ ਤੇ ਰਾਮਪਾਲ ਉੱਪਲ ਦੇ ਨਗਰ ਨਿਗਮ ਫਗਵਾੜਾ ਦੇ ਮੇਅਰ ਚੁਣੇ ਜਾਣ ਤੇ ਖੱਤਰੀ ਮਹਾਂ ਸਭਾ ਪੰਜਾਬ ਤੇ ਖੱਤਰੀ ਸਭਾ ਮੋਗਾ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।ਸਥਾਨਕ ਸਰਕਾਰਾਂ ਦੀ ਸੱਤਾ ਵਿੱਚ ਖੱਤਰੀ ਭਾਈਚਾਰੇ ਨੂੰ ਮਿਲੀ ਭਾਗੀਦਾਰੀ 'ਤੇ ਖੁਸ਼ੀ ਸਾਂਝੀ ਕਰਨ ਲਈ ਖੱਤਰੀ ਭਵਨ ਵਿੱਚ ਖੱਤਰੀ ਸਭਾ ਪ੍ਰਧਾਨ ਡਾਕਟਰ ਐਮ ਐਲ ਜੈਦਕਾ ਦੀ ਅਗਵਾਈ ਵਿੱਚ ਖੱਤਰੀ ਸਭਾ ਮੈਂਬਰਾਂ ਦੀ ਇੱਕ ਵੱਡੀ ਇਕੱਤਰਤਾ ਹੋਈ ਇਸ ਵਿੱਚ ਖੱਤਰੀ ਮਹਾਸਭਾ ਪੰਜਾਬ ਦੇ ਪ੍ਰਦੇਸ਼ ਚੀਫ ਪੈਟਰਨ ਬੋਧਰਾਜ ਮਜੀਠੀਆ ਐਡਵੋਕੇਟ, ਪ੍ਰਦੇਸ਼ ਪ੍ਰਧਾਨ ਵਿਜੇ ਧੀਰ ਐਡਵੋਕੇਟ, ਪ੍ਰਦੇਸ਼ ਸੀਨੀਅਰ ਮੀਤ ਪ੍ਰਧਾਨ ਦੀਪਕ ਬੇਦੀ, ਪ੍ਰਦੇਸ਼ ਮੀਤ ਪ੍ਰਧਾਨ ਸਾਬਕਾ ਤਹਿਸੀਲਦਾਰ ਜਸਵੰਤ ਦਾਨੀ ਅਤੇ ਪ੍ਰਦੇਸ਼ ਆਫਿਸ ਸਕੱਤਰ ਬਲਜਿੰਦਰ ਸਿੰਘ ਸਹਿਗਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਮਹਿਲਾ ਖੱਤਰੀ ਸਭਾ ਮੋਗਾ ਦੀ ਕਾਰਜਕਾਰੀ ਪ੍ਰਧਾਨ ਸਾਬਕਾ ਪ੍ਰਿੰਸੀਪਲ ਸੁਮਨ ਮਲਹੋਤਰਾ ਵੀ ਆਪਣੀ ਟੀਮ ਨਾਲ ਸ਼ਾਮਿਲ ਹੋਈ।ਇਸ ਮੌਕੇ ਖਤਰੀ ਮਹਾਸਭਾ ਪੰਜਾਬ ਦੇ ਚੀਫ ਪੈਟਰਨ ਬੋਧਰਾਜ ਮਜੀਠੀਆ ਐਡਵੋਕੇਟ ਤੇ ਪ੍ਰਦੇਸ਼ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਦੱਸਿਆ ਕਿ ਨਗਰ ਕੌਂਸਲ ਮਾਛੀਵਾੜਾ ਦੇ ਚੁਣੇ ਗਏ ਪ੍ਰਧਾਨ ਮੋਹਿਤ ਕੁੰਦਰਾ ਖੱਤਰੀ ਮਹਾਸਭਾ ਪੰਜਾਬ ਦੇ ਪ੍ਰਦੇਸ਼ ਸੀਨੀਅਰ ਮੀਤ ਪ੍ਰਧਾਨ ਤੇ ਖੱਤਰੀ ਸਭਾ ਮਾਛੀਵਾੜਾ ਦੇ ਪ੍ਰਧਾਨ ਹਨ। ਬੋਧਰਾਜ ਮਜੀਠੀਆ ਤੇ ਵਿਜੇ ਧੀਰ ਨੇ ਕਿਹਾ ਕਿ ਮੋਹਿਤ ਕੁੰਦਰਾ, ਵਨੀਤ ਧੀਰ ਤੇ ਰਾਮਪਾਲ ਉੱਪਲ ਨੇ ਖੱਤਰੀ ਸਮਾਜ ਦਾ ਨਾਮ ਰੋਸ਼ਨ ਕੀਤਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੀਫ ਪੈਟਰਨ ਬੋਧਰਾਜ ਮਜੀਠੀਆ ਐਡਵੋਕੇਟ, ਨਰੋਤਮ ਪੁਰੀ ਜ਼ਿਲ੍ਹਾ ਪ੍ਰਧਾਨ, ਐਮ ਐਲ ਮੋਲੜੀ, ਭਜਨ ਪ੍ਰਕਾਸ਼ ਵਰਮਾ, ਸੱਤਪਾਲ ਭੋਲੇ ਵਾਲੀਆ, ਸਾਬਕਾ ਤਹਿਸੀਲਦਾਰ ਜਸਵੰਤ ਰਾਏ ਦਾਨੀ, ਐੱਨ ਆਰ ਵਿਜ, ਸੁਮਨ ਕਾਂਤ ਵਿਜ, ਕੰਚਨ ਭੰਡਾਰੀ, ਪ੍ਰਦੀਪ ਭੰਡਾਰੀ, ਐੱਸ ਕੇ ਚੋਪੜਾ ਸਾਬਕਾ ਪੁਲਸ ਇੰਸਪੈਕਟਰ, ਡਾਕਟਰ ਵਿਜੇ ਉਪਲ, ਸੁਮਨ ਮਲਹੋਤਰਾ, ਸੋਨੀਆ ਢੰਡ ਜਨਰਲ ਸਕੱਤਰ, ਵਿਕਰਮ ਢੰਡ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸੜਕ ਹਾਦਸੇ 'ਚ ਮੋਟਰਸਾਈਕਲ ਚਾਲਕ ਦੀ ਮੌਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਰਾਹੋਂ ਰੋਡ 'ਤੇ ਸਤਲੁਜ ਦਰਿਆ ਨੇੜੇ ਬੀਤੇ ਦਿਨੀਂ ਦੇਰ ਸ਼ਾਮ ਪਈ ਧੁੰਦ ਕਾਰਨ ਵਾਪਰੇ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਇਰਫਾਨ (40) ਵਾਸੀ ਪਿੰਡ ਮਹਿਲ, ਜ਼ਿਲ੍ਹਾ ਮੇਰਠ ਦੀ ਮੌਤ ਹੋ ਗਈ।



ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇਰਫਾਨ ਪਸ਼ੂਆਂ ਨੂੰ ਵੇਚਣ ਤੇ ਖ੍ਰੀਦਣ ਦਾ ਕੰਮ ਕਰਦਾ ਸੀ ਅਤੇ ਕੱਲ੍ਹ ਉਹ ਮੇਰਠ ਤੋਂ ਮੋਟਰਸਾਈਕਲ ਰਾਹੀਂ ਰਾਹੋਂ ਵੱਲ ਜਾ ਰਿਹਾ ਸੀ। ਕੱਲ੍ਹ ਸ਼ਾਮ ਪਈ ਗਹਿਰੀ ਧੁੰਦ ਕਾਰਨ ਸਤੁਲਜ ਦਰਿਆ ਨੇੜੇ ਹੀ ਇੱਕ ਵਾਹਨ ਨੇ ਫੇਟ ਮਾਰ ਦਿੱਤੀ। ਇਸ ਹਾਦਸੇ ਵਿੱਚ ਇਰਫਾਨ ਮੋਟਰਸਾਈਕਲ ਤੋਂ ਸੜਕ 'ਤੇ ਗਿਰ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਵੀ ਮੌਕੇ 'ਤੇ ਪਹੁੰਚ ਗਈ ਅਤੇ ਇਰਫਾਨ ਦੀ ਲਾਸ਼ ਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਹੈ। ਪੁਲਸ ਵੱਲੋਂ ਫਿਲਹਾਲ ਇੱਕ ਵਾਹਨ ਨੂੰ ਕਬਜ਼ੇ 'ਚ ਲਿਆ ਹੈ ਤੇ ਸੀਸੀਟੀਵੀ ਕੈਮਰੇ ਰਾਹੀਂ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਹਾਦਸਾ ਕਿਵੇਂ ਵਾਪਰਿਆ। ਇਰਫਾਨ ਬਹੁਤ ਹੀ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ ਤੇ ਉਸ ਦੇ ਪਤਨੀ ਤੋਂ ਇਲਾਵਾ 5 ਬੱਚੇ ਸਨ। ਇਰਫਾਨ ਦੀ ਮੌਤ ਕਾਰਨ 5 ਬੱਚਿਆਂ ਦੇ ਸਿਰ ਤੋਂ ਪਿਓ ਦਾ ਸਾਇਆ ਉੱਠ ਗਿਆ। ਸੂਚਨਾ ਮਿਲਦੇ ਹੀ ਮੇਰਠ ਤੋਂ ਪਰਿਵਾਰਕ ਮੈਂਬਰ ਵੀ ਮਾਛੀਵਾੜਾ ਥਾਣਾ ਪਹੁੰਚ ਗਏ ਸਨ ਅਤੇ ਪੁਲਸ ਵੱਲੋਂ ਉਨ੍ਹਾਂ ਦੇ ਬਿਆਨਾਂ ਦੇ ਅਧਾਰ 'ਤੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਅਧਿਆਤਮਕ ਤੰਦਰੁਸਤੀ ਤੇ ਨੈਤਿਕ ਸ਼ਾਸਨ ਭਵਿੱਖ ਦੇ ਵਿਕਾਸ ਲਈ ਮਹੱਤਵਪੂਰਨ : ਚਾਂਸਲਰ ਡਾ. ਜ਼ੋਰਾ ਸਿੰਘ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ ਵਿਖੇ ਸਮਾਜਿਕ ਵਿਗਿਆਨ ਤੇ ਭਾਸ਼ਾਵਾਂ ਦੀ ਫੈਕਲਟੀ ਵੱਲੋਂ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ ਦੇ ਸਹਿਯੋਗ ਨਾਲ ਵਸੁਧੈਵ ਕੁਟੁੰਬਕਮ : ਸੰਪੂਰਨ ਮਨੁੱਖੀ ਵਿਕਾਸ ਲਈ ਇੱਕ ਭਾਰਤ ਕੇਂਦਰਤ ਦ੍ਰਿਸ਼ਟੀਕੋਣ ਸਿਰਲੇਖ 'ਤੇ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਸਫ਼ਲਤਾਪੂਰਵਕ ਸਮਾਪਨ ਹੋਇਆ।

ਸੈਮੀਨਾਰ ਦੇ ਦੂਜੇ ਦਿਨ ਦੀ ਸ਼ੁਰੂਆਤ ਸਰੋਤ ਵਿਅਕਤੀਆਂ ਤੇ ਪਤਵੰਤਿਆਂ ਦੇ ਜਾਣ-ਪਛਾਣ ਤੇ ਰਸਮੀ ਸਵਾਗਤ ਨਾਲ ਹੋਈ।ਜੀਜੀਐਨ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਲੁਧਿਆਣਾ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਨੇ ਨੌਜਵਾਨ ਪੀੜ੍ਹੀ ਵਿੱਚ ਕੁਰਬਾਨੀ ਤੇ ਸ਼ਰਧਾ ਦੀਆਂ ਕਦਰਾਂ-ਕੀਮਤਾਂ ਪੈਦਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਉਜਾਗਰ ਕੀਤਾ ਕਿ ਜਦੋਂ ਮੌਜੂਦਾ ਸਿੱਖਿਆ ਪ੍ਰਣਾਲੀ ਹੁਨਰ ਵਿਕਾਸ 'ਤੇ ਢੁਕਵਾਂ ਧਿਆਨ ਕੇਂਦਰਤ ਕਰਦੀ ਹੈ, ਇਹ ਅਕਸਰ ਜ਼ਰੂਰੀ ਜੀਵਨ ਮੁੱਲਾਂ ਨੂੰ ਨਜ਼ਰਅੰਦਾਜ਼ ਕਰਦੀ ਹੈ, ਖਾਸ ਕਰਕੇ ਅਧਿਆਤਮਕਤਾ, ਜੋ ਇਨ੍ਹਾਂ ਕਦਰਾਂ-ਕੀਮਤਾਂ ਨੂੰ ਉਤਸ਼ਾਹਤ ਕਰਦੀ ਹੈ।ਸਮਾਗਮ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਮੁੱਖ ਮਹਿਮਾਨ ਵਜੋਂ ਅਤੇ ਡਾ. ਤਜਿੰਦਰ ਕੌਰ, ਪ੍ਰੋ-ਚਾਂਸਲਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਨਵੀਂ ਦਿੱਲੀ 'ਚ ਫਿਨਲੈਂਡ ਦੇ ਦੂਤਾਵਾਸ ਵਿੱਚ ਉਚੇਰੀ ਸਿੱਖਿਆ ਤੇ ਵਿਗਿਆਨ ਨੀਤੀ ਲਈ ਕਾਊਂਸਲਰ ਡਾ. ਲੀਜਾ ਜੇ. ਟੋਇਵੋਨੇਨ ਨੇ ਵੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਇਸ ਸੈਮੀਨਾਰ ਨੈਤਿਕਤਾ, ਸਾਹਿਤ, ਭਾਸ਼ਾ ਤੇ ਮਨੁੱਖੀ ਵਿਕਾਸ ਦੇ ਨਾਲ ਆਰਥਿਕ ਮਾਡਲ ਤੇ ਸਰੋਤ ਉਪਯੋਗਤਾ ਤੇ ਵਿਕਾਸ ਦਾ ਦਰਸ਼ਨ ਵਰਗੇ ਵਿਸ਼ਿਆਂ ਨੂੰ ਕਵਰ ਕਰਦਾ ਹੈ।ਇਸ ਦੌਰਾਨ ਵਿਦਵਾਨਾਂ ਨੇ ਆਪਣੇ ਖੋਜ ਪੱਤਰ ਪੇਸ਼ ਕੀਤੇ। ਇਸ ਤੋਂ ਬਾਅਦ ਇੰਟਰੈਕਟਿਵ ਸੈਸ਼ਨ ਹੋਏ ਜਿੱਥੇ ਭਾਗੀਦਾਰਾਂ ਨੇ ਸਰੋਤ ਵਿਅਕਤੀਆਂ ਤੇ ਪੇਸ਼ਕਾਰੀਆਂ ਨਾਲ ਵੱਖ-ਵੱਖ ਸਵਾਲਾਂ ਨੂੰ ਸੰਬੋਧਨ ਕੀਤਾ।ਇਸ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਰਜਿਸਟਰਾਰ ਡਾ. ਐਮ.ਐਸ. ਨਿੱਝਰ, ਜਿਨ੍ਹਾਂ ਨੇ ਵਸੁਧੈਵ ਕੁਟੁੰਬਕਮ ਦੇ ਫ਼ਲਸਫ਼ੇ ਦੇ ਅੰਦਰ ਵਿਅਕਤੀਗਤ ਤੇ ਸਮੂਹਿਕ ਭਲਾਈ ਦੇ ਆਪਸੀ ਸਬੰਧਾਂ 'ਤੇ ਵਿਸਥਾਰ ਨਾਲ ਮੁੱਖ ਭਾਸ਼ਣ ਦਿੱਤਾ।ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋਫੈਸਰ ਤੇ ਭਾਰਤੀ ਭਾਸ਼ਾ ਸਮਿਤੀ ਦੇ ਡਾਇਰੈਕਟਰ ਡਾ. ਗੁਰਪਾਲ ਸਿੰਘ ਸੰਧੂ ਨੇ ਆਧੁਨਿਕ ਵਿਕਾਸ ਰਣਨੀਤੀਆਂ ਵਿੱਚ ਭਾਰਤ ਦੇ ਸੱਭਿਆਚਾਰਕ ਅਤੇ ਦਾਰਸ਼ਨਿਕ ਸਿਧਾਂਤਾਂ ਨੂੰ ਸ਼ਾਮਲ ਕਰਨ 'ਤੇ ਜ਼ੋਰ ਦਿੱਤਾ।ਡਾ. ਜ਼ੋਰਾ ਸਿੰਘ ਨੇ ਜ਼ੋਰ ਦਿੱਤਾ ਕਿ ਭਾਰਤ ਦੇ ਪਰੰਪਰਾਗਤ ਸਿਧਾਂਤਾਂ ਜਿਵੇਂ ਕਿ ਸਥਿਰਤਾ, ਸਮੂਹਿਕ ਭਲਾਈ, ਨੈਤਿਕ ਸ਼ਾਸਨ ਤੇ ਅਧਿਆਤਮਕ ਤੰਦਰੁਸਤੀ ਨੂੰ ਵਿਕਾਸ ਨੀਤੀਆਂ ਵਿੱਚ ਜੋੜਨਾ ਇੱਕ ਵਧੇਰੇ ਸੰਤੁਲਤ ਤੇ ਸੰਮਿਲਿਤ ਭਵਿੱਖ ਵੱਲ ਲੈ ਜਾ ਸਕਦਾ ਹੈ।

## ਪੱਤਰਕਾਰ ਉਮੇਸ਼ ਉਪਾਧਿਆਏ ਦੀ ਯਾਦ 'ਚ 'ਮੀਡੀਆ ਵਿਮਾਰਸ਼' ਦਾ ਅੰਕ ਪ੍ਰਕਾਸ਼ਤ

**ਜੈਤੋ (ਸਤੀਸ਼ ਕੁਮਾਰ ਭੀਰੀ)**-ਪ੍ਰਸਿੱਧ ਜਨ ਸੰਚਾਰ ਮੈਗਜ਼ੀਨ 'ਮੀਡੀਆ ਵਿਮਰਸ਼' ਦਾ ਨਵਾਂ ਅੰਕ ਸੀਨੀਅਰ ਪੱਤਰਕਾਰ ਤੇ ਸੰਪਾਦਕ ਉਮੇਸ਼ ਉਪਾਧਿਆਏ ਦੀ ਪਵਿੱਤਰ ਯਾਦ ਨੂੰ ਸਮਰਪਤ ਹੈ।ਜ਼ਿਕਰਯੋਗ ਹੈ ਕਿ ਉਪਾਧਿਆਏ ਦੀ ਹਾਲ ਹੀ ਵਿੱਚ ਇੱਕ ਹਾਦਸੇ ਵਿੱਚ ਮੌਤ ਹੋ ਗਈ ਸੀ।ਮੀਡੀਆ ਵਿਮਾਰਸ਼ ਦੇ ਇਸ ਅੰਕ ਵਿੱਚ ਡਾ. ਸਚਿਦਾਨੰਦ ਜੋਸ਼ੀ, ਪ੍ਰੋ. ਗੋਵਿੰਦ ਸਿੰਘ, ਪ੍ਰੋ. ਰਾਕੇਸ਼ ਗੋਸਵਾਮੀ, ਪ੍ਰੋ. ਪੀ. ਸ਼ਸ਼ੀਕਲਾ, ਅਰੁਣ ਆਨੰਦ, ਡਾ. ਦਿਲੀਪ ਕੁਮਾਰ, ਵਿਜੇ ਮਨੋਹਰ ਤਿਵਾੜੀ, ਲੋਕੇਂਦਰ ਸਿੰਘ, ਸਰਜਨਾ ਸ਼ਰਮਾ, ਉਮੇਸ਼ ਚਤੁਰਵੇਦੀ, ਉਤਕਰਸ਼ ਉਪਾਧਿਆਏ, ਡਾ. ਪਵਨ ਕੁੰਡੇਲ, ਡਾ. ਵਿਨੀਤ ਉਤਪਲ, ਅਭਿਰੰਜਨ ਕੁਮਾਰ, ਕ੍ਰਿਸ਼ਨਾ ਮੁਰਾਰੀ ਤ੍ਰਿਪਾਠੀ ਅਟਲ, ਸੰਜੇ ਸਿਨਹਾ, ਐੱਮ. ਅਜ਼ਹਰੂਦੀਨ ਮੁੰਨੇ ਭਾਰਤੀ, ਜਗਦੀਸ਼ਵਰ ਚਤੁਰਵੇਦੀ, ਜਤਿੰਦਰ ਮਹਿਤਾ, ਦੀਕਸ਼ਾ ਉਪਾਧਿਆਏ, ਡਾ. ਵਿਜੇਂਦਰ ਕੁਮਾਰ ਦੇ ਲੇਖ ਸ਼ਾਮਲ ਹਨ।ਇਸ ਦੇ ਨਾਲ, ਇਸ ਅੰਕ ਵਿੱਚ ਡਾ. ਲਾਲ ਬਹਾਦਰ ਓਝਾ ਦੀ ਉਮੇਸ਼ ਉਪਾਧਿਆਏ ਨਾਲ ਇੱਕ ਇੰਟਰਵਿਊ ਵੀ ਸ਼ਾਮਲ ਕੀਤੀ ਗਈ ਹੈ।ਇਸ ਅੰਕ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਉੱਘੇ ਸਿਆਸਤਦਾਨਾਂ, ਪੱਤਰਕਾਰਾਂ ਦੁਆਰਾ ਉਨ੍ਹਾਂ ਦੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਉਮੇਸ਼ ਜੀ ਨੂੰ ਦਿੱਤੀਆਂ ਗਈਆਂ ਸ਼ਰਧਾਂਜਲੀਆਂ ਨੂੰ ਵੀ ਸੰਕਲਤ ਤੇ ਪ੍ਰਕਾਸ਼ਤ ਕੀਤਾ ਗਿਆ ਹੈ।ਉਮੇਸ਼ ਉਪਾਧਿਆਏ ਭਾਰਤ ਵਿੱਚ ਟੀ ਵੀ ਨਿਊਜ਼ ਚੈਨਲਾਂ ਦੇ ਸ਼ੁਰੂਆਤੀ ਸੰਪਾਦਕਾਂ ਵਿੱਚੋਂ ਇੱਕ ਸਨ।ਉਹ ਰਿਲਾਇੰਸ ਕਮਿਊਨੀਕੇਸ਼ਨਜ਼ ਦੇ ਪ੍ਰਧਾਨ ਵੀ ਸਨ।



# ਸੰਕਲਪ ਸੁਸਾਇਟੀ ਨੇ ਬਸੰਤ ਪੰਚਮੀ ਮੌਕੇ ਬੱਚਿਆਂ ਨੂੰ ਰੰਗ-ਬਰੰਗੇ ਫੁੱਲਾਂ ਦੇ ਬੂਟੇ ਵੰਡੇ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਸਮਾਜ ਸੇਵੀ ਸੰਸਥਾ 'ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ' (ਰਜਿ.) ਦੁਆਰਾ ਬਸੰਤ ਪੰਚਮੀ ਮੌਕੇ ਬੱਚਿਆਂ ਤੇ ਆਮ ਲੋਕਾਂ ਨੂੰ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਲਈ ਪ੍ਰੇਰਤ ਕੀਤਾ ਗਿਆ। ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਬਸੰਤ ਪੰਚਮੀ ਮੌਕੇ ਸੰਸਥਾ ਦੁਆਰਾ ਇੱਕ ਵੱਖਰਾ ਉਪਰਾਲਾ ਕਰਕੇ ਡਾਕਟਰ ਕੇਹਰ ਸਿੰਘ ਬਾਈਪਾਸ ਸਥਿਤ 'ਦਾ ਪਲਾਂਟ ਸਟੂਡੀਓ ਲੈਂਡ ਸਕੇਪਿੰਗ ਐਂਡ ਗਾਰਡਨਿੰਗ ਸਲਿਊਸ਼ਨ' ਦੇ ਸਹਿਯੋਗ ਨਾਲ ਇੱਕ 121 ਫੁੱਲਦਰ ਬੂਟੇ ਬੱਚਿਆਂ ਨੂੰ ਵੰਡੇ ਗਏ।

ਸੰਬੋਧਨ ਦੌਰਾਨ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਨਰਸਰੀ ਦੇ ਸੰਚਾਲਕ ਗਗਨਦੀਪ ਸਿੰਘ ਮਾਨ ਤੇ ਅਰਿੰਦਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਅਜਿਹੇ ਤਿਉਹਾਰਾਂ ਮੌਕੇ ਆਪਣੇ ਬੱਚਿਆਂ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਲਈ ਪ੍ਰੇਰਤ ਕਰਨਾ ਚਾਹੀਦਾ ਹੈ।ਉਨ੍ਹਾਂ ਆਖਿਆ ਕਿ ਆਓ ਆਪਾਂ ਸਾਰੇ ਅਜਿਹੇ ਤਿਉਹਾਰਾਂ ਮੌਕੇ ਬੂਟੇ ਲਾਉਣ ਤੇ ਸਾਂਭਣ ਦੀ ਪਿਰਤ ਪਾਈਏ। ਗਗਨਦੀਪ ਸਿੰਘ ਮਾਨ ਨੇ ਦੱਸਿਆ ਕਿ ਸੰਕਲਪ ਸੁਸਾਇਟੀ ਦੁਆਰਾ ਹੁਣ ਤੱਕ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦੀਆਂ ਜਨਤਕ ਥਾਵਾਂ 'ਤੇ ਲਾਏ ਬੂਟਿਆਂ ਦੀ ਸਿਹਤ ਸੰਭਾਲ ਨੂੰ ਲੈ ਕੇ ਉਹ ਆਪਣੀਆਂ ਨਿਸ਼ਕਾਵਾਂ ਸੇਵਾਵਾਂ ਹਮੇਸ਼ਾ ਪ੍ਰਦਾਨ ਕਰਦੇ ਹਨ ਤੇ ਕਰਦੇ ਰਹਿਣਗੇ।ਸੰਸਥਾ ਦੇ ਵਲੰਟੀਅਰ ਸੁਮੀਤ ਸਿੰਘ ਐਸ.ਐਸ ਲੈਪਟੋਪ ਦੁਆਰਾ ਇਸ ਮੌਕੇ ਲੋਕਾਂ ਨੂੰ ਤਾਕੀਦ ਕੀਤੀ ਗਈ ਕਿ ਉਹ ਆਪਣੇ ਘਰਾਂ ਵਿੱਚ ਘਰੇਲੂ ਬਗੀਚੀ ਜ਼ਰੂਰ ਬਣਾਉਣ ਤੇ ਸਬਜ਼ੀਆਂ ਦੇ ਨਾਲ ਨਾਲ ਮੌਸਮੀ ਫ਼ਲਾਂ ਤੇ ਫੁੱਲਾਂ ਵਾਲੇ ਬੂਟੇ ਵੀ ਲਾਉਣ ਦੀ ਪਿਰਤ ਪਾਉਣ।ਸੰਕਲਪ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਐਲਾਨ ਕੀਤਾ ਕਿ ਇਨ੍ਹਾਂ 121 ਬੂਟਿਆਂ ਦੀ ਵਧੀਆ ਸਾਂਭ ਸੰਭਾਲ ਕਰਨ ਵਾਲੇ ਬੱਚੇ ਨੂੰ ਉਨ੍ਹਾਂ ਦੇ ਘਰ ਜਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਜਾਵੇਗਾ।

## ਦਿੱਲੀ 'ਚ ਮਾਨ ਪਰਵਾਰ ਨੇ ਕੀਤਾ ਧੂੰਆਂਧਾਰ ਪ੍ਰਚਾਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਦਿੱਲੀ ਵਿੱਚ ਦਰਜਨ ਭਰ ਸੀਟਾਂ 'ਤੇ ਪੰਜਾਬੀ ਵੋਟਰ ਪ੍ਰਭਾਵਸ਼ਾਲੀ ਹਨ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਅਤੇ ਉਨ੍ਹਾਂ ਦੀ ਮਾਤਾ ਸ੍ਰੀਮਤੀ ਹਰਪਾਲ ਕੌਰ ਮਾਨ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਜ਼ੋਰ-ਸ਼ੋਰ ਨਾਲ ਲੱਗੇ ਹੋਏ ਹਨ।ਮਾਨ ਪਰਵਾਰ ਦੇ ਧੂੰਆਂਧਾਰ ਪ੍ਰਚਾਰ ਨੇ ਸਭ ਪਾਰਟੀਆਂ ਦੇ ਕੱਦਾਵਾਰ ਆਗੂਆ ਨੂੰ ਫਿੱਕੇ ਪਾਇਆ ਹੋਇਆ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਆਗੂ ਸਿੱਖ ਹਲਕਿਆਂ ਵਿੱਚ ਭਾਜਪਾ ਉਮੀਦਵਾਰ ਤੇ ਉਨ੍ਹਾਂ ਦੇ ਸਾਥੀ ਰਹੇ ਮਨਜਿੰਦਰ ਸਿੰਘ ਸਿਰਸਾ ਲਈ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਰਹੇ ਹਨ।ਇਸ ਤਰ੍ਹਾਂ ਭਾਜਪਾ ਦਾ ਦਾਰੋਮਦਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀਆਂ ਰੈਲੀਆਂ 'ਤੇ ਹੀ ਹੈ।ਉਧਰ, ਕਾਂਗਰਸ ਵਿੱਚ ਵੀ ਕੋਈ ਬਹੁਤਾ ਵੱਡਾ ਆਗੂ ਪੰਜਾਬੀ ਹਲਕਿਆਂ ਵਿੱਚ ਚੋਣ ਪ੍ਰਚਾਰ ਨਹੀਂ ਕਰ ਰਿਹਾ।ਪੰਜਾਬ ਕਾਂਗਰਸ ਦੀ ਲੀਡਰਸ਼ਿਪ ਵੀ ਦਿੱਲੀ ਵਿੱਚ ਭਗਵੰਤ ਮਾਨ ਅੱਗੇ ਊਣੀ ਜਾਪ ਰਹੀ ਹੈ।ਦਿੱਲੀ ਵਿੱਚ ਵੀ ਕਾਂਗਰਸ ਕੋਲ ਕੋਈ ਵੱਡਾ ਪੰਜਾਬੀ ਆਗੂ ਨਹੀਂ ਹੈ।ਕਾਂਗਰਸ ਕੋਲ ਪਹਿਲਾਂ ਅਰਵਿੰਦਰ ਸਿੰਘ ਲਵਲੀ ਤੇ ਤਰਵਿੰਦਰ ਸਿੰਘ ਮਾਰਵਾਹ ਵਰਗੇ ਸਿੱਖ ਆਗੂ ਸਨ, ਜੋ ਹੁਣ ਭਾਜਪਾ ਦੀਆਂ ਟਿਕਟਾਂ 'ਤੇ ਚੋਣਾਂ ਲੜ ਰਹੇ ਹਨ।ਕਾਂਗਰਸ ਵਾਲੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪਰਨੀਤ ਕੌਰ ਨੂੰ ਵੀ ਚੋਣਾਂ ਦੌਰਾਨ ਪੰਜਾਬੀ ਹਲਕਿਆਂ ਵਿੱਚ ਚੋਣ ਪ੍ਰਚਾਰ ਦੌਰਾਨ ਉਤਾਰਦੇ ਹੁੰਦੇ ਸਨ, ਪਰ ਉਹ ਵੀ ਹੁਣ ਭਾਜਪਾ ਵਿੱਚ ਜਾ ਚੁੱਕੇ ਹਨ। ਪ੍ਰਤਾਪ ਸਿੰਘ ਬਾਜਵਾ ਤੇ ਰਾਜਾ ਵੜਿੰਗ ਵਰਗੇ ਆਗੂਆਂ ਦੀ ਦਿੱਲੀ 'ਚ ਬਹੁਤੀ ਪਛਾਣ ਨਹੀਂ ਹੈ।ਆਪਣਾ ਸੀਮਤ ਅਸਰ ਰੱਖਣ ਵਾਲੇ ਸਰਨਾ ਭਰਾ ਵੀ ਸ਼੍ਰੋਮਣੀ ਅਕਾਲੀ ਦਲ ਵਿੱਚ ਜਾਣ ਕਰਕੇ ਕਾਂਗਰਸ ਤੋਂ ਦੂਰ ਹੋ ਚੁੱਕੇ ਹਨ, ਜੋ ਪਹਿਲੀਆਂ ਵਿੱਚ ਕਦੇ-ਕਦੇ ਕਾਂਗਰਸੀ ਸਟੇਜਾਂ ਉਪਰ ਦਿਖਾਈ ਦਿੰਦੇ ਹੁੰਦੇ ਸਨ।

# ਬੁੱਢੇ ਦਰਿਆ ਦੀ ਕਾਰ ਸੇਵਾ ਦੀ ਪਹਿਲੀ ਵਰ੍ਹੇਗੰਢ ਗੁਰਦੁਆਰਾ ਗਊ ਘਾਟ ਵਿਖੇ ਮਨਾਈ

**ਬੁੱਢੇ ਦਰਿਆ ਦੇ ਕਿਨਾਰਿਆਂ 'ਤੇ ਇਸ਼ਨਾਨ ਘਾਟ ਬਣਾਏ ਜਾ ਰਹੇ : ਸੰਤ ਸੀਚੇਵਾਲ**



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਦੇ ਸਭ ਤੋਂ ਵੱਧ ਪਲੀਤ ਬੁੱਢੇ ਦਰਿਆ ਦੀ ਕਾਰ ਸੇਵਾ ਦੀ ਪਹਿਲੀ ਵਰ੍ਹੇਗੰਢ ਗੁਰਦੁਆਰਾ ਗਊਘਾਟ ਵਿਖੇ ਮਨਾਈ ਗਈ।ਇਸ ਮੌਕੇ ਵਾਤਾਵਰਨ ਪ੍ਰੇਮੀ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਪਿਛਲੇ ਸਾਲ 2 ਫਰਵਰੀ 2024 ਨੂੰ ਬੁੱਢੇ ਦਰਿਆ ਦੀ ਕਾਰ ਸੇਵਾ ਦੇ ਪਹਿਲੇ ਪੜਾਅ ਦੌਰਾਨ ਇਸ ਕਿਨਾਰਿਆਂ 'ਤੇ 11 ਹਜ਼ਾਰ ਦੇ ਕਰੀਬ ਬੂਟੇ ਲਗਾਏ ਗਏ ਅਤੇ ਦੋਵਾਂ ਪਾਸੇ ਕਿਨਾਰਿਆਂ 'ਤੇ ਲੰਘਣ ਲਈ ਰਸਤੇ ਬਣਾਏ ਗਏ ਸਨ।ਸੰਤ ਸੀਚੇਵਾਲ ਨੇ ਦੱਸਿਆ ਕਿ ਕਾਰ ਸੇਵਾ ਦਾ ਦੂਜਾ ਪੜਾਅ 22 ਦਸੰਬਰ 2024 ਨੂੰ ਗੁਰਦੁਆਰਾ ਗਊਘਾਟ ਵਿਖੇ ਅਰਦਾਸ ਕਰਕੇ ਸ਼ੁਰੂ ਕੀਤਾ ਗਿਆ।ਦੂਜੇ ਪੜਾਅ ਦੌਰਾਨ ਦਰਿਆ ਵਿੱਚ ਪੈ ਰਹੇ ਗੰਦੇ ਪਾਣੀਆਂ ਨੂੰ ਰੋਕਣ ਦੀ ਮੁਹਿੰਮ ਆਰੰਭੀ ਗਈ ਹੈ।ਸੰਤ ਸੀਚੇਵਾਲ ਨੇ ਦੱਸਿਆ ਕਿ ਗੁਰਦੁਆਰਾ ਗਊਘਾਟ ਨੇੜੇ ਜਿਹੜੇ ਪੰਪਿੰਗ ਸਟੇਸ਼ਨ ਦਾ ਕੰਮ ਦੋ ਸਾਲਾਂ ਤੋਂ ਲਟਕਿਆ ਪਿਆ ਸੀ, ਉਹ ਅਰਜ਼ੀ ਤੌਰ 'ਤੇ ਚਾਲੂ ਕਰਕੇ 60 ਐੱਮ.ਐੱਲ.ਡੀ. ਦੇ ਕਰੀਬ ਸ਼ਹਿਰ ਦੇ ਗੰਦੇ ਪਾਣੀ ਨੂੰ ਦਰਿਆ ਵਿੱਚ ਪੈਣੋਂ ਰੋਕ ਕੇ ਪ੍ਰਬੰਧ ਕੀਤਾ ਗਿਆ।ਇਸੇ ਤਰ੍ਹਾਂ ਦਰਿਆ ਨੂੰ ਪ੍ਰਦੂਸ਼ਤ ਡੇਅਰੀਆਂ ਦਾ ਗੋਹਾ ਦਰਿਆ ਵਿੱਚ ਪੈਣੋਂ ਬੰਦ ਕਰਕੇ ਉਸ ਦਾ ਪ੍ਰਬੰਧ ਕੀਤਾ ਗਿਆ।ਦਰਿਆ ਕਿਨਾਰੇ ਜਿਹੜੇ ਸੱਤ ਪਿੰਡਾਂ ਦਾ ਗੰਦਾ ਪਾਣੀ ਬੁੱਢੇ ਦਰਿਆ ਵਿੱਚ ਪੈ ਰਿਹਾ ਸੀ, ਉਨ੍ਹਾਂ ਪਿੰਡਾਂ ਦਾ ਗੰਦਾ ਪਾਣੀ ਰੋਕਣ ਲਈ ਸੀਚੇਵਾਲ ਮਾਡਲ ਸਥਾਪਤ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪਵਿੱਤਰ ਬੁੱਢੇ ਦਰਿਆ 'ਤੇ ਘਾਟ ਬਣਨ ਨਾਲ ਲੋਕਾਂ ਵਿੱਚ ਭਰੋਸਾ ਤੇ ਉਮੀਦ ਪੈਦਾ ਹੋਈ ਹੈ ਕਿ ਇਸ ਵਿੱਚ ਜਲਦੀ ਹੀ ਸਾਫ ਪਾਣੀ ਵਗੇਗਾ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ 02 ਫਰਵਰੀ ਦਾ ਦਿਨ ਬੜਾ ਅਹਿਮ ਹੈ, ਕਿਉਂਕਿ ਇਸ ਦਿਨ ਨੂੰ ਵਿਸ਼ਵ ਜਲਗਾਹ ਦੇ ਤੌਰ 'ਤੇ ਮਨਾਇਆ ਜਾਂਦਾ ਹੈ।ਦੁਨੀਆ ਭਰ ਵਿੱਚ ਪਾਣੀ ਦੇ ਖੜੇ ਸਰੋਤਾਂ ਨੂੰ ਬਚਾਉਣ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ, ਕਿਉਂਕਿ ਹੁਣ ਧਰਤੀ 'ਤੇ ਕੁਦਰਤ ਦੇ ਸਮਤੋਲ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਇਨ੍ਹਾਂ ਜਲਗਾਹਾਂ ਦੀ ਹੋਂਦ ਵੀ ਖਤਰੇ ਵਿੱਚ ਪੈ ਗਈ ਹੈ, ਜਦਕਿ ਇਹ ਜਲਗਾਹ ਇਸ ਧਰਤੀ 'ਤੇ ਗਹਿਣੇ ਹਨ।

ਸੰਤ ਸੀਚੇਵਾਲ ਨੇ ਕਿਹਾ ਕਿ ਬੁੱਢਾ ਦਰਿਆ ਇਸ ਕਰਕੇ ਪਵਿੱਤਰ ਦਰਿਆ ਹੈ, ਕਿਉਂਕਿ ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ।ਗੁਰੂ ਸਾਹਿਬ ਨੇ ਇਸ ਲੋਕਾਈ ਨੂੰ ਹਵਾ, ਪਾਣੀ ਤੇ ਧਰਤੀ ਨੂੰ ਬਚਾਉਣ ਲਈ ਅਤੇ ਸਰਬੱਤ ਦਾ ਭਲਾ ਮੰਗਣ ਦਾ ਹੋਕਾ ਦਿੱਤਾ ਸੀ।ਉਨ੍ਹਾਂ ਕਿਹਾ ਕਿ ਬੁੱਢਾ ਦਰਿਆ ਨਾਲ ਸਭ ਤੋਂ ਵੱਡੀ ਤਰਾਸਦੀ ਇਹ ਹੋਈ ਕਿ ਇਹ ਆਪਣਾ ਨਾਮ ਹੀ ਗੁਆ ਬੈਠਾ ਸੀ।ਲੋਕ ਇਸ ਨੂੰ ਬੁੱਢਾ ਦਰਿਆ ਕਹਿਣ ਦੀ ਬਜਾਏ ਹੁਣ ਬੁੱਢਾ ਨਾਲਾ ਕਹਿਣ ਲੱਗ ਪਏ ਸਨ।ਸਭ ਤੋਂ ਪਹਿਲਾ ਕੰਮ ਤਾਂ ਬੁੱਢੇ ਦਰਿਆ ਨੂੰ ਦਰਿਆ ਦਾ ਨਾਮ ਵਾਪਸ ਦੇਣਾ ਹੈ।ਇਸ ਵਿੱਚ ਪੈ ਰਹੇ ਗੰਦੇ ਤੇ ਜ਼ਹਿਰੀਲੇ ਪਾਣੀ ਰੋਕੇ ਜਾਣਗੇ, ਕਿਉਂਕਿ ਕਾਨੂੰਨੀ ਤੌਰ 'ਤੇ ਇਹ ਵੱਡਾ ਅਪਰਾਧ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਬੁੱਢੇ ਦਰਿਆ ਦੇ ਕਿਨਾਰਿਆਂ 'ਤੇ ਇਸ਼ਨਾਨ ਘਾਟ ਬਣਾਏ ਜਾ ਰਹੇ ਹਨ। ਉਨ੍ਹਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਨਗਰ ਨਿਗਮ ਲੁਧਿਆਣਾ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਉਹ ਬੁੱਢੇ ਦਰਿਆ ਵਿੱਚ ਜ਼ਹਿਰੀਲਾ ਤੇ ਗੰਦਾ ਪਾਣੀ ਪਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰਨ।ਇਸ ਮੌਕੇ ਸੰਤ ਸੁਖਜੀਤ ਸਿੰਘ, ਸੰਤ ਕੁਲਵੰਤ ਸਿੰਘ ਮੇਹਟੀਆਣਾ, ਸੰਤ ਸੁਖਵਿੰਦਰ ਸਿੰਘ, ਮੈਨੇਜਰ ਗੁਰਦੁਆਰਾ ਗਊਘਾਟ ਲਖਵੀਰ ਸਿੰਘ, ਐਡਵੋਕੇਟ ਸੁਰੇਸ਼ ਸ਼ਰਮਾ, ਐਡਵੋਕੇਟ ਬਲਬੀਰ ਸਿੰਘ ਵਿਰਕ, ਹਰਭਜਨ ਸਿੰਘ ਕਾਹਲੋਂ, ਜਸਵਿੰਦਰ ਸਿੰਘ ਕਾਲਾ, ਸੁਰਜੀਤ ਸਿੰਘ ਸ਼ੰਟੀ, ਨੇਕ ਸਿੰਘ ਸਾਬਕਾ ਪ੍ਰਧਾਨ, ਬੀਬੀ ਮਿਨਹਾਸ ਕੌਰ ਤੇ ਸੇਵਾਦਾਰਾਂ ਸਮੇਤ ਇਲਾਕੇ ਭਰ ਦੇ ਲੋਕ ਹਾਜ਼ਰ ਸਨ।

## ਕੇਂਦਰੀ ਬਜਟ ਕਾਰਪੋਰੇਟ ਘਰਾਣਿਆਂ ਦੇ ਹਿੱਤ ਪਾਲਣ ਵਾਲਾ : ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**-ਕੇਂਦਰ ਦੀ ਮੋਦੀ ਸਰਕਾਰ ਦਾ ਬੱਜਟ ਦੇਸ਼ ਦੀ ਡਾਵਾਂਡੋਲ ਹੋਈ ਅਰਥਚਾਰੇ ਦੀ ਹਾਲਤ ਨੂੰ ਸੁਧਾਰਨ ਵੱਲ ਸੇਧਤ ਹੋਣ ਦੀ ਬਜਾਏ ਮੁੱਠੀ ਭਰ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਪਾਲਣ ਵਾਲਾ ਅਤੇ ਕਿਸੇ ਵਿਸ਼ੇਸ਼ ਰਾਜ ਦੀਆਂ ਵੋਟਾਂ ਹਥਿਆਉਣ ਲਈ ਲੋਕਾਂ ਨੂੰ ਗੁੰਮਰਾਹ ਕਰਨ ਵਾਲਾ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਬਜਟ ਨੇ ਗਰੀਬ ਤੇ ਮੱਧ ਵਰਗ ਦੇ ਲੋਕਾਂ, ਖਾਸ ਕਰਕੇ ਕਿਸਾਨਾਂ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਨਿਰਾਸ਼ ਕੀਤਾ ਹੈ। ਕਾ: ਸੇਖੋਂ ਨੇ ਕਿਹਾ ਕਿ ਦੇਸ਼ ਦੇ ਅਰਥਚਾਰੇ ਦੀ ਹਾਲਤ ਮੰਦੀ ਵਾਲੀ ਹੈ, ਰੁਪਏ ਦੀ ਕੀਮਤ ਘਟ ਰਹੀ ਹੈ ਤੇ ਆਮ ਲੋਕਾਂ ਦੀ ਖ਼ਰੀਦ ਸ਼ਕਤੀ ਵਿੱਚ ਕਮੀ ਆ ਗਈ ਹੈ। ਅਜਿਹੇ ਮੌਕੇ ਕੇਂਦਰ ਸਰਕਾਰ ਦਾ ਬੱਜਟ ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਵੱਲ ਸੇਧਤ ਹੋਣਾ ਚਾਹੀਦਾ ਸੀ, ਪਰ ਦੁੱਖ ਦੀ ਗੱਲ ਹੈ ਕਿ ਕੇਂਦਰੀ ਬੱਜਟ ਕੁੱਝ ਮੁੱਠੀ ਭਰ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਨ ਵਾਲਾ ਹੈ। ਗਰੀਬ ਤੇ ਮੱਧ ਵਰਗ ਦੇ ਲੋਕਾਂ ਦਾ ਬੱਜਟ ਵਿੱਚ ਕੋਈ ਧਿਆਨ ਨਹੀਂ ਰੱਖਿਆ ਗਿਆ, ਸਗੋਂ ਝੂਠ ਦੇ ਸਹਾਰੇ ਉਨ੍ਹਾਂ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਐੱਮ ਐੱਸ ਪੀ ਦੀ ਗਾਰੰਟੀ ਲਈ ਦੇਸ਼ ਦੇ ਕਿਸਾਨ ਸੰਘਰਸ਼ ਕਰ ਰਹੇ ਹਨ ਅਤੇ ਪੜ੍ਹੇ ਲਿਖੇ ਨੌਜਵਾਨ ਰੋਜ਼ਗਾਰ ਨਾ ਮਿਲਣ ਕਾਰਨ ਸੜਕਾਂ 'ਤੇ ਰੁਲ ਰਹੇ ਹਨ। ਬੱਜਟ ਵਿੱਚ ਉਨ੍ਹਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ, ਜਿਸ ਕਾਰਨ ਕਿਸਾਨ ਤੇ ਨੌਜਵਾਨ ਨਿਰਾਸ਼ ਹੋਏ ਹਨ। ਸੂਬਾ ਸਕੱਤਰ ਨੇ ਕਿਹਾ ਕਿ ਮੋਦੀ ਸਰਕਾਰ ਦਾ ਪਿਛਲਾ ਬੱਜਟ ਚੋਣਾਂ ਨੂੰ ਮੁੱਖ ਰੱਖ ਕੇ ਆਧਰਾ ਪ੍ਰਦੇਸ਼ ਨੂੰ ਸਹੂਲਤਾਂ ਮੁਹੱਈਆ ਕਰਦਾ ਸੀ, ਇਸ ਵਾਰ ਬਿਹਾਰ ਦਾ ਵੱਧ ਧਿਆਨ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬੱਜਟ ਵਿੱਚ ਪੰਜਾਬ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ। ਪੰਜਾਬ ਵਿੱਚ ਇੰਡਸਟਰੀ ਦੀ ਘਾਟ ਕਾਰਨ ਬੇਰੁਜ਼ਗਾਰੀ ਵਧ ਰਹੀ ਹੈ, ਪਰ ਬੱਜਟ ਵਿੱਚ ਪੰਜਾਬ ਦੇ ਉਦਯੋਗ ਤੇ ਖੇਤੀਬਾੜੀ ਤੋਂ ਮੂੰਹ ਫੇਰ ਲਿਆ ਗਿਆ ਹੈ। ਇਸ ਤਰ੍ਹਾਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ। ਉਨ੍ਹਾਂ ਕਿਹਾ ਪੰਜਾਬ ਸਰਹੱਦੀ ਸੂਬਾ ਹੋਣ ਸਦਕਾ ਮੁਸ਼ਕਲਾਂ ਵਿੱਚ ਘਿਰਿਆ ਰਹਿੰਦਾ ਹੈ, ਇਸ ਕਰਕੇ ਬੱਜਟ ਵਿੱਚ ਵਿਸ਼ੇਸ਼ ਸਹੂਲਤਾਂ ਦੇਣ ਦੀ ਜ਼ਰੂਰਤ ਹੁੰਦੀ ਹੈ, ਪਰ ਪੰਜਾਬ ਨੂੰ ਜਾਣਬੁੱਝ ਕੇ ਰਿਆਇਤਾਂ ਤੋਂ ਵਾਂਝਾ ਰੱਖਿਆ ਜਾਂਦਾ ਹੈ।

# ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦਾ ਡੈਲੀਗੇਟ ਇਜਲਾਸ



**ਸੰਗਰੂਰ (ਪ੍ਰਵੀਨ ਸਿੰਘ)** ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ, ਜਨਰਲ ਸਕੱਤਰ ਸ੍ਰੀ ਆਰ ਐਲ ਪਾਂਧੀ ਨੇ ਦੱਸਿਆ ਕਿ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੀ 2 ਸਾਲ ਤੋਂ ਬਾਅਦ ਹੋਣ ਵਾਲੀ ਚੋਣ ਲਈ ਇਸ ਜ਼ਿਲ੍ਹੇ ਵਿੱਚ ਕੰਮ ਕਰ ਰਹੀਆਂ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀਆਂ 09 ਯੂਨਿਟਾਂ, ਜੋ ਕਿ ਇਸ ਜ਼ਿਲ੍ਹੇ ਨਾਲ ਐਫੀਲੇਟਡ ਹਨ, ਦੀ ਚੋਣ ਹੋ ਚੁੱਕੀ ਹੈ।ਇਸ ਅਨੁਸਾਰ ਸੰਗਰੂਰ ਤੋਂ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਜਨਰਲ ਸਕੱਤਰ ਅਵੀਨਾਸ਼ ਸ਼ਰਮਾ, ਧੂਰੀ ਦੇ ਪ੍ਰਧਾਨ ਸ੍ਰੀ ਸੁਖਦੇਵ ਸ਼ਰਮਾ, ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ, ਜਨਰਲ ਸਕੱਤਰ ਡਾ. ਅਮਰਜੀਤ ਸਿੰਘ, ਭਵਾਨੀਗੜ੍ਹ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਜਨਰਲ ਸਕੱਤਰ ਸ੍ਰੀ ਕੇਵਲ ਸਿੰਘ ਸਿੱਧੂ, ਲਹਿਰਾਗਾਗਾ ਦੇ ਪ੍ਰਧਾਨ ਜਰਨੈਲ ਸਿੰਘ, ਜਨਰਲ ਸਕੱਤਰ ਮਦਨ ਲਾਲ, ਦਿੜ੍ਹਬਾ ਦੇ ਪ੍ਰਧਾਨ ਦਰਸ਼ਨ ਸਿੰਘ ਰੋਗਲਾ, ਜਨਰਲ ਸਕੱਤਰ ਕਸ਼ਮੀਰ ਸਿੰਘ ਰੋੜੇਵਾਲ, ਸੁਨਾਮ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਜਖੇਪਲ, ਜਨਰਲ ਸਕੱਤਰ ਚੇਤ ਰਾਮ ਢਿੱਲੋਂ, ਸ਼ੇਰਪੁਰ ਦੇ ਪ੍ਰਧਾਨ ਵੇਦ ਸਿੰਘ ਸਿੱਧੂ, ਜਨਰਲ ਸਕੱਤਰ ਦੀਵਾਨ ਸਿੰਘ ਮਾਮਦਪੁਰ, ਮੂਨਕ ਦੇ ਪ੍ਰਧਾਨ ਮੇਘ ਸਿੰਘ, ਜਨਰਲ ਸਕੱਤਰ ਤੇਜਾ ਸਿੰਘ, ਅਮਰਗੜ੍ਹ ਦੇ ਪ੍ਰਧਾਨ ਰਜਿੰਦਰ ਸਿੰਘ ਸਲਾਰ, ਜਨਰਲ ਸਕੱਤਰ ਦਰਸ਼ਨ ਸਿੰਘ ਵਨਭੌਰਾ ਚੁਣੇ ਗਏ ਹਨ।ਸ੍ਰੀ ਅਰੋੜਾ ਅਤੇ ਪਾਂਧੀ ਨੇ ਦੱਸਿਆ ਕਿ ਐਸੋਸੀਏਸ਼ਨ ਦਾ ਡੈਲੀਗੇਟਡ ਇਜਲਾਸ 15 ਫਰਵਰੀ ਨੂੰ ਸਵੇਰੇ 10:00 ਵਜੇ ਜ਼ਿਲ੍ਹਾ ਪੈਨਸ਼ਨਰ ਭਵਨ ਵਿਖੇ ਸੱਦ ਲਿਆ ਗਿਆ ਹੈ।ਇਸ ਇਜਲਾਸ ਵਿੱਚ ਉਪਰੋਕਤ 09 ਯੂਨਿਟਾਂ ਦੇ ਪ੍ਰਧਾਨ ਤੇ ਜਨਰਲ ਸਕੱਤਰਾਂ ਵੱਲੋਂ ਡੈਲੀਗੇਟ ਬਣਾਏ ਜਾਣਗੇ ਜੋ ਕਿ 50 ਮੈਂਬਰਾਂ ਲਈ ਇੱਕ ਡੈਲੀਗੇਟ ਅਤੇ ਵੱਧ ਤੋਂ ਵੱਧ 05 ਡੈਲੀਗੇਟ ਬਣਾਏ ਜਾਣਗੇ।ਇਹ ਡੈਲੀਗੇਟ 15 ਫਰਵਰੀ ਨੂੰ ਹੋਣ ਵਾਲੇ ਡੈਲੀਗੇਟ ਇਜਲਾਸ ਅਤੇ ਨਵੀਂ ਹੋਣ ਵਾਲੀ ਚੋਣ ਵਿੱਚ ਹਿੱਸਾ ਲੈ ਸਕਣਗੇ।ਸ੍ਰੀ ਅਰੋੜਾ ਅਤੇ ਪਾਂਧੀ ਨੇ ਇਹ ਵੀ ਦੱਸਿਆ ਕਿ ਡੈਲੀਗੇਟ ਇਜਲਾਸ 15 ਫਰਵਰੀ ਨੂੰ ਸਵੇਰੇ 10:00 ਵਜੇ ਸ਼ੁਰੂ ਹੋਵੇਗਾ, ਜਿਸ ਵਿੱਚ 10:00 ਵਜੇ ਤੋਂ 11:00 ਵਜੇ ਤੱਕ ਜ਼ਿਲ੍ਹੇ ਵੱਲੋਂ ਕੀਤੇ ਸੰਘਰਸ਼ਾਂ ਅਤੇ ਪੈਨਸ਼ਨਰਾਂ ਦੀ ਭਲਾਈ ਲਈ ਕੀਤੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ ਜਾਵੇਗੀ ਅਤੇ ਦੋ ਸਾਲਾਂ ਦੌਰਾਨ ਹੋਏ ਖਰਚਤੇ ਆਮਦਨ ਦੀ ਰਿਪੋਰਟ ਪੇਸ਼ ਕੀਤੀ ਜਾਵੇਗੀ। ਚੋਣ ਪੈਨਲ ਰਾਹੀਂ ਸਵੇਰੇ 11:00 ਵਜੇ ਤੋਂ 12:00 ਵਜੇ ਤੱਕ ਜ਼ਿਲ੍ਹਾ ਪ੍ਰਧਾਨ ਅਤੇ ਜਨਰਲ ਸਕੱਤਰ ਲਈ ਨੋਮੀਨੇਸ਼ਨ ਪ੍ਰਾਪਤ ਕੀਤੇ ਜਾਣਗੇ ਅਤੇ 12:00 ਵਜੇ ਤੋਂ 12:30 ਵਜੇ ਤੱਕ ਨੋਮੀਨੇਸ਼ਨ ਵਾਪਸ ਲਏ ਜਾ ਸਕਦੇ ਹਨ।ਲੋੜ ਪੈਣ 'ਤੇ ਦੁਪਹਿਰ 12:30 ਵਜੇ ਤੋਂ ਦੁਪਹਿਰ 02:00 ਵਜੇ ਤੱਕ ਡੈਲੀਗੇਟ ਹੀ ਵੋਟਾਂ ਪਾਉਣਗੇ। ਇਸ ਉਪਰੰਤ ਨਤੀਜੇ ਦਾ ਐਲਾਨ ਚੋਣ ਪੈਨਲ ਤੇ ਕਨਵੀਨਰ ਵੱਲੋਂ ਕੀਤਾ ਜਾਵੇਗਾ।

## ਸਪਰਿੰਗ ਫੀਲਡ ਸਕੂਲ 'ਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ



ਬਾਘਾ ਪੁਰਾਣਾ (ਮਨੀ ਸਿੰਗਲਾ)- ਇਲਾਕੇ ਦੀ ਨਾਮਵਰ ਸੰਸਥਾ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਹਰ ਸਾਲ ਦੀ ਤਰ੍ਹਾਂ ਬੱਚਿਆਂ ਤੇ ਅਧਿਆਪਕਾਂ ਨੇ ਬਸੰਤ ਪੰਚਮੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ।ਬੱਚੇ ਸੁੰਦਰ ਰੰਗ-ਬਰੰਗੀਆਂ ਪੁਸ਼ਾਕਾਂ ਪਾ ਕੇ ਆਏ ਤੇ ਬੱਚਿਆਂ ਨੇ ਸਕੂਲ ਨੂੰ ਬਹੁਤ ਸੁੰਦਰ ਸਜਾਇਆ, ਬੱਚਿਆਂ ਦੇ ਪਤੰਗਬਾਜ਼ੀ ਦੇ ਮੁਕਾਬਲੇ ਕਰਵਾਏ ਗਏ ਅਤੇ ਬੱਚਿਆਂ ਤੇ ਸਟਾਫ ਨੇ ਇਸ ਦਾ ਬਹੁਤ ਆਨੰਦ ਮਾਣਿਆ।ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਬੱਚਿਆਂ ਨੂੰ ਚਾਈਨਾ ਡੋਰ ਨਾ ਵਰਤਣ ਦੀ ਪ੍ਰੇਰਨਾ ਦਿੱਤੀ, ਜਿਸ ਨਾਲ ਅਨੇਕਾਂ ਬੱਚੇ ਤੇ ਪੰਛੀ ਜ਼ਖ਼ਮੀ ਹੋ ਜਾਂਦੇ ਹਨ, ਕਈ ਵਾਰ ਤਾਂ ਇਸ ਘਾਤਕ ਡੋਰ ਨਾਲ ਮੌਤਾਂ ਵੀ ਹੋ ਜਾਂਦੀਆਂ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਤਿਉਹਾਰਾਂ ਦਾ ਦੇਸ਼ ਹੈ, ਹਰ ਤਿਉਹਾਰ ਖੁਸ਼ੀਆਂ ਨਾਲ ਮਨਾਉਣਾ ਚਾਹੀਦਾ ਹੈ, ਪਰ ਦੂਸਰਿਆਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।ਇਸ ਮੌਕੇ ਪ੍ਰਿੰਸੀਪਲ ਬਾਇਜੂ ਵਿਜੇ ਤੇ ਕੁਆਰਡੀਨੇਟਰ ਮੈਡਮ ਮਮਤਾ ਢੰਗ ਨੇ ਵੀ ਬੱਚਿਆਂ ਤੇ ਸਟਾਫ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ।

## ਕੌਮੀ ਝੰਡੇ ਦਾ ਹੋ ਰਿਹੈ ਅਪਮਾਨ, ਪ੍ਰਸ਼ਾਸਨ ਬੇਖ਼ਬਰ




ਕੋਟਕਪੂਰਾ (ਰਛਪਾਲ ਭੁੱਲਰ)-ਹਰ ਦੇਸ਼ ਦਾ ਕੌਮੀ ਝੰਡਾ ਬੜੇ ਸਨਮਾਨ ਨਾਲ ਫਹਿਰਾਇਆ ਤੇ ਸੰਭਾਲਿਆ ਜਾਂਦਾ ਹੈ ਤੇ ਅਜਿਹਾ ਕਰਨਾ ਅਤਿ ਜ਼ਰੂਰੀ ਵੀ ਹੈ।ਭਾਰਤੀ ਝੰਡੇ ਦੀ ਤਾਂ ਗੱਲ ਹੀ ਵੱਖਰੀ ਹੈ। ਭਾਰਤ ਸਰਕਾਰ ਨੇ ਇਸ ਦੇ ਸਨਮਾਨ ਆਦਿ ਲਈ ਵੱਖਰਾ ਐਕਟ ਵੀ ਬਣਾਇਆ ਹੋਇਆ ਹੈ, ਪਰ ਸਾਡੀਆਂ ਏਜੰਸੀਆਂ ਤੇ ਪ੍ਰਸ਼ਾਸਨ ਤਰੰਗੇ ਦੇ ਅਪਮਾਨ ਲਈ ਬੇਖ਼ਬਰ ਰਹਿੰਦਾ ਹੈ ਤੇ ਹਰ ਸਮੇਂ ਕਿਸੇ ਸ਼ਿਕਾਇਤ ਦੀ ਉਡੀਕ ਵਿੱਚ ਰਹਿੰਦਾ ਹੈ।ਅਜਿਹਾ ਹੀ ਅਪਮਾਨ ਇੱਕ ਸਕੂਲ ਬੱਸ ਜੀ ਐੱਲ 1 ਵੀ ਏ 5933 'ਤੇ ਚਿੱਟੇ ਰੰਗ 'ਤੇ ਅਸ਼ੋਕ-ਚੱਕਰ ਪਾਟਿਆ ਹੋਇਆ, ਸਟਿੱਕਰ ਟਾਈਪ ਤਰੰਗੇ ਦਾ ਵੇਖਿਆ ਜਾ ਸਕਦਾ ਹੈ।ਇਸ ਬੱਸ ਕੋਟਕਪੂਰਾ ਦੇ ਕਿਸੇ ਨੇੜੇ ਤੇੜੇ ਪ੍ਰਾਈਵੇਟ ਕਾਲਜ ਦੀ ਹੈ।

ਦੇਖਣਾ ਹੋਵੇਗਾ ਕਿੰਨੀ ਦੇਰ ਹੋਰ ਇਹ ਬੱਸ ਕੌਮੀ ਝੰਡੇ ਦਾ ਅਪਮਾਨ ਕਰਦੀ ਰਹੇਗੀ ਤੇ ਕਦੋਂ ਪ੍ਰਸ਼ਾਸਨ ਆਪਣੇ ਅੜ੍ਹਿੱਕੇ ਚਾੜ੍ਹ ਕੇ ਕਾਨੂੰਨੀ ਕਾਰਵਾਈ ਕਰਦਾ ਹੈ।

### ਜਨਤਕ ਸੂਚਨਾ

ਪਿੰਡ ਹੇਅਰ, ਮੀਰਾ ਕੋਟ ਅਤੇ ਬੱਲ, ਅਜਨਾਲਾ ਰੋਡ, ਅੰਮ੍ਰਿਤਸਰ ਵਿਖੇ 'ਏਰੋਸਿਟੀ ਅੰਮ੍ਰਿਤਸਰ' ਨਾਮੀ ਏਰੀਆ ਵਿਕਾਸ ਪ੍ਰਜੈਕਟ ਲਈ ਵਾਤਾਵਰਨ ਕਲੀਅਰੈਂਸ ਦਾ ਕਾਰਜ ਮੈਸ. ਡੀ ਐੱਸ ਕੇ ਰੀਅਲਟਰਜ਼ ਪ੍ਰਾਈਵੇਟ ਲਿਮਟਿਡ ਨੂੰ ਪੱਤਰ ਨੰ. ਐੱਸਈਆਈਏਏ/ਐੱਮ.ਐੱਸ./2017/303 ਮਿਤੀ 07.09.2018 ਤਹਿਤ ਸੌਂਪਿਆ ਗਿਆ ਹੈ। ਸ਼ਰਤਾਂ ਸਮੇਤ ਕਲੀਅਰੈਂਸ ਦੀ ਕਾਪੀ ਸਟੇਟ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ ਅਥਾਰਟੀ, ਪੰਜਾਬ ਦੇ ਦਫਤਰ ਵਿਖੇ ਅਤੇ ਡਿਵੈੱਲਪਰ ਕੋਲ ਉਪਲੱਬਧ ਹੈ। ਚਾਹਵਾਨ ਵਿਅਕਤੀ ਦੋਵਾਂ ਨਾਲ ਸੰਪਰਕ ਕਰ ਸਕਦੇ ਹਨ।

ਮੈਸਰਜ਼ ਡੀਐੱਸਕੇ ਰੀਅਲਟਰਜ਼ ਪ੍ਰਾਈ. ਲਿਮ.

### Public Notice

I, Principal Bhatti S/o JaspalBhatihas lost Transfer Deed No. 452 dated 15.07.2016 relating to Property measuring 2.5 Marla comprising under Khasra No.32//9 situated at Village Vinjoke, Tehsil Makhu, District Ferozepur. I amavailing a Loan Facility from M/s. Finova Capital Pvt. Ltd. against the property and same is required for this loan. If anyone have any objection or have found before said Transfer Deed. He can contact Lalit Kakkar, Advocate on his Mobile No. 9876107449.having its office at Chamber No. 24, New Courts, Jalandhar within 7 days from the Publication of this notice.

### Court Notice

In The Court of
**Sh. Balkar Singh**
Judicial Magistrate-Ist Class-1, Nabha
CNR NO : PBPTB1-002268-2020
Next Date : 01-03-2025
HARSH KUMAR Vs. SANDEEP Singh
NOTICE TO: SANDEEP SINGH S/O JARNAIL SINGH, VILLAGE RAMGARH BOURAN, TEHSIL NABHA

In above titled case, the accused could not be served. It is ordered that accused should appear in person or through counsel on 01-03-2025 at 10.00 a.m.

For details logon to https://highcourtchd.gov.in/?mod=district_notice&district=Patiala

Judicial Magistrate-Ist Class-1, Nabha
Dated this day of 31-01-2025

### Court Notice

In the Court of Sh. Sumer Singh Gurjar, IAS, Financial Commissioner (Appeal) Punjab Civil Secretariat-2, Sector-9, Chandigarh
ROR No. 279 of 2024

The above mentioned case as per the given title is pending before this Court which relate to Partition.

Title :- Sukhdeep Singh also known as Sukhdeep Singh Sandhu and another ....Petitioners
Versus
Paramjit Kaur and others ... Respondents

Public Notice is issued to the following :- (1) Gian Singh S/o Mela Singh R/o Village Mandiala, Tehsil Nakodar, District Jalandhar. (2) Tirbhavan Kumar S/o Satpal S/o Ram Parkash R/o Village Mandiala, Tehsil Nakodar, District Jalandhar. (3) Sarabjit Kaur W/o Gurmeet Singh S/o Jagdev Singh R/o Village Mandiala, Tehsil Nakodar, District Jalandhar. (4) Amarjit Kaur W/o Bhupinder Singh S/o Jagdev Singh R/o Village Mandiala, Tehsil Nakodar, District Jalandhar.

Whereas Sukhdeep Singh also known as Sukhdeep Singh Sandhu and another have filed petition under Section 16 of the Punjab Land Revenue Act, 1887 for setting aside the orders dated 31.12.2021 of Naib Tehsildar-cum-Assistant collector 1st Grade, Mehatpur, Tehsil Nakodar, District Jalandhar and the Sanad Taksim dated 19.06.2023 passed by Naib Tehsildar-cum-Assistant collector 1st Grade, Mehatpur, Tehsil Nakodar, District Jalandhar. In this revision petition the above mentioned person are impleaded as contested respondents. And whereas it has been proved to the satisfaction of the court that the Contesting Respondents above named cannot be served in the ordinary way of service. The case is fixed for hearing on 05-03-2025 at 11.00 AM and if they want to defend their case they need to appear personally or through their representative on at Take notice that in default of their appearance on the day as mentioned above, the above said case will be heard and decided in their absence.

Given under my hand and seal Court on
(Sh. Sumer Singh Gurjar) ,
Financial Commissioner (Appeals) ,
Punjab at Chandigarh.

### Court Notice

(U/o 5 Rule 20 CPC)
In The Court of
**Ms. Suman Pathak**
Civil Judge (Senior Division), Kapurthala
CNR No. PBKP02-001540-2024
Next Date : 04-03-2025
Ashu Marria S/o Late Ramesh Kumar Marria R/o H.No. 196, New Mohabat Nagar, Kapurthala and others
Vs. General Public and others
Suit for declaration
Publication issued to : Defendent No. 1
1. General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 04-03-2025 at 10:00 a.m.

For details logon to https:/ highcourtchd.gov.in/?mod=district_notice&district Kapurthala

Civil Judge (Senior Division), Kapurthala
Dated this day of 03-02-2025

### Public Notice

It hereby informs to public at large that Pankaj S/o Krishan Lal has avail loan from AU SMALL FINANCE BANK LIMITED have its branch office at Nakodar. Pankaj S/o Krishan lal owned Property measuring 04mls approximately situated within the Lal Lakir area of Abadi of Shahkot , Mohalla Baghwala, Tehsil Shahkot, District Jalandhar. Pankaj Became owner of this property vide Registered Transfer Deed Dated:- 23-02-2018, Document No.1188 executed by Krishan lal S/o Ram. There is no third party interest involve in owner and title of Pankaj s/o Krishan Lal is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

# ਪੰਜਾਬ ਮੰਡੀ ਬੋਰਡ

## ਈ-ਟੈਂਡਰਿੰਗ ਨੋਟਿਸ ਨੰ: 01 (2025) ਮਿਤੀ 03.02.2025

ਦਫ਼ਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ ਤਰਨ ਤਾਰਨ ਵੱਲੋਂ ਨਿਊ ਗਰੇਨ ਮਾਰਕਿਟ ਕਮੇਟੀ ਹਰੀਕੇ ਵਿਖੇ ਬਾਊਂਡਰੀਵਾਲ ਦੀ ਉਸਾਰੀ ਅਤੇ ਸਲਾਈਡਿੰਗ ਗੇਟ ਲਗਾਉਣ ਲਈ ਪੰਜਾਬ ਮੰਡੀ ਬੋਰਡ ਪਾਸੋਂ ਪ੍ਰਵਾਨਤ ਰਜਿਸਟਰਡ ਯੋਗ ਠੇਕੇਦਾਰਾਂ/ਫਰਮਾਂ/ਸਹਿਕਾਰੀ ਸਭਾਵਾਂ ਪਾਸੋਂ ਪ੍ਰਤੀਸ਼ਤ ਦਰ ਉੱਤੇ ਈ-ਟੈਂਡਰਿੰਗ ਸਾਈਟ http://eproc.punjab.gov.in ਰਾਹੀਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

ਇਸ ਟੈਂਡਰ ਨੋਟਿਸ ਦੇ ਨਿਯਮਾਂ ਅਤੇ ਸ਼ਰਤਾਂ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਈ-ਟੈਂਡਰਿੰਗ ਸਾਈਟ http://eproc.punjab.gov.in ਤੋਂ ਹਵਾਲਾ ਲਿਆ ਜਾ ਸਕਦਾ ਹੈ।

ਨੋਟ :-ਕੋਰੀਜੰਡਮ ਕੇਵਲ http://eproc.punjab.gov.in ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ।

ਸਹੀ/-ਕਾਰਜਕਾਰੀ ਇੰਜੀਨੀਅਰ (ਸ), ਪੰਜਾਬ ਮੰਡੀ ਬੋਰਡ, ਤਰਨ ਤਾਰਨ।

# ਕਲਾਸੀਫਾਈਡ ਇਸ਼ਤਿਹਾਰ

### Public Notice

This is to inform all concerned staff that School has already returned the amount of Staff welfare fund deducted till April 2024, in Nov 2024. A detailed list was made of the concerned existing staff. Any claimant (if he/she has not received) of this fund can submit his/her claim to the undersigned by 10.02.2025. Please note that no claim will be entertained for this fund after 10.02.2025. Principal, Montgomery Guru Nanak Public School, Adarsh Nagar, Jalandhar. (CBSE Affiliation Number 1630011)
Phone - 0181-2254463, 64

I, Shispal Singh S/O Dev Parkash R/O House Number B22/368 Backside Bajwa Petrol Pump Hoshiarpur Declare That My Father Name Wrongly Mentioned As Tara Chand Chauhri In Pnb Metlife Life Policy. Correct Name Of My Father Is Dev Parkash Concerned Note

### ਆਮ ਸੂਚਨਾ

ਮੋਟਰ ਕਨੈਕਸ਼ਨ ਖਾਤਾ ਨੰਬਰ 3007963805 ਪ੍ਰਭਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਗੋਬਿੰਦ ਨਗਰ, ਬੀੜ ਬਾਲੋਕੀ ਤੋਂ ਨਾਮ ਬਦਲੀ ਕਰਕੇ ਕਲਜੀਤ ਸਿੰਘ ਪੁੱਤਰ ਵੀਰ ਸਿੰਘ, ਪਿੰਡ ਗੋਬਿੰਦ ਨਗਰ, ਬੀੜ ਬਾਲੋਕੀ (ਜਲੰਧਰ) ਦੇ ਨਾਮ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਮੈਂ, ਅਲਕਾ ਵਰਮਾ ਪਤਨੀ ਧਰਮਵੀਰ ਵਰਮਾ ਵਾਸੀ ਮਕਾਨ ਨੰਬਰ ਬੀ 517, ਨਿਊ ਅੰਮ੍ਰਿਤਸਰ, ਪਾਰਕ ਦੇ ਸਾਹਮਣੇ ਤੁਲਿਪ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਅਧਾਰ ਕਾਰਡ ਤੇ ਮੇਰਾ ਨਾਮ ਅਲਕਾ ਵਰਮਾ ਦਰਜ ਹੈ ਅਤੇ ਰੈਵੀਨਿਊ ਵਿਭਾਗ ਵਿੱਚ ਮੇਰਾ ਨਾਮ ਸੁਨੰਦਾ ਦਰਜ ਹੈ। ਅਲਕਾ ਵਰਮਾ ਅਤੇ ਸੁਨੰਦਾ ਦੋਵੇਂ ਨਾਮ ਮੇਰੇ ਇੱਕੋ ਹੀ ਔਰਤ ਦੇ ਹਨ। ਮੈਨੂੰ ਦੋ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਮੈਂ, ਨਫਾ ਸਿੰਘ ਪੁੱਤਰ ਅਮਰ ਸਿੰਘ ਭੁਲਣਬੋਇਪੀ-697ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਰਾਮ ਕੁਮਾਰ ਪੁੱਤਰ ਜੁੱਗ ਲਾਲ ਭੂਲਣਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ।ਜੇਕਰ ਕਿਸੇ ਨੂੰ ਇਤਰਾਜ ਹੈ ਤਾਂ 5 ਦਿਨਾ ਵਿੱਚ ਕਰ ਸਕਦਾ ਹੈ।ਵੱਲੋਂ:- ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਖਨੌਰੀ

ਸੁਦਾਗਰ ਸਿੰਘ ਪੁੱਤਰ ਚਤਰ ਸਿੰਘ ਦੇ ਨਾਮ ਭਿਖਾਰੀਵਾਲ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ ਖਾਤਾ AP AP13/0297K ਜਗਤਾਰ ਸਿੰਘ ਪੁੱਤਰ ਪ੍ਰੇਮ ਸਿੰਘ ਭਿਖਾਰੀਵਾਲ ਆਪਣੇ ਨਾਮ ਕਰਵਾ ਰਿਹਾ ਹੈ । ਇਤਰਾਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ।

ਮੈਂ, ਮੁਲਖਾ ਸਿੰਘ ਪੁੱਤਰ ਤੇਜਾ ਸਿੰਘ ਦੇ ਨਾਮ ਚੱਕ ਅਰਾਈਆਂ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ ਖਾਤਾ AP17/1341X ਕਰਨਬੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਚੱਕ ਅਰਾਈਆਂ ਆਪਣੇ ਨਾਮ ਕਰਵਾ ਰਿਹਾ ਹੈ । ਇਤਰਾਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ। (ਕੇ ਪੀ)

ਮੈਂ, ਕਰਨੈਲ ਰਾਮ ਪੁੱਤਰ ਸਾਹਿਬ ਦਿੱਤਾ ਵਾਸੀ ਪਿੰਡ ਨਾਹਲ, ਡਾਕਖਾਨਾ ਬਸਤੀ ਗੁਜਾਂ, ਜਲੰਧਰ ਦਾ ਰਹਿਣ ਵਾਲਾ ਹਾਂ। ਮੈਂ ਆਪਣੇ ਵੱਡੇ ਪੁੱਤਰ ਰਾਕੇਸ਼ ਕੁਮਾਰ ਨੂੰ ਪਿੰਡ ਨਾਹਲ ਵਿੱਚ 5 ਮਰਲੇ ਵਾਲਾ ਘਰ, ਜੋ ਕਿ ਰਜਿਸਟਰੀਸ਼ੁਦਾ ਹੈ, ਦੇ ਦਿੱਤਾ ਹੈ ਅਤੇ ਦੂਸਰੇ ਪੁੱਤਰ ਹਰਪਾਲ ਚੰਦ ਨੂੰ ਪਿੰਡ ਨਾਹਲ ਵਿੱਚ ਲਾਲ ਲਕੀਰ ਵਾਲਾ ਘਰ ਆਪਣੀ ਖੁਸ਼ੀ/ਪਰਵਾਰਕ ਸਹਿਮਤੀ ਨਾਲ ਦੇ ਦਿੱਤਾ ਹੈ, ਜਿਸ ਦੇ ਹੁਣ ਉਹ ਮਾਲਕ ਅਤੇ ਕਾਬਜ਼ ਹਨ। ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 7 ਦਿਨਾਂ ਦੇ ਅੰਦਰ-ਅੰਦਰ ਆਪਣਾ ਦਾਅਵਾ ਪੇਸ਼ ਕਰ ਸਕਦਾ ਹੈ।

ਮੈਂ ਸੁਖਵਿੰਦਰ ਕੌਰ ਪਤਨੀ ਜਗਜੀਵਨ ਸਿੰਘ ਵਾਸੀ ਮਕਾਨ ਨੰ.1556,ਗਲੀ ਨੰ.6,ਗੁਰੂ ਨਾਨਕ ਨਗਰ, ਵੇਰਕਾ,ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਜਗਜੀਵਨ ਸਿੰਘ ਪੁੱਤਰ ਲੱਖਾ ਸਿੰਘ ਜੋ ਕਿ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਸਾਡੇ ਨਾਲੋਂ ਅਲੱਗ ਰਹਿ ਰਿਹਾ ਹੈ। ਮੈਂ ਉਸਨੂੰ ਆਪਣੀ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਨਿੱਜੀ ਜਿੰਦਗੀ ਅਤੇ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਰਾਮ ਲੁਭਾਇਆ ਪੁੱਤਰ ਕਾਬੁਲ ਰਾਮ ਵਾਸੀ ਨੂਰਪੁਰ ਕਾਲੋਨੀ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਮਿਤੀ 21.08.2014 ਨੂੰ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਆਪਣੇ ਲੜਕੇ ਜਤਿੰਦਰ ਕੁਮਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ ਅਤੇ ਮੈਨੂੰ ਉਸ ਨਾਲ ਕੋਈ ਸ਼ਿਕਾਇਤ ਨਹੀਂ ਹੈ। ਮੈਂ ਆਪਣੀ ਬੇਦਖ਼ਲੀ ਰੱਦ ਕਰਦਾ ਹਾਂ। ਸੰਬੰਧਤ ਨੋਟ ਕਰਨ।

ਮੈਂ, ਬਲਬੀਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ 17/1406, ਗਲੀ ਨੰ. 4, ਕਰਤਾਰ ਨਗਰ, ਛੇਹਰਟਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਹਰਪ੍ਰੀਤ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਹੋਇਆ ਸੀ । ਹੁਣ ਉਹ ਮੇਰੇ ਕਹਿਣੇ ਵਿੱਚ ਹੈ। ਮੈਂ ਉਸ ਨੂੰ ਦਿੱਤੀ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਸਾਰੀ ਚੱਲ-ਅਚੱਲ ਜਾਇਦਾਦ ਵਿੱਚ ਹਿੱਸੇਦਾਰ ਹੋਵੇਗਾ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਗੋਲਡੀ ਸਭਰਵਾਲ ਪੁੱਤਰ ਸ੍ਰੀ ਕਿਸ਼ਨ ਲਾਲ ਵਾਸੀ ਮਕਾਨ ਨੰ. 113, ਗਲੀ ਨੰਬਰ 8, ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਲੜਕਾ ਕਰਨ ਸਭਰਵਾਲ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪ੍ਰਹਿਲਾਦ ਪੁੱਤਰ ਮਨੀ ਰਾਮ ਵਾਸੀ ਬੁੱਢਣਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸੋਮ ਨਾਥ ਪੁੱਤਰ ਜੋਗਿੰਦਰ ਪਾਲ ਵਾਸੀ ਪਿੰਡ ਕੋਟ ਸਦੀਕ, ਕਾਲਾ ਸੰਘਿਆ ਰੋਡ, ਡਾਕਖਾਨਾ ਬਸਤੀ ਗੁਜਾਂ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਆਸ਼ਾ ਰਾਣੀ ਜੋ ਕਿ ਮੇਰੇ ਅਤੇ ਮੇਰੇ ਪ੍ਰਵਾਰਕ ਮੈਂਬਰਾਂ ਦੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੁਨੀਤਾ ਸ਼ਰਮਾ ਪਤਨੀ ਪਰਮਜੀਤ ਸ਼ਰਮਾ ਵਾਸੀ ਮਕਾਨ ਨੰ. 151-ਏ, ਆਰਮੀ ਇਨਕਲੇਵ, ਫੇਸ-3, ਧੀਨ, ਡਾਕਖਾਨਾ ਜਲੰਧਰ ਕੈਂਟ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹੇਮੰਤ ਸ਼ਰਮਾ ਅਤੇ ਉਸਦੀ ਪਤਨੀ ਸੋਨੀਆ ਬੰਗੜ ਜੋ ਕਿ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਨਿਰਭੈਲ ਸਿੰਘ ਪੁੱਤਰ ਸ. ਭਾਗ ਸਿੰਘ ਵਾਸੀ ਪਿੰਡ ਚੀਮਾ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਮਜੀਤ ਸਿੰਘ, ਨੂੰਹ ਮਨਜੀਤ ਕੌਰ ਪੋਤਰੀ ਪ੍ਰਤੀਗਿਆ ਕੌਰ ਪੁੱਤਰੀ ਜਸਵੀਰ ਕੌਰ, ਪੁੱਤਰ ਅਮਰਜੀਤ ਸਿੰਘ ਨੂੰਹ ਰਣਜੀਤ ਕੌਰ, ਮਨਿੰਦਰ ਸਿੰਘ ਪੋਤਾ, ਜਸਪ੍ਰੀਤ ਕੌਰ ਪੋਤਰੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਸਾਰਿਆਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਜਗਤਾਰ ਸਿੰਘ ਪੁੱਤਰ ਭਾਗ ਸਿੰਘ ਵਾਸੀ ਆਲੇ ਵਾਲਾ ਤਹਿ. ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਦਾ ਹਾਂ, ਮੇਰਾ ਲੜਕਾ ਕਰਨਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਮੇਰਾ ਤੇ ਮੇਰੇ ਕਿਸੇ ਪਰਵਾਰਕ ਮੈਂਬਰ ਦਾ ਕੋਈ ਸੰਬੰਧ ਨਹੀਂ ਰਿਹਾ । ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰੀ ਸਿੰਘ ਪੁੱਤਰ ਮਾਨ ਸਿੰਘ ਵਾਸੀ ਰਾਊਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦਾ ਰਹਿਣ ਵਾਲਾ ਹਾਂ। ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਖਪ੍ਰੀਤ ਸਿੰਘ ਅਤੇ ਨੂੰਹ ਨਵਨੀਤ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਹ ਕਿ ਮੈਂ ਆਪਣੇ ਲੜਕੇ ਸੁਖਪ੍ਰੀਤ ਸਿੰਘ ਅਤੇ ਨੂੰਹ ਨਵਨੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ। ਮੇਰਾ ਇਨ੍ਹਾਂ ਨਾਲ ਕੋਈ ਵੀ ਸੰਬੰਧ ਨਹੀਂ ਹੈ।

ਅਸੀਂ, ਸੁਖਦੇਵ ਪੁੱਤਰ ਬਨਾਰਸੀ ਲਾਲ ਅਤੇ ਸ੍ਰੀਮਤੀ ਕ੍ਰਿਸ਼ਨਾ ਦੇਵੀ ਪਤਨੀ ਸੁਖਦੇਵ ਵਾਸੀ ਮਕਾਨ ਨੰ. ਡਬਲਯੂ ਓ 101, ਧੋਗੜੀ ਮੁਹੱਲਾ, ਬਸਤੀ ਦਾਨਿਸ਼ਮੰਦਾਂ ਜਲੰਧਰ-144002 (ਪੰਜਾਬ) ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਮਨੀ ਅਤੇ ਉਸ ਦੀ ਪਤਨੀ ਦੇਵੀ ਸਾਡੇ ਕਹਿਣੇਕਾਰ ਨਹੀਂ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਹੀ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਸੁਖਦੇਵ ਪੁੱਤਰ ਬਨਾਰਸੀ ਲਾਲ ਅਤੇ ਕ੍ਰਿਸ਼ਨਾ ਦੇਵੀ ਵਾਸੀ ਮਕਾਨ ਨੰ. ਡਬਲਯੂ ਓ-101, ਧੋਗੜੀ ਮੁਹੱਲਾ, ਬਸਤੀ ਦਾਨਿਸ਼ਮੰਦਾ ਜਲੰਧਰ-144002 (ਪੰਜਾਬੀ) ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਸੁਮਨ ਅਤੇ ਉਸ ਦਾ ਪਤੀ ਸੰਨੀ ਸਾਡੇ ਕਹਿਣੇਕਾਰ ਨਹੀਂ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਹੀ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਰਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਅਤੇ ਬਲਵੀਰ ਕੌਰ ਪਤਨੀ ਰਵਿੰਦਰ ਸਿੰਘ ਹਾਲ ਵਾਸੀ 20 ਕੋਰਕੇ ਕਲੋਜ਼ ਕੇਨੇਪੂਰੁ ਪੋਰੀਰੂਆ 5022 ਵੈਲਿੰਗਟਨ ਨਿਊਜ਼ੀਲੈਂਡ ਅਤੇ ਪੱਕੇ ਤੌਰ 'ਤੇ ਵਾਸੀ ਫਲੈਟ ਨੰ. ਐਲ-602 ਜਲੰਧਰ ਹਾਈਟਸ-1, ਜਲੰਧਰ, ਪੰਜਾਬ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਮਨਦੀਪ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ ਸਾਡੇ ਕਹਿਣੇਕਾਰ ਨਹੀਂ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਦੋਵੇਂ 2019 ਤੋਂ ਸਾਡੇ ਤੋਂ ਵੱਖ ਨਿਊਜ਼ੀਲੈਂਡ ਵਿੱਚ ਰਹਿੰਦੇ ਹਨ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਨੰ. 618, ਵਾਰਡ ਨੰ. 24, ਸਟਰੀਟ ਨੰਬਰ 16, ਪ੍ਰੀਤ ਨਗਰ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵਿਸ਼ਾਲ ਉਰਫ ਦੀਪੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਦੇਸ ਰਾਜ ਪੁੱਤਰ ਸੀਬਾ ਰਾਮ ਵਾਸੀ ਆਦਰਮਾਨ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਵਿੰਦਰ ਕੁਮਾਰ ਅਤੇ ਉਸ ਦੀ ਪਤਨੀ ਨਿਸ਼ਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਅਮਰਜੀਤ ਕੌਰ ਵਿਧਵਾ ਕਰਮਜੀਤ ਸਿੰਘ ਵਾਸੀ ਪਿੰਡ ਦੌਲੋ ਨੰਗਲ, ਸਬ-ਤਹਿਸੀਲ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਦੀਦਾਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਅਤੇ ਉਸ ਦੇ ਸਾਰੇ ਪਰਵਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈ ਤਸਬੀਰ ਸਿੰਘ ਪੁੱਤਰ ਗੱਜਣ ਸਿੰਘ ਵਾਸੀ ਮਕਾਨ ਨੰਬਰ 1100/2 ਗਾਰਡਨ ਕਲੋਨੀ ਪੱਟੀ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ ਹਾਂ ।ਮੇਰਾ ਪੁੱਤਰ ਹੁਕਮ ਸਿੰਘ ਤੇ ਇਸਦੀ ਪਤਨੀ ਸ਼ਰਨਜੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ।ਮੈਂ ਆਪਣੇ ਪੁੱਤਰ ਤੇ ਨੂੰਹ ਦੋਹਾਂ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ । ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਬਿਮਲਾ ਕੁਮਾਰੀ ਪਤਨੀ ਸ਼੍ਰੀ ਲੇਟ ਫਕੀਰ ਚੰਦ ਵਾਸੀ ਪਿੰਡ ਸੀਤਲਪੁਰ ਡਾਕਖਾਨਾ ਕਾਲ ਬੱਕਰਾ ਜਿਲਾ ਜਲੰਧਰ,ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਕੁਮਾਰ ਅਤੇ ਉਸਦੀ ਪਤਨੀ ਸਪਨਾ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤੀ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ। ਉਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਅਮਰਜੀਤ ਕੌਰ ਵਿਧਵਾ ਸ਼੍ਰੀ ਹੀਰਾ ਸਿੰਘ ਵਾਸੀ ਮਕਾਨ ਨੰ:15 ਕਾਹਨੂੰਵਾਨ ਰੋਡ ਭੁੱਲਰ ਕਲੋਨੀ ਧੁੱਪਸੜੀ ਤਹਿ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਜਗਜੀਤ ਸਿੰਘ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦਾ ਹੈ। ਮੈ ਇਸ ਨੂੰ ਆਪਣੀ ਚਲ ਅੱਚਲ ਜ਼ਾਇਦਾਦ ਤੋਂ ਬੇਦਖ਼ਲ ਕਰਦੀ ਹਾਂ, ਲੈਣ ਦੇਣ ਕਰਨ ਵਾਲ਼ੇ ਖ਼ੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ ।

ਮੈਂ, ਕਰਮ ਸਿੰਘ ਪੁੱਤਰ ਬਚਨ ਸਿੰਘ ਵਾਸੀ ਪਿੰਡ ਲੀਲ ਖ਼ੁਰਦ ਡਾਕ, ਵਡਾਲਾ ਗ੍ਰੰਥੀਆਂ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ, ਥਾਣਾ ਸੇਖਵਾਂ, ਮੈਂ ਆਪਣੀ ਲੜਕੀ ਜਸ਼ਨਪ੍ਰੀਤ ਕੌਰ ਅਤੇ ਆਪਣੀ ਪਤਨੀ ਕੁਲਜੀਤ ਕੌਰ ਨੂੰ ਆਪਣੀ ਚਲ ਅੱਚਲ ਜ਼ਾਇਦਾਦ ਤੋਂ ਬੇਦਖ਼ਲ ਕਰਦਾ ਹਾਂ, ਲੈਣ ਦੇਣ ਕਰਨ ਵਾਲ਼ੇ ਖ਼ੁਦ ਜ਼ਿੰਮੇਵਾਰ ਹੋਣਗੇ । ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ । ਸੰਬੰਧਤ ਨੋਟ ਕਰਨ ।

ਅਸੀਂ ਦਲਬੀਰ ਸਿੰਘ ਪੁੱਤਰ ਬੂਟਾ ਸਿੰਘ ਅਤੇ ਸੁਨਿਤਾ ਰਾਣੀ ਪਤਨੀ ਦਲਬੀਰ ਸਿੰਘ ਵਾਸੀਆਨ ਪਿੰਡ ਤੇ ਡਾਕਖਾਨਾ ਹਰਿਪੁਰ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮਨੀ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਪ੍ਰਕਾਸ਼ੋ ਦੇਵੀ ਪਤਨੀ ਧਰਮ ਪਾਲ ਵਾਸੀ ਪਿੰਡ ਤੇ ਡਾਕ: ਪਨਾਮ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਹਰਮੇਸ਼ ਲਾਲ, ਉਸਦੀ ਪਤਨੀ ਬਿੰਦਰ ਅਤੇ ਉਸਦੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਅਮਰਜੀਤ ਸਿੰਘ ਪੁੱਤਰ ਲੇਟ ਸ੍ਰੀ ਪ੍ਰਤਾਪ ਸਿੰਘ ਵਾਸੀ ਪਿੰਡ ਰਗੀਲਪੁਰ, ਡਾਕਖਾਨਾ ਜੈਤੋਂ ਸਰਜਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਮਨਿੰਦਰ ਕੌਰ, ਲੜਕਾ ਹਰਮਨਪ੍ਰੀਤ ਸਿੰਘ ਵਾ ਲੜਕੀ ਏਕਮਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਸੁਲੱਖਣ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਹਰਦੋ ਝੰਡੇ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਕਾਸਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਤੇਜ ਬਹਾਦਰ ਸਿੰਘ ਬੱਲ ਪੁੱਤਰ ਅਜੈਬ ਸਿੰਘ ਵਾਸੀ ਮਕਾਨ ਨੰ. 20, ਪ੍ਰਕਾਸ਼ ਨਗਰ, ਮਾਡਲ ਟਾਊਨ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਿਮਰਨਜੀਤ ਸਿੰਘ ਬੱਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਇੰਦਰਜੀਤ ਕੌਰ ਪਤਨੀ ਲੇਟ ਗੁਰਚਰਨ ਸਿੰਘ ਵਾਸੀ 154, ਟਾਵਰ ਇਨਕਲੇਵ, ਫੇਸ-3, ਨਕੋਦਰ ਰੋਡ, ਬੈਕਸਾਈਡ ਦੀਪ ਆਟਾ ਚੱਕੀ, ਖੁਰਲਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਵਨੀਤ ਸਿੰਘ ਅਤੇ ਉਸ ਦੀ ਪਤਨੀ ਰਾਜਬੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਵਾਰਕ ਮੈਂਬਰਾਂ ਦਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਪਰਮਜੀਤ ਪਤਨੀ ਪਰਸੋਤਮ ਲਾਲ ਅਤੇ ਪ੍ਰਸੋਤਮ ਲਾਲ ਪੁੱਤਰ ਪ੍ਰੀਤਮ ਚੰਦ ਵਾਸੀ ਪਿੰਡ ਰਾਮ ਨਗਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਸਾਡੀ ਲੜਕੀ ਨੇਹਾ ਕੁਮਾਰੀ, ਜੋ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਇੰਦੂ ਖੰਨਾ ਪਤਨੀ ਲੇਟ ਸ਼ਾਂਤੀ ਸਰੂਪ ,ਵਾਸੀ ਮਕਾਨ ਨੰਬਰ 181 ,ਸ਼ਕਤੀ ਨਗਰ ,ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਖੰਨਾ ਮੇਰੇ ਕਹਿਣੇ ਤੋਂ ਬਾਹਰ ਹੈ । ਇਸ ਲਈ ਮੈਂ ਉਸ ਨੂੰ ਆਪਣੀ ਚੱਲ - ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰਕ ਮੈਂਬਰਾਂ ਦਾ ਉਸ ਨਾਲ ਕੋਈ ਸਬੰਧ ਨਹੀਂ ਹੈ। ਉਸ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, ਰਘਬੀਰ ਸਿੰਘ ਪੁੱਤਰ ਸ੍ਰੀ ਰੇਸ਼ਮ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਰਾਜਪੁਰ ਜ਼ਿਲ੍ਹਾ ਜਲੰਧਰ, ਦਾ ਰਹਿਣ ਵਾਲਾ ਹਾਂ ਅਤੇ ਬਿਆਨ ਕਰਦਾ ਹਾਂ ਕਿ ਮੇਰਾ ਨਾਂਅ ਮੇਰੇ ਲੜਕੇ ਗੁਰਵਿੰਦਰ ਸਿੰਘ ਦੇ ਸਕੂਲ ਦਾਖ਼ਲੇ ਸਮੇਂ ਰਘਵੀਰ ਸਿੰਘ ਲਿਖਿਆ ਹੈ, ਜੋ ਕਿ ਸਹੀ ਨਹੀਂ ਹੈ। ਮੇਰਾ ਸਹੀ ਨਾਂਅ ਰਘਬੀਰ ਸਿੰਘ ਹੈ।

ਮੈਂ ਕਰਨ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਪਿੰਡ ਹਸਨਪੁਰ ਸਿੰਘੋਵਾਲ ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ। ਮੈਂ ਆਪਣਾ ਨਾਮ ਜਸਕਰਨਦੀਪ ਸਿੰਘ ਤੋਂ ਬਦਲ ਕੇ ਕਰਨ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ

ਮੈਂ ਕਮਲੇਸ਼ ਰਾਣੀ ਪਤਨੀ ਸੋਮਨਾਥ ਵਾਸੀ ਪਿੰਡ ਗੁਲਾਹੜ ਤਹਿਸੀਲ ਪਾਤੜਾਂ (ਪਟਿਆਲਾ) ਨੇ ਆਪਣਾ ਨਾਂ ਬਦਲ ਕੇ ਕੈਲਾਸ਼ੋ ਬਾਈ ਰੱਖ ਲਿਆ ਹੈ।

ਮੈਂ, ਰਿੰਕੂ ਸੱਬਰਵਾਲ ਪੁੱਤਰ ਸ੍ਰੀ ਨਾਜ਼ਰ ਵਾਸੀ ਪਿੰਡ ਕਾਹਲਵਾਂ, ਤਹਿਸੀਲ ਦਸੂਹਾ (ਹੁਸ਼ਿਆਰਪੁਰ) ਨੇ ਆਪਣੇ ਨਾਬਾਲਗ ਪੁੱਤਰ ਦਾ ਨਾਂਅ ਸੈਮੂਅਲ ਤੋਂ ਬਦਲ ਕੇ ਸੈਮੂਅਲ ਸੱਬਰਵਾਲ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸੋਕੂ ਪੁੱਤਰ ਤਾਲਬ ਹੁਸੈਨ ਵਾਸੀ ਪਿੰਡ ਤੇ ਡਾਕਖਾਨਾ ਮਸੀਤਪਲ ਕੋਟ, ਤਹਿਸੀਲ ਦਸੂਹਾ (ਹੁਸ਼ਿਆਰਪੁਰ) ਨੇ ਆਪਣਾ ਨਾਂਅ ਸੋਕੂ ਤੋਂ ਬਦਲ ਕੇ ਸ਼ੌਕਤ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਕਮਲਜੀਤ ਕੌਰ ਪਤਨੀ ਸੁਖਜਿੰਦਰ ਪਾਲ, ਵਾਸੀ ਪਿੰਡ ਨਡਾਲਾ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ, ਬਿਆਨ ਕਰਦੀ ਹਾਂ ਕਿ ਮੈਂ ਆਪਣੇ ਵਿਭਾਗੀ ਰਿਕਾਰਡ ਵਿੱਚ ਆਪਣਾ ਨਾਮ ਮਨਜੀਤ ਕੌਰ ਤੋਂ ਕਮਲਜੀਤ ਕੌਰ ਕਰਵਾਉਣਾ ਚਾਹੁੰਦੀ ਹੈ। ਕਮਲਜੀਤ ਕੌਰ ਤੇ ਮਨਜੀਤ ਕੌਰ ਦੋਵੇਂ ਨਾਮ ਇੱਕੋ ਹੀ ਵਿਅਕਤੀ ਦੇ ਹਨ।

### Change of Name

I Raj Kumar Chandhar S/o Rashpal Ram R/O H.No. 162, Link Road, Nagra , PO Nagra, Jalandhar-144021, Punjab, have changed my name from Raj Kumar Chandhar to Raj Kumar. All concerned note please.

I Manjeet Kaur W/O Surinder Pal Singh R/O H.No. E.G 245, Bashirpura, Jalandhar, Punjab-144001 have changed my name from Manjeet Kaur to Maninder Kaur.

I Sangeeta Sandhu C/O Gurpreet, R/O 1970/08, Mohalla Sagran, Adampur, Po: Adampur Doaba Jalandhar, Punjab-144102. I Have Changed My Minor Daughter Name From Vishakha To Vishakha Kumari.

I Kulwinder Kaur W/O Preetpal Singh Ghuman R/O H.No 93, Ward No 5 Guru Nanak Nagar, Bhogpur, Jalandhar- 144201 Punjab Have Changed Name From Kulwinder Kaur To Kulwinder Kaur Ghuman.

I, Hitherto known as Harjit Singh S/o Puran Singh R/o V.P.O. Miani, Teh. Dasuya (Hoshiarpur), Punjab-144202, have changed my name and shall hereafter be known as Singh Harjit. Please note.

I, Hitherto known as Jasminder Kaur W/o Harjit Singh R/o V.P.O. Miani, Teh. Dasuya (Hoshiarpur), Punjab-144202, have changed my name and shall hereafter be known as Kaur Jasminder. Please note.

I, Kirpal Singh S/o Nishan Singh R/o Vill. Panwan, P.O. Hakimpur, Tehsil Kalanaur, Distt. Gurdaspur, State Punjab, India, Pin code 143512, I have changed my name from Kirpal Singh to Singh Kirpal Surname as Singh and Given name as Kirpal.

I, Shindo Rani W/o Joginder Singh R/o V.P.O. Babri Nangal, Tehsil & Distt. Gurdaspur, Punjab, have changed my name from Shindo Rani to Gindo Rani.

I, Kusam W/o Sanjeev Kumar R/o 12 H/7, Near Vishavkarma Mandir, New Harbans Nagar, Jalandhar have changed my name from Kusam to Kusum Wadhwa. All Please Note.

I, Jasvir Kaur W/o Raj Kamal R/o VPO. Kothhran, Tehsil Banga, Distt. SBS Nagar- 144505, Punjab have changed my name to Given name as Jasvir and Surname as Kaur. All Please Note.

I, Gurmail Singh S/o Santokh Singh R/o Khurampur, Tehsil Nakodar, Distt. Jalandhar have changed the spelling of my name from Gurmail Singh to Gurmel Singh. All Please Note.

I, Gagandeep Kaur W/o Avtar Singh R/o H.No. 454, Ward No. 23, Hargobind Nagar, Phagwara, Kapurthala-144401, Punjab have changed my name from Gagandeep Kaur to Gagandeep. All Please Note.

I, Sonia W/o Ratinder Singh Rattan Pal R/o VPO. Ummarwal Billa, Distt. Jalandhar have changed my name from Sonia to Sonia Rattan Pal, After Marriage. All Please Note.

I, Arjun S/o Ramesh Kumar Sharma R/o H.No.216- B, Anand Nagar, Po.Grain Market, Jalandhar have changed my name from Arjun to Arjun Sharma. All Please Note.

### Change of Name

I, Ranjit Singh S/o Balveer Singh R/O Village Mahijitpur, The. Sultanpur Lodhi, Distt. Kapurthala. Now I have changed my name Ranjit Singh to Rajveer Singh. Concerned please note.

I, Dipali D/o Vijay Kumar R/o 1678, Ward No. 2, Charkhari Wala Mohalla, Kartarpur, Distt. Jalandhar (Pb.), have changed my name from Dipali to Dipali Jhamat. All concerned please note.

I, Swaran Singh S/o Raghbir Singh R/o 216, Bazar No.6, Shaheed Udham Singh Nagar, Amritsar have changed my name from Swaran Singh to Swarn Singh

I, Devinder Kumar S/o Chaman Lal R/o Street No 05 College Road Green Avenue Abohar Fazilka 152116 have changed my name to Davinder Middha

I, Alka Middha W/o Davinder Middha R/o Street No 05 College Road Green Avenue Abohar Fazilka 152116 have changed my name to Alka Kataria

I, Lovepreet Singh S/o Harjeet Singh R/o Village Saido Lehal PPO Akalgarh Dhupaian Amritsar have declare that Lovepreet is my Given name and Singh is my Surname

I, Amarjeet Singh S/o Kundan Singh R/o H.No.96, Gali No.4, Kapoor Nagar, Sultanwind Road, Amritsar have changed my name from Amarjeet Singh to Amarjit Singh All concerned to be noted.

I, Satinder Kaur W/o Pardeep Singh R/o Karyal, Amritsar, Punjab-143102 have changed my name from Satinder Kaur to Satinder Kaur Jammu.

I Sawinder Kaur W/O Kewal Singh R/O Vpo Chawinda Devi Tehsil Majitha Distt Amritsar Have Declared That Sawinder Kaur And Sukhwinder Kaur Both Are Names Of Mine, Both Are One And The Same Person. All Concerned May Please Note.

I,Komalpreet Kaur alias Malkit Kaur W/O Gurmit Singh R/O H.No.1036,Gali Ghumiaranwali, Abadi Jantpura, Fatehgarh Churian Road, PS Civil Line,Amritsar, Punjab have changed my name from Komalpreet Kaur alias Malkit Kaur to Malkit Kaur.Concerned note.

I,Vikas Kumar Arora S/O Ajit Kumar Arora R/O 167,Shakti Nagar,Near Arya Samaj Mandir,Amritsar,Punjab have changed my name from Vikas Kumar Arora to Vikas Arora.Concerned note.

I,Seema Bhatia W/O Vikas Arora R/O 167,Shakti Nagar,Near Arya Samaj Mandir, Amritsar,Punjab have changed my name from Seema Bhatia to eema Arora.Concerned note.

I, Suman Devi W/o Narinder Pal Shankria R/o H.No. 286, Mohalla Premgarh, Garhi Gate Tehsil & Distt Hoshiarpur 146001 Punjab have changed my name from Suman Devi to Suman Devi Shankria. Concerned note.

I Chinder Pal Singh Alias Shinder Pal Singh S/O Mohinder Singh R/O Patti Jodha, Phillaur, Jalandhar Have Changed My Name To Shinder Pal Singh. All Concerned Note

I Ritika Aggarwal D/O Ashok Kumar w/o Kanti Aggarwal R/O 1, Thathiari Gate , Batala Gurdaspur have two my names Neha Bansal(Before Marriage) and Ritika Aggarwal (After Marriage)therefore Neha Bansal and Ritika Aggarwal is one and the same person Please note all concerned

I Jagjiwan Kaur W/O Ramandeep Singh R/O Vpo- Boparai, Tehsil-bholath, District -kapurthala, Punjab Have Change My Minor Son's Name From Sahibjeet Singh To Sahibjeet (Given Name) & Singh (As Surname).please Note.

I, Sukhwinder Kaur W/o Pritam Chand R/o V.Singha Po.Kang Sahbu Distt.Jalandhar, Punjab have changed my name spelling from Sukhvinder Kaur to Sukhwinder Kaur. All please note.

I, Balwinder Kaur W/O Avtar Singh residing at Village Sanghwal, PO Kishangarh, Distt. Jalandhar - 144301, Punjab, India have changed the name of my minor son Dharamveer aged 16 years and he shall hereafter be known as Dharamveer Jassi.(Jassi as surname).

I, Parmjeet W/o Roman Masih R/o Khawaja Vardag, Dhianpur, Distt. Gurdaspur, Punjab have changed my name from Parmjit to Parmjeet. Concerned Note.

I, Vansh S/o Prem Masih R/o Kutbi Nangal, PO.Batala, Tehsil Batala, Gurdaspur, Punjab-143505 have changed my name from Vansh to Vansh Masih. Concerned Note.

I, Atul Shah S/O Shyam Behari Prasad Shah, R/o Flat No- T10, 0802,Vipul Lavanya, Kherki Daula, Gurgaon, Haryana- 122004, I have changed the name of my minor daughter Aaryana Shah aged about 5 Years and She shall hereafter be known as Ariana Sha.

I, Rajveer Singh S/O Sita Ram, R/o Village-Kasouli, Soonk, S.A.S Nagar (Mohali), Mullanpur, Punjab-140901, have changed my name and shall hereafter be Known as Ramlal.


I, Gurmit Kaur D/O Sajjan Singh W/O Joginder Singh R/O Vill.Kahlwan, Po.Miani,Teh.Dasuya, Distt.Hoshiarpur, Punjab 144202 Have Changed My Name From Gurmit Kaur To Kaur Gurmeet. All Concerned Please Note.

I, Kamaldeep Kaur Chauhan D/o Raminder Singh R/o VPO. Birampur, Tehsil Garhshankar, Distt. Hoshiarpur, Punjab have changed my name from Kamaldeep Kaur Chauhan to Kamaldeep Kaur. All Please Note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬਸੰਤ ਪੰਚਮੀ ਦੇ ਦਿਹਾੜੇ 'ਤੇ ਪੁਲਸ ਮੁਲਾਜ਼ਮਾਂ ਨੂੰ ਵੱਡਾ ਤੋਹਫ਼ਾ, 727 ਪੁਲਸ ਕਰਮਚਾਰੀਆਂ ਨੂੰ ਤਰੱਕੀ ਦਿੱਤੀ



ਮਾਲੇਰਕੋਟਲਾ (ਅਸਗਰ ਪਰਿਹਾਰ) ਪਟਿਆਲਾ ਰੇਂਜ, ਪਟਿਆਲਾ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਸ. ਮਨਦੀਪ ਸਿੰਘ ਸਿੱਧੂ, ਆਈ.ਪੀ.ਐਸ. ਨੇ ਬਸੰਤ ਪੰਚਮੀ ਦੇ ਪਵਿੱਤਰ ਦਿਹਾੜੇ 'ਤੇ ਪੁਲਿਸ ਮੁਲਾਜ਼ਮਾਂ ਨੂੰ ਵੱਡਾ ਤੋਹਫ਼ਾ ਦਿੰਦੇ ਹੋਏ ਪਟਿਆਲਾ ਰੇਂਜ ਦੇ ਜ਼ਿਲ੍ਹਾ ਮਾਲੇਰਕੋਟਲਾ, ਪਟਿਆਲਾ, ਸੰਗਰੂਰ, ਬਰਨਾਲਾ ਅਤੇ ਮਾਲੇਰਕੋਟਲਾ ਵਿਖੇ ਤਾਇਨਾਤ 727 ਪੁਲਿਸ ਕਰਮਚਾਰੀਆਂ ਨੂੰ ਤਰੱਕੀਯਾਬ ਕੀਤਾ ਹੈ।

ਇਨ੍ਹਾਂ ਤਰੱਕੀਆਂ ਦੇ ਅੱਜ ਬਸੰਤ ਪੰਚਮੀ ਦੇ ਮੌਕੇ 'ਤੇ ਹੁਕਮ ਜਾਰੀ ਕਰਦਿਆਂ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਪੰਜਾਬ ਪੁਲਿਸ ਸੂਬੇ ਦੀ ਸੁਰੱਖਿਆ ਅਤੇ ਅਮਨ ਸ਼ਾਂਤੀ ਲਈ ਕੰਮ ਕਰ ਰਹੀ ਹੈ, ਜਿਸ ਦੇ ਮੱਦੇਨਜ਼ਰ ਸਮੇਂ-ਸਮੇਂ 'ਤੇ ਮੁਲਾਜ਼ਮਾਂ ਨੂੰ ਤਰੱਕੀ ਦਿੱਤੀ ਜਾਂਦੀ ਹੈ ਪਰੰਤੂ ਜਦੋਂ ਕਿਸੇ ਤਿੱਥ ਤਿਉਹਾਰ ਮੌਕੇ ਕਿਸੇ ਵੀ ਮੁਲਾਜ਼ਮ ਨੂੰ ਤਰੱਕੀ ਮਿਲਦੀ ਹੈ ਤਾਂ ਉਸ ਦੀ ਖ਼ੁਸ਼ੀ ਵੱਖਰੀ ਹੀ ਹੁੰਦੀ ਹੈ। ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਜਿਹੜੇ ਮੁਲਾਜ਼ਮਾਂ ਨੂੰ ਤਰੱਕੀ ਦਿੱਤੀ ਗਈ ਹੈ ਉਨ੍ਹਾਂ ਵਿੱਚ ਸਹਾਇਕ ਥਾਣੇਦਾਰ ਤੋਂ ਸਬ-ਇੰਸਪੈਕਟਰ 23, ਹੌਲਦਾਰ ਤੋਂ ਸਹਾਇਕ ਥਾਣੇਦਾਰ 132, ਸਿਪਾਹੀ ਤੋਂ ਹੌਲਦਾਰ 572 ਸ਼ਾਮਲ ਹਨ।ਜ਼ਿਕਰਯੋਗ ਹੈ ਕਿ ਮਾਲੇਰਕੋਟਲਾ ਦੇ ਸਹਾਇਕ ਥਾਣੇਦਾਰ ਤੋਂ ਸਬ-ਇੰਸਪੈਕਟਰ 03, ਹੌਲਦਾਰ ਤੋਂ ਸਹਾਇਕ ਥਾਣੇਦਾਰ 06, ਸਿਪਾਹੀ ਤੋਂ ਸੀਨੀਅਰ ਸਿਪਾਹੀ 49 ਨੂੰ ਤਰੱਕੀਆਂ ਦਿੱਤੀਆਂ ਗਈਆਂ ਹਨ। ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਤਰੱਕੀਯਾਬ ਹੋਏ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਬਾਰਕਬਾਦ ਦਿੱਤੀ। ਇਨ੍ਹਾਂ ਕ੍ਰਮਚਾਰੀਆਂ ਨੂੰ ਸ਼ੁਭ ਇੱਛਾਵਾਂ ਦਿੰਦੇ ਹੋਏ ਸਿੱਧੂ ਨੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਇਹ ਤਰੱਕੀਯਾਬ ਕ੍ਰਮਚਾਰੀ ਤਨਦੇਹੀ ਨਾਲ ਸਥਾਪਤ ਕਾਨੂੰਨਾਂ ਦੀ ਪਾਲਣਾ ਕਰਦੇ ਹੋਏ ਲੋਕ ਹਿੱਤ ਵਿੱਚ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਡੀ.ਆਈ.ਜੀ. ਸਿੱਧੂ ਨੇ ਨਵੀਆਂ ਪੈੜਾਂ ਪਾਈਆਂ ਹਨ, ਨਵੇਂ ਸਾਲ ਦੇ ਮੌਕੇ 'ਤੇ ਵੀ ਉਨ੍ਹਾਂ ਨੇ ਮੁਲਾਜ਼ਮਾਂ ਨੂੰ ਤਰੱਕੀਆਂ ਦਿੱਤੀਆਂ ਸਨ।ਉਨ੍ਹਾਂ ਨੇ ਪਟਿਆਲਾ ਰੇਂਜ ਦੇ ਜ਼ਿਲ੍ਹਾ ਮਾਲੇਰਕੋਟਲਾ ਦੇ 6 , ਪਟਿਆਲਾ ਦੇ 73, ਸੰਗਰੂਰ ਦੇ 18, ਬਰਨਾਲਾ ਦੇ 10, ਅਤੇ ਜੀ.ਆਰ.ਪੀ. ਦੇ 19 ਕੁੱਲ 126 ਸਿਪਾਹੀਆਂ ਨੂੰ ਹੌਲਦਾਰ ਤਰੱਕੀਯਾਬ ਕੀਤਾ ਸੀ।

## ਪੰਜ ਮੋਟਰਾਂ ਦੀਆਂ ਕੇਬਲਾਂ ਤੇ ਹੋਰ ਸਾਮਾਨ ਚੋਰੀ

ਕੋਟ ਈਸੇ ਖਾਂ (ਅਰੋੜਾ)-ਸ਼ਹਿਰ ਦੇ ਲਾਗਲੇ ਪਿੰਡ ਖੋਸਾ ਰਣਧੀਰ ਵਿਖੇ ਬੀਤੀ ਰਾਤ ਕੇਬਲ ਤਾਰ ਗਰੋਹ ਵੱਲੋਂ ਪੰਜ ਮੋਟਰਾਂ ਦੀਆਂ ਕੇਬਲਾਂ ਤੇ ਹੋਰ ਸਾਮਾਨ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਕਿਸਾਨ ਕਰਨਪਾਲ ਸਿੰਘ ਪੁੱਤਰ ਗੁਰਮੇਲ ਸਿੰਘ, ਬਲਦੇਵ ਸਿੰਘ, ਰਜਿੰਦਰ ਸਿੰਘ, ਜਸਪਾਲ ਸਿੰਘ ਪੁੱਤਰ ਸਾਧੂ ਸਿੰਘ ਆਦਿ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਦੋਂ ਅਸੀਂ ਸਵੇਰੇ ਆਪਣੀਆਂ ਮੋਟਰਾਂ 'ਤੇ ਆਏ ਤਾਂ ਸਾਨੂੰ ਪਤਾ ਲੱਗਿਆ ਕਿ ਸਾਡੀਆਂ ਮੋਟਰਾਂ ਦੀ ਕੇਬਲਾਂ, ਗਰਿੱਪ ਤੇ ਸਟਾਟਰ ਚੋਰੀ ਹੋ ਗਏ ਹਨ।ਉਨ੍ਹਾਂ ਕਿਹਾ ਕਿ ਮੋਟਰਾਂ ਦੀਆਂ ਕੋਠੜੀਆਂ ਨੂੰ ਜਿੰਦੇ ਲੱਗੇ ਹੋਣ ਕਰਕੇ ਚੋਰਾਂ ਵੱਲੋਂ ਕੋਠੜੀਆਂ ਨੂੰ ਪਾੜ ਲਾ ਕੇ ਸਟਾਰਟਰ ਤੇ ਹੋਰ ਸਾਮਾਨ ਚੋਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹਰੇਕ ਪੀੜਤ ਕਿਸਾਨ ਦਾ ਕਰੀਬ 15 ਤੋਂ ਉਹ 20 ਹਜ਼ਾਰ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਕੇਬਲ ਚੋਰ ਗਰੋਹ ਨੂੰ ਜਲਦੀ ਕਾਬੂ ਕੀਤਾ ਜਾਵੇ।ਕੁਝ ਕਿਸਾਨਾਂ ਤਾਂ ਪਹਿਲਾਂ ਹੀ ਆਰਥਿਕ ਪੱਖੋਂ ਕਮਜ਼ੋਰ ਹਨ, ਉੱਤੋਂ ਇਹ ਚੋਰ ਗਰੋਹ ਨੇ ਚੋਰੀਆਂ ਕਰਕੇ ਕਿਸਾਨਾਂ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ।ਇਸ ਮੌਕੇ ਪ੍ਰਿਤਪਾਲ ਸਿੰਘ ਗੋਲਡੀ, ਹਰਦੀਪ ਸਿੰਘ, ਜਾਦੂ ਸਿੰਘ, ਪੱਪੀ ਸਿੰਘ ਆਦਿ ਹਾਜ਼ਰ ਸਨ।

### Change of Name

I, Joginder Singh S/O Naranjan Singh R/O Vill.Kahlwan, Po.Miani, Teh. Dasuya, Distt. Hoshiarpur, Punjab 144202 Have Changed My Name From Joginder Singh To Singh Joginder. All Concerned Please Note.

I, Gurmel Singh S/o Harvinder R/o VPO. Bassi Jalal, Hoshiarpur, Distt. Hoshiarpur Punjab-144203 have changed my name from Gurmel Singh to Gurmail Singh. Concerned Note.

I, Rajinder Kaur W/o Yadvinder Singh Dhillon R/o H.No. 49/53, Uday Nagar, Nakodar Road, Jalandhar, Punjab, India have changed my name from Rajinder Kaur to Rajinder Kaur Dhillon. All concerned please note.

I, Amanpreet Dua D/o Baljeet Singh W/o Roopneet Singh R/o H.No. 208, Opp. Park, New Vikaspuri Industrial Town Jalandhar, have changed my name from Amanpreet Dua to Amanpreet Kaur after marriage. All concerned please note.

I, Sukhmander Singh S/o Ajmer Singh, R/o Near Baba Jiwan Singh Gurudwara, Haire Khaire Patti, Himatpura, Moga, Himmatpura, Punjab, declare that I want to change my name from Sukhwinder Singh Gharu to Sukhwinder Singh.

I, Ansh Wadhwan s/o Om Parkash r/o 3, Icche wala road, Veer Nagar, Ferozepur (Rural) Ferozepur, Punjab, 152002 have changed my name as Ansh Wadhawan. All concerned please note.

I, Priya d/o Makhan Singh r/o Patti Dhuni ki, Village Jandiala, Tehsil Phillaur, Dhaliwal, Jalandhar, Punjab-144033 have changed my name as Priya Kaur. All concerned please note.

I, Kamaljit Kaur w/o Daljeet Singh Brar r/o Near Community Hall, Jaspal Patti, Khota, Po Khote, Distt. Moga have changed my name to Kamaljit Kaur Brar. All concerned please note.

I, Reena w/o Sunny Behal r/o B-41/1280, Bootan Pind, Po. Model Town, Jalandhar have changed my name to Reena Behal, After Marriage. All concerned please note.

I, Satvinder Singh s/o Gurdeep Singh r/o 38, New Harbans Nagar, Jalandhar have changed the spelling of my name to Satwinder Singh. All concerned please note.

I, Jodh Singh s/o Santokh Singh r/o B42/33, Gali No.8, Near Post Office Rattanpura, Phagwara, Distt. Kapurthala, Punjab have changed my name to Jodh Singh Parmar. All concerned please note.

I, Gurpreet Kaur w/o Mandeep Singh Jagdev r/o H.No. 411, St. No. 8, Shaheed Udham Singh Nagar, Akal Stadium, Phagwara, Distt. Kapurthala-144401 have changed my name to Gurpreet Kaur Jagdev. All Please Note.

# ਬਜਟ ਪੇਂਡੂ ਵਿਕਾਸ ਤੇ ਨਰੇਗਾ ਵਿਰੋਧੀ : ਸੀ ਪੀ ਆਈ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**



ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਨੇੜਲੇ ਪਿੰਡ ਚੰਮੇਲੀ ਵਿਖੇ ਨਰੇਗਾ ਤੇ ਖੇਤ ਮਜ਼ਦੂਰਾਂ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੋਦੀ ਸਰਕਾਰ ਦੀਆਂ ਕਿਰਤੀ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਦਾ ਸਖ਼ਤ ਵਿਰੋਧ ਕੀਤਾ ਗਿਆ। ਨਵੇਂ ਕੇਂਦਰੀ ਬਜਟ 'ਤੇ ਟਿੱਪਣੀ ਕਰਦੇ ਹੋਏ ਕਮਿਊਨਿਸਟ ਆਗੂਆਂ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਲਈ ਜੋ ਫੰਡ ਪ੍ਰਾਪਤ ਹੋ ਰਹੇ ਹਨ, ਉਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਫੰਡ ਨਰੇਗਾ ਰਾਹੀਂ ਆਉਂਦੇ ਹਨ, ਪਰ ਮੌਜੂਦਾ ਬਜਟ ਵਿੱਚ ਨਰੇਗਾ ਫੰਡ ਵਿੱਚ ਇੱਕ ਰੁਪਿਆ ਵੀ ਵਾਧਾ ਨਹੀਂ ਕੀਤਾ ਗਿਆ, ਜੋ ਕਿ ਅਤਿ ਨਿੰਦਣਯੋਗ ਅਤੇ ਸ਼ਰਮਨਾਕ ਹੈ, ਜਿਸ ਨਾਲ ਸਰਕਾਰ ਦੀ ਵਿਕਾਸ ਵਿਰੋਧੀ ਤੇ ਮਜ਼ਦੂਰ ਵਿਰੋਧੀ ਮਾਨਸਿਕਤਾ ਸਾਹਮਣੇ ਆਉਂਦੀ ਹੈ। ਮਨਰੇਗਾ ਫੰਡ 'ਤੇ ਆਪਣੇ ਪ੍ਰਤੀਕਿਰਿਆ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਐਗਜ਼ੈਕਟਿਵ ਮੈਂਬਰ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਗੋਰਾ ਸਿੰਘ ਪਿਪਲੀ ਨੇ ਪਿੰਡ ਚੰਮੇਲੀ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੀ ਬ੍ਰਾਂਚ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਸਾਲ ਨਰੇਗਾ ਲਈ 65 ਹਜ਼ਾਰ ਕਰੋੜ ਰੱਖਿਆ ਸੀ, ਪਰ ਬਾਅਦ ਵਿੱਚ ਇਸ ਨੂੰ 89 ਹਜ਼ਾਰ ਕਰੋੜ ਕਰਨਾ ਪਿਆ, ਪਰ ਇਹ ਵੀ ਪੈਸਾ ਖਤਮ ਹੋ ਗਿਆ ਸੀ, ਜਿਸ ਕਰਕੇ ਹੁਣ ਵੀ ਮਜ਼ਦੂਰਾਂ ਦਾ ਹਜ਼ਾਰਾਂ ਕਰੋੜ ਬਕਾਇਆ ਹੈ। ਪਹਿਲੀ ਅਪ੍ਰੈਲ ਤੋਂ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿੱਚ ਹੋਰ ਵਾਧਾ ਹੋ ਜਾਣਾ ਹੈ, ਜਿਸ ਕਰਕੇ ਇਹ ਬਜਟ ਘੱਟ ਪੈ ਜਾਵੇਗਾ। ਸਰਕਾਰਾਂ ਇਸ ਦੀ ਪੂਰਤੀ ਲਈ ਕੰਮ ਦੇ ਪ੍ਰੋਜੈਕਟ ਬੰਦ ਕਰ ਦਿੰਦੀਆਂ ਹਨ, ਜਿਸ ਕਰਕੇ ਨਰੇਗਾ ਮਜ਼ਦੂਰਾਂ ਨੂੰ ਕਾਨੂੰਨ ਅਨੁਸਾਰ 100 ਦਿਨ ਪੂਰਾ ਕੰਮ ਨਹੀਂ ਮਿਲਦਾ। ਲੋਕ ਪਹਿਲਾਂ ਹੀ ਬੇਰੁਜ਼ਗਾਰੀ ਦਾ ਸ਼ਿਕਾਰ ਹੋ ਕੇ ਮਾਰੇ ਮਾਰੇ ਫਿਰ ਰਹੇ ਹਨ, ਜਿਸ ਕਰਕੇ ਬੇਰੁਜ਼ਗਾਰੀ ਵਿੱਚ ਹੋਰ ਵਾਧਾ ਹੋਵੇਗਾ। ਜੇਕਰ ਸਰਕਾਰ ਪਿੰਡਾਂ ਦਾ ਵਿਕਾਸ ਕਰਨਾ ਚਾਹੁੰਦੀ ਹੈ ਤਾਂ ਕੇਂਦਰੀ ਬਜਟ ਵਿੱਚ ਨਰੇਗਾ ਫੰਡ 'ਚ ਤੁਰੰਤ ਵਾਧਾ ਕਰੇ। ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਲਈ, ਗਰੀਬਾਂ ਦੇ ਰਾਸ਼ਨ ਲਈ, ਕੇਂਦਰ ਦੀ ਬੁਢਾਪਾ ਪੈਨਸ਼ਨ ਲਈ ਕੋਈ ਫੰਡ ਨਹੀਂ ਰੱਖਿਆ। ਕਿਸਾਨਾਂ ਦੀਆਂ ਭਖਦੀਆਂ ਮੰਗਾਂ ਬਾਰੇ ਕੋਈ ਬਜਟ ਨਹੀਂ ਰੱਖਿਆ। ਇਸ ਲਈ ਕੰਮ ਕਰਦੇ ਕਿਰਤੀ ਲੋਕਾਂ ਲਈ ਇਹ ਬਜਟ ਧੋਖਾ ਸਾਬਿਤ ਹੋਵੇਗਾ। ਇਸ ਸਮੇਂ ਪਾਰਟੀ ਦੇ ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਮਾਸਟਰ ਗੁਰਚਰਨ ਸਿੰਘ ਮਾਨ, ਜ਼ਿਲ੍ਹਾ ਕੌਂਸਲ ਮੈਂਬਰ ਚਰਨਜੀਤ ਸਿੰਘ ਚਮੇਲੀ ਨੇ ਵੀ ਸੰਬੋਧਨ ਕੀਤਾ। ਚਮਕੌਰ ਸਿੰਘ ਪੱਪੂ ਨੇ ਆਏ ਹੋਏ ਵਰਕਰਾਂ ਦਾ ਧੰਨਵਾਦ ਕੀਤਾ। ਸਾਰੇ ਬੁਲਾਰਿਆਂ ਨੇ ਭਾਰਤੀ ਕਮਿਊਨਿਸਟ ਪਾਰਟੀ ਦਾ ਸਾਥ ਦਿੱਤਾ।

# ਇਤਿਹਾਸਕ ਨਾਵਲ 'ਸੀਸ ਤਲੀ ਤੇ' ਉੱਪਰ ਗੋਸ਼ਟੀ



ਬਠਿੰਡਾ (ਬਖਤੌਰ ਢਿੱਲੋਂ)-ਦੇਸ਼ ਦੀ ਆਜ਼ਾਦੀ ਲਈ ਲੰਬਾ ਸਮਾਂ ਲੜਾਈ ਲੜਨ ਵਾਲੇ ਜੁਝਾਰੂ ਦੇਸ਼ ਭਗਤ ਸ਼ੇਰ ਜੰਗ ਦੇ ਜੀਵਨ 'ਤੇ ਆਧਾਰਤ ਪ੍ਰਸਿੱਧ ਸਾਹਿਤਕਾਰ ਸ੍ਰੀ ਅਤਰਜੀਤ ਵੱਲੋਂ ਲਿਖੇ ਨਾਵਲ 'ਸੀਸ ਤਲੀ ਤੇ' ਉੱਪਰ ਵਿਚਾਰ ਗੋਸ਼ਟੀ ਹੋਈ। ਸਥਾਨਕ ਟੀਚਰਜ਼ ਹੋਮ ਵਿਖੇ ਹੋਏ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਿੰ: ਬੱਗਾ ਸਿੰਘ, ਸ੍ਰੀ ਅਤਰਜੀਤ, ਸ੍ਰੀ ਲਛਮਣ ਸਿਘ ਮਲੂਕਾ, ਸ੍ਰੀ ਸੁਰਿੰਦਰਪ੍ਰੀਤ ਘਣੀਆ ਸ਼ਾਮਲ ਸਨ। ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਸਭਨਾਂ ਨੂੰ ਜੀ ਆਇਆਂ ਕਿਹਾ। ਇਸ ਉਪਰੰਤ ਨਾਵਲ ਉੱਪਰ ਪੇਪਰ ਪੜ੍ਹਦਿਆਂ ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਨਾਵਲ ਦੇ ਕੁੱਝ ਅੰਸ਼ ਪੇਸ਼ ਕਰਦਿਆਂ ਕਿਹਾ ਕਿ ਨਾਵਲ ਆਜ਼ਾਦੀ ਸੰਘਰਸ਼ ਦੇ ਨਾਲ ਨਾਲ ਅੱਜ ਦੇ ਹਾਲਾਤਾਂ ਨੂੰ ਵੀ ਲੈ ਕੇ ਚੱਲਦਾ ਹੈ ਤੇ ਸ਼ੇਰ ਜੰਗ ਸਮੇਤ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਝੱਲੇ ਦੁੱਖਾਂ ਤੇ ਕੀਤੀਆਂ ਕੁਰਬਾਨੀਆਂ ਦੀ ਬਾਤ ਪਾਉਂਦਾ ਹੈ। ਨਾਵਲ ਸਪੱਸ਼ਟ ਕਰਦਾ ਹੈ ਕਿ ਕੋਈ ਸੰਘਰਸ਼ ਤਾਂ ਹੀ ਜਿੱਤਿਆ ਜਾ ਸਕਦਾ ਹੈ, ਜੇ ਉਹ ਧਰਮਾਂ, ਜਾਤਾਂ, ਗੋਤਾਂ ਤੋਂ ਉੱਪਰ ਉੱਠ ਕੇ ਇੱਕਮੁੱਠਤਾ ਨਾਲ ਲੜਿਆ ਜਾਵੇ। ਚਰਚਾ ਵਿੱਚ ਭਾਗ ਲੈਂਦਿਆਂ ਗਜ਼ਲਗੋ ਰਣਬੀਰ ਰਾਣਾ ਤੇ ਨਾਵਲਕਾਰ ਜਸਵਿੰਦਰ ਜਸ ਨੇ ਨਾਵਲ ਦੇ ਵਿਸ਼ੇ ਦੀ ਸ਼ਲਾਘਾ ਕਰਦੇ ਹੋਏ ਇਸ ਵਿਚਲੀਆਂ ਘਾਟਾਂ ਕਮੀਆਂ ਨੂੰ ਉਜਾਗਰ ਕਰਦਿਆਂ ਕਾਹਲ ਵਿੱਚ ਲਿਖਿਆ ਕਰਾਰ ਦਿੱਤਾ। ਉਨ੍ਹਾਂ ਦੇਸ਼ ਭਗਤਾਂ ਬਾਰੇ ਸਾਹਿਤ ਰਚਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਰਚਨਾਕਾਰ ਨੂੰ ਪਹਿਲਾਂ ਰਚਨਾ ਵਿਚਲੇ ਸਮੇਂ ਤੇ ਸਥਾਨ ਬਾਰੇ ਪੂਰੀ ਜਾਣਕਾਰੀ ਹਾਸਲ ਕਰ ਲੈਣੀ ਚਾਹੀਦੀ ਹੈ। ਨਾਵਲਕਾਰ ਜਸਪਾਲ ਮਾਨਖੇੜਾ ਤੇ ਟੀਚਰਜ਼ ਹੋਮ ਟਰੱਸਟ ਦੇ ਆਗੂ ਲਛਮਣ ਮਲੂਕਾ ਨੇ ਕਿਹਾ ਕਿ ਨਾਵਲ ਤੇ ਪ੍ਰਭਾਵਸ਼ਾਲੀ ਗੋਸ਼ਟੀ ਹੋਈ ਹੈ ਤੇ ਨਾਵਲ ਆਜ਼ਾਦੀ ਘੁਲਾਟੀਆਂ 'ਤੇ ਹੋਏ ਤਸ਼ੱਦਦ ਬਾਰੇ ਪੂਰੀ ਜਾਣਕਾਰੀ ਮੁਹੱਈਆ ਕਰਦਾ ਹੋਇਆ ਪਾਠਕਾਂ ਦੇ ਮਨ ਨੂੰ ਹਲੂਣਾ ਦਿੰਦਾ ਹੈ। ਗਜ਼ਲਗੋ ਸੁਰਿੰਦਰਪ੍ਰੀਤ ਘਣੀਆ ਨੇ ਕਿਹਾ ਕਿ ਇਤਿਹਾਸਕ ਨਾਵਲ ਦਾ ਵਿਸ਼ਾ ਤੇ ਸ਼ਬਦਾਵਲੀ ਪਾਠਕ ਨੂੰ ਹਲੂਣਦੇ ਹਨ, ਪਰ ਲਿਖਣ ਵਿੱਚ ਕੀਤੀ ਕਾਹਲ ਪ੍ਰਗਟ ਹੁੰਦੀ ਹੈ। ਅਤਰਜੀਤ ਨੇ ਗੋਸ਼ਟੀ 'ਤੇ ਤਸੱਲੀ ਪ੍ਰਗਟ ਕਰਦਿਆਂ ਮੰਨਿਆ ਕਿ ਨਾਵਲ ਲਿਖਣ ਸਮੇਂ ਸਿਹਤ ਸਾਜ਼ਗਾਰ ਨਾ ਹੋਣ ਕਾਰਨ ਕਾਹਲ ਜ਼ਰੂਰ ਕੀਤੀ ਗਈ ਸੀ।

ਪ੍ਰਿੰ: ਬੱਗਾ ਸਿੰਘ ਪ੍ਰਧਾਨ ਜਮਹੂਰੀ ਅਧਿਕਾਰ ਸਭਾ ਬਠਿੰਡਾ ਨੇ ਕਿਹਾ ਕਿ ਨਾਵਲ ਜਿੱਥੇ ਆਜ਼ਾਦੀ ਸੰਘਰਸ਼ ਦੀ ਬਾਤ ਪਾਉਂਦਾ ਹੈ, ਉੱਥੇ ਲੋਕ ਏਕਤਾ ਦੀ ਜਿੱਤ ਦੀ ਸ਼ਾਹਦੀ ਵੀ ਭਰਦਾ ਹੈ। ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਸਰਵਸ੍ਰੀ ਅਮਰਜੀਤ ਜੀਤ, ਕਮਲ ਬਠਿੰਡਾ, ਸੁਰਿੰਦਰਪ੍ਰੀਤ ਘਣੀਆ, ਮਨਜੀਤ ਬਠਿੰਡਾ, ਦਮਜੀਤ ਦਰਸ਼ਨ ਆਦਿ ਨੇ ਗ਼ਜ਼ਲਾਂ ਕਵਿਤਾਵਾਂ ਪੇਸ਼ ਕੀਤੀਆਂ। ਅੰਤ ਵਿੱਚ ਡਾ: ਅਜੀਤਪਾਲ ਸਿੰਘ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਵੱਖ ਵੱਖ ਸਾਹਿਤ ਸਭਾਵਾਂ ਦੀ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ। ਸਟੇਜ ਸਕੱਤਰ ਦੀ ਭੂਮਿਕਾ ਕਹਾਣੀਕਾਰ ਆਗਾਜ਼ਵੀਰ ਨੇ ਬਾਖ਼ੂਬੀ ਨਿਭਾਈ।

## ਕੇਂਦਰ ਸਰਕਾਰ ਨੇ ਬਜਟ ਬਿਹਾਰ ਦੇ ਲੋਕਾਂ ਨੂੰ ਖ਼ੁਸ਼ ਕਰਨ ਲਈ ਪੇਸ਼ ਕੀਤਾ : ਭੀਨਾ ਬਰਾੜ

**ਸ਼੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**-ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬੱਜਟ ਤੋਂ ਹਰੇਕ ਵਰਗ ਨਾ ਖੁਸ਼ ਦਿਖਾਈ ਦੇ ਰਿਹਾ ਹੈ, ਕਿਉਂਕਿ ਇਹ ਬੱਜਟ ਸਿਰਫ਼ ਤੇ ਸਿਰਫ਼ ਚੋਣਾਂ ਨੂੰ ਧਿਆਨ 'ਚ ਰੱਖ ਕੇ ਹੀ ਲਿਆਂਦਾ ਗਿਆ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਿਮਰਜੀਤ ਸਿੰਘ ਭੀਨਾ ਬਰਾੜ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਬੱਜਟ ਸੁਣ ਕੇ ਕਿਸਾਨ ਦੇ ਹੱਥ ਨਿਰਾਸ਼ ਹੀ ਲੱਗੀ ਹੈ ਤੇ ਕੇਂਦਰ ਸਰਕਾਰ ਕਿਸਾਨਾਂ ਦੀ ਕਿਸੇ ਵੀ ਉਮੀਦ 'ਤੇ ਖ਼ਰੀ ਨਹੀਂ ਉੱਤਰ ਸਕੀ।ਉਨ੍ਹਾਂ ਕਿਹਾ ਕਿ ਦੇਸ਼ ਵਿਚ ਕਿਸਾਨਾਂ ਦੀ ਆਬਾਦੀ 50 ਫੀਸਦੀ ਤੋਂ ਵੱਧ ਹੈ, ਪਰ ਪੂਰੇ ਬਜਟ (50,65,345 ਕਰੋੜ ਰੁਪਏ) 'ਚੋਂ ਸਿਰਫ਼ (1,71,437 ਕਰੋੜ ਰੁਪਏ) ਹੀ ਖੇਤੀ ਸੈਕਟਰ ਨੂੰ ਦਿੱਤੇ ਗਏ ਹਨ, ਜੋ ਸਿਰਫ਼ 3.38 ਫੀਸਦੀ ਹੀ ਹੈ।ਬਰਾੜ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਦੀ ਮੁੱਖ ਮੰਗ ਜੀ.ਐੱਸ.ਟੀ. ਦਾ ਗਾਰੰਟੀ ਕਾਨੂੰਨ ਹੈ, ਪਰ ਬੱਜਟ ਵਿੱਚ ਜੀਐਸਟੀ ਦਾ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ। ਭੀਨਾ ਬਰਾੜ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬੱਜਟ ਦੌਰਾਨ ਪੰਜਾਬ ਵਰਗੇ ਅਹਿਮ ਸੂਬਿਆਂ ਨੂੰ ਅਣਗੌਲਿਆ ਕੀਤਾ ਗਿਆ ਤੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫਸਲੀ ਚੱਕਰ ਵਿਚੋਂ ਬਾਹਰ ਕੱਢਣ ਲਈ ਵੀ ਕੋਈ ਵਿਸੇਸ਼ ਪੈਕੇਜ ਨਹੀਂ ਦਿੱਤਾ ਗਿਆ।

## ਕੇਂਦਰ ਵੱਲੋਂ ਐਲਾਨੇ ਬਜਟ 'ਚ ਪੰਜਾਬ ਦੀ ਅਣਦੇਖੀ : ਹੈਪੀ ਗਰਗ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਕੇਂਦਰੀ ਬਜਟ ਨੂੰ ਪੰਜਾਬ ਵਿਰੋਧੀ ਦੱਸਦਿਆਂ ਆਮ ਆਦਮੀ ਪਾਰਟੀ ਸ਼ਹਿਰੀ ਬਲਾਕ ਧੂਰੀ ਦੇ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਕਿਹਾ ਕਿ ਵਿੱਤੀ ਸਾਲ 2025-26 ਦੇ ਬਜਟ ਵਿੱਚ ਪੰਜਾਬ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ, ਜੋ ਸੂਬੇ ਦੇ ਲੋਕਾਂ ਲਈ ਨਿਰਾਸ਼ਾ ਦਾ ਕਾਰਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਾਕਿਸਤਾਨ ਨੂੰ ਛੂਹਣ ਵਾਲੀਆਂ 553 ਕਿਲੋਮੀਟਰ ਦੀਆਂ ਸਰਹੱਦਾਂ ਸਾਂਝੀਆਂ ਕਰਦਾ ਹੈ, ਜਿਸ ਵਿੱਚ ਰਾਜ ਵਿੱਚ ਨਸ਼ਿਆਂ ਨੂੰ ਧੱਕਣ ਦੀਆਂ ਕੋਸ਼ਿਸ਼ਾਂ ਨਾਲ ਲੜਨ ਵਿੱਚ ਵੱਡਾ ਜ਼ੋਖ਼ਮ ਸ਼ਾਮਲ ਹੁੰਦਾ ਹੈ। ਉਨ੍ਹਾਂ ਭਾਜਪਾ ਸ਼ਾਸਤ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਬਜਟ ਨੂੰ ਨਿਰਾਸ਼ਾਜਨਕ ਦੱਸਿਆ ਹੈ।ਉਨ੍ਹਾਂ ਕਿਹਾ ਕਿ ਖਾਸ ਕਰਕੇ ਮੱਧ ਵਰਗ ਨੂੰ ਧੋਖਾ ਦਿੱਤਾ ਗਿਆ ਹੈ।ਬੱਜਟ ਵਿੱਚ ਜੀਐੱਸਟੀ ਤੇ ਹੋਮ ਲੋਨ ਵਿੱਚ ਕੋਈ ਰਾਹਤ ਨਹੀਂ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਖਜ਼ਾਨੇ ਦਾ ਵੱਡਾ ਹਿੱਸਾ ਕੁਝ ਅਮੀਰ ਅਰਬਪਤੀਆਂ ਦੇ ਕਰਜ਼ੇ ਮੁਆਫ ਕਰਨ 'ਤੇ ਚਲਾ ਜਾਂਦਾ ਹੈ।ਉਨ੍ਹਾਂ ਮੰਗ ਕੀਤੀ ਸੀ ਕਿ ਬਜਟ ਵਿੱਚ ਇਹ ਐਲਾਨ ਕੀਤਾ ਜਾਵੇ ਕਿ ਭਵਿੱਖ ਵਿੱਚ ਕਿਸੇ ਵੀ ਅਰਬਪਤੀ ਦਾ ਕਰਜ਼ਾ ਮੁਆਫ਼ ਨਹੀਂ ਕੀਤਾ ਜਾਵੇਗਾ।

# ਅਮਿੱਟ ਪੈੜਾਂ ਛੱਡਦਾ ਤਿੰਨ ਰੋਜ਼ਾ ਸਕਾਊਟਿੰਗ ਕੈਂਪ ਸਮਾਪਤ

**ਮਾਨਸਾ/ਬਰੇਟਾ (ਆਤਮਾ ਸਿੰਘ ਪਮਾਰ)**



ਪਿੰਡ ਕਿਸ਼ਨਗੜ੍ਹ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਭਾਰਤ ਸਕਾਊਟਸ ਤੇ ਗਾਈਡਜ਼ ਪੰਜਾਬ ਚੰਡੀਗੜ੍ਹ ਵਲੋਂ ਭੇਜੇ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸ ਸ) ਭੁਪਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਗਰੁੱਪ ਲੀਡਰ ਕਮ ਪ੍ਰਿੰਸੀਪਲ ਕਸ਼ਮੀਰ ਸਿੰਘ ਦੀ ਰਹਿਨੁਮਾਈ ਵਿੱਚ ਸਕਾਊਟਸ ਤੇ ਗਾਈਡਜ਼ ਦਾ ਤਿੰਨ ਰੋਜ਼ਾ ਤ੍ਰਿਤੀਆ ਸੋਪਾਨ ਕੈਂਪ ਲਾਇਆ ਗਿਆ।ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ ਦਰਸ਼ਨ ਸਿੰਘ ਬਰੇਟਾ ਨੇ ਕੈਂਪ ਵਿੱਚ ਸਵਾ ਸੌ ਸਕਾਊਟਸ ਤੇ ਗਾਈਡਜ਼ ਨੂੰ ਤੇਰਾਂ ਪੈਟਰੋਲਾਂ ਵਿੱਚ ਵੰਡ ਕੇ ਪ੍ਰਥਮ ਸੋਪਾਨ ਤੋਂ ਲੈ ਕੇ ਤ੍ਰਿਤੀਆ ਸੋਪਾਨ ਤੱਕ ਦਾ ਸਿਲੇਬਸ ਮੌਖਿਕ, ਪ੍ਰੈਕਟੀਕਲ ਤੇ ਲਿਖਤੀ ਟ੍ਰੇਨਿੰਗਾਂ ਰਾਹੀਂ ਸਫਲਤਾ ਪੂਰਵਕ ਪੂਰਾ ਕੀਤਾ।ਕੈਂਪ ਵਿੱਚ ਸੇਂਟ ਜ਼ੇਵੀਅਰ ਕਾਨਵੈਂਟ ਸਕੂਲ ਮਾਨਸਾ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ।ਕੈਂਪ ਦੌਰਾਨ ਜ਼ਿਲ੍ਹਾ ਟ੍ਰੇਨਿੰਗ ਟੀਮ ਵੱਲੋਂ ਗਾਈਡ ਕੈਪਟਨ ਨਿਰਲੇਪ ਕੌਰ, ਸਕਾਊਟ ਮਾਸ਼ਟਰ ਅਜੇ ਸ਼ਰਮਾ ਤੇ ਦੇਸਰਾਜ ਸਿੰਘ ਦੀ ਟੀਮ ਦੁਆਰਾ ਨੌਜਵਾਨਾਂ ਨੂੰ ਪ੍ਰਾਰਥਨਾ, ਝੰਡਾ ਗੀਤ, ਮਾਟੋ, ਮੁੱਢਲੀ ਸਹਾਇਤਾ, ਪਾਇਨਰਿੰਗ, ਬੀ ਪੀ ਸਿਕਸ, ਵੁੱਡ ਕਰਾਫਟ ਚਿੰਨ੍ਹ, ਪੈਟਰੋਲ ਸ਼ਿਸਟਮ, ਟਰੁੱਪ ਮੀਟਿੰਗਾਂ, ਵਾਈਡ ਗੇਮਜ਼ ਆਦਿ ਨੂੰ ਦਿਲਚਸਪ ਤਰੀਕੇ ਨਾਲ ਪੂਰਾ ਕੀਤਾ।ਕੈਂਪਰਾਂ ਨੇ ਸਿੱਖਣ ਪ੍ਰਕਿਰਿਆ ਦਾ ਪੂਰਾ ਆਨੰਦ ਮਾਣਿਆ। ਕੈਂਪ ਦੇ ਅਖੀਰਲੇ ਦਿਨ ਵੱਖ-ਵੱਖ ਪੈਟਰੋਲਾਂ ਨੇ ਆਪੋ ਆਪਣੀਆਂ ਝੌਂਪੜੀਆਂ ਤੇ ਗੈਜ਼ਟ ਬਣਾਏ ਗਏ।ਨਿਰੀਖਣ ਟੀਮ ਨੇ ਦੱਸਿਆ ਕਿ ਕੋਵਰਾ, ਟਾਈਗਰ, ਲਿੱਲੀ, ਰੈਬਿਟ, ਰੋਜ਼ ਪੈਟਰੋਲਾਂ ਦੁਆਰਾ ਬਣਾਈਆਂ ਝੌਂਪੜੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਰੋਜ਼ਾਨਾ ਨਿਰੀਖਣ ਦਾ ਕੰਮ ਪੈਟਰੋਲ ਲੀਡਰਾਂ ਦੀ ਟੀਮ ਵੱਲੋਂ ਕੀਤਾ ਜਾਂਦਾ ਰਿਹਾ।ਕੈਂਪ ਦੇ ਸਮਾਪਤੀ ਸਮਾਰੋਹ ਸਮੇਂ ਬੋਲਦਿਆਂ ਪ੍ਰਿੰਸੀਪਲ ਕਸ਼ਮੀਰ ਸਿੰਘ ਨੇ ਜ਼ਿਲ੍ਹਾ ਟ੍ਰੇਨਿੰਗ ਟੀਮ ਦਾ ਧੰਨਵਾਦ ਕੀਤਾ।ਮਨਪ੍ਰੀਤ ਕੌਰ, ਜਸਵੀਰ ਕੌਰ, ਮਨੋਹਰ ਸਿੰਘ, ਮਨਮੋਹਨ ਸਿੰਘ, ਹਰਦੀਪ ਸਿੰਘ ਕੈਂਪਰਾਂ ਵੱਲੋਂ ਕੈਂਪ ਰਿਪੋਰਟ ਪੇਸ਼ ਕੀਤੀ ਗਈ।ਸਟਾਫ਼ ਮੈਂਮਰਜ਼ ਮੈਡਮ ਸੁਨੀਤਾ ਸ਼ਰਮਾ, ਪਿੰਕੀ ਰਾਣੀ, ਹਰਪ੍ਰੀਤ ਕੌਰ, ਗੁਰਚਰਨ ਸਿੰਘ, ਪ੍ਰਦੀਪ ਕੁਮਾਰ ਆਦਿ ਨੇ ਕੈਂਪਰਾਂ ਦੁਆਰਾ ਕੀਤੇ ਕੰਮ ਦੀ ਪ੍ਰਸੰਸਾ ਕੀਤੀ। ਕੈਂਪਰਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਜੇਤੂ ਪੈਟਰੋਲਾਂ ਨੂੰ ਵੱਖ ਵੱਖ ਚੈਲਜ਼ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸਕਾਊਟ ਮਾਸ਼ਟਰ ਸੰਜੀਵ ਕੁਮਾਰ ਨੇ ਬਾਖ਼ੂਬੀ ਨਿਭਾਈ॥

# ਮਹੰਤ ਸਵਰੂਪ ਬਿਹਾਰੀ ਸ਼ਰਨ ਤੇ ਮੋਹਨ ਲਾਲ ਕੁੰਭ ਮੇਲੇ 'ਚ ਸਨਮਾਨਤ

**ਮਾਲੇਰਕੋਟਲਾ (ਅਸਗਰ ਪਰਿਹਾਰ)**

ਮਹਾਂਵੀਰ ਦਲ ਦੇ ਰਾਸ਼ਟਰੀ ਪ੍ਰਧਾਨ ਮਹੰਤ ਸਵਰੂਪ ਬਿਹਾਰੀ ਸ਼ਰਨ ਤੇ ਲੰਗਰ ਕਮੇਟੀ ਦੇ ਮੁਖੀ ਮੋਹਨ ਲਾਲ ਨੂੰ ਸਰਹੱਦ ਕੇਸਰੀ ਦੇ ਮੁੱਖ ਸੰਪਾਦਕ ਰਾਕੇਸ਼ ਨਾਗਪਾਲ ਵੱਲੋਂ ਕੁੰਭ ਮੇਲੇ ਵਿੱਚ ਚੰਗੀ ਸੇਵਾ ਪ੍ਰਦਾਨ ਕਰਨ ਲਈ ਸਨਮਾਨਤ ਕੀਤਾ ਗਿਆ।ਰਾਕੇਸ਼ ਨਾਗਪਾਲ ਨੇ ਸ਼੍ਰੀ ਸਨਾਤਨ ਧਰਮ ਮਹਾਂਵੀਰ (ਰਜਿ.) ਚੰਡੀਗੜ੍ਹ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਮੈਂ 21 ਤਰੀਕ ਤੋਂ ਲੈ ਕੇ ਅੱਜ ਤੱਕ ਮੇਲੇ ਵਿੱਚ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਲਾਏ ਗਏ ਸੇਵਾ ਸ਼ਿਵਰਾਂ ਵਿੱਚ ਜਾ ਕੇ ਅਨੁਭਵ ਕੀਤਾ ਤੇ ਦੇਖਿਆ ਕਿ ਸਭ ਤੋਂ ਚੰਗਾ ਕੰਮ ਸ਼੍ਰੀ ਸਨਾਤਨ ਧਰਮ ਮਹਾਂਵੀਰ ਨੇ ਕੀਤਾ, ਜਿਸ ਵਿੱਚ ਨਿਸ਼ਕਾਮ ਭਾਵ ਨਾਲ ਅਤੇ ਬਿਨਾਂ ਜਾਤਿਵਾਦ ਦੇ ਯਾਤਰੀਆਂ ਦੀ ਸੇਵਾ ਕੀਤੀ ਗਈ।ਸ਼੍ਰੀ ਸਨਾਤਨ ਧਰਮ ਮਹਾਂਵੀਰ ਦਲ ਦੇ ਸਾਰਿਆਂ ਬ੍ਰਾਂਚਾਂ ਵੱਲੋਂ ਸੇਵਾ ਕਾਰਜ ਕੀਤਾ ਗਿਆ।ਇੱਕ ਹਸਪਤਾਲ ਵੀ ਖੋਲ੍ਹਿਆ ਗਿਆ, ਜਿਸ ਵਿੱਚ 15000 ਦੇ ਕਰੀਬ ਮਰੀਜ਼ਾਂ ਨੂੰ ਦਵਾਈਆਂ ਤੇ ਸਾਰੇ ਟੈਸਟ ਕੀਤੇ ਗਏ, ਸਾਰੀਆਂ ਦਵਾਈਆਂ ਮੁਫਤ ਵੰਡੀਆਂ ਗਈਆਂ।ਹਰ ਦਿਨ ਤਕਰੀਬਨ ਚਾਰ ਤੋਂ ਪੰਜ ਹਜ਼ਾਰ ਲੋਕਾਂ ਨੂੰ ਚਾਹ, ਦੁਪਹਿਰ ਦੇ ਖਾਣੇ ਤੇ ਰਾਤ ਦੇ ਖਾਣੇ ਦਿੱਤੇ ਜਾਣ ਤੋਂ ਇਲਾਵਾ ਕੈਂਪ ਵਿੱਚ ਠਹਿਰਣ ਲਈ 500 ਲੋਕਾਂ ਤੋਂ ਵੱਧ ਦੀ ਸਮਰਥਾ ਦੇ ਯਾਤਰੀਆਂ ਨੂੰ ਠਹਿਰਣ ਲਈ ਗੱਦਿਆਂ ਤੇ ਕੰਬਲਾਂ ਦਾ ਵੀ ਇੰਤਜ਼ਾਮ ਕਰਨ ਤੋਂ ਇਲਾਵਾ ਬਹੁਤ ਹੀ ਸੇਵਾਭਾਵ ਨਾਲ ਯਾਤਰੀਆਂ ਦੀ ਸੇਵਾ ਕੀਤੀ ਗਈ। ਉਨ੍ਹਾਂ ਨਾਲ ਰਾਕੇਸ਼ ਨਾਗਪਾਲ ਨੇ ਰਾਜਿੰਦਰ ਜਲੰਧਰ, ਸੁਭਾਸ਼ ਕੁਮਾਰ ਮੇਲ ਮੰਤਰੀ ਆਦਿ ਨੇ ਸੇਵਾ ਕੀਤੀ ਤੇ ਯਾਤਰੀਆਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਗੰਗਾ ਮਾਂ ਇਸ ਸੰਸਥਾ ਨੂੰ ਹਮੇਸ਼ਾ ਸੇਵਾ ਕਰਨ ਲਈ ਆਪਣਾ ਅਸ਼ੀਰਵਾਦ ਦਿੰਦੀ ਰਹੇ ਤੇ ਇਹ ਪੂਰੇ ਭਾਰਤ ਵਿੱਚ ਸੇਵਾ ਕਰਦੀ ਰਹੇ।ਸਾਨੂੰ ਉਮੀਦ ਹੈ ਕਿ ਆਉਣ ਵਾਲੇ ਮੇਲਿਆਂ 'ਚ ਵੀ ਸ਼੍ਰੀ ਸਨਾਤਨ ਧਰਮ ਮਹਾਂਵੀਰ ਬਿਨਾਂ ਭੇਦਭਾਵਾਂ ਦੇ ਸੇਵਾ ਕਰਦਾ ਰਹੇਗਾ।ਪੰਜਾਬ ਦੇ ਸਾਬਕਾ ਮੰਤਰੀ ਉਪਿੰਦਰ ਸ਼ਰਮਾ ਉਨ੍ਹਾਂ ਨਾਲ ਆਰਪੀ ਭਾਰਦਵਾਜ, ਸ਼੍ਰੀ ਸਨਾਤਨ ਧਰਮ ਸਭਾ ਦੇ ਰਵਿੰਦਰ ਸ਼ਰਮਾ ਤੇ ਸਭਾ ਦੇ ਹੋਰ ਅਹੁਦੇਦਾਰਾਂ ਨੇ ਸੇਵਾ ਸ਼ਿਵਰ ਵਿੱਚ ਭਾਗ ਲਿਆ ਤੇ ਆਪਣੇ ਹੱਥਾਂ ਨਾਲ ਸੇਵਾ ਕਾਰਜ ਕੀਤਾ।ਬੈਠਕ ਚੰਡੀਗੜ੍ਹ ਦੇ ਪ੍ਰਬੰਧਕ ਅਰੁਣ ਸ਼ਰਮਾ ਨੇ ਸ਼ੁਰੂ ਤੋਂ ਹੀ ਅਤੇ ਸੇਵਾ ਸ਼ਿਵਰ ਦੇ ਕੈਂਪ ਵਿੱਚ ਸਮੇਂ-ਸਮੇਂ ਤੇ ਆ ਕੇ ਸੇਵਾ ਕਾਰਜ ਕੀਤਾ, ਜਿਸ ਦੀ ਸਾਰਿਆਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।


**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ :


| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-20 | 17.02.2025 ਨੂੰ 11.00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੇਂਟ) : 14504/F1, 12414/R1, 15212/F1, 19612/F1, 19416/F1, 19226/F1, 19226/R1, 15212/R1 & 12412/F1. |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ ।

370/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ





**ਰੇਲਯਾਤਰੀ ਕ੍ਰਿਪਾ ਧਿਆਨ ਦੇਣ !**



# ਮਹਾਕੁੰਭ ਮੇਲਾ ਵਿਸ਼ੇਸ਼ ਰੇਲਗੱਡੀਆਂ

ਮਹਾਕੁੰਭ ਮੇਲਾ-2025 ਦੇ ਦੋਰਾਨ ਰੇਲਯਾਤਰੀਆਂ ਦੇ ਸੁਵਿਧਾ ਦੇ ਲਈ ਰੇਲਵੇ ਦੁਵਾਰਾ ਨਿਯਮਿਤ ਰੇਲਗੱਡੀਆਂ ਦੇ ਇਲਾਵਾ ਵੱਖ-ਵੱਖ ਵਿਸ਼ੇਸ਼ ਰੇਲਗੱਡੀਆਂ ਦਾ ਵੀ ਸੰਚਾਲਨ ਕੀਤਾ ਜਾਂ ਰਿਹਾ ਹੈ । ਇਨ੍ਹਾਂ ਵਿਸ਼ੇਸ਼ ਰੇਲਗੱਡੀਆਂ ਦਾ ਮਿਤੀਵਾਰ ਵੇਰਵਾ ਹੇਠਾ ਅਨੁਸਾਰ ਹੈ:-

## ਮਿਤੀ 04.02.2025 (ਮੰਗਲਵਾਰ) ਨੂੰ ਚਲਨ ਵਾਲੀ ਵਿਸ਼ੇਸ਼ ਰੇਲਗੱਡੀਆਂ

| ਵਿਸ਼ੇਸ਼ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਠਹਿਰਾਵ |
|---|---|---|---|---|---|
| 04210 | ਪ੍ਰਯਾਗਰਾਜ ਸੰਗਮ | 11:15 | ਜੋਨਪੁਰ | 14:00 | ਪ੍ਰਯਾਗ, ਫਾਫਾਮਊ, ਫੂਲਪੁਰ, ਜੰਘਈ ਅਤੇ ਮੜਿਯਾਹੂ ਸਟੇਸ਼ਨ |
| 04209 | ਜੋਨਪੁਰ | 14:15 | ਪ੍ਰਯਾਗਰਾਜ ਸੰਗਮ | 17:15 | |
| 04202 | ਪ੍ਰਯਾਗਰਾਜ ਸੰਗਮ | 12:20 | ਆਲਮਨਗਰ | 17:00 | ਪ੍ਰਯਾਗ ਜੰ:, ਕੁੰਡਾ, ਹਰਨਾਮਗੰਜ, ਊਚਾਹਾਰ ਜੰ:, ਰਾਯਬਰੇਲੀ, ਬਛਰਾਵਾਂ ਅਤੇ ਉਤਰੇਟਿਯਾ ਸਟੇਸ਼ਨ |
| 04201 | ਆਲਮਨਗਰ | 19:15 | ਪ੍ਰਯਾਗਰਾਜ ਸੰਗਮ | 23:25 | |
| 04206 | ਪ੍ਰਯਾਗਰਾਜ ਸੰਗਮ | 13:30 | ਅਯੋਧਿਆ ਕੈਂਟ ਜੰ: | 17:00 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04205 | ਅਯੋਧਿਆ ਕੈਂਟ | 08:45 | ਪ੍ਰਯਾਗਰਾਜ ਸੰਗਮ | 12:15 | |
| 04229 | ਪ੍ਰਯਾਗ ਜੰ: | 21:10 | ਅਯੋਧਿਆ ਕੈਂਟ ਜੰ: | 01:55 | ਫਾਫਾਮਊ ਜੰ:, ਸੇਵਾਇਤ, ਮਊ ਆਇਮਾ, ਸ਼ਨੀਦੇਵ ਧਾਮ ਬਿਸ਼ਨਾਥਗੰਜ, ਮਾਂ ਬੇਲਹਾ ਦੇਵੀ ਪ੍ਰਤਾਪਗਢ ਜੰ:, ਚਿਲਬਿਲਾ ਜੰ:, ਖੰਡੋਰ, ਪੀਪਰਪੁਰ, ਸੁਲਤਾਨਪੁਰ ਜੰ:, ਕੂਡੇਭਾਰ, ਖਜੁਰਹਟ, ਭਰਤਕੁੰਡ ਅਤੇ ਮਸੋਧਾ ਸਟੇਸ਼ਨ |
| 04271 | ਫਾਫਾਮਊ | 13:00 | ਜੋਨਪੁਰ ਜੰ: | 16:20 | ਥਰਵਈ, ਸਰਾਏ ਚੰਡੀ, ਫੂਲਪੁਰ, ਉਗਰਸੇਨਪੁਰ, ਬਰਿਯਾਰਾਮ, ਜੰਘਈ, ਮੜਿਯਾਹੂ ਅਤੇ ਜਫਰਾਬਾਦ ਜੰ: ਸਟੇਸ਼ਨ |
| 04293 | ਪ੍ਰਯਾਗ ਜੰ: | 20:20 | ਲਖਨਊ | 02:00 | ਫਾਫਾਮਊ ਜੰ:, ਅਟਰਾਮਪੁਰ, ਰਾਮਚੋਰਾ ਰੋਡ, ਲਾਲਗੋਪਾਲ ਗੰਜ, ਭਦਰੀ, ਕੁੰਡਾਹਰਨਾਮ ਗੰਜ, ਗਵੀ ਮਾਨਿਕਪੁਰ, ਪਰਿਯਾਵਾਂ ਕਾਲਾਕਾਂਕਰ ਰੋਡ, ਅਰਖਾ, ਊਚਾਹਾਰ, ਲਖਸ਼ਮਪੁਰ, ਦਰਿਯਾਪੁਰ, ਰਾਯਬਰੇਲੀ, ਗੰਗਾਗੰਜ, ਹਰਚੰਦਪੁਰ, ਕੁੰਦਨਗੰਜ, ਬਛਰਵਾਂ, ਸ੍ਰੀਰਾਜਨਗਰ, ਨਿਗੋਹਾਂ, ਕਨਕਹਾ, ਮੋਹਨਲਾਗੰਜ ਅਤੇ ਉਤਰੇਟਿਯਾ ਜੰ: ਸਟੇਸ਼ਨ |
| 04233 | ਪ੍ਰਯਾਗ ਜੰ: | 09:40 | ਅਯੋਧਿਆ ਧਾਮ ਜੰ: | 15:05 | ਫਾਫਾਮਊ ਜੰ:, ਸੇਵਾਇਤ, ਮਊ ਆਇਮਾ, ਸ਼ਨੀਦੇਵ ਧਾਮ ਬਿਸ਼ਨਾਥਗੰਜ, ਮਾਂ ਬੇਲਹਾ ਦੇਵੀ ਪ੍ਰਤਾਪਗਢ ਜੰ:, ਚਿਲਬਿਲਾ ਜੰ:, ਖੰਡੋਰ, ਪੀਪਰਪੁਰ, ਸੁਲਤਾਨਪੁਰ ਜੰ:, ਕੂਡੇਭਾਰ, ਖਜੁਰਹਟ, ਭਰਤਕੁੰਡ, ਮਸੋਧਾ ਅਤੇ ਅਯੋਧਿਆ ਕੈਂਟ ਜੰ: ਸਟੇਸ਼ਨ |
| 04251 | ਪ੍ਰਯਾਗ ਜੰ: | 20:30 | ਅਯੋਧਿਆ ਕੈਂਟ | 23:55 | ਫਾਫਮਊ ਜੰ:, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04252 | ਅਯੋਧਿਆ ਕੈਂਟ | 15:45 | ਪ੍ਰਯਾਗ ਜੰ: | 19:55 | |
| 04253 | ਫਾਫਾਮਊ ਜੰ: | 11:15 | ਅਯੋਧਿਆ ਕੈਂਟ | 14:45 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04254 | ਅਯੋਧਿਆ ਕੈਂਟ | 06:15 | ਫਾਫਾਮਊ ਜੰ: | 10:15 | |
| 04255 | ਪ੍ਰਯਾਗ ਜੰ: (ਰਿੰਗ ਰੇਲ) | 05:35 | ਪ੍ਰਯਾਗ ਜੰ: (ਰਿੰਗ ਰੇਲ) | 21:30 | ਫਾਫਾਮਊ ਜੰ:, ਮਊ ਆਇਮਾ, ਮਾਂ ਬੇਲਹਾ ਧਾਮ ਪ੍ਰਤਾਪਗੜ੍ਹ ਜੰ:, ਚਿਲਬਿਲਾ ਜੰ:, ਖੁਨਡੋਰ, ਸੁਲਤਾਨਪੁਰ, ਕੂੜੇਭਾਰ, ਖਜੁਰਹਟ, ਪਰਤਕੁੰਡ, ਅਯੋਧਿਆ ਕੈਂਟ, ਸਾਲਾਰਪਰ, ਦੇਵਰਾਕੋਟ, ਬਡਗਾਵ, ਰੂਦੌਲੀ, ਰੋਜਾਗਾਂਵ, ਪਟਰੰਗਾ, ਦਰਿਯਾਬਾਦ, ਸੈਦਖਾਨਪੁਰ, ਸਫਦਰਗੰਜ, ਰਸੋਲੀ, ਬਾਰਾਬੰਕੀ ਜੰ:, ਸਫੇਦਾਬਾਦ, ਮਲਹੋਰ, ਲਖਨਊ ਜੰ:, ਉਤਰੇਤਿਯਾ, ਮੋਹਲਲਾਲਗੰਜ, ਕਨਕਹਾ, ਨਿਗੋਹਾਂ, ਸ੍ਰੀਰਾਜਨਗਰ, ਬਛਰਾਵਾਂ, ਦੁਨਿਨਗੰਜ, ਹਰਚੰਦਪੁਰ, ਗੰਗਾਗੰਜ, ਰਾਯਬਰੇਲੀ ਜੰ:, ਰੂਪਾਮਊ, ਫੁਰਸਤਗੰਜ, ਜਾਯਸ, ਬਨੀ, ਗੈਰੀਗੰਜ, ਤਾਲਾਖਜੂਰੀ, ਅਮੇਠੀ, ਮਿਸਰੋਲੀ, ਮਾਂ ਚੰਦਿਕਾ ਦੇਵੀ ਧਾਮ ਅੰਤੂ, ਜਗੇਸ਼ਰਗੰਜ, ਚਿਲਬਿਲਾ ਜੰ:, ਮਾਂ ਬੇਲਹਾ ਧਾਮ ਪ੍ਰਤਾਪਗੜ੍ਹ ਜੰ:, ਸ਼ਨੀਦੇਵ ਧਾਮ ਬਿਸ਼ਨਾਥਗੰਜ, ਮਊ ਆਇਮਾ, ਸੇਵਾਇਤ ਅਤੇ ਫਾਫਾਮਊ ਜੰ: ਸਟੇਸ਼ਨ |
| 02417 | ਸੂਬੇਦਾਰਗੰਜ | 21:35 | ਦਿੱਲੀ ਜੰ: | 08:55 | ਫਤੇਹਪੁਰ, ਗੋਬਿੰਦਪੁਰੀ, ਇਟਾਵਾ, ਟੁੰਡਲਾ ਜੰ: ਅਤੇ ਅਲੀਗਢ ਜੰ: ਸਟੇਸ਼ਨ |
| 02276 | ਦਿੱਲੀ ਜੰ: | 09:30 | ਸੂਬੇਦਾਰਗੰਜ | 19:40 | ਅਲੀਗਢ ਜੰ:, ਟੁੰਡਲਾ ਜੰ:, ਇਟਾਵਾ ਜੰ:, ਗੋਬਿੰਦਪੁਰੀ ਅਤੇ ਫਤੇਹਪੁਰ ਸਟੇਸ਼ਨ |
| 05011 | ਗੋਰਖਪੁਰ ਜੰ: | 14:30 | ਅਯੋਧਿਆ ਕੈਂਟ | 19:35 | ਸਹਜਨਵਾ, ਮਗਹਰ, ਖਲੀਲਾਬਾਦ, ਬਸਤੀ, ਬਭਨਾਨ, ਸਵਾਮੀ ਨਾਰਾਯਨ ਛਪਿਯਾ, ਮਸਕਨਵਾਂ, ਮਾਨਕਪੁਰ ਜੰ: ਅਤੇ ਅਯੋਧਿਆ ਧਾਮ ਜੰ: |
| 05012 | ਅਯੋਧਿਆ ਕੈਂਟ | 21:50 | ਗੋਰਖਪੁਰ ਜੰ: | 04:30 | ਅਯੋਧਿਆ ਧਾਮ ਜੰ:, ਮਾਨਕਪੁਰ ਜੰ:, ਮਸਕਨਵਾਂ, ਸਵਾਮੀ ਨਾਰਾਯਨ ਛਪਿਯਾ, ਬਭਨਾਨ, ਬਸਤੀ, ਖਲੀਲਾਬਾਦ, ਮਗਹਰ ਅਤੇ ਸਹਜਨਵਾ ਸਟੇਸ਼ਨ |
| 05078 | ਗੋਂਡਾ ਜੰ: | 21:40 | ਅਯੋਧਿਆ ਧਾਮ ਜੰ: | 23:50 | ਬਰੂਆ ਚੰਕ, ਮੋਤੀਗੰਜ, ਝਿਲਾਹੀ, ਮਨਕਾਪੁਰ ਜੰ:, ਟਿਕਰੀ, ਨਵਾਬਗੰਜ ਗੋਂਡਾ, ਕਟਰਾ ਅਤੇ ਰਾਮਘਾਟ ਹਾਲਟ ਸਟੇਸ਼ਨ |
| 05077 | ਅਯੋਧਿਆ ਧਾਮ ਜੰ: | 00:45 | ਗੋਂਡਾ ਜੰ: | 03:30 | |
| 04117 | ਪ੍ਰਯਾਗਰਾਜ ਜੰ: | 22:20 | ਅਯੋਧਿਆ ਕੈਂਟ | 03:30 | ਪ੍ਰਯਾਗ, ਫਾਫਾਮਊ ਜੰ;, ਮਾਂ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04118 | ਅਯੋਧਿਆ ਕੈਂਟ | 05:15 | ਪ੍ਰਯਾਗਰਾਜ ਜੰ: | 10:15 | ਸੁਲਤਾਨਪੁਰ, ਮਾਂ ਦੇਵੀ ਧਾਮ ਪ੍ਰਤਾਪਗਢ ਜੰ:, ਮਊ ਆਇਮਾ, ਫਾਫਾਮਊ ਜੰ:, ਦੇਵੀ ਧਾਮ ਪ੍ਰਤਾਪਗਢ ਅਤੇ ਪ੍ਰਯਾਗ ਸਟੇਸ਼ਨ |
| 04111 | ਪ੍ਰਯਾਗਰਾਜ ਜੰ: (ਰਿੰਗ ਰੇਲ) | 06:00 | ਪ੍ਰਯਾਗਰਾਜ ਜੰ: (ਰਿੰਗ ਰੇਲ) | 18:50 | ਪ੍ਰਯਾਗਰਾਜ ਰਾਮਬਾਗ, ਝੂਸੀ, ਹੱਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਭਦੋਹੀ, ਜੰਘਈ ਜੰ:, ਮੜਿਯਾਹੂ, ਜਫਰਾਬਾਦ ਜੰ:, ਸ਼ਾਹਗੰਜ ਜੰ:, ਅਕਬਰਪੁਰ, ਗੋਸ਼ਾਈਗੰਜ, ਅਯੋਧਿਆ, ਅਯੋਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਮਊ ਆਇਮਾ, ਫਾਫਾਮਊ ਜੰ: ਅਤੇ ਪ੍ਰਯਾਗ ਸਟੇਸ਼ਨ |
| 04112 | ਪ੍ਰਯਾਗਰਾਜ ਜੰ: (ਰਿੰਗ ਰੇਲ) | 06:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 21:00 | |
| 04113 | ਪ੍ਰਯਾਗਰਾਜ ਜੰ: (ਰਿੰਗ ਰੇਲ) | 17:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 07:45 | ਪ੍ਰਯਾਗਰਾਜ ਰਾਮਬਾਗ, ਝੂਸੀ, ਹੱਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਭਦੋਹੀ, ਜੰਘਈ ਜੰ:, ਮੜਿਯਾਹੂ, ਜਫਰਾਬਾਦ ਜੰ:, ਸ਼ਾਹਗੰਜ ਜੰ:, ਅਕਬਰਪੁਰ, ਗੋਸ਼ਾਈਗੰਜ, ਅਯੋਧਿਆ, ਅਯੋਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਮਊ ਆਇਮਾ, ਫਾਫਾਮਊ ਜੰ: ਅਤੇ ਪ੍ਰਯਾਗ ਸਟੇਸ਼ਨ |
| 04114 | ਪ੍ਰਯਾਗਰਾਜ ਜੰ: (ਰਿੰਗ ਰੇਲ) | 17:45 | ਪ੍ਰਯਾਗਰਾਜ ਜੰ: (ਰਿੰਗ ਰੇਲ) | 08:00 | |
| 04120 | ਪ੍ਰਯਾਗਰਾਜ ਜੰ: (ਰਿੰਗ ਰੇਲ) | 13:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 04:00 | ਪ੍ਰਯਾਗਰਾਜ, ਫਾਫਾਮਊ ਜੰ:, ਮਊ ਆਇਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ:, ਸੁਲਤਾਨਪੁਰ, ਅਯੋਧਿਆ ਕੈਂਟ, ਅਯੋਧਿਆ ਧਾਮ, ਗੋਸ਼ਾਈਗੰਜ, ਅਕਬਰਪੁਰ, ਸ਼ਾਹਗੰਜ ਜੰ:, ਜੋਨਪੁਰ ਜੰ:, ਜਫਰਾਬਾਦ ਜੰ:, ਮੜਿਯਾਹੂ, ਜੰਘਈ ਜੰ:, ਭਦੋਹੀ, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ, ਹੰਡਿਯਾ ਖਾਸ, ਝੂਸੀ ਅਤੇ ਪ੍ਰਯਾਗਰਾਜ ਰਾਮਬਾਗ ਸਟੇਸ਼ਨ |
| 05158 | ਝੂਸੀ ਜੰ: | 06:30 | ਭਟਨੀ ਜੰ: | 14:50 | ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਵਾਰਾਣਸੀ, ਵਾਰਾਣਸੀ ਸਿਟੀ, ਓਂਡਿਹਾਰ ਜੰ:, ਸਾਦਾਤ, ਜਖਨਿਯਾ, ਦੁਲਹਪੁਰ, ਮਊ ਜੰ:, ਇੰਦਾਰਾ ਜੰ:, ਚਕਰਾ ਰੋਡ, ਕੀਡਿਹਾਰਪੁਰ, ਦੁਗਲੀ, ਗੋਬਿੰਦਪੁਰ, ਬੇਲਥਰਾ ਰੋਡ, ਤੁਰਤੀਪਾਰ, ਲਾਰ ਰੋਡ, ਸਲੇਮਪੁਰ ਜੰ: ਅਤੇ ਪਿਵਕੋਲ ਸਟੇਸ਼ਨ |
| 05164 | ਝੂਸੀ ਜੰ: | 10:00 | ਥਾਵੇ ਜੰ: | 20:30 | ਗੋਪਾਲਗੰਜ, ਮਾਂਝਾਗਢ, ਰਤਨ ਸਰਾਯ, ਸਿਘਵਲਿਯਾ, ਘਿਵਾ ਦੁਬੋਲੀ, ਰਾਜਪਟਟੀ, ਮਸਰਖ, ਸ਼ਾਮ ਕੋਡਿਯਾ, ਮਢੋਰਾ, ਪਟੇਰਹੀ, ਥੈਰਾ, ਛਪਰਾ ਕਚਹਰੀ, ਛਪਰਾ, ਸੁਰੇਮਨਪੁਰ, ਸਹਤਵਾਰ ਬਾਂਸੀਹੀਡ ਰੋਡ, ਬਲਿਯਾ, ਫੇਫਨਾ ਜੰ:, ਚਿਤ ਬੜਾਗਾਂਵ, ਕਰੀਮੁਦੀਨ ਪੁਰ, ਯੁਸੂਫਪੁਰ, ਗਾਜੀਪੁਰ ਸਿਟੀ, ਓਂਡਿਹਾਰ ਜੰ:, ਵਾਰਾਣਸੀ ਸਿਟੀ, ਵਾਰਾਣਸੀ ਜੰ:, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ, ਅਤੇ ਹੰਡਯਾ ਖਾਸ ਸਟੇਸ਼ਨ |
| 05004 | ਗੋਰਖਪੁਰ ਜੰ: | 21:30 | ਝੂਸੀ ਜੰ: | 06:00 | ਚੈਰੀ ਚੋਰਾ, ਗੋਰੀ ਬਾਜਾਰ, ਦੇਵਰਿਯਾ ਸਦਰ, ਭਟਨੀ ਜੰ:, ਸਲੇਮਪੁਰ ਜੰ:, ਬੇਲਥਰਾ ਰੋਡ, ਮਊ ਜੰ:, ਓਂਡਿਹਾਰ ਜੰ:, ਵਾਰਾਣਸੀ ਸਿਟੀ, ਵਾਰਾਣਬਸੀ, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ ਅਤੇ ਹੰਡਿਯਾ ਖਾਸ ਸਟੇਸ਼ਨ |
| 05003 | ਝੂਸੀ ਜੰ: | 07:45 | ਗੋਰਖਪੁਰ ਜੰ: | 16:25 | |
| 05013 | ਗੋਰਖਪੁਰ ਜੰ: | 06:25 | ਅਯੋਧਿਆ ਧਾਮ | 11:30 | ਸਹਜਨਵਾ, ਮਗਹਰ, ਖਲੀਲਾਬਾਦ, ਬਸਤੀ, ਬਭਨਾਨ, ਸਵਾਮੀ ਨਾਰਾਯਣ ਛਪਿਯਾ, ਮਸਕਨਵਾ, ਮਨਕਾਪੁਰ ਜੰਕਸ਼ਨ ਅਤੇ ਕਟਰਾ ਸਟੇਸ਼ਨ |
| 05014 | ਅਯੋਧਿਆ ਧਾਮ | 12:15 | ਗੋਰਖਪੁਰ ਜੰ: | 17:30 | |
| 08588 | ਵਿਸ਼ਾਖਪਟਣਮ | 22:20 | ਗੋਰਖਪੁਰ ਜੰ: | 19:30 | ਵਿਜੈਨਗਰ, ਸ੍ਰੀਕਾਕੁਲਮ ਰੋਡ, ਪਲਾਸਾ, ਬ੍ਰਹਾਪੁਰ, ਛੱਤਰਪੁਰ, ਬਾਲੂਗਾਂਵ, ਖੋਰਘਾ ਰੋਡ, ਭੁਵਨੇਸ਼ਵਰ, ਨਾਰਾਜ ਮਾਰਥਾਪੁਰ, ਢੇਂਕਾਨਾਲ, ਅਨੁਗੁਲ, ਬੋਇੰਡਾ, ਰੇਢਾਖੋਲ, ਸੰਭਲਪੁਰ ਸਿਟੀ, ਝਾਰਸੁਗੁੜਾ ਰੋਡ, ਰਾਯਗਢ, ਚਾਂਪਾ, ਬਿਲਾਸਪੁਰ, ਪੇਨਡਰਾ ਰੋਡ, ਅਨੂਪਪੁਰ, ਸ਼ਹਿਡੋਲ, ਉਮਰਿਯਾ, ਕਟਨੀ ਜੰਕਸ਼ਨ, ਮੈਹਰ, ਸਤਨਾ, ਮਾਨਿਕਪੁਰ, ਪ੍ਰਯਾਗਰਾਜ ਛਿਵਕੀ, ਮਿਰਜਾਪੁਰ, ਚੁਨਾਰ, ਵਾਰਾਣਸੀ, ਜੋਨਪੁਰ ਜੰਕਸ਼ਨ, ਓਂਡਿਹਾਰ ਜੰਕਸ਼ਨ, ਓਂਡਿਹਾਰ ਜੰਕਸ਼ਨ, ਮਊ ਜੰਕਸ਼ਨ ਅਤੇ ਦੇਵਰਿਯਾ ਸਦਰ |

## ਮਿਤੀ 05.02.2025 (ਬੁੱਧਵਾਰ) ਨੂੰ ਚਲਨ ਵਾਲੀ ਵਿਸ਼ੇਸ਼ ਰੇਲਗੱਡੀਆਂ

| ਵਿਸ਼ੇਸ਼ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਠਹਿਰਾਵ |
|---|---|---|---|---|---|
| 04210 | ਪ੍ਰਯਾਗਰਾਜ ਸੰਗਮ | 11:15 | ਜੋਨਪੁਰ | 14:00 | ਪ੍ਰਯਾਗ, ਫਾਫਾਮਊ, ਫੂਲਪੁਰ, ਜੰਘਈ ਅਤੇ ਮੜਿਯਾਹੂ ਸਟੇਸ਼ਨ |
| 04209 | ਜੋਨਪੁਰ | 14:15 | ਪ੍ਰਯਾਗਰਾਜ ਸੰਗਮ | 17:15 | |
| 04202 | ਪ੍ਰਯਾਗਰਾਜ ਸੰਗਮ | 12:20 | ਆਲਮਨਗਰ | 17:00 | ਪ੍ਰਯਾਗ ਜੰ:, ਕੁੰਡਾ, ਹਰਨਾਮਗੰਜ, ਊਚਾਹਾਰ ਜੰ:, ਰਾਯਬਰੇਲੀ, ਬਛਰਾਵਾਂ ਅਤੇ ਉਤਰੇਟਿਯਾ ਸਟੇਸ਼ਨ |
| 04201 | ਆਲਮਨਗਰ | 19:15 | ਪ੍ਰਯਾਗਰਾਜ ਸੰਗਮ | 23:25 | |
| 04206 | ਪ੍ਰਯਾਗਰਾਜ ਸੰਗਮ | 13:30 | ਅਯੋਧਿਆ ਕੈਂਟ | 17:00 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04205 | ਅਯੋਧਿਆ ਕੈਂਟ | 08:45 | ਪ੍ਰਯਾਗਰਾਜ ਸੰਗਮ | 12:15 | |
| 04251 | ਪ੍ਰਯਾਗ ਜੰ: | 20:30 | ਅਯੋਧਿਆ ਕੈਂਟ | 23:55 | ਫਾਫਮਊ ਜੰ:, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04252 | ਅਯੋਧਿਆ ਕੈਂਟ | 15:45 | ਪ੍ਰਯਾਗ ਜੰ: | 19:55 | |
| 04253 | ਫਾਫਾਮਊ ਜੰ: | 11:15 | ਅਯੋਧਿਆ ਕੈਂਟ | 14:45 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04254 | ਅਯੋਧਿਆ ਕੈਂਟ | 06:15 | ਫਾਫਾਮਊ ਜੰ: | 10:15 | |
| 04255 | ਪ੍ਰਯਾਗ ਜੰ: (ਰਿੰਗ ਰੇਲ) | 05:35 | ਪ੍ਰਯਾਗ ਜੰ: (ਰਿੰਗ ਰੇਲ) | 21:30 | ਫਾਫਾਮਊ ਜੰ:, ਮਊ ਆਇਮਾ, ਮਾਂ ਬੇਲਹਾ ਧਾਮ ਪ੍ਰਤਾਪਗੜ੍ਹ ਜੰ:, ਚਿਲਬਿਲਾ ਜੰ:, ਖੁਨਡੋਰ, ਸੁਲਤਾਨਪੁਰ, ਕੂੜੇਭਾਰ, ਖਜੁਰਹਟ, ਪਰਤਕੁੰਡ, ਅਯੋਧਿਆ ਕੈਂਟ, ਸਾਲਾਰਪਰ, ਦੇਵਰਾਕੋਟ, ਬਡਗਾਵ, ਰੂਦੌਲੀ, ਰੋਜਾਗਾਂਵ, ਪਟਰੰਗਾ, ਦਰਿਯਾਬਾਦ, ਸੈਦਖਾਨਪੁਰ, ਸਫਦਰਗੰਜ, ਰਸੋਲੀ, ਬਾਰਾਬੰਕੀ ਜੰ:, ਸਫੇਦਾਬਾਦ, ਮਲਹੋਰ, ਲਖਨਊ ਜੰ:, ਉਤਰੇਤਿਯਾ, ਮੋਹਲਲਾਲਗੰਜ, ਕਨਕਹਾ, ਨਿਗੋਹਾਂ, ਸ੍ਰੀਰਾਜਨਗਰ, ਬਛਰਾਵਾਂ, ਦੁਨਿਨਗੰਜ, ਹਰਚੰਦਪੁਰ, ਗੰਗਾਗੰਜ, ਰਾਯਬਰੇਲੀ ਜੰ:, ਰੂਪਾਮਊ, ਫੁਰਸਤਗੰਜ, ਜਾਯਸ, ਬਨੀ, ਗੈਰੀਗੰਜ, ਤਾਲਾਖਜੂਰੀ, ਅਮੇਠੀ, ਮਿਸਰੋਲੀ, ਮਾਂ ਚੰਦਿਕਾ ਦੇਵੀ ਧਾਮ ਅੰਤੂ, ਜਗੇਸ਼ਰਗੰਜ, ਚਿਲਬਿਲਾ ਜੰ:, ਮਾਂ ਬੇਲਹਾ ਧਾਮ ਪ੍ਰਤਾਪਗੜ੍ਹ ਜੰ:, ਸ਼ਨੀਦੇਵ ਧਾਮ ਬਿਸ਼ਨਾਥਗੰਜ, ਮਊ ਆਇਮਾ, ਸੇਵਾਇਤ ਅਤੇ ਫਾਫਾਮਊ ਜੰ: ਸਟੇਸ਼ਨ |
| 02417 | ਸੂਬੇਦਾਰਗੰਜ | 21:35 | ਦਿੱਲੀ ਜੰ: | 08:55 | ਫਤੇਹਪੁਰ, ਗੋਬਿੰਦਪੁਰੀ, ਇਟਾਵਾ, ਟੁੰਡਲਾ ਜੰ: ਅਤੇ ਅਲੀਗਢ ਜੰ: ਸਟੇਸ਼ਨ |
| 02418 | ਦਿੱਲੀ ਜੰ: | 09:30 | ਸੂਬੇਦਾਰਗੰਜ | 19:40 | |
| 09403 | ਅਹਿਮਦਾਬਾਦ ਜੰ: | 21:15 | ਜੰਘਈ ਜੰ: | 03:00 | ਆਨੰਦ ਜੰ:, ਛਾਯਾਪੁਰੀ, ਗੋਧਰਾ ਜੰ:, ਦਾਹੋਦ, ਰਤਲਾਮ ਜੰ:, ਨਾਗਦਾ ਜੰ:, ਭਵਾਨੀ ਮੰਡੀ, ਰਾਮਗੰਡਜ ਮੰਡੀ, ਕੋਟਾ ਜੰ:, ਸਵਾਈ ਮਾਧੋਪੁਰ, ਗੰਗਾਪੁਰ ਸਿਟੀ, ਬਯਾਨਾ ਜੰ:, ਆਗਰਾ ਕਿਲਾ, ਟੁੰਡਲਾ ਜੰ:, ਇਟਾਵਾ ਜੰ:, ਗੋਬਿੰਦਪੁਰੀ, ਫਤੇਹਪੁਰ ਅਤੇ ਪ੍ਰਯਾਗਰਾਜ ਜੰ: ਸਟੇਸ਼ਨ |
| 05011 | ਗੋਰਖਪੁਰ ਜੰ: | 14:30 | ਅਯੋਧਿਆ ਕੈਂਟ | 19:35 | ਸਹਜਨਵਾ, ਮਗਹਰ, ਖਲੀਲਾਬਾਦ, ਬਸਤੀ, ਬਭਨਾਨ, ਸਵਾਮੀ ਨਾਰਾਯਨ ਛਪਿਯਾ, ਮਸਕਨਵਾਂ, ਮਾਨਕਪੁਰ ਜੰ: ਅਤੇ ਅਯੋਧਿਆ ਧਾਮ ਜੰ: |
| 05012 | ਅਯੋਧਿਆ ਕੈਂਟ | 21:50 | ਗੋਰਖਪੁਰ ਜੰ: | 04:30 | |
| 05078 | ਗੋਂਡਾ ਜੰ: | 21:40 | ਅਯੋਧਿਆ ਧਾਮ ਜੰ: | 23:50 | ਬਰੂਆ ਚੰਕ, ਮੋਤੀਗੰਜ, ਝਿਲਾਹੀ, ਮਨਕਾਪੁਰ ਜੰ:, ਟਿਕਰੀ, ਨਵਾਬਗੰਜ ਗੋਂਡਾ, ਕਟਰਾ ਅਤੇ ਰਾਮਘਾਟ ਹਾਲਟ ਸਟੇਸ਼ਨ |
| 05077 | ਅਯੋਧਿਆ ਧਾਮ ਜੰ: | 00:45 | ਗੋਂਡਾ ਜੰ: | 03:30 | |
| 04117 | ਪ੍ਰਯਾਗਰਾਜ ਜੰ: | 22:20 | ਅਯੋਧਿਆ ਕੈਂਟ | 03:20 | ਪ੍ਰਯਾਗ, ਫਾਫਾਮਊ ਜੰ;, ਮਾਂ ਦੇਵੀ ਧਾਮ ਪ੍ਰਤਾਪਗਢ ਜੰ: ਅਤੇ ਸੁਲਤਾਨਪੁਰ ਸਟੇਸ਼ਨ |
| 04118 | ਅਯੋਧਿਆ ਕੈਂਟ | 05:15 | ਪ੍ਰਯਾਗਰਾਜ ਜੰ: | 10:15 | |
| 04111 | ਪ੍ਰਯਾਗਰਾਜ ਜੰ: (ਰਿੰਗ ਰੇਲ) | 06:00 | ਪ੍ਰਯਾਗਰਾਜ ਜੰ: (ਰਿੰਗ ਰੇਲ) | 18:50 | ਪ੍ਰਯਾਗਰਾਜ ਰਾਮਬਾਗ, ਝੂਸੀ, ਹੱਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਭਦੋਹੀ, ਜੰਘਈ ਜੰ:, ਮੜਿਯਾਹੂ, ਜਫਰਾਬਾਦ ਜੰ:, ਸ਼ਾਹਗੰਜ ਜੰ:, ਅਕਬਰਪੁਰ, ਗੋਸ਼ਾਈਗੰਜ, ਅਯੋਧਿਆ, ਅਯੋਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਮਊ ਆਇਮਾ, ਫਾਫਾਮਊ ਜੰ: ਅਤੇ ਪ੍ਰਯਾਗ ਸਟੇਸ਼ਨ |
| 04112 | ਪ੍ਰਯਾਗਰਾਜ ਜੰ: (ਰਿੰਗ ਰੇਲ) | 06:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 21:00 | |
| 04113 | ਪ੍ਰਯਾਗਰਾਜ ਜੰ: (ਰਿੰਗ ਰੇਲ) | 17:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 07:45 | ਪ੍ਰਯਾਗਰਾਜ ਰਾਮਬਾਗ, ਝੂਸੀ, ਹੱਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਭਦੋਹੀ, ਜੰਘਈ ਜੰ:, ਮੜਿਯਾਹੂ, ਜਫਰਾਬਾਦ ਜੰ:, ਸ਼ਾਹਗੰਜ ਜੰ:, ਅਕਬਰਪੁਰ, ਗੋਸ਼ਾਈਗੰਜ, ਅਯੋਧਿਆ, ਅਯੋਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਮਊ ਆਇਮਾ, ਫਾਫਾਮਊ ਜੰ: ਅਤੇ ਪ੍ਰਯਾਗ ਸਟੇਸ਼ਨ |
| 04114 | ਪ੍ਰਯਾਗਰਾਜ ਜੰ: (ਰਿੰਗ ਰੇਲ) | 17:45 | ਪ੍ਰਯਾਗਰਾਜ ਜੰ: (ਰਿੰਗ ਰੇਲ) | 08:00 | |
| 04120 | ਪ੍ਰਯਾਗਰਾਜ ਜੰ: (ਰਿੰਗ ਰੇਲ) | 13:30 | ਪ੍ਰਯਾਗਰਾਜ ਜੰ: (ਰਿੰਗ ਰੇਲ) | 04:00 | ਪ੍ਰਯਾਗਰਾਜ, ਫਾਫਾਮਊ ਜੰ:, ਮਊ ਆਇਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗਢ ਜੰ:, ਸੁਲਤਾਨਪੁਰ, ਅਯੋਧਿਆ ਕੈਂਟ, ਅਯੋਧਿਆ ਧਾਮ, ਗੋਸ਼ਾਈਗੰਜ, ਅਕਬਰਪੁਰ, ਸ਼ਾਹਗੰਜ ਜੰ:, ਜੋਨਪੁਰ ਜੰ:, ਜਫਰਾਬਾਦ ਜੰ:, ਮੜਿਯਾਹੂ, ਜੰਘਈ ਜੰ:, ਭਦੋਹੀ, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ, ਹੰਡਿਯਾ ਖਾਸ, ਝੂਸੀ ਅਤੇ ਪ੍ਰਯਾਗਰਾਜ ਰਾਮਬਾਗ ਸਟੇਸ਼ਨ |
| 05003 | ਝੂਸੀ ਜੰ: | 07:45 | ਗੋਰਖਪੁਰ ਜੰ: | 16:25 | ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਵਾਰਾਣਸੀ, ਵਾਰਾਣਸੀ ਸਿਟੀ, ਓਂਡਿਹਾਰ ਜੰ:, ਮਊ ਜੰ:, ਬੇਲਥਰਾ ਰੋਡ, ਸਲੇਮਪੁਰ ਜੰ: ਭਟਨੀ ਜੰ:, ਦੇਵਰਿਯਾ ਸਦਰ, ਗੋਰੀ ਬਾਜਾਰ ਅਤੇ ਚੈਰੀ ਚੋਰਾ ਸਟੇਸ਼ਨ |
| 01033 | ਛੱਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ | 11:30 | ਮਊ ਜੰ: | 22:00 | ਦਾਦਰ, ਠਾਣੇ, ਕਲਿਆਣ ਜੰ:, ਨਾਸਿਕ ਰੋਡ, ਮਨਮਾਡ ਰੋਡ, ਜਲਗਾਂਵ ਜੰ:, ਭੁਸਾਵਲ ਜੰ:, ਖੰਡਵਾ ਜੰ:, ਤਲਤਵਡਿਯਾ, ਛਨੇਰਾ, ਖਿਰਕਿਯਾ, ਹਰਦਾ, ਬਾਨਾਪੁਰਾ, ਇਟਾਰਸੀ ਜੰ:, ਪਿਪਰਿਯਾ, ਨਰਸਿੰਘਪੁਰ, ਜਬਲਪੁਰ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ:, ਪ੍ਰਯਾਗਰਾਜ ਛਿਵਕੀ, ਮਿਰਜਾਪੁਰ, ਚੁਨਾਰ, ਵਾਰਾਣਸੀ, ਸ਼ਾਹਗੰਜ ਜੰ: ਅਤੇ ਆਜਮਗਢ ਸਟੇਸ਼ਨ |
| 06001 | ਪੁਰਟ੍ਚਿ ਤਲੈਵਰ ਡਾ. ਐਮਜੀ ਰਾਮਚੰਦਰਨ | 14:20 | ਗੋਮਤੀ ਨਗਰ | 14:15 | ਗੁਡੂਰ ਜੰ:, ਨੇਲਲੂਰ, ਓਂਗੋਲ, ਚੀਰਾਲਾ, ਤੇਨਾਲੀ ਜੰ:, ਨਯੂ ਗੁਟੂਰ, ਵਿਜਯੇਵਾਡਾ ਜੰ:, ਖੰਮਮਮ ਵਰੰਗਲ, ਸਿਰਪੁਰ ਕਾਗਜਨਗਰ, ਬਲਹਾਹਸ਼ਾਹ, ਗੋਂਦਿਯਾ ਜੰ:, ਬਾਲਾਘਾਟ ਜੰ:, ਨੈਨਪੁਰ ਜੰ:, ਜਬਲਪੁਰ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ:, ਪ੍ਰਯਾਗਰਾਜ ਛਿਵਕੀ, ਮਿਰਜਾਪੁਰ, ਚੁਨਾਰ, ਵਾਰਾਣਸੀ ਅਤੇ ਅਯੋਧਿਆ ਧਾਮ ਜੰ: ਸਟੇਸ਼ਨ |
| 05267 | ਮੁਜੱਫਰਪੁਰ ਜੰ: | 17:15 | ਝੂਸੀ ਜੰ: | 09:55 | ਮੋਤੀਪੁਰ, ਮੇਹਸੀ, ਚਕਿਯਾ, ਬਾਪੂਧਾਮ ਮੋਤਿਹਾਰੀ, ਸਗੋਲੀ ਜੰ:, ਬੇਤਿਯਾ, ਨਰਕਟਿਯਾਗੰਜ ਜੰ:, ਬਗਹਾ, ਕਪਤਾਨਗੰਜ ਜੰ:, ਗੋਰਖਪੁਰ ਜੰ:, ਦੇਵਰਿਯਾ ਸਦਰ, ਭਟਨੀ ਜੰ:, ਮਊ ਜੰ: ਓਹਿਹਾਰ ਜੰ: ਅਤੇ ਵਾਰਾਣਸੀ ਸਟੇਸ਼ਨ |
| 07083 | ਮਚਿਲੀਪਟਣਮ | 22:00 | ਆਜਮਗਢ | 17:15 | ਗੁਡਲਵਲੇਰੁ, ਗੁਡਿਵਾਡਾ ਜੰ:, ਵਿਜੈਵਾਡਾ ਜੰ:, ਖੰਮਮਮ, ਵਰੰਗਲ, ਰਾਮਗੁੰਡਮ, ਮਨਚੇਰਲ, ਸਿਰਪੁਰ ਕਾਗਜਨਗਰ, ਬਲਹਾਰਸ਼ਾਹ, ਚੰਦਰਪੁਰ, ਨਾਗਪੁਰ ਜੰ:, ਬੈਤੂਲ, ਇਟਾਰਸੀ ਜੰ:, ਪਿਪਰਿਯਾ, ਨਰਸਿੰਘਪੁਰ, ਜਬਲਪੁਰ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ:, ਪ੍ਰਯਾਗਰਾਜ ਛਿਵਕੀ, ਮਿਰਜਾਪੁਰ, ਵਾਰਾਣਸੀ ਅਤੇ ਸ਼ਾਹਗੰਜ ਜੰ: ਸਟੇਸ਼ਨ |
| 05013 | ਗੋਰਖਪੁਰ ਜੰ: | 06:25 | ਅਯੋਧਿਆ ਧਾਮ | 11:30 | ਸਹਜਨਵਾ, ਮਗਹਰ, ਖਲੀਲਾਬਾਦ, ਬਸਤੀ, ਬਭਨਾਨ, ਸਵਾਮੀ ਨਾਰਾਯਣ ਛਪਿਯਾ, ਮਸਕਨਵਾ, ਮਨਕਾਪੁਰ ਜੰਕਸ਼ਨ ਅਤੇ ਕਟਰਾ ਸਟੇਸ਼ਨ |
| 05014 | ਅਯੋਧਿਆ ਧਾਮ | 12:15 | ਗੋਰਖਪੁਰ ਜੰ: | 17:30 | |

**ਰੇਲ ਸਫ਼ਰ ਦੇ ਦੋਰਾਨ ਜਲਨਵਾਲੀ ਵਸਤੂਆਂ ਜਿਸਤਰ੍ਹਾਂ ਪਟਾਖੇ, ਪੇਟ੍ਰੋਲ, ਮਿੱਟੀ ਦਾ ਤੇਲ ਅਤੇ ਗੈਸ ਸਿਲੇਂਡਰ ਆਦਿ ਲੇਕੇ ਕਦੀ ਸਫ਼ਰ ਨਾ ਕਰੋ ।**

ਰੇਲਯਾਤੀਰਆਂ ਨੂੰ ਅਨੁਰੋਧ ਹੈ ਕਿਸੀ ਵੀ ਹੋਰ ਸੂਚਨਾ ਅਤੇ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES App ਦੇਖੋ ।

**ਉੱਤਰ ਰੇਲਵੇ**

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ ।

# ਪੰਜਾਬ ਜੀ ਐੱਸ ਟੀ ਕੌਮੀ ਵਿਕਾਸ ਦਰ ਨੂੰ ਪਾਰ ਕਰਨ ਵਾਲੇ ਮੋਹਰੀ 3 ਰਾਜਾਂ 'ਚ ਸ਼ਾਮਲ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਵਿੱਤ, ਯੋਜਨਾਬੰਦੀ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਦੱਸਿਆ ਕਿ ਸੂਬੇ ਨੇ ਵਿੱਤੀ ਸਾਲ 2023-24 ਦੇ ਮੁਕਾਬਲੇ ਚਾਲੂ ਵਿੱਤੀ ਸਾਲ ਵਿੱਚ ਜਨਵਰੀ ਤੱਕ ਨੈੱਟ ਵਸਤੂਆਂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਪ੍ਰਾਪਤੀ ਵਿੱਚ ਪ੍ਰਭਾਵਸ਼ਾਲੀ 11.87 ਫ਼ੀਸਦੀ ਵਾਧਾ ਪ੍ਰਾਪਤ ਕਰਦਿਆਂ 10 ਫ਼ੀਸਦੀ ਦੀ ਕੌਮੀ ਔਸਤ ਨੂੰ ਪਾਰ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਨੇ ਚਾਲੂ ਵਿੱਤੀ ਸਾਲ ਵਿੱਚ ਆਬਕਾਰੀ ਵਿੱਚ 15.33 ਪ੍ਰਤੀਸ਼ਤ ਅਤੇ ਨੈੱਟ ਜੀ ਐੱਸ ਟੀ, ਆਬਕਾਰੀ, ਵੈਟ, ਸੀ ਐੱਸ ਟੀ ਅਤੇ ਪੀ ਐੱਸ ਡੀ ਟੀ ਤੋਂ ਪ੍ਰਾਪਤ ਕਰ ਵਿੱਚ ਕੁੱਲ 11.67 ਫ਼ੀਸਦ ਦਾ ਨੈੱਟ ਵਾਧਾ ਦਰਜ ਕੀਤਾ ਹੈ।

ਇੱਥੇ ਜਾਰੀ ਇੱਕ ਪ੍ਰੈੱਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਚੀਮਾ ਨੇ ਕਿਹਾ ਕਿ ਪੰਜਾਬ ਦੇਸ਼ ਦੇ 3 ਮੋਹਰੀ ਜਨਰਲ ਸ਼੍ਰੇਣੀ ਰਾਜਾਂ (ਜੀ ਸੀ ਐੱਸ) ਵਿੱਚੋਂ ਇੱਕ ਹੈ, ਜਿਨ੍ਹਾਂ ਨੇ ਜੀ ਐੱਸ ਟੀ ਪ੍ਰਾਪਤੀ ਵਿੱਚ ਕੌਮੀ ਵਿਕਾਸ ਦਰ ਨੂੰ ਪਾਰ ਕੀਤਾ ਹੈ। ਚਾਲੂ ਵਿੱਤੀ ਸਾਲ ਵਿੱਚ ਜਨਵਰੀ ਤੱਕ ਨੈੱਟ ਜੀ ਐੱਸ ਟੀ ਪ੍ਰਾਪਤੀ 19,414.57 ਕਰੋੜ ਰੁਪਏ ਰਹੀ, ਜਦੋਂ ਕਿ ਵਿੱਤੀ ਸਾਲ 2023-24 ਵਿੱਚ ਇਸੇ ਸਮੇਂ ਦੌਰਾਨ 17,354.26 ਕਰੋੜ ਰੁਪਏ ਇਕੱਤਰ ਹੋਏ ਸਨ, ਜੋ ਕਿ 2,060.31 ਕਰੋੜ ਰੁਪਏ ਦੇ ਵਾਧੇ ਨੂੰ ਦਰਸਾਉਂਦਾ ਹੈ। ਸੂਬੇ ਨੇ ਜਨਵਰੀ 2025 ਦੌਰਾਨ ਨੈੱਟ ਜੀ ਐੱਸ ਟੀ ਵਿੱਚ 9.73 ਪ੍ਰਤੀਸ਼ਤ ਵਾਧਾ ਦਰਜ ਕੀਤਾ ਹੈ, ਜਿਸ ਨਾਲ ਜਨਵਰੀ 2024 ਵਿੱਚ ਇਕੱਤਰ ਹੋਏ 1,830.52 ਕਰੋੜ ਰੁਪਏ ਦੇ ਮੁਕਾਬਲੇ 2,008.58 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ।

ਆਬਕਾਰੀ ਤੋਂ ਪ੍ਰਾਪਤ ਮਾਲੀਏ ਵਿੱਚ ਵਾਧੇ ਦੇ ਵੇਰਵੇ ਦਿੰਦੇ ਹੋਏ ਐਡਵੋਕੇਟ ਚੀਮਾ ਨੇ ਦੱਸਿਆ ਕਿ ਸੂਬੇ ਨੂੰ ਚਾਲੂ ਵਿੱਤੀ ਸਾਲ ਵਿੱਚ ਜਨਵਰੀ ਤੱਕ 8,588.31 ਕਰੋੜ ਰੁਪਏ ਇਕੱਤਰ ਹੋਏ ਹਨ, ਜਦੋਂ ਕਿ ਵਿੱਤੀ ਸਾਲ 2023-24 ਵਿੱਚ ਇਸੇ ਸਮੇਂ ਦੌਰਾਨ 7,446.46 ਕਰੋੜ ਰੁਪਏ ਇਕੱਤਰ ਹੋਏ ਸਨ, ਜਿਸ ਦੇ ਨਤੀਜੇ ਵਜੋਂ 1,141.85 ਕਰੋੜ ਰੁਪਏ ਦਾ ਵਾਧਾ ਦਰਜ ਹੋਇਆ ਹੈ।ਜਨਵਰੀ 2025 ਦੌਰਾਨ ਆਬਕਾਰੀ ਵਿਕਾਸ ਦਰ 15.91 ਪ੍ਰਤੀਸ਼ਤ ਰਹੀ, ਜਿਸ ਕਾਰਨ ਜਨਵਰੀ 2024 ਵਿੱਚ ਪ੍ਰਾਪਤ ਹੋਏ 770.45 ਕਰੋੜ ਰੁਪਏ ਦੇ ਮੁਕਾਬਲੇ ਜਨਵਰੀ 2025 ਵਿੱਚ 893.04 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ।ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਚਾਲੂ ਵਿੱਤੀ ਸਾਲ ਵਿੱਚ ਜਨਵਰੀ ਤੱਕ ਨੈੱਟ ਜੀ ਐੱਸ ਟੀ, ਆਬਕਾਰੀ, ਵੈਟ, ਸੀ ਐੱਸ ਟੀ ਅਤੇ ਪੀ ਐੱਸ ਡੀ ਟੀ ਤੋਂ ਪ੍ਰਾਪਤ ਕੁੱਲ ਮਾਲੀਆ 34,704.4 ਕਰੋੜ ਰੁਪਏ ਹੈ, ਜਦੋਂ ਕਿ ਵਿੱਤੀ ਸਾਲ 2023-24 ਵਿੱਚ ਇਸੇ ਸਮੇਂ ਦੌਰਾਨ 31,078.94 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਸੀ, ਇਸ ਤਰ੍ਹਾਂ ਕੁੱਲ 3,625.46 ਕਰੋੜ ਰੁਪਏ ਦਾ ਸ਼ੁੱਧ ਵਾਧਾ ਹੋਇਆ ਹੈ। ਜਨਵਰੀ 2025 ਵਿੱਚ ਇਹਨਾਂ ਟੈਕਸਾਂ ਤੋਂ ਕੁੱਲ ਪ੍ਰਾਪਤੀ ਵਿਚ ਜਨਵਰੀ 2024 ਦੇ ਮੁਕਾਬਲੇ 12.48 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ, ਜਿਸ ਨਾਲ ਜਨਵਰੀ 2024 ਵਿੱਚ ਪ੍ਰਾਪਤ ਹੋਏ 3,151.63 ਕਰੋੜ ਰੁਪਏ ਦੇ ਮੁਕਾਬਲੇ ਜਨਵਰੀ 2025 ਵਿੱਚ ਕੁੱਲ 3,545.09 ਕਰੋੜ ਰੁਪਏ ਦਾ ਕਰ ਮਾਲੀਆ ਪ੍ਰਾਪਤ ਹੋਇਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਆਪਣੇ ਕਰ ਮਾਲੀਏ ਨੂੰ ਵਧਾ ਕੇ ਰਾਜ ਨੂੰ ਸਵੈ-ਨਿਰਭਰ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਚੀਮਾ ਨੇ ਆਬਕਾਰੀ ਅਤੇ ਕਰ ਵਿਭਾਗ ਦੀਆਂ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਤਹਿਤ ਕਿਸੇ ਨੂੰ ਵੀ ਪਰੇਸ਼ਾਨ ਕੀਤੇ ਬਿਨਾਂ ਸਿਰਫ਼ ਕਮੀਆਂ ਨੂੰ ਦੂਰ ਕਰਕੇ ਅਤੇ ਕਰ ਚੋਰੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸ ਕੇ ਇਹਨਾਂ ਕਰਾਂ ਤੋਂ ਮਾਲੀਆ ਵਧਾਇਆ ਗਿਆ ਹੈ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਬਸੰਤ ਮੇਲਾ ਤੇ ਗ੍ਰੈਜੂਏਸ਼ਨ ਸੈਰੇਮਨੀ

**ਕਪੂਰਥਲਾ, (ਹਨੀ)**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਬਸੰਤ ਮੇਲਾ ਅਤੇ ਯੂ ਕੇ ਜੀ ਵਿੰਗ ਦੇ ਵਿਦਿਆਰਥੀਆਂ ਲਈ ਗ੍ਰੈਜੂਏਸ਼ਨ ਸੈਰੇਮਨੀ ਦਾ ਆਯੋਜਨ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ



ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਮੁੱਖ ਮਹਿਮਾਨ ਅਤੇ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਬਤੌਰ ਵਿਸ਼ੇਸ਼ ਮਹਿਮਾਨ ਵੱਜੋਂ ਸਮਾਗਮ ਵਿੱਚ ਸ਼ਾਮਲ ਹੋਏ, ਜਿਨ੍ਹਾਂ ਦਾ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਅਤੇ ਸਟਾਫ਼ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਪਹੁੰਚੇ ਮਹਿਮਾਨਾਂ ਵੱਲੋਂ ਸ਼ਮਾ ਰੌਸ਼ਨ ਰਾਹੀਂ ਸਮਾਗਮ ਦਾ ਆਗਾਜ਼ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਜਿਸ ਦਾ ਆਗਾਜ਼ ਸ਼ਬਦ ਗਾਇਨ ਰਾਹੀਂ ਕੀਤਾ ਗਿਆ।ਇਸ ਤੋਂ ਪਹਿਲਾਂ ਯੂ ਕੇ ਜੀ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ ਗਈ।ਦੂਜੇ ਪਾਸੇ ਵਿਦਿਆਰਥੀਆਂ ਬਸੰਤ ਮੇਲੇ ਦਾ ਵੀ ਭਰਪੂਰ ਆਨੰਦ ਮਾਣਿਆ, ਜਿਸ ਵਿਚ ਖਾਣ ਪੀਣ ਦੇ ਸਟਾਲਾਂ ਤੋਂ ਇਲਾਵਾ ਵਿਦਿਆਰਥੀਆਂ ਦੇ ਮਨੋਰੰਜਨ ਲਈ ਝੂਲਿਆਂ ਸਮੇਤ ਕਈ ਪ੍ਰਕਾਰ ਦੀਆਂ ਐਕਟੀਵਿਟੀ ਦਾ ਵੀ ਆਯੋਜਨ ਵੀ ਕੀਤਾ ਗਿਆ।

# ਪ ਸ ਸ ਫ ਵੱਲੋਂ ਜ਼ਿਲ੍ਹਾ ਪੱਧਰੀ ਧਰਨੇ 7 ਤੇ 8 ਨੂੰ

**ਜਲੰਧਰ (ਰਾਜੇਸ਼ ਥਾਪਾ)**

ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਭਾਰਤ ਦੇ ਸੱਦੇ 'ਤੇ ਪ ਸ ਸ ਫ ਵੱਲੋਂ 07 ਅਤੇ 08 ਫਰਵਰੀ ਨੂੰ ਜ਼ਿਲ੍ਹਾ ਪੱਧਰ 'ਤੇ ਦਿਨ-ਰਾਤ ਦੇ ਧਰਨੇ ਆਯੋਜਿਤ ਕੀਤੇ ਜਾ ਰਹੇ ਹਨ।ਇਹਨਾਂ ਦੋ ਰੋਜ਼ਾ ਧਰਨੇ ਦੀ ਤਿਆਰੀ ਵਜੋਂ ਪ ਸ ਸ ਫ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਵਿਸ਼ੇਸ਼ ਤੌਰ ਤੇ ਸੰਬੋਧਨ ਕਰਦੇ ਹੋਏ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਅਤੇ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਭਾਰਤ ਦੇ ਕੇਂਦਰੀ ਕਮੇਟੀ ਮੈਂਬਰ ਤੀਰਥ ਸਿੰਘ ਬਾਸੀ ਨੇ ਦੱਸਿਆ ਕਿ ਇਹ ਫੈਸਲਾ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਬੀਤੇ ਦਿਨੀਂ ਉੱਤਰ ਪ੍ਰਦੇਸ਼ ਦੇ ਸ਼ਹਿਰ ਕਾਨ੍ਹਪੁਰ ਵਿਖੇ ਹੋਈ ਮੀਟਿੰਗ ਵਿੱਚ ਕੀਤਾ ਗਿਆ ਸੀ। ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਪ ਸ ਸ ਫ ਦੇ ਕਾਰਜਕਾਰੀ ਸਕੱਤਰ ਪ੍ਰੇਮ ਖਲਵਾੜਾ ਨੇ ਦੱਸਿਆ ਕਿ ਪਹਿਲੇ ਦਿਨ ਦੀ ਧਰਨੇ ਦੀ ਅਗਵਾਈ ਤਰਸੇਮ ਮਾਧੋਪੁਰੀ ਅਤੇ ਕੁਲਦੀਪ ਵਾਲੀਆ ਕਰਨਗੇ।ਦੂਸਰੇ ਦਿਨ ਕਰਨੈਲ ਫਿਲੌਰ ਅਤੇ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਪ੍ਰਧਾਨਗੀ ਹੇਠ ਵੱਡੀ ਗਿਣਤੀ ਵਿੱਚ ਮੁਲਾਜ਼ਮ ਭਾਗ ਲੈਣਗੇ।ਮੀਟਿੰਗ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਪ੍ਰੋਗਰਾਮਾਂ ਤਹਿਤ 08 ਫਰਵਰੀ ਤੋਂ 20 ਫਰਵਰੀ ਤੱਕ ਜ਼ਿਲ੍ਹੇ ਦੇ ਸਮੂਹ ਵਿਧਾਇਕਾਂ ਨੂੰ ਦਿੱਤੇ ਜਾਣ ਵਾਲੇ ਮੰਗ ਪੱਤਰ ਸਮੇਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਤਰਸੇਮ ਮਾਧੋਪੁਰੀ, ਕਰਨੈਲ ਫਿਲੌਰ,



ਕੁਲਦੀਪ ਵਾਲੀਆ, ਪ੍ਰੇਮ ਖਲਵਾੜਾ, ਸੁਖਵਿੰਦਰ ਰਾਮ,ਅਕਲ ਚੰਦ ਸਿੰਘ, ਸੰਦੀਪ ਰਾਜੋਵਾਲ, ਰਾਜਿੰਦਰ ਮਹਿਤਪੁਰ, ਕੁਲਵੀਰ ਸਿੰਘ ਸ਼ਾਹਕੋਟ, ਰਾਜਿੰਦਰ ਸਿੰਘ ਭੋਗਪੁਰ, ਕੁਲਵੰਤ ਰਾਮ ਰੁੜਕਾ, ਬਲਵੀਰ ਸਿੰਘ ਗੁਰਾਇਆ, ਰਤਨ ਸਿੰਘ, ਪਰਨਾਮ ਸਿੰਘ ਸੈਣੀ,ਵੇਦ ਰਾਜ ਗੜ੍ਹਾ, ਜਾਗੀਰ ਸਿੰਘ, ਕਰਮਜੀਤ ਸਿੰਘ, ਬਲਜੀਤ ਸਿੰਘ ਕੁਲਾਰ, ਸੁਖਵਿੰਦਰ ਸਿੰਘ, ਓਮ ਪ੍ਰਕਾਸ਼,ਮਨੋਜ ਕੁਮਾਰ ਸਰੋਏ, ਜਤਿੰਦਰ ਸਿੰਘ, ਵਿਨੋਦ ਭੱਟੀ, ਹਰਮਨਜੋਤ ਸਿੰਘ, ਗੁਰਮੇਲ ਸਿੰਘ ਕੁਲਰੀਆ ਅਤੇ ਕੁਲਦੀਪ ਸਿੰਘ ਕੌੜਾ ਹਾਜ਼ਰ ਸਨ।

# 51 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ-2025 ਲਈ ਪੁਸਤਕਾਂ ਦੀਆਂ ਨਾਮਜ਼ਦਗੀਆਂ ਆਰੰਭ

**ਬੰਗਾ (ਅਵਤਾਰ ਕਲੇਰ)**

ਕੈਨੇਡਾ ਦੀ ਧਰਤੀ ਤੋਂ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਇਨਾਮ ਸਾਲ 2025 ਲਈ ਨਾਮਜ਼ਦਗੀਆਂ ਹੁਣ ਪ੍ਰਵਾਨ ਕਰਨੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ ਅਤੇ ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਤਾਰੀਖ 28 ਫਰਵਰੀ 2025 ਹੈ।ਇਹ ਜਾਣਕਾਰੀ ਢਾਹਾਂ ਸਾਹਿਤ ਇਨਾਮ ਦੇ ਬਾਨੀ ਬਰਜਿੰਦਰ ਸਿੰਘ ਢਾਹਾਂ ਦੁਆਰਾ ਦਿੱਤੀ ਗਈ। ਉਹਨਾਂ ਕਿਹਾ ਕਿ ਇਸ ਸਨਮਾਨ ਮਾਂ-ਬੋਲੀ ਪੰਜਾਬੀ ਵਿਚ ਸਮੁੱਚੇ ਸੰਸਾਰ ਵਿਚ ਰਚੇ ਗਏ ਉੱਤਮ ਸਾਹਿਤ ਦੀ ਪਛਾਣ ਕਰਨ ਅਤੇ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹ ਦੇਣ ਦੇ ਮਨੋਰਥ ਨਾਲ ਸ਼ੁਰੂ ਕੀਤਾ ਗਿਆ। ਜੋ ਕੌਮਾਂਤਰੀ ਪੱਧਰ ਉੱਤੇ ਮਾਂ ਬੋਲੀ ਪੰਜਾਬੀ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਵਿਚ ਛਪੇ ਨਾਵਲ ਤੇ ਕਹਾਣੀ ਦੀਆਂ ਤਿੰਨ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ। ਜਿਸ ਵਿਚ ਤਿੰਨ ਪੁਸਤਕਾਂ ਵਿੱਚੋਂ ਇੱਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋ ਪੁਸਤਕਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਂਦਾ ਹੈ। ਇਸ ਮੌਕੇ ਜੇਤੂ ਕਿਤਾਬਾਂ ਦੇ ਲੇਖਕਾਂ ਨੂੰ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਵਿਸ਼ੇਸ਼ ਸਨਮਾਨ ਵੀ ਭੇਟ ਕੀਤਾ ਜਾਂਦਾ ਹੈ। ਢਾਹਾਂ ਸਾਹਿਤ ਇਨਾਮ ਵੱਲੋਂ 11 ਸਾਲਾਂ ਦੇ ਸਫਰ ਵਿਚ ਹੁਣ ਤੱਕ ਭਾਰਤ, ਪਾਕਿਸਤਾਨ, ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ 33 ਨਾਮਵਰ ਪੁਸਤਕਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿਚ ਨਾਵਲ ਤੇ ਕਹਾਣੀ ਸੰਗ੍ਰਿਹ ਸ਼ਾਮਿਲ ਹਨ।ਢਾਹਾਂ ਨੇ ਦੱਸਿਆ ਕਿ ਸਾਲ 2025 ਦੇ ਢਾਹਾਂ ਇਨਾਮ ਲਈ ਪ੍ਰਕਾਸ਼ਿਤ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਨਾਮਜ਼ਦ ਕਰਨ ਦੇ ਚਾਹਵਾਨ ਲੇਖਕ, ਪ੍ਰਕਾਸ਼ਕ ਨਾਮਜ਼ਦਗੀ ਫਾਰਮ ਭਰ ਕੇ ਸੰਬਧਿਤ ਪੁਸਤਕ ਦੀਆਂ ਤਿੰਨ ਕਾਪੀਆਂ ਨੂੰ ਢਾਹਾਂ ਇਨਾਮ ਦੇ ਮੁੱਖ ਦਫਤਰ ਤੇ ਭੇਜ ਸਕਦੇ ਹਨ। ਇਸ ਸਬੰਧੀ ਹੋਰ ਜਾਣਕਾਰੀ ਵੈਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਢਾਹਾਂ ਇਨਾਮ ਦੀ ਸਥਾਪਨਾ ਬਰਜ ਢਾਹਾਂ ਬਰਜਿੰਦਰ ਸਿੰਘ ਅਤੇ ਉਹਨਾਂ ਧਰਮਪਤਨੀ ਰੀਟਾ ਢਾਹਾਂ ਦੁਆਰਾ ਪਰਵਾਰ, ਦੋਸਤਾਂ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਵੈਨਕੂਵਰ, ਕੈਨੇਡਾ ਵਿੱਚ ਸਾਲ 2013 ਵਿਚ ਕੀਤੀ ਸੀ।

# ਸੁਖਵਿੰਦਰ ਕੌਰ ਨੇ ਜਿੱਤੇ 3 ਗੋਲਡ ਤੇ ਇੱਕ ਸਿਲਵਰ ਮੈਡਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿਚ ਐਸ ਐਮ ਐਸ (ਸਵਾਈ ਮਾਨ ਸਿੰਘ) ਸਟੇਡੀਅਮ, 11ਵੀਂ ਐਸ.ਬੀ.ਕੇ.ਐਫ਼. ਰਾਸ਼ਟਰੀ ਖੇਡਾਂ ਵਿੱਚ ਅਲੱਗ ਅਲੱਗ ਰਾਜਾਂ ਤੋਂ ਆਏ ਖਿਡਾਰੀਆਂ ਨੇ ਖ਼ੂਬ ਜੌਹਰ ਦਿਖਾਏ। ਇਨ੍ਹਾਂ ਵਿੱਚ ਮੈਡਮ ਸੁਖਵਿੰਦਰ ਕੌਰ ਨਕੋਦਰ ਜਲੰਧਰ ਨੇ ਪੰਜਾਬ ਵਲੋਂ ਖੇਡਦੇ ਹੋਏ ਤਿੰਨ ਗੋਲਡ ਮੈਡਲ ਤੇ ਇੱਕ ਸਿਲਵਰ ਮੈਡਲ ਜਿੱਤੇ। ਲੌਂਗ ਜੰਪ, ਟ੍ਰਿਪਲ ਜੰਪ ਤੇ ਰੀਲੇਅ ਰੇਸ ਵਿਚ ਗੋਲਡ ਮੈਡਲ ਤੇ ਜੈਵਲਿਨ ਥਰੋਂ ਵਿੱਚ ਸਿਲਵਰ ਮੈਡਲ ਜਿੱਤ ਕੇ ਆਪਣੇ ਇਲਾਕੇ ਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ।

# ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

**ਤਲਵੰਡੀ ਚੌਧਰੀਆਂ (ਪਰਸਨ ਲਾਲ ਭੋਲਾ)**

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਤਲਵੰਡੀ ਚੌਧਰੀਆਂ ਵਿਖੇ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿੱਚ ਪੰਥਕ ਕਵੀਸ਼ਰੀ ਜਥਾ ਭਾਈ ਗੁਰਜੀਤ ਸਿੰਘ ਵਰਿਆਂ ਤਰਨ ਤਾਰਨ ਨੇ ਬਾਬਾ ਦੀਪ ਸਿੰਘ ਜੀ ਦੇ ਜੀਵਨ



ਅਤੇ ਸਿੱਖ ਇਤਿਹਾਸ ਵਿੱਚ ਉਹਨਾਂ ਦੀ ਕੁਰਬਾਨੀ ਸਬੰਧੀ ਸੰਗਤਾਂ ਨੂੰ ਭਰਪੂਰ ਜਾਣਕਾਰੀ ਦਿੱਤੀ। ਸਾਬਕਾ ਸਰਪੰਚ ਹਰਜਿੰਦਰ ਸਿੰਘ ਘੁਮਾਣ ਵੱਲੋਂ ਸਮੂਹ ਸੰਗਤਾਂ ਦਾ ਸਹਿਯੋਗ ਦੇਣ ਤੇ ਧੰਨਵਾਦ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਗੁਰਪੁਰਬ ਮਨਾਉਣਾ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜੀ ਰੱਖਦੇ ਹਨ। ਇਸ ਮੌਕੇ 'ਤੇ ਜਥੇਦਾਰ ਹਰਭਜਨ ਸਿੰਘ ਘੁੰਮਣ, ਗੁਰੂ ਘਰ ਦੇ ਵਜ਼ੀਰ ਬਾਬਾ ਗੁਰਦੇਵ ਸਿੰਘ, ਬਾਬਾ ਗਣੇਸ਼ ਸਿੰਘ ਮੁਖੀ ਨਿਹੰਗ ਛਉਣੀ ਗੁਰੂ ਅਮਰਦਾਸ ਜੀ ਤਲਵੰਡੀ ਚੌਧਰੀਆਂ, ਸ਼ੇਰ ਸਿੰਘ ਘੁਮਾਣ, ਰਹਿਮਤ ਸਿੰਘ, ਸਾਬਕਾ ਸਰਪੰਚ ਬੀਬੀ ਦਵਿੰਦਰ ਕੌਰ ਘੁੰਮਣ, ਬੀਬੀ ਸਰਬਜੀਤ ਕੌਰ ਘਮਾਣ, ਮਨਪ੍ਰੀਤ ਕੌਰ ਘੁਮਾਣ, ਵਜੀਰ ਸਿੰਘ ਫਰੀਦਪੁਰੀਆ, ਬਲਵਿੰਦਰ ਸਿੰਘ ਘੁਮਾਣ,ਧੀਰਜ ਸ਼ਰਮਾ, ਦਵਿੰਦਰ ਸਿੰਘ ਓਟੀ ਦੋਵੇਂ ਮੈਂਬਰ ਪੰਚਾਇਤ, ਦਰਸ਼ਨ ਸਿੰਘ ਸੰਧੂ ਡਾਇਰੈਕਟਰ, ਜਸਵਿੰਦਰ ਸਿੰਘ ਸੋਨੂ ਤੁੜ, ਰਜਿੰਦਰ ਸਿੰਘ, ਦਵਿੰਦਰ ਸਿੰਘ ਡਿਪਟੀ, ਜਗਜੀਤ ਸਿੰਘ ਜੱਗੀ, ਡਾਕਟਰ ਸੁਖਦੇਵ ਸਿੰਘ, ਗੁਰਦੀਪ ਸਿੰਘ, ਹਰਜਿੰਦਰ ਸਿੰਘ ਚੰਦੀ ਮਾਸਟਰ ਪ੍ਰਦੀਪ ਸਿੰਘ ਘੁਮਾਣ, ਗੁਰਨਾਮ ਸਿੰਘ ਗੁਰਵਿੰਦਰ ਸਿੰਘ ਅਮਰਜੀਤ ਸਿੰਘ ਘੁਮਾਣ, ਅਜੈਬ ਸਿੰਘ ਘੁਮਾਣ, ਦਵਿੰਦਰ ਸਿੰਘ ਏਐਸਆਈ ਤੇ ਪ੍ਰਦੀਪ ਕੁਮਾਰ ਸਹਿਗਲ ਆਦਿ ਹਾਜ਼ਰ ਸਨ।

# ਚਾਈਨਾ ਡੋਰ ਖਿਲਾਫ ਸਖ਼ਤ ਚੇਤਾਵਨੀ

**ਜਲੰਧਰ (ਸੁਰਿੰਦਰ ਕੁਮਾਰ)**- ਬਸੰਤ ਪੰਚਮੀ ਤੋਂ ਪਹਿਲਾਂ ਜਲੰਧਰ ਦਿਹਾਤੀ ਪੁਲਸ ਨੇ ਚੀਨੀ ਡੋਰ ਦੀ ਵਰਤੋਂ ਕਰਨ ਜਾਂ ਵੇਚਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ।ਜਲੰਧਰ ਦਿਹਾਤੀ ਪੁਲਸ ਦੇ ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਅੱਜ ਐਲਾਨ ਕੀਤਾ ਕਿ ਇਸ ਘਾਤਕ ਡੋਰ ਦੀ ਵਿਕਰੀ ਅਤੇ ਵਰਤੋਂ ਨੂੰ ਰੋਕਣ ਲਈ ਵਿਸ਼ੇਸ਼ ਪੁਲਿਸ ਟੀਮਾਂ ਜ਼ਿਲ੍ਹੇ ਭਰ ਵਿੱਚ ਛਾਪੇਮਾਰੀ ਕਰਨਗੀਆਂ। ਉਨ੍ਹਾਂ ਕਿਹਾ ਕਿ ਪਾਬੰਦੀ ਲੱਗਣ ਦੇ ਬਾਵਜੂਦ ਕੁਝ ਲੋਕ ਚੀਨੀ ਡੋਰ ਵੇਚਣਾ ਅਤੇ ਵਰਤੋਂ ਕਰਨਾ ਜਾਰੀ ਰੱਖਦੇ ਹਨ, ਜਿਸ ਨਾਲ ਮਾਸੂਮ ਜਾਨਾਂ ਨੂੰ ਜੋਖਮ ਵਿੱਚ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਪਰਾਧੀਆਂ ਖਿਲਾਫ ਕਤਲ ਦੀ ਕੋਸ਼ਿਸ਼ ਸਮੇਤ ਗੈਰ-ਜ਼ਮਾਨਤੀ ਧਾਰਾਵਾਂ ਅਧੀਨ ਮੁੱਕਦਮਾ ਦਰਜ ਕੀਤਾ ਜਾਵੇਗਾ। ਐਸ ਐਸ ਪੀ ਖੱਖ ਨੇ ਕਿਹਾ ਕਿ ਚੀਨੀ ਡੋਰ ਦੀ ਵਰਤੋਂ ਨਾਲ ਪਹਿਲਾਂ ਵੀ ਕਈ ਘਾਤਕ ਹਾਦਸੇ ਵਾਪਰ ਚੁੱਕੇ ਹਨ। ਇਹ ਸਿੰਥੈਟਿਕ ਡੋਰ ਇੱਕ ਹਥਿਆਰ ਵਾਂਗ ਹੀ ਖ਼ਤਰਨਾਕ ਹੈ। ਇਸ ਨੇ ਕਈ ਜਾਨਾਂ ਲਈਆਂ ਹਨ ਅਤੇ ਕਈਆਂ ਦੇ ਗੰਭੀਰ ਸੱਟਾਂ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਤਿਓਹਾਰਾਂ ਦੇ ਜਸ਼ਨ ਮਨਾਉਣ ਲਈ ਅਜਿਹੇ ਖ਼ਤਰਿਆਂ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।ਉਨ੍ਹਾਂ ਦੱਸਿਆ ਕਿ ਐਸ ਪੀ ਅਤੇ ਡੀ ਐਸ ਪੀ ਰੈਂਕ ਦੇ ਅਧਿਕਾਰੀਆਂ ਦੀ ਅਗਵਾਈ ਹੇਠ ਵਿਸ਼ੇਸ਼ ਟੀਮਾਂ ਜਲੰਧਰ ਦਿਹਾਤੀ ਦੇ ਸਾਰੇ ਸਬ ਡਵੀਜ਼ਨਾਂ ਵਿੱਚ ਬਾਜ਼ਾਰਾਂ ਅਤੇ ਪਤੰਗਬਾਜ਼ੀ ਵਾਲੇ ਖੇਤਰਾਂ ਵਿੱਚ ਗਸ਼ਤ ਕਰਨਗੀਆਂ।ਐਸ ਐਸ ਪੀ ਖੱਖ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਬੱਚੇ ਪਤੰਗ ਉਡਾਉਣ ਲਈ ਸਿਰਫ਼ ਰਵਾਇਤੀ ਸੂਤੀ ਡੋਰ ਦੀ ਵਰਤੋਂ ਕਰਨ। ਜੋ ਲੋਕ ਇਨ੍ਹਾਂ ਨਿਰਦੇਸ਼ਾਂ ਦੀ ਉਲੰਘਣਾ ਕਰਨਗੇ, ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਐਸ.ਐਸ.ਪੀ. ਖੱਖ ਨੇ ਕਿਹਾ ਕਿ ਪੁਲਸ ਨੇ ਉਲੰਘਣਾਵਾਂ ਦੀ ਨਿਗਰਾਨੀ ਲਈ ਇੱਕ ਵਿਸ਼ੇਸ਼ ਕੰਟਰੋਲ ਰੂਮ ਸਥਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਨਾਗਰਿਕ ਚੀਨੀ ਡੋਰ ਬਾਰੇ ਕਿਸੇ ਵੀ ਜਾਣਕਾਰੀ ਦੀ ਸੂਚਨਾ 24 ਘੰਟੇ ਲਈ ਸਥਾਪਿਤ ਕੰਟਰੋਲ ਰੂਮ ਦੇ ਹੈਲਪਲਾਈਨ ਨੰਬਰ 112 ਜਾਂ ਨੇੜਲੇ ਪੁਲਿਸ ਸਟੇਸ਼ਨ ਰਾਹੀਂ ਦੇ ਸਕਦੇ ਹਨ।

# ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਸਰਸਵਤੀ ਪੂਜਾ



**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਵਿੱਚ ਸਰਸਵਤੀ ਪੂਜਾ ਕਰਵਾਈ ਗਈ। ਸਾਰਿਆਂ ਨੇ ਪੂਜਾ ਵਿੱਚ ਸ਼ਾਮਲ ਹੋ ਕੇ ਦੇਵੀ ਮਾਤਾ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਪ੍ਰਿੰਸੀਪਲ ਆਰਤੀ ਸੋਬਤੀ ਨੇ 12ਵੀਂ ਜਮਾਤ ਦੇ ਆਊਟਗੋਇੰਗ ਬੈਚ ਲਈ ਉਨ੍ਹਾਂ ਦੇ ਭਵਿੱਖ ਲਈ ਪਿਆਰ, ਵਿਸ਼ਵਾਸ ਅਤੇ ਆਸ਼ੀਰਵਾਦ ਦਾ ਪ੍ਰਗਟਾਵਾ ਕਰਦੇ ਹੋਏ ਸੈਸ਼ਨ ਦਾ ਸੰਚਾਲਨ ਕੀਤਾ। ਉਹਨਾਂ ਨੂੰ ਜੀਵਨ ਦੇ ਅਗਲੇ ਪੜਾਅ ਵਿੱਚ ਕਦਮ ਰੱਖਣ ਲਈ ਆਪਣਾ ਫੋਕਸ ਅਤੇ ਆਤਮ ਵਿਸ਼ਵਾਸ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ। ਇੱਕ ਪ੍ਰਤੀਕਾਤਮਕ ਇਸ਼ਾਰੇ ਵਿੱਚ, ਵਿਦਿਆਰਥੀਆਂ ਨੇ ਗੁਬਾਰਿਆਂ ਉੱਤੇ ਆਪਣੀਆਂ ਸ਼ੁੱਭਕਾਮਨਾਵਾਂ ਪਾਈਆਂ ਅਤੇ ਸਫਲਤਾ ਅਤੇ ਉੱਜਵਲ ਭਵਿੱਖ ਦੀ ਉਮੀਦ ਵਿੱਚ ਉਹਨਾਂ ਨੂੰ ਅਸਮਾਨ ਵਿੱਚ ਛੱਡਿਆ।

ਇਸ ਮੌਕੇ ਪ੍ਰਿੰਸੀਪਲ ਆਰਤੀ ਸੋਬਤੀ, ਸੁਰਿੰਦਰ ਗੁਲਾਟੀ ਅਤੇ ਸਕੂਲ ਸਟਾਫ਼ ਵੀ ਹਾਜ਼ਰ ਸੀ। ਪੂਜਾ ਤੋਂ ਬਾਅਦ ਸਾਰਿਆਂ ਨੂੰ ਪ੍ਰਸ਼ਾਦ ਵੰਡਿਆ ਗਿਆ।

# ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਸਮੇਤ ਸਿਆਸੀ ਨੇਤਾਵਾਂ ਨੇ ਸੀਚੇਵਾਲ ਨੂੰ ਜਨਮ ਦਿਨ ਦੀਆਂ ਦਿੱਤੀਆਂ ਵਧਾਈਆਂ

**ਸੁਲਤਾਨਪੁਰ ਲੋਧੀ( ਬਲਵਿੰਦਰ ਸਿੰਘ ਧਾਲੀਵਾਲ)**-ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਦੇਸ਼ ਭਰ ਦੇ ਧਾਰਮਿਕ, ਸਮਾਜਿਕ ਅਤੇ ਸਿਆਸੀ ਆਗੂਆਂ ਵੱਲੋਂ ਨਿੱਘੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਭਾਰਤ ਦੇ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ, ਰਾਜ ਸਭਾ ਦੇ ਮੈਂਬਰ ਅਸ਼ੋਕ ਮਿੱਤਲ ਵੱਲੋਂ ਚਿੱਠੀਆਂ ਰਾਹੀਂ ਸੰਤ ਸੀਚੇਵਾਲ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਸੰਤ ਸੀਚੇਵਾਲ ਦੀ ਲੋਕ ਭਲਾਈ ਅਤੇ ਵਾਤਾਵਰਣ ਦੀ ਸੰਭਾਲ ਲਈ ਅਟੱਲ ਸਮਰਪਣ, ਖਾਸ ਤੌਰ 'ਤੇ ਕਾਰ ਸੇਵਾ ਰਾਹੀਂ ਵੇਈਂ ਨਦੀ ਨੂੰ ਸੁਰਜੀਤ ਕਰਨ ਵਿੱਚ ਕੀਤੇ ਮਹੱਤਵਪੂਰਨ ਕੰਮ ਲਈ ਸ਼ਲਾਘਾ ਕੀਤੀ। ਆਗੂਆਂ ਨੇ ਉਨ੍ਹਾਂ ਦੀ ਸਿਹਤਯਾਬੀ ਅਤੇ ਸਫਲਤਾ ਦੀ ਕਾਮਨਾ ਕੀਤੀ।ਇਸ ਤੋਂ ਇਲਾਵਾ, ਕੇਂਦਰੀ ਮੰਤਰੀ ਨਿਤਨ ਗਡਕਰੀ, ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਰਗੀਆਂ ਪ੍ਰਮੁੱਖ ਹਸਤੀਆਂ ਨੇ ਸੰਤ ਸੀਚੇਵਾਲ ਦੇ ਅਣਥੱਕ ਯਤਨਾਂ ਦੀ ਪ੍ਰਸ਼ੰਸਾ ਕੀਤੀ। ਅਮਿਤ ਸ਼ਾਹ ਤੇ ਜਗਦੀਪ ਧਨਖੜ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸੰਤ ਸੀਚੇਵਾਲ ਦੀ ਚੰਗੀ ਸਿਹਤ ਅਤੇ ਤੰਦਰੁਸਤੀ ਲਈ ਅਰਦਾਸ ਕਰਦੇ ਹੋਏ ਨਿੱਜੀ ਫ਼ੋਨ ਕਾਲ ਰਾਹੀਂ ਉਨ੍ਹਾਂ ਦੇ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।ਹੋਰ ਰਾਜਨੀਤਿਕ ਨੇਤਾਵਾਂ ਨੇ ਸੋਸ਼ਲ ਮੀਡੀਆ 'ਤੇ ਸੰਤ ਸੀਚੇਵਾਲ ਨੂੰ ਵਧਾਈ ਦਿੱਤੀ। ਇਸ ਤਰ੍ਹਾਂ ਨਿਰਮਲਾ ਸੰਤ ਮੰਡਲ ਦੇ ਪ੍ਰਧਾਨ ਸੰਤੋਖ ਸਿੰਘ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾ ਸੁਸਾਇਟੀ ਤੋਂ ਸੰਤ ਨਿਰਮਲ ਦਾਸ, ਸੰਤ ਲੀਡਰ ਸਿੰਘ, ਸੰਤ ਬਲਰਾਜ ਸਿੰਘ, ਸੰਤ ਅਜੀਤ ਸਿੰਘ, ਸੰਤ ਅਮਰੀਕ ਸਿੰਘ, ਸੰਤ ਗੁਰਮੇਜ ਸਿੰਘ, ਕੈਨੇਡਾ ਤੋਂ ਅਜੈਬ ਸਿੰਘ ਚੱਠਾ, ਯੂ.ਕੇ ਤੋਂ ਜਸਵਿੰਦਰ ਸਿੰਘ ਕਾਲਾ, ਹਰਜਿੰਦਰ ਸਿੰਘ ਹੇਅਰ, ਅਸਟ੍ਰੇਲੀਆ ਤੋਂ ਸੁਖਜਿੰਦਰ ਸਿੰਘ ਰੰਧਾਵਾ, ਸੁਮੀਤਪਾਲ, ਮਨੀਲਾ ਤੋਂ ਇੰਦਰਜੀਤ ਸਿੰਘ, ਮਨਜੀਤ ਸਿੰਘ ਅਤੇ ਹੋਰ ਵੀ ਕਈ ਸੰਤਾਂ ਮਹਾਪੁਰਖਾਂ ਅਤੇ ਪ੍ਰਵਾਸੀ ਪੰਜਾਬੀਆਂ ਵੱਲੋਂ ਸੰਤ ਸੀਚੇਵਾਲ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ।

# ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਆਖਰੀ ਸਾਹ ਤੱਕ ਲੜਾਂਗਾ : ਰਣਯੋਧ ਯੋਧੂ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਆਖਰੀ ਸਾਹ ਤੱਕ ਲੜਾਂਗਾ। ਇਹ ਸ਼ਬਦ ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ ਦੇ ਐਨ ਆਰ ਆਈ ਵਿੰਗ ਦੇ ਪ੍ਰਧਾਨ ਤੇ ਪ੍ਰਸਿੱਧ ਗਾਇਕ ਰਣਯੋਧ ਯੋਧੂ ਨੇ



ਪੱਤਰਕਾਰਾਂ ਨਾਲ ਫੋਨ 'ਤੇ ਗੱਲਬਾਤ ਦੌਰਾਨ ਕਹੇ। ਉਨਾਂ ਕਿਹਾ ਕਿ ਚਿੱਟੀ ਪਿੰਡ ਦੀ ਨਹਿਰ ਵਿੱਚ ਕਿਸੇ ਸਿਆਸਤਦਾਨ ਦੀ ਫੈਕਟਰੀ ਦਾ ਗੰਦਾ ਪਾਣੀ ਪਿਛਲੇ ਪੱਚੀ ਸਾਲਾਂ ਤੋਂ ਪੈ ਰਿਹਾ ਹੈ, ਜਿਸ ਦਾ ਵਿਰੋਧ ਮੈਂ ਪਹਿਲੇ ਦਿਨ ਤੋਂ ਹੀ ਕਰਦਾ ਆ ਰਿਹਾ ਹਾਂ। ਸਾਡੀ ਕਿਸੇ ਨਾਲ ਕੋਈ ਨਿੱਜੀ ਰੰਜ਼ਿਸ਼ ਨਹੀਂ ਪਰ ਚਿੱਟੀ ਵਾਲੀ ਨਹਿਰ ਦਾ ਗੰਦਾ ਪਾਣੀ ਪੀ ਕੇ ਜਾਨਵਰ ਤੇ ਇਨਸਾਨ ਬਿਮਾਰ ਹੋ ਰਹੇ ਹਨ। ਜਿਸ ਦੀ ਸੂਚਨਾ ਨਹਿਰੀ ਵਿਭਾਗ ਦੇ ਕਰਮਚਾਰੀਆਂ ਨੂੰ ਕਈ ਵਾਰ ਦੇ ਚੁੱਕੇ ਹਾਂ ਤੇ ਕਈ ਵਾਰ ਪ੍ਰਸ਼ਾਸਨ ਦੇ ਧਿਆਨ ਵਿੱਚ ਵੀ ਲਿਆ ਚੁੱਕੇ ਹਾਂ, ਪਰ ਰਾਜਨੀਤਕ ਦਬਾਅ ਕਰਕੇ ਕੋਈ ਹੱਲ ਨਹੀਂ ਨਿਕਲਿਆ, ਉਲਟਾ ਮੇਰੇ 'ਤੇ ਹਰ ਕਿਸਮ ਦਾ ਤਸ਼ੱਦਦ ਹੁੰਦਾ ਰਿਹਾ, ਪਰ ਮੈਂ ਪੰਜਾਬ ਦੇ ਵਾਤਾਵਰਣ ਤੇ ਪਾਣੀਆਂ ਨੂੰ ਬਚਾਉਣ ਲਈ ਆਖਰੀ ਸਾਹ ਤੱਕ ਕੋਸ਼ਿਸ਼ ਕਰਾਂਗਾ।

# ਆਰ ਬੀ ਯੂ ਦੇ ਐਨੀਮੇਸ਼ਨ ਤੇ ਡਿਜ਼ਾਈਨ ਸਕੂਲ ਨੇ ਲਗਾਈ ਪ੍ਰਦਰਸ਼ਨੀ

**ਕੁਰਾਲੀ, (ਮੋਹਨ ਅੱਗਰਵਾਲ)**

ਰਿਆਤ ਬਾਹਰਾ ਯੂਨੀਵਰਸਿਟੀ (ਆਰਬੀਯੂ) ਦੇ ਐਨੀਮੇਸ਼ਨ ਅਤੇ ਡਿਜ਼ਾਈਨ ਸਕੂਲ ਨੇ ਆਪਣੇ ਮੋਹਾਲੀ ਕੈਂਪਸ ਵਿੱਚ ਇੱਕ ਸ਼ਾਨਦਾਰ ਚਾਰ-ਰੋਜ਼ਾ ਡਿਜ਼ਾਈਨ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਜਿੱਥੇ ਵਿਦਿਆਰਥੀਆਂ ਨੇ ਅਤਿ-ਆਧੁਨਿਕ ਡਿਜ਼ਾਈਨ ਨਵੀਨਤਾਵਾਂ ਦਾ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨੀ ਵਿੱਚ ਇੱਕ ਕਮਾਲ ਦੀ ਭੀੜ ਦੇਖਣ ਨੂੰ ਮਿਲੀ ਜਿਹੜੇ ਰਵਾਇਤੀ ਡਿਜ਼ਾਈਨ ਸੰਕਲਪਾਂ ਦੇ ਸੰਯੋਜਨ 'ਤੇ ਹੈਰਾਨ ਹੋਏ। ਜਿਸ ਵਿਚ ਡਿਜ਼ਾਈਨ, ਮੋਸ਼ਨ ਗ੍ਰਾਫਿਕਸ, ਅਤੇ ਫਿਲਮ ਨਿਰਮਾਣ ਵਿੱਚ ਉੱਨਤ ਏ ਆਈ -ਸੰਚਾਲਿਤ ਨਵੀਨਤਾਵਾਂ ਪੇਸ਼ ਕੀਤੀਆਂ ਗਈਆਂ।ਇਸ ਪ੍ਰਦਰਸ਼ਨੀ ਦਾ ਉਦਘਾਟਨ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ, ਉਪ ਕੁਲਪਤੀ ਡਾ: ਪਰਵਿੰਦਰ ਸਿੰਘ ਨੇ ਕੀਤਾ।ਪ੍ਰਦਰਸ਼ਨੀ ਦਾ ਖਾਸ ਆਕਰਸ਼ਣ ਏਆਈ-ਚਰਿੱਤਰੀਕਰਨ (ਕੈਰੈਕਟਰਾਈਜ਼ੇਸ਼ਨ) ਸੀ ਜਿੱਥੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੋਂ ਪ੍ਰੇਰਿਤ ਵਿਲੱਖਣ ਚਰਿੱਤਰ ਡਿਜ਼ਾਈਨ ਤਿਆਰ ਕੀਤੇ।ਏਆਈ-ਆਰਟ ਵਿੱਚ ਸਭ ਤੋਂ ਮੌਜੂਦਾ ਵਿਕਾਸ ਨੂੰ ਅਜਿਹੇ ਡਿਜ਼ਾਈਨ ਬਣਾਉਣ ਲਈ ਟੈਪ ਕੀਤਾ ਗਿਆ ਹੈ ਜੋ ਕੁਝ ਮਹੀਨੇ ਪਹਿਲਾਂ ਵੀ ਸੰਭਵ ਨਹੀਂ ਸੀ।ਵਿਦਿਆਰਥੀਆਂ ਨੇ ਬ੍ਰਾਂਡਾਂ ਅਤੇ ਉਦਯੋਗਾਂ



ਲਈ ਅਸਲ-ਜੀਵਨ ਡਿਜ਼ਾਈਨ ਮੁਹਿੰਮਾਂ ਵੀ ਪੇਸ਼ ਕੀਤੀਆਂ, ਜਿਨ੍ਹਾਂ ਨੂੰ ਉਨ੍ਹਾਂ ਦੀ ਰਚਨਾਤਮਕਤਾ ਅਤੇ ਉਪਯੋਗਤਾ ਲਈ ਉੱਚ ਪ੍ਰਸ਼ੰਸਾ ਮਿਲੀ।ਇਹਨਾਂ ਮੁਹਿੰਮਾਂ ਦੀ ਪੂਰਤੀ ਵਿੱਚ ਸ਼ਾਨਦਾਰ ਮੋਸ਼ਨ ਗ੍ਰਾਫਿਕਸ ਅਤੇ ਸਕਰੀਨ 'ਤੇ ਪ੍ਰਦਰਸ਼ਿਤ ਛੋਟੀਆਂ ਫਿਲਮਾਂ ਸਨ।ਸਕੂਲ ਦੀ ਅਗਵਾਈ ਕਰਨ ਵਾਲੇ ਰਾਸ਼ਟਰੀ ਪੱਧਰ ਦੇ ਪ੍ਰਸਿੱਧ ਐਨੀਮੇਸ਼ਨ ਅਤੇ ਡਿਜ਼ਾਈਨ ਸਿੱਖਿਅਕ ਪਰਮਿੰਦਰ ਸਿੰਘ ਰੂਬਲ ਨੇ ਕਿਹਾ ਕਿ ਏਆਈ ਵਿੱਚ ਨਵੀਨਤਮ ਤਰੱਕੀ ਦੇ ਨਾਲ ਡਿਜ਼ਾਈਨਰਾਂ, ਐਨੀਮੇਟਰਾਂ ਅਤੇ ਕਲਾਕਾਰਾਂ ਨੂੰ ਸਮਰੱਥ ਬਣਾਉਣਾ ਹੁਣ ਵਿਕਲਪਿਕ ਨਹੀਂ ਹੈ।

# 11 ਤੇ 12 ਨੂੰ ਮੀਟ ਤੇ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ

**ਜਲੰਧਰ (ਸੁਰਿੰਦਰ ਕੁਮਾਰ)**- ਜ਼ਿਲ੍ਹਾ ਮੈਜਿਸਟ੍ਰੇਟ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ 12 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਅਤੇ ਇਸ ਸਬੰਧ ਵਿੱਚ 11 ਫਰਵਰੀ ਨੂੰ ਵੱਖ-ਵੱਖ ਧਾਰਮਿਕ ਜਥੇਬੰਦੀਆਂ ਵੱਲੋਂ ਕੱਢੀ ਜਾ ਰਹੀ ਸ਼ੋਭਾ ਯਾਤਰਾ ਦੇ ਮੱਦੇਨਜ਼ਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਜਲੰਧਰ ਵਿਖੇ ਉਕਤ ਸਮਾਗਮ ਦੌਰਾਨ ਸ਼ੋਭਾ ਯਾਤਰਾ ਦੇ ਰਸਤੇ ਅਤੇ ਧਾਰਮਿਕ ਸਮਾਗਮ ਵਾਲੀ ਜਗ੍ਹਾ ਦੇ ਨੇੜੇ 11 ਅਤੇ 12 ਫਰਵਰੀ ਨੂੰ ਮੀਟ ਅਤੇ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ ਲਗਾਈ ਗਈ ਹੈ।

# ਬੈਂਸ ਖੁਰਦ ਵਿਖੇ ਚੱਲ ਰਿਹਾ ਵਿਵਾਦ ਹੋਇਆ ਹੱਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪਿਛਲੇ ਕੁਝ ਦਿਨਾਂ ਤੋਂ ਪਿੰਡ ਬੈਂਸ ਖੁਰਦ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਸਬੰਧੀ ਆਪਸੀ ਗਲਤ ਫਹਿਮੀਆਂ ਕਾਰਨ ਚੱਲ ਰਹੇ ਵਿਵਾਦ ਨੂੰ ਅੱਜ ਸਿੱਖ ਅਤੇ ਦਲਿਤ ਜਥੇਬੰਦੀਆਂ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕਰਕੇ ਹੱਲ ਕਰ ਲਿਆ, ਜਿਸ ਤਹਿਤ ਸਤਿਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਪੁਰਬ ਪਹਿਲਾਂ ਦੀ ਤਰ੍ਹਾਂ ਸਾਰੇ ਨਗਰ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਪਿੰਡ ਦੀ ਧਰਮਸ਼ਾਲਾ ਵਿੱਚ ਮਨਾਇਆ ਜਾਵੇਗਾ।

ਇਸ ਸਮੇਂ ਸਿੱਖ ਅਤੇ ਦਲਿਤ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਨਗਰ ਬੈਂਸ ਖੁਰਦ ਵਿਖੇ ਇੱਕ ਹੀ ਗੁਰੂ ਘਰ ਹੈ, ਜਿੱਥੇ ਸਾਰੇ ਗੁਰੂ ਸਾਹਿਬਾਨ ਦੇ ਗੁਰਪੁਰਬ ਸ਼ਰਧਾ ਪੂਰਵਕ ਮਨਾਏ ਜਾਂਦੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਸਾਰੇ ਭਾਈਚਾਰੇ ਆਪਸੀ ਸਾਂਝ ਪਿਆਰ ਨਾਲ ਰਹਿੰਦੇ ਹਨ ਅਤੇ ਇਹ ਭਾਈਚਾਰਕ ਸਾਂਝ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਸਦਕਾ ਸਦੀਆਂ ਤੱਕ ਕਾਇਮ ਰਹੇਗੀ। ਇਸ ਸਮੇਂ ਨਗਰ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਪਹਿਲਾਂ ਦੀ ਤਰ੍ਹਾਂ ਭਾਈਚਾਰਕ ਸਾਂਝ ਹੋਰ ਮਜ਼ਬੂਤ ਬਣਾਉਣਗੇ। ਇਸ ਸਮੇਂ ਸਰਪੰਚ ਹਰਜੀਤ ਸਿੰਘ, ਗੁਰਨਾਮ ਸਿੰਘ, ਹਰਪ੍ਰੀਤ ਸਿੰਘ ਲਾਲੀ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ, ਰਣਧੀਰ ਸਿੰਘ ਅਸਲਪੁਰ, ਹਰਵਿੰਦਰ ਹੀਰਾ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ, ਗੁਰਨਾਮ ਸਿੰਘ ਸਿੰਗੜੀਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਭੁਪਿੰਦਰ ਸਿੰਘ ਸੱਜਣ, ਕਰਨੈਲ ਸਿੰਘ ਲਵਲੀ ਸਿੱਖ ਨੌਜਵਾਨ ਫਰੰਟ, ਰਣਵੀਰ ਸਿੰਘ ਬੈਂਸਤਾਨੀ ਆਵਾਜ਼ੇ- ਏ- ਕੌਮ, ਪ੍ਰਧਾਨ ਸੁਰਿੰਦਰ ਸਿੰਘ, ਜਗਜੀਤ ਸਿੰਘ ਜੰਗ ਖਾਲਸਾ ਗਰੁੱਪ, ਅਮਰਜੀਤ ਸਿੰਘ ਗੋਕਲ ਨਗਰ, ਸੁਖਵਿੰਦਰ ਸਿੰਘ, ਨਰਿੰਦਰ ਸਿੰਘ, ਸਰਪੰਚ ਉਪਕਾਰ ਸਿੰਘ ਭਕਲਾ, ਸਰਪੰਚ ਸੋਨੂ ਖੁਣਖੁਣ, ਤਰਨਜੀਤ ਸਿੰਘ, ਅਮਨਦੀਪ ਸਿੰਘ, ਰਮਨਦੀਪ ਸਿੰਘ, ਜਗਦੀਪ ਸਿੰਘ, ਲਖਬੀਰ ਸਿੰਘ ਆਦਿ ਹਾਜ਼ਰ ਸਨ।

# ਸਵੱਛਤਾ ਅਭਿਆਨ ਸੁਸਾਇਟੀ ਦੇ ਮੈਂਬਰਾਂ ਨੇ ਰਾਮਪਾਲ ਉੱਪਲ ਨੂੰ ਮੇਅਰ ਬਣਨ 'ਤੇ ਦਿੱਤੀ ਵਧਾਈ

**ਫਗਵਾੜਾ (ਡਾ. ਰਮਨ/ਢੱਡਾ)**

ਫਗਵਾੜਾ ਦੀ ਇੱਕ ਪ੍ਰਸਿੱਧ ਸੰਸਥਾ ਸਵੱਛਤਾ ਅਭਿਆਨ ਸੋਸਾਇਟੀ ਦੇ ਮੈਂਬਰਾਂ ਨੇ ਸ਼੍ਰੀ ਰਾਮ ਪਾਲ ਉੱਪਲ ਨੂੰ ਨਗਰ ਨਿਗਮ ਫਗਵਾੜਾ ਦਾ ਮੇਅਰ ਬਣਨ 'ਤੇ ਵਧਾਈ ਦਿੱਤੀ ਹੈ।ਇਸ ਮੌਕੇ ਸੰਸਥਾ ਦੇ ਸਾਰੇ ਮੈਂਬਰ ਮੇਅਰ ਰਾਮ ਪਾਲ ਉੱਪਲ ਦੇ ਨਿਵਾਸ ਸਥਾਨ 'ਤੇ ਗਏ ਅਤੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਸ਼ਾਲ ਭੇਟ ਕਰਕੇ ਵਧਾਈ ਦਿੱਤੀ।ਸੁਸਾਇਟੀ ਦੇ ਚੇਅਰਮੈਨ ਮਦਨ ਮੋਹਨ ਖੱਟਰ ਨੇ ਕਿਹਾ ਕਿ ਰਾਮਪਾਲ ਉੱਪਲ 1999 ਤੋਂ ਸੁਸਾਇਟੀ ਦੇ ਮੈਂਬਰ ਹਨ ਅਤੇ ਉਹ ਹਮੇਸ਼ਾ ਸੁਸਾਇਟੀ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਨਦਾਰ ਯੋਗਦਾਨ ਪਾਉਂਦੇ ਹਨ।ਉਨ੍ਹਾਂ ਦੱਸਿਆ ਕਿ 2003 ਵਿੱਚ ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਸੁਸਾਇਟੀ ਲਈ ਗ੍ਰਾਂਟ ਦਾ ਪ੍ਰਬੰਧ ਕਰਵਾਇਆ ਤਾਂ ਜੋ ਘਰ-ਘਰ ਕੂੜਾ ਇਕੱਠਾ ਕਰਨ ਦੀ ਪ੍ਰਣਾਲੀ ਲਾਗੂ ਕੀਤੀ ਜਾ ਸਕੇ। ਸੁਸਾਇਟੀ ਦੇ ਪ੍ਰਧਾਨ ਅਸ਼ੀਸ਼ ਗਾਂਧੀ ਨੇ ਰਾਮ ਪਾਲ ਉੱਪਲ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਮੀਦ ਕੀਤੀ ਕਿ ਰਾਮ ਪਾਲ ਉੱਪਲ ਨਗਰ ਨਿਗਮ ਫਗਵਾੜਾ ਨੂੰ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਲੈ ਜਾਣਗੇ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ। ਸੁਸਾਇਟੀ ਦੇ ਜਨਰਲ ਸਕੱਤਰ ਮੈਡਮ ਪੁਨੀਤ ਗੁਜਰਾਲ ਨੇ ਕਿਹਾ ਕਿ ਉਮੀਦ ਹੈ ਕਿ ਉਹ ਸ਼ਹਿਰ ਨਾਲ ਸਬੰਧਤ ਸਾਰੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਕਰਨਗੇ।ਸੰਸਥਾ ਦੇ ਕੈਸ਼ੀਅਰ ਮੈਡਮ ਮੋਨਿਕਾ ਅਤੇ ਮੈਂਬਰ ਸੰਦੀਪ ਚੋਪੜਾ ਨੇ ਰਾਮਪਾਲ ਨੂੰ ਉਨ੍ਹਾਂ ਦੇ ਨਵੇਂ ਅਹੁਦੇ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਉਨ੍ਹਾਂ ਦੇ ਨਾਲ ਖੜ੍ਹੇ ਹਨ ਅਤੇ ਉਨ੍ਹਾਂ ਦੇ ਵਿਕਾਸ ਕਾਰਜਾਂ ਵਿੱਚ ਉਨ੍ਹਾਂ ਦਾ ਸਮਰਥਨ ਕਰਨਗੇ। ਸੁਸਾਇਟੀ ਦੇ ਸ਼ਿਵ ਕੌੜਾ ਨੇ ਕਿਹਾ ਕਿ ਰਾਮਪਾਲ ਦੀ ਅਗਵਾਈ ਹੇਠ ਇੱਕ ਨਵੀਂ ਯੋਜਨਾ ਬਣਾਈ ਜਾਵੇਗੀ,ਜਿਸ ਵਿੱਚ ਸ਼ਹਿਰ ਦੇ ਵਿਕਾਸ ਲਈ ਨਵੇਂ ਕੰਮ ਸ਼ੁਰੂ ਕੀਤੇ ਜਾਣਗੇ ਅਤੇ ਮੌਜੂਦਾ ਕੰਮਾਂ ਨੂੰ ਪੂਰਾ ਕੀਤਾ ਜਾਵੇਗਾ।ਰਾਮਪਾਲ ਉੱਪਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਨਗਰ ਨਿਗਮ ਫਗਵਾੜਾ ਦੇ ਵਿਕਾਸ ਲਈ ਕੰਮ ਕਰਨਗੇ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ। ਇਸ ਦੌਰਾਨ ਮਦਨ ਮੋਹਨ ਖੱਟਰ,ਆਸ਼ੀਸ਼ ਗਾਂਧੀ, ਅਮਰਜੀਤ ਡਾਂਗ, ਸ਼ਿਵ ਕੌੜਾ, ਪੁਨੀਤ ਗੁਜਰਾਲ, ਮੋਨਿਕਾ, ਸੀਮਾ, ਖੁਸ਼ਬੂ, ਸੰਦੀਪ ਚੋਪੜਾ, ਸੰਜੀਵ ਜਲੋਟਾ, ਹੇਮੰਤ ਆਨੰਦ ਅਤੇ ਹੋਰ ਮੌਜੂਦ ਸਨ।



# ਪੰਜਾਬ ਸੀਨੀਅਰ ਮਹਿਲਾ ਹਾਕੀ ਟੀਮ ਦੇ ਚੋਣ ਟਰਾਇਲ 7 ਨੂੰ

**ਜਲੰਧਰ (ਸ਼ੈਲੀ ਐਲਬਰਟ)**-ਹਾਕੀ ਇੰਡੀਆ ਵਲੋਂ ਹਰਿਆਣਾ ਦੇ ਸ਼ਹਿਰ ਪੰਚਕੂਲਾ ਵਿਖੇ ਇਕ ਮਾਰਚ ਤੋਂ 12 ਮਾਰਚ ਤੱਕ ਕਰਵਾਈ ਜਾਣ ਵਾਲੀ 15ਵੀਂ ਹਾਕੀ ਇੰਡੀਆ ਸੀਨੀਅਰ ਰਾਸ਼ਟਰੀ ਮਹਿਲਾ ਹਾਕੀ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੀ ਪੰਜਾਬ ਸੀਨੀਅਰ ਮਹਿਲਾ ਹਾਕੀ ਟੀਮ ਦੇ ਚੋਣ ਟਰਾਇਲ 7 ਫਰਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 10-00 ਵਜੇ ਜਲੰਧਰ ਦੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਕਰਵਾਏ ਜਾ ਰਹੇ ਹਨ। ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿੱਚ ਪੰਜਾਬ ਨਾਲ ਸਬੰਧਤ ਅਤੇ ਹਾਕੀ ਇੰਡੀਆ ਨਾਲ ਰਜਿਸਟਰਡ ਖਿਡਾਰਣਾਂ ਹੀ ਭਾਗ ਲੈ ਸਕਦੀਆਂ ਹਨ। ਚੋਣ ਟਰਾਇਲਾਂ ਸਮੇਂ ਖਿਡਾਰਣਾਂ ਆਪਣੇ ਅਸਲ ਆਧਾਰ ਕਾਰਡ ਨਾਲ ਲੈ ਕੇ ਆਉਣ ਬਿਨ੍ਹ ਆਧਾਰ ਕਾਰਡ ਚੋਣ ਟਰਾਇਲਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ। ਚੁਣੀਆਂ ਗਈਆਂ ਖਿਡਾਰਣਾਂ ਦਾ ਕੋਚਿੰਗ ਕੈਂਪ ਲਗਾਇਆ ਜਾਵੇਗਾ।

# ਕਾਮਰੇਡ ਪਠਲਾਵਾ ਨੂੰ 32ਵੀਂ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ



**ਬੰਗਾ (ਅਵਤਾਰ ਕਲੇਰ)**—ਪਿੰਡ ਪਠਲਾਵਾ ਵਿਖੇ ਸੀ ਪੀ ਆਈ ਐਮ ਦੇ ਆਗੂ ਸਾਥੀ ਅਵਤਾਰ ਸਿੰਘ ਪਠਲਾਵਾ ਅਤੇ ਗਿਆਨ ਕੌਰ ਨੂੰ ਉਨ੍ਹਾਂ ਦੀ 32 ਵੀਂ ਬਰਸੀ ਮੌਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਉਨ੍ਹਾਂ ਦੀ ਯਾਦਗਾਰ 'ਤੇ ਸੀ ਪੀ ਆਈ ਐਮ ਦਾ ਲਾਲ ਝੰਡਾ ਲਹਿਰਾਉਣ ਦੀ ਰਸਮ ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਕੀਤੀ।ਤਹਿਸੀਲ ਸਕੱਤਰ ਕਾਮਰੇਡ ਜੋਗਿੰਦਰ ਲੜੋਆ ਜ਼ਿਲ੍ਹਾ ਸਕੱਤਰੇਤ ਮੈਂਬਰ ਸਾਥੀ ਕੁਲਦੀਪ ਝਿੰਗੜ, ਤਹਿਸੀਲ ਕਮੇਟੀ ਮੈਂਬਰ ਗੁਰਦੀਪ ਸਿੰਘ ਗੁਲਾਟੀ,ਯੂਨਿਟ ਸਕੱਤਰ ਮਾ. ਤਰਸੇਮ ਲਾਲ ਨੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਸਾਥੀ ਪਠਲਾਵਾ 32 ਸਾਲ ਪਹਿਲਾਂ ਸਾਡੇ ਤੋਂ ਵਿਛੜ ਗਏ ਸਨ।ਉਹ ਪਾਰਟੀ ਦੇ ਬੜੇ ਹੀ ਇਮਾਨਦਾਰ, ਸੂਝਵਾਨ ਅਤੇ ਨਿਧੜਕ ਯੋਧੇ ਸਨ।ਇਸ ਮੌਕੇ 'ਤੇ ਸੇਵਾ ਸਿੰਘ ,ਪਾਲਾ ਸਿੰਘ ਸਾਬਕਾ ਸਰਪੰਚ, ਤਰਸੇਮ ਸਿੰਘ, ਮਾ. ਰਮੇਸ਼ ਲਾਲ ਆਦਿ ਸਾਥੀ ਹਾਜ਼ਰ ਸਨ।

# ਮਨਰੇਗਾ ਮੇਟਾਂ ਨੂੰ ਹਟਾਉਣ ਦੀ ਪ੍ਰਕ੍ਰਿਆ 'ਤੇ ਲੱਗੇ ਰੋਕ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਮਨਰੇਗਾ ਲੇਬਰ ਮੂਵਮੈਂਟ ਵਲੋਂ ਪਿਛਲੇ 15-15 ਸਾਲਾਂ ਤੋਂ ਸ਼ਾਖਰਤਾ ਮੇਟ ਅਤੇ ਦੂਸਰੇ ਇਮਾਨਦਾਰੀ ਨਾਲ ਕੰਮ ਕਰ ਰਹੇ ਮੇਟਾਂ ਦੀ ਨੂੰ ਜ਼ਿਲ੍ਹੇ ਦੇ ਪਿੰਡਾਂ ਵਿਚ ਹਟਾਉਣ ਦੀ ਚਲ ਰਹੀ ਪ੍ਰਕ੍ਰਿਆ ਉਤੇ ਰੋਕ ਲਗਾਉਣ ਨੂੰ ਲੈ ਕੇ ਮਨਰੇਗਾ ਲੇਬਰ ਮੂਵਮੈਂਟ ਦਾ ਇਕ ਵਫਦ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੂੰ ਮਿਲਿਆ ਤੇ ਦੱਸਿਆ ਕਿ ਜਾਣਬੁੱਝ ਕੇ ਬਿਨਾਂ ਕਿਸੇ ਦੋਸ਼ ਮੇਟਾਂ ਦੀ ਬਦਲੀ ਕਰਕੇ ਨਵੇਂ ਮੇਟਾਂ ਨੂੰ ਰੱਖਿਆ ਜਾ ਰਿਹਾ ਹੈ,ਜੋ ਕਿ ਪੂਰੀ ਤਰ੍ਹਾਂ ਗੈਰ ਸੰਵਿਧਾਨਕ ਹੈ।ਕਿਸੇ ਇਕ ਮੇਟ ਦਾ ਹੱਕ ਖੋਹ ਕੇ ਦੂਸਰੇ ਮੇਟ ਨੂੰ ਕੰਮ ਦੇਣ ਦੀ ਪ੍ਰਕ੍ਰਿਆ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਅਤੇ ਅਪਾਰਦਰਸ਼ਤਾ ਪੈਦਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਕਈ ਬਲਾਕ ਪੱਧਰ ਦੇ ਅਧਿਕਾਰੀ 2019 ਅਤੇ 2020 ਦੇ ਸਰਕਾਰ ਦੇ ਹੁਕਮਾਂ ਨੂੰ ਵੀ ਟਿੱਚ ਕਰਕੇ ਜਾਣਦੇ ਹਨ। ਇਨ੍ਹਾਂ ਹੁਕਮਾਂ ਵਿਚ ਸਾਫ ਸਾਫ ਲਿਖਿਆ ਗਿਆ ਹੈ ਕਿ ਕਿਸੇ ਵੀ ਮੇਟ ਨੂੰ ਕੰਮ ਤੋਂ ਨਾ ਹਟਾਇਆ ਜਾਵੇ। ਪਿੰਡਾਂ ਵਿਚ ਅਨੇਕਾਂ ਮੇਟ ਸਰਕਾਰੀ ਬੇਇਨਸਾਫੀ ਦਾ ਸੰਤਾਪ ਭੋਗ ਰਹੇ ਹਨ ਤੇ ਅਲੱਗ ਅਲੱਗ ਦਫਤਰਾਂ ਦੇ ਧੱਕੇ ਖਾ ਰਹੇ ਹਨ।ਇਥੋਂ ਤੱਥ ਕਿ ਕਈ ਵਿਧਵਾ ਮੇਟਾਂ ਨਾਲ ਜਾਣਬੁੱਝ ਕੇ ਜਿਆਦਤੀ ਕਰਕੇ ਕੰਮ ਤੋਂ ਹਟਾ ਦਿੱਤਾ ਗਿਆ ਹੈ।ਧੀਮਾਨ ਨੇ ਕਿਹਾ ਕਿ ਅਗਰ ਸਰਕਾਰ ਨੇ ਮੇਟਾਂ ਨੂੰ ਬਿਨ੍ਹਾਂ ਕਿਸੇ ਮਤਲਬ ਹਟਾਉਣ ਦੀ ਪ੍ਰਕ੍ਰਿਆ ਉਤੇ ਰੋਕ ਨਾ ਲਗਾਈ ਤਾਂ ਅੰਦੋਲਨ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਰਾਕੇਸ਼ ਬਾਲਾ, ਰਜਨੀ ਬਾਲਾ, ਮੇਟ ਮੋਹਿੰਦਰ ਕੌਰ,ਕਮਲੇਸ਼ ਕੌਰ,ਜਸਵੀਰ ਕੌਰ, ਮਨੂ ਲਾਲ, ਰਮਨ ਕੌਰ, ਗੁਲਸ਼ਨ ਕੁਮਾਰ,ਗਰਬਚਨ ਸਿੰਘ ਸਿੰਘ ਆਦਿ ਮੌਜੂਦ ਸਨ।



# ਛੋਲੇ-ਪੂੜੀਆਂ ਤੇ ਖੀਰ ਦੇ ਲੰਗਰ ਲਗਾਏ

**ਬਸਤੀ ਸ਼ੇਖ (ਜਲੰਧਰ)-(ਲਖਵਿੰਦਰ ਸਿੰਘ)** ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ਼ੇਰ ਸਿੰਘ ਕਲੋਨੀ (ਬਸਤੀ ਪੀਰ ਦਾਸ ) ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਰਧਾਲੂਆਂ ਵੱਲੋਂ ਛੋਲੇ-ਪੂੜੀਆਂ ਤੇ ਖੀਰ ਦੇ ਲੰਗਰ ਲਗਾਏ ਗਏ। ਇਸ ਮੌਕੇ 'ਤੇ ਪ੍ਰਧਾਨ ਪ੍ਰਕਾਸ਼ ਚੰਦ ਫੌਜੀ, ਧਰਮਪਾਲ, ਮੁਕੇਸ਼ ਕੁਮਾਰ (ਕਾਲੀ),ਰਾਜ ਕੁਮਾਰ ਨਿੱਕੂ, ਸੋਨੂੰ, ਬੰਬਲਾ, ਮਿੰਟੂ, ਸੁੱਖਾ ,ਰਵੀ ਕੁਮਾਰ,ਮਨੋਜ ਕੁਮਾਰ,ਸ਼ਾਮ ਲਾਲ,ਬਚਨ ਲਾਲ ਆਦਿ ਨੇ ਬੜੀ ਸ਼ਰਧਾ ਭਾਵਨਾ ਨਾਲ ਲੰਗਰ ਦੀ ਸੇਵਾ ਕੀਤੀ।



# ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਉਦਘਾਟਨ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**

ਗੁਰੂ ਰਵਿਦਾਸ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ 'ਤੇ ਪਿੰਡ ਲੁਹਾਰਾ (ਮ) ਵਿਖੇ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਦੂਸਰੀ ਮੰਜਿਲ ਦੀ ਇਮਾਰਤ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਜੀ ਆਰ ਪਾਲੀ ਐਡਵੋਕੇਟ ਨੇ ਦੱਸਿਆ ਕਿ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿੰਡ ਲੁਹਾਰਾ ਵਿਖੇ ਬਣੀ ਨਵੀਂ ਇਮਾਰਤ ਦਾ ਉਦਘਾਟਨ ਸੰਤ ਬਾਬਾ ਨਿਰਮਲ ਦਾਸ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਪਿੰਡ ਦੀਆਂ ਸਮੂਹ ਸੰਗਤਾਂ ਨੇ ਸੰਤਾਂ ਮਹਾਂਪੁਰਖਾਂ ਦਾ ਸਵਾਗਤ ਫੁੱਲਾਂ ਦੀ ਵਰਖਾ ਨਾਲ ਕੀਤਾ। ਸੰਤ ਨਿਰਮਲ ਦਾਸ ਨੇਂ ਇਮਾਰਤ ਦਾ ਉਦਘਾਟਨ ਰਿਬਨ ਕੱਟ ਕੇ ਕੀਤਾ ਗਿਆ।ਇਸ ਮੌਕੇ ਰਾਮ ਲਾਲ ਗੁਰਮੇਲ ਸਿੰਘ, ਸੀਤਾ ਰਾਮ, ਗੁਰਪਾਲ ਰਾਮ, ਜਸਵਿੰਦਰ ਪਾਲ, ਬਲਵਿੰਦਰ ਰਾਮ, ਜੋਗਿੰਦਰ ਰਾਮ, ਜਸਵੀਰ ਸਿੰਘ, ਸੰਦੀਪ ਕੁਮਾਰ, ਮਹਿੰਦਰ ਰਾਮ, ਮਨਦੀਪ ਸਿੰਘ, ਅਜੇ ਸੁਮਨ, ਕੁਲਦੀਪ ਸਿੰਘ, ਰਾਮ ਆਸਰਾ, ਸਤਨਾਮ ਸਿੰਘ, ਜੀ ਆਰ ਪਾਲੀ ਐਡਵੋਕੇਟ, ਬਲਵਿੰਦਰ ਰਾਮ, ਗੁਰਨਾਮ ਸਿੰਘ, ਅਜੇ ਕੁਮਾਰ, ਦੀਪਕ ਬਸਰਾ, ਹਰਮਨ ਸੁਮਨ, ਸਨੀ ਸੁਮਨ, ਰਾਜੂ ਸੁਮਨ, ਮੋਹਿਤ ਸੁਮਨ, ਸੰਦੀਪ ਕਾਕਾ, ਜਸਵਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਖੇਤੀ ਮਾਰਕੀਟਿੰਗ ਖਰੜੇ ਵਿਰੁੱਧ ਸੂਬਾ ਪੱਧਰੀ ਵਿਚਾਰ-ਚਰਚਾ

**ਜਲੰਧਰ, (ਰਾਜੇਸ਼ ਥਾਪਾ)**

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਨਵੇਂ ਖੇਤੀ ਮਾਰਕੀਟਿੰਗ ਖਰੜੇ ਵਿਰੁੱਧ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਯੂਥ ਵਿੰਗ ਦੀ ਸੂਬਾ ਆਗੂ ਕਿਰਨਜੀਤ ਕੌਰ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾ ਪੱਧਰੀ ਵਿਚਾਰ ਚਰਚਾ ਕੀਤੀ ਗਈ।ਇਸ ਵਿੱਚ ਖੇਤੀ ਮੰਡੀਕਰਨ ਖਰੜੇ ਨੂੰ ਰੱਦ ਕਰਵਾਉਣ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ ਗਿਆ।ਇਸ ਸਮੇਂ ਮੁੱਖ ਬੁਲਾਰੇ ਪ੍ਰੋਫੈਸਰ ਰਣਜੀਤ ਸਿੰਘ ਘੁੰਮਣ ਨੇ ਨਵੇਂ ਖੇਤੀ ਮਾਰਕੀਟਿੰਗ ਖਰੜੇ ਸੰਬੰਧੀ ਬੋਲਦਿਆਂ ਕਿਹਾ ਕਿ ਨਵਾਂ ਖੇਤੀ ਖਰੜਾ ਦੇਸ਼ ਭਰ ਦੇ 85 ਫ਼ੀਸਦੀ ਲੋਕਾਂ ਨੂੰ ਪ੍ਰਭਾਵਿਤ ਕਰੇਗਾ। ਜੇਕਰ ਖੇਤੀਬਾੜੀ ਨਾਲ ਜੁੜੀਆਂ ਸਰਕਾਰੀ ਮੰਡੀਆਂ ਦੇ ਮੁਕਾਬਲੇ ਪ੍ਰਾਈਵੇਟ ਸੈਕਟਰ ਕਰੇਗਾ ਤਾਂ ਸਰਕਾਰੀ ਮੰਡੀ ਬੋਰਡ ਪ੍ਰਭਾਵਿਤ ਹੋਵੇਗਾ ਜਿਸ ਨਾਲ ਪੇਂਡੂ ਖੇਤਰੀ ਵਿਕਾਸ ਲਈ ਜਾਰੀ ਹੁੰਦੇ ਫੰਡ ਵੀ ਪ੍ਰਭਾਵਿਤ ਹੋਣਗੇ।ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੇ ਕਿਹਾ ਕਿ ਜੇਕਰ ਸਰਕਾਰੀ ਮੰਡੀਆਂ ਬੰਦ ਹੁੰਦੀਆਂ ਹਨ ਤਾਂ ਲੱਖਾਂ ਮਜ਼ਦੂਰ ਜੋ ਮੰਡੀਆਂ ਨਾਲ ਜੁੜੇ ਹਨ ਉਨ੍ਹਾਂ ਦਾ ਰੁਜ਼ਗਾਰ ਵੀ ਖੁੱਸੇਗਾ।ਸਿੱਧੀ ਖਰੀਦ ਪ੍ਰਾਈਵੇਟ ਹੱਥਾਂ 'ਚ ਜਾਣ ਨਾਲ ਲੱਖਾਂ ਪੱਲੇਦਾਰੀ ਦਾ ਕੰਮ ਕਰਨ ਵਾਲੇ ਮਜ਼ਦੂਰ ਵੀ



ਵਿਹਲੇ ਹੋ ਜਾਣਗੇ।ਜੇਕਰ ਅਨਾਜ ਦੀ ਖਰੀਦ ਸਰਕਾਰੀ ਏਜੰਸੀਆਂ ਨਹੀਂ ਕਰਨਗੀਆਂ ਤਾਂ ਮਜ਼ਦੂਰ ਤੇ ਗਰੀਬ ਪਰਿਵਾਰਾਂ ਨੂੰ ਮਿਲਦੀ ਮੁਫ਼ਤ ਰਾਸ਼ਨ ਦੀ ਸਹੂਲਤ ਉੱਤੇ ਵੱਡਾ ਕੱਟ ਲੱਗੇਗਾ।ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਯੂਥ ਵਿੰਗ ਦੀ ਆਗੂ ਕਿਰਨਜੀਤ ਕੌਰ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲੁਕਵੇਂ ਢੰਗ ਨਾਲ ਨਵਾਂ ਖੇਤੀ ਮਾਰਕੀਟਿੰਗ ਖਰੜਾ ਲਿਆ ਕੇ ਮੁੜ ਸੂਬਿਆਂ ਦੇ ਅਧਿਕਾਰਾਂ ਨੂੰ ਦਰੜਦੇ ਹੋਏ ਖੇਤੀ ਖੇਤਰ ਉਪਰ ਕਾਰਪੋਰੇਟ ਘਰਾਣਿਆਂ ਨੂੰ ਅਨਾਜ ਦੀ ਖਰੀਦ ਚ ਮੁਕੰਮਲ ਕਬਜ਼ਾ ਕਰਵਾਉਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਕੇਂਦਰੀ ਡ੍ਰਾਫਟ ਸੂਬਿਆਂ ਨੂੰ ਪ੍ਰਾਈਵੇਟ ਸੈਕਟਰ ਜ਼ੋ ਪਹਿਲ ਦੇ ਅਧਾਰ ਉੱਤੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਹੋਵੇ, ਲਿਆਉਣ ਦੀ ਗੱਲ ਕਰਦਾ ਹੈ।ਜਿਸ ਤੋਂ ਸਾਫ ਜ਼ਾਹਰ ਹੈ ਕਿ ਮੌਜੂਦਾ ਮੰਡੀਕਰਨ ਦੇ ਢਾਂਚੇ ਨੂੰ ਖਤਮ ਕਰਨ ਦੀ ਦਿਸ਼ਾ ਲਈ ਜਾ ਚੁੱਕੀ ਹੈ।ਪੰਜਾਬ ਵਿੱਚ ਇਹ ਲੱਖਾਂ ਮਜ਼ਦੂਰਾਂ, ਮੁਲਾਜ਼ਮਾਂ ਦੇ ਰੁਜ਼ਗਾਰ ਅਤੇ ਸੂਬੇ ਦੀ ਆਮਦਨੀ ਉੱਪਰ ਹਮਲਾ ਹੈ।ਉਨ੍ਹਾਂ ਕਿਹਾ ਕਿ ਬੇਜ਼ਮੀਨੇ ਮਜ਼ਦੂਰ ਸਰਕਾਰਾਂ ਦੀਆਂ ਵਿਰੋਧੀ ਨੀਤੀਆਂ ਦੇ ਚਲਦਿਆਂ ਪਹਿਲਾਂ ਹੀ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ ਹਨ ਅਤੇ ਲੱਕ ਤੋੜਵੀਂ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਨਵਾਂ ਕੇਂਦਰੀ ਖੇਤੀ ਮਾਰਕੀਟਿੰਗ ਖਰੜਾ ਲਾਗੂ ਹੋਣ ਨਾਲ ਮਜ਼ਦੂਰ ਜਮਾਤ ਦਾ ਹੋਰ ਵੀ ਕੱਕ ਤੋੜੇਗਾ।ਇਸ ਮੌਕੇ ਇਕੱਠ ਨੇ ਇੱਕ ਮਤਾ ਪਾਸ ਕਰਕੇ ਨਵਾਂ ਖੇਤੀ ਮਾਰਕੀਟਿੰਗ ਖਰੜਾ ਵਿਧਾਨ ਸਭਾ ਅਜਲਾਸ ਬੁਲਾ ਕੇ ਰੱਦ ਕਰਨ ਦੀ ਮੰਗ ਕੀਤੀ।

# ਲੋਕ ਮਾਰੂ ਬਜਟ ਖਿਲਾਫ਼ ਪਿੰਡਾਂ, ਸ਼ਹਿਰਾਂ 'ਚ ਮੋਦੀ ਸਰਕਾਰ ਤੇ ਕਾਰਪੋਰੇਟਾਂ ਦੇ ਪੁਤਲੇ ਫੂਕੇ : ਪਾਸਲਾ

**ਜਲੰਧਰ (ਕੇਸਰ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਅਤੇ ਭਾਰਤ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ-ਯੂਨਾਈਟਿਡ (ਐਮ.ਸੀ.ਪੀ.ਆਈ.-ਯੂ.) 'ਤੇ ਅਧਾਰਤ 'ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ' (ਸੀਸੀਸੀ) ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਗਏ ਸਾਲ 2025-26 ਦੇ ਬਜਟ ਨੂੰ ਦੇਸ਼ ਵਾਸੀਆਂ, ਖਾਸ ਕਰਕੇ ਕਿਰਤੀ-ਕਿਸਾਨਾਂ ਤੇ ਹੋਰ ਮਿਹਨਤੀ ਤਬਕਿਆਂ ਲਈ ਘੋਰ ਨਿਰਾਸ਼ਾਜਨਕ ਸ਼ਬਦੀ ਜਾਦੂਗਰੀ ਕਰਾਰ ਦਿੱਤਾ ਹੈ। ਅੱਜ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਸਾਥੀ ਮੰਗਤ ਰਾਮ ਪਾਸਲਾ (ਜਨਰਲ ਸਕੱਤਰ ਆਰ.ਐਮ.ਪੀ.ਆਈ.) ਅਤੇ ਸਾਥੀ ਐਮ. ਅਸ਼ੋਕ ਓਮਕਾਰ (ਜਨਰਲ ਸਕੱਤਰ ਐਮ.ਸੀ.ਪੀ.ਆਈ.-ਯੂ.) ਨੇ ਕਿਹਾ ਕਿ ਵਿੱਤ ਮੰਤਰੀ ਸਾਹਿਬਾ ਨੇ ਮੋਦੀ ਸਰਕਾਰ ਦੇ ਲੋਕ ਮਾਰੂ, ਦੇਸ਼ ਵਿਰੋਧੀ ਵਿਕਾਸ ਦੇ ਅਨੁਰੂਪ ਹੀ ਬਜਟ ਤਜਵੀਜ਼ਾਂ ਰਾਹੀਂ ਦੇਸ਼ੀ-ਵਿਦੇਸ਼ੀ ਕਾਰਪੋਰੇਟ ਲੁਟੇਰਿਆਂ ਨੂੰ ਵਧੇਰੇ ਤੋਂ ਵਧੇਰੇ ਲਾਭ ਪੁਚਾਉਣ ਲਈ ਸ਼ਬਦ ਮੁਸ਼ੱਕਤ ਕੀਤੀ ਹੈ।ਸਾਥੀ ਪਾਸਲਾ ਅਤੇ ਸਾਥੀ ਅਸ਼ੋਕ ਨੇ ਕਿਹਾ ਹੈ ਕਿ ਬਜਟ ਦੇ ਜ਼ਰੀਏ ਆਮ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਰਾਹੀਂ ਅਰਥਚਾਰਾ ਤਕੜਾ ਕਰਨ ਤੇ ਬੇਰੁਜ਼ਗਾਰੀ-ਮਹਿੰਗਾਈ 'ਤੇ ਕਾਬੂ ਪਾਉਣ ਦੀ ਲੋੜ ਮੂੰਹੋਂ ਹੀ ਵਿਸਾਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਬਜਟ ਤਜਵੀਜ਼ਾਂ ਤੋਂ ਇਸ ਵਾਰ ਫਿਰ ਬਾਖੂਬੀ ਸਿੱਧ ਹੋ ਗਿਆ ਹੈ ਕਿ ਮੋਦੀ ਸਰਕਾਰ ਦਾ ਇਕੋ-ਇਕ ਮਕਸਦ ਧਨਾਢਾਂ, ਖਾਸ ਕਰਕੇ ਅਡਾਨੀ-ਅੰਬਾਨੀ ਜਿਹੇ ਪੂੰਜੀਪਤੀਆਂ ਤੇ ਇਨ੍ਹਾਂ ਦੇ ਸਾਮਰਾਜੀ ਭਾਈਵਾਲਾਂ ਦੇ ਖਜ਼ਾਨੇ ਭਰਪੂਰ ਕਰਨਾ ਹੈ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਮੌਜੂਦਾ ਬਜਟ ਨਾਲ ਸਿੱਖਿਆ ਤੇ ਸਿਹਤ ਸਹੂਲਤਾਂ, ਜਨਤਕ ਵੰਡ ਪ੍ਰਣਾਲੀ, ਸਮਾਜਿਕ ਸੁਰੱਖਿਆ ਪੈਨਸ਼ਨਾਂ ਆਦਿ ਲਈ ਰਕਮਾਂ ਘੱਟ ਕਰਨ ਨੂੰ ਤਰਜੀਹ ਦਿੱਤੀ ਗਈ ਹੈ। ਸਾਥੀ ਪਾਸਲਾ ਅਤੇ ਅਸ਼ੋਕ ਨੇ ਦੋਨਾਂ ਪਾਰਟੀਆਂ ਦੀਆਂ ਹੇਠਲੀਆਂ ਇਕਾਈਆਂ ਨੂੰ ਇਨ੍ਹਾਂ ਬਜਟ ਤਜਵੀਜ਼ਾਂ ਖਿਲਾਫ਼ 5 ਫਰਵਰੀ ਨੂੰ ਆਮ ਲੋਕਾਂ ਨੂੰ ਨਾਲ ਲੈ ਕੇ ਦੇਸ਼ ਭਰ ਵਿਚ ਪਿੰਡਾਂ ਤੇ ਸ਼ਹਿਰੀ ਮੁਹੱਲਿਆਂ 'ਚ ਤਿੱਖੇ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਪਾਰਟੀ ਸਫ਼ਾਂ ਨੂੰ, ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 8 ਫਰਵਰੀ ਨੂੰ ਕੀਤੇ ਜਾ ਰਹੇ ਵਿਆਪੀ ਬਜਟ ਵਿਰੋਧੀ ਪ੍ਰਦਰਸ਼ਨਾਂ 'ਚ ਵੀ ਵੱਧ ਚੜ੍ਹ ਕੇ ਸ਼ਾਮਲ ਹੋਣ ਲਈ ਕਿਹਾ ਹੈ।

# ਅਵਾਰਾ ਕੁੱਤਿਆਂ ਪ੍ਰਤੀ ਸਰਕਾਰ ਦੀਆਂ ਦੋਗਲੀਆਂ ਨੀਤੀਆਂ ਬਣ ਰਹੀਆਂ ਬੱਚਿਆਂ ਦੀ ਮੌਤ ਦਾ ਕਾਲ : ਧੀਮਾਨ

**ਮੋਹਾਲੀ/ਆਨਾ (ਜਗਤਾਰ ਸਿੰਘ ਭੁੰਗਰਨੀ)**-

ਪੰਜਾਬ ਵਿਚ ਆਏ ਦਿਨ ਅਵਾਰਾ ਕੁੱਤਿਆਂ ਦੁਆਰਾ ਆਮ ਸਧਾਰਨ ਲੋਕਾਂ ਨੂੰ ਕੱਟਣ ਦੀਆਂ ਘਟਨਾਵਾਂ ਵਿਚ ਵਾਧਾ ਲਗਾਤਾਰ ਹੋਣਾ ਪੰਜਾਬ ਸਰਕਾਰ ਦੇ ਅਵੇਸਲੇਪਨ ਦਾ ਪ੍ਰਗਟਾਵਾ ਕਰ ਰਿਹਾ ਹੈ।ਇਸ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਅਵਾਰਾ ਕੁੱਤਿਆਂ ਵਲੋਂ ਬੱਚਿਆਂ ਨੂੰ ਨੋਚ ਨੋਚ ਮਾਰ ਮੁਕਾਉਣ ਦੀਆਂ ਘਟਨਾਵਾਂ ਪ੍ਰਤੀ ਸਰਕਾਰੀ ਅਵੇਸਲੇਪਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਇਸ ਪ੍ਰਤੀ ਪੰਜਾਬ ਸਰਕਾਰ ਦੇ ਸਬੰਧਤ ਮੰਤਰਾਲੇ ਦੇ ਅਧਿਕਾਰੀਆਂ ਦੇ ਵਿਰੁੱਧ ਸਰਕਾਰ ਦਾ ਪਰਚਾ ਦਰਜ ਹੋਣਾ ਚਾਹੀਦਾ ਹੈ ਅਤੇ ਜਦੋਂ ਕੋਈ ਜਾਨਵਰ ਜਾਂ ਕੁੱਤਾ ਹਮਲਾ ਕਰਕੇ ਕਿਸੇ ਦੀ ਮੌਤ ਕਰਦਾ ਵਿਆਂ ਜਾਵੇ ਤਾਂ ਉਸ ਵਿਅਕਤੀ ਦੇ ਪਰਵਾਰ ਨੂੰ ਘੱਟੋ ਘੱਟ 50 ਲੱਖ ਰੁਪਏ ਦਾ ਤੁਰੰਤ ਮੁਆਵਜ਼ਾ ਮਿਲਣਾ ਚਾਹੀਦਾ ਹੈ ਇਹ ਪੈਸਾ ਸਰਕਾਰ ਦੇ ਸਾਰੇ ਵਿਧਾਇਕਾਂ ਦੀ ਤਨਖਾਹ ਵਿਚੋਂ ਕੱਟਣਾ ਚਾਹੀਦਾ ਹੈ ਤਾਂ ਕਿ ਸਰਕਾਰ ਨੂੰ ਆਪਣੀ ਸੰਵਿਧਾਨਕ ਜ਼ੁੰਮੇਵਾਰੀ ਦਾ ਅਹਿਸਾਸ ਹੋਵੇ।ਸੰਵਿਧਾਨਕ ਤੌਰ 'ਤੇ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਦੀ ਜ਼ੁੰਮੇਵਾਰੀ ਸਰਕਾਰ ਦੀ ਬਣਦੀ ਹੈ।ਕੁੱਤਿਆਂ ਦੁਆਰਾ ਜਿਉਂਦੇ ਜੀਅ ਕਿਸੇ ਵੀ ਬੱਚੇ ਜਾਂ ਵਿਅਕਤੀ ਨੂੰ ਜਾਨ ਤੋਂ ਮਾਰਨਾ ਵੀ ਇਕ ਹਾਦਸਾ ਹੈ।ਧੀਮਾਨ ਨੇ ਕਿਹਾ ਕਿ ਇਹ ਪਿੰਡਾਂ ਅਤੇ ਸ਼ਹਿਰਾਂ ਦੇ ਆਲੇ ਦੁਆਲੇ ਹੱਡਾਂ ਰੋੜੀਆਂ ਦੇ ਆਲੇ ਦੁਆਲੇ ਆਮ ਵੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਸੜਕਾਂ ਉੱਤੇ ਅਵਾਰਾ ਪਸ਼ੂਆਂ ਨਾਲ ਐਕਸੀਡੈਂਟ ਹੋਣ 'ਤੇ ਵੀ ਖਾਮੋਸ਼ੀ ਸਾਧਣੀ ਪ੍ਰਤੀ ਤਰ੍ਹਾਂ ਗੈਰ ਸੰਵਿਧਾਨਕ ਹੋਇਆ ਦਿਨ ਅਵਾਰਾ ਕੁੱਤਿਆਂ ਦੀ ਦਹਿਸ਼ਤ ਵਿਚ ਐਨਾ ਵਾਧਾ ਹੋ ਰਿਹਾ ਹੈ ਕਿ ਲੋਕਾਂ ਦੁਆਰਾ ਬੱਚਿਆਂ ਨੂੰ ਘਰਾਂ ਵਿਚ ਬੰਦ ਕਰਕੇ ਰਖਣਾ ਪੈਂਦਾ ਹੈ। ਜਦੋਂ ਕਿਤੇ ਸਰਕਾਰੀ ਹਸਪਤਾਲਾਂ ਵਿਚ ਇਨ੍ਹਾਂ ਦੇ ਟੀਕੇ ਵੀ ਉਪਲਬਧ ਨਹੀਂ ਹੁੰਦੇ ਤਾਂ ਮਹਿੰਗੇ ਭਾਅ ਦੇ ਟੀਕੇ ਲੋਕਾਂ ਨੂੰ ਆਪ ਲਗਾਉਣੇ ਪੈਂਦੇ ਹਨ।ਉਨ੍ਹਾਂ ਕਿਹਾ ਕਿ ਬੜੀ ਸ਼ਰਮ ਦੀ ਗੱਲ ਹੈ ਕਿ ਅਜਾਈਂ ਤੋਂ ਬਾਅਦ ਕਿਤੇ ਬੱਚਿਆਂ ਦੀ ਸੁਰੱਖਿਆ ਪ੍ਰਤੀ ਕੋਈ ਨਿਯਮ ਹੀ ਨਹੀਂ ਬਣਿਆ। ਧੀਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕੁੱਤਿਆਂ ਦੁਆਰਾ ਨੁਕਸਾਨ ਹੋਣ 'ਤੇ ਉਹ ਆਪਣੇ ਇਲਾਕੇ ਦੇ ਵਿਧਾਇਕ ਨੂੰ ਅਵਾਰਾ ਕੁੱਤਿਆਂ ਦੇ ਹੱਲ ਪ੍ਰਤੀ ਜ਼ਰੂਰ ਸਵਾਲ ਕਰਨ।

# ਮਹਿਲਾਵਾਂ ਨੂੰ ਸ਼ਸ਼ਕਤ ਬਣਾਉਣ 'ਚ ਜੁਟੀ ਸਰਕਾਰ : ਸ਼੍ਰਤੀ ਚੌਧਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੀ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਮੰਤਰੀ ਸ਼ਰੂਤੀ ਚੌਧਰੀ ਨੇ ਕਿਹਾ ਕਿ ਸਰਕਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਮਹਿਲਾਵਾਂ ਦੀ ਸੁਰੱਖਿਆ, ਸ਼ਸ਼ਕਤੀਕਰਣ ਤੇ ਸਵਾਵਲੰਬਨ ਲਈ ਅਨੇਕ ਯੋਜਨਾਵਾਂ ਲਾਗੂ ਕੀਤੀਆਂ ਹਨ।ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਦਾਦਾ ਅਤੇ ਮੁੱਖ ਮੰਤਰੀ ਸਵਰਗਵਾਸੀ ਚੌਧਰੀ ਬੰਸੀ ਲਾਲ ਨੇ ਕਰੀਬ ਦੋ ਦਿਹਾਕੇ ਪਹਿਲਾਂ ਉਨ੍ਹਾਂ ਦੇ ਪਿਤਾ ਦੇ ਦੇਹਾਂਤ ਦੇ ਬਾਅਦ ਸਿਰਫ 'ਤੇ ਪੱਗ ਰੱਖ ਕੇ ਮਹਿਲਾ ਸ਼ਸ਼ਕਤੀਕਰਣ ਦਾ ਸੰਦੇਸ਼ ਦਿੱਤਾ ਸੀ, ਉਹ ਅੱਜ ਕਾਰਗਰ ਸਾਬਤ ਹੋ ਰਿਹਾ ਹੈ।ਕੁੜੀਆਂ ਖੇਡਾਂ ਵਿਚ ਕੌਮਾਂਤਰੀ ਪੱਧਰ 'ਤੇ ਗੋਲਡ ਮੈਡਲ ਲੈ ਕੇ ਆਉਂਦੀ ਹੈ ਤਾਂ ਉਨ੍ਹਾਂ ਦਾ ਸਨਮਾਨ ਵੀ ਪੱਗ ਪਹਿਨ ਕੇ ਕਰਦੇ ਹਨ।ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼ਰੂਤੀ ਚੌਧਰੀ ਭਿਵਾਨੀ ਵਿਚ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਸਥਾਨਕ ਭੀਮ ਖੇਡ ਪਰਿਸਰ ਵਿੱਚ ਪ੍ਰਬੰਧਿਤ ਬਸੰਤ ਪੰਚਮੀ ਮਹੋਤਸਵ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੀ ਸੀ।ਉਨ੍ਹਾਂ ਨੇ ਬਸੰਤ ਪੰਚਮੀ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਹਰਿਆਣਾ ਨਾਲ ਵਿਸ਼ੇਸ਼ ਪਿਆਰ ਤੇ ਲਗਾਵ ਹੈ।ਇਸ ਦਾ ਉਦਾਹਰਣ ਬੇਟੀ ਬਚਾਓ-ਬੇਟੀ ਪੜ੍ਹਾਓ ਕੌਮੀ ਮੁਹਿੰਮ ਹੈ ਜਿਸ ਦੀ ਸ਼ੁਰੂਆਤ ਪਾਣੀਪਤ ਦੀ ਇਤਿਹਾਸਕ ਧਰਤੀ ਤੋਂ ਕੀਤੀ ਸੀ।ਉਨ੍ਹਾਂ ਨੇ ਕਿਹਾ ਕਿ ਸਰਕਾਰ ਉਨ੍ਹਾਂ ਦੇ ਦਾਦਾ ਸਵਰਗਵਾਸੀ ਚੌਧਰੀ ਬੰਸੀਲਾਲ ਦੇ ਸਪਨੇ ਨੂੰ ਸਾਕਾਰ ਕਰ ਰਹੀ ਹੈ। ਮਹਿਲਾਵਾਂ ਨੂੰ ਸ਼ਸ਼ਕਤ ਬਣਾਉਣ ਲਈ ਉਨ੍ਹਾਂ ਦੇ ਦਾਦਾ ਦੀ ਦੂਰਗਾਮੀ ਸੋਚ ਸੀ। ਉਨ੍ਹਾਂ ਨੇ ਕਿਹਾ ਕਿ ਲਗਭਗ ਦੋ ਦਿਹਾਕੇ ਪਹਿਲਾਂ ਉਨ੍ਹਾਂ ਦੇ ਪਿਤਾ ਦਾ ਦੁਰਘਟਨਾ ਵਿਚ ਦੇਹਾਂਤ ਹੋਇਆ ਤਾਂ ਸਮਾਜਿਕ ਰੂੜੀਵਾਦੀ ਪ੍ਰਥਾ ਨੂੰ ਤੋੜਦੇ ਹੋਏ ਮੈਨੂੰ ਪੱਗ ਪਹਿਨਾ ਕੇ ਸਮੂਹਿਕ ਫੈਸਲਾ ਕੀਤਾ ਸੀ। ਅੱਜ ਮੌਜੂਦਾ ਸਮਾਜ ਵਿਚ ਚੌਧਰੀ ਬੰਸੀ ਲਾਲ ਦਾ ਫੈਸਲਾ ਕਾਰਗਰ ਸਾਬਤ ਹੋਇਆ।ਮਹਿਲਾ ਅਤੇ ਬਾਲ ਵਿਕਾਸ ਮੰਤਰੀ ਨੇ ਦਸਿਆ ਕਿ ਬੱਚਿਆਂ ਦੇ ਪਾਲਣ-ਪੋਸ਼ਣ ਲਈ ਸੂਬਾ ਸਰਕਾਰ ਦੇ 100 ਦਿਨ ਪੂਰੇ ਹੋਣ 'ਤੇ 324 ਕ੍ਰੈਚ ਜਨਤਾ ਨੂੰ ਸਮਰਪਿਤ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਚੌਧਰੀ ਬੰਸੀਲਾਲ ਨੇ ਭਿਵਾਨੀ ਦੇ ਭੀਮ ਸਟੇਡੀਅਮ ਦੇ ਇਸੀ ਮੰਚ ਤੋਂ ਉਨ੍ਹਾਂ ਨੂੰ ਪੱਗ ਪਹਿਨਾ ਕੇ ਬੇਟੀਆਂ ਨੂੰ ਅੱਗੇ ਵਧਾਉਣ ਦਾ ਕੰਮ ਕੀਤਾ ਸੀ। ਜੋ ਸਾਬਕਾ ਮੁੱਖ ਮੰਤਰੀ ਚੌਧਰੀ ਬੰਸੀਲਾਲ ਦੀ ਮਹਿਲਾ ਸਮਾਨਤਾ ਨੂੰ ਲੈ ਕੇ ਉਸੀ ਸੋਚ ਨੂੰ ਦਰਸ਼ਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਆਪਣੇ ਬਜਟ ਵਿਚ ਟੈਕਸ ਸੀਮਾ 7 ਲੱਖ ਤੋਂ 12 ਲੱਖ ਤੱਕ ਵਧਾ ਕੇ ਆਮਨਜਤਾ ਨੂੰ ਵੱਡੀ ਰਾਹਤ ਦਿੱਤੀ ਹੈ।

# ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲਾ ਕਰਵਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਬਸੰਤ ਪੰਚਮੀ ਦੇ ਸਾਲਾਨਾ ਜੋੜ ਮੇਲੇ ਸੰਬੰਧੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਤਿਹਾਸਿਕ ਅਸਥਾਨ ਗੁਰਦੁਆਰਾ ਜਾਹਰਾ ਜ਼ਹੂਰ ਪੁਰਹੀਰਾਂ ਹੁਸ਼ਿਆਰਪੁਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਗਏ।ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਜਾਏ ਵਿਸ਼ੇਸ਼ ਕੀਰਤਨ ਦੀਵਾਨ ਵਿੱਚ ਪੰਥ ਪ੍ਰਸਿੱਧ ਭਾਈ ਜੋਗਿੰਦਰ ਸਿੰਘ ਰਿਆੜ, ਭਾਈ ਇਕਬਾਲ ਸਿੰਘ ਹੁਸ਼ਿਆਰਪੁਰ, ਢਾਡੀ ਭਾਈ ਜਸਵੀਰ ਸਿੰਘ ਮੋਹਲੇਕੇ, ਢਾਡੀ ਭਾਈ ਸੁਲੱਖਣ ਸਿੰਘ ਚੌਧਰੂਪੁਰ, ਪ੍ਰੋਫੈਸਰ ਤਰਨਜੀਤ ਸਿੰਘ ਗੁਰਮਤ ਸੰਗੀਤ ਅਕੈਡਮੀ, ਭਾਈ ਬਲਵੀਰ ਸਿੰਘ ਕਵੀਸ਼ਰ, ਭਾਈ ਮਲੂਕ ਸਿੰਘ ਕਵੀਸ਼ਰ, ਭਾਈ ਜਗਦੀਪ ਸਿੰਘ ਰਾਜਪੁਰ ਭਾਈਆਂ ਕਵੀਸ਼ਰ, ਭਾਈ ਕਰਮਜੀਤ ਸਿੰਘ ਪਧਿਆਣਾ, ਭਾਈ ਬਲਵੀਰ ਸਿੰਘ ਹੁਸੈਨਪੁਰੀ ਕਵੀਸ਼ਰ, ਭਾਈ ਹਰਦੀਪ ਸਿੰਘ ਹਜ਼ੂਰੀ ਰਾਗੀ, ਭਾਈ ਨਰਿੰਦਰ ਸਿੰਘ ਸ਼ੇਖ ਮਿਸ਼ਨਰੀ ਕਾਲਜ, ਭਾਈ ਸਰਬਜੀਤ ਸਿੰਘ ਗੁਰਦੁਆਰਾ ਸਿੰਘ ਸਭਾ ਹੁਸ਼ਿਆਰਪੁਰ,ਗੁਰਮਤ ਸੰਗੀਤ ਅਕੈਡਮੀ ਗੁਰਦੁਆਰਾ ਜਾਹਰਾ ਜਹੂਰ ਦੇ ਵਿਦਿਆਰਥੀ ਬਲਵਿੰਦਰ ਸਿੰਘ ਨੇ ਧੁਰ ਕੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ। ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ ਸਿੰਘ ਸਾਹਿਬ ਭਾਈ ਰਾਜਦੀਪ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਸੰਗਤਾਂ ਨੂੰ ਗੁਰਮਤ ਵਿਚਾਰਾਂ ਦੁਆਰਾ ਨਿਹਾਲ ਕਰਦਿਆਂ ਦਸ਼ਮੇਸ਼ ਪਿਤਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਵਿਆਹ ਪੁਰਬ ਸਮਾਗਮਾਂ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਸਵੇਂਦਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਰਾਏ ਦੋਆਬਾ ਕਿਸਾਨ



ਯੂਨੀਅਨ, ਗੁਰ ਲਿਆਕਤ ਸਿੰਘ ਬਰਾੜ ਮੁੱਖ ਪ੍ਰਬੰਧਕ ਧੰਨ ਗੁਰੂ ਰਾਮਦਾਸ ਲੰਗਰ ਸੇਵਾ ਅਸਥਾਨ ਪੁਰਹੀਰਾਂ, ਪਰਮਿੰਦਰ ਸਿੰਘ ਹੀਰ ਐਸਪੀ ਜਗਰਾਉਂ, ਸੰਤ ਬਲਬੀਰ ਸਿੰਘ ਟਿੱਬਾ ਸਾਹਿਬ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਸੁਰਿੰਦਰ ਛਿੰਦਾ ਮੇਅਰ, ਜਰਨੈਲ ਸਿੰਘ ਸੈਣੀ ਮੈਂਬਰ, ਤਰਲੋਚਨ ਸਿੰਘ ਮੈਨੇਜਰ, ਹਰਭਜਨ ਸਿੰਘ ਇੰਸਪੈਕਟਰ, ਕਰਨੈਲ ਸਿੰਘ ਕੇਲੀ, ਹੈੱਡ ਗ੍ਰੰਥੀ ਤਰਲੋਚਨ ਸਿੰਘ, ਹਰਜਿੰਦਰ ਸਿੰਘ ਮੀਤ ਪ੍ਰਧਾਨ, ਗੁਰਦੇਵ ਸਿੰਘ ਹੀਰਾ ਆਦਿ ਮੌਜੂ ਸਨ। ਬਸੰਤ ਪੰਚਮੀ ਦੇ ਲੱਗੇ ਹੋਏ ਮੇਲੇ ਵਿੱਚੋਂ ਪੰਜਾਬੀ ਵਿਰਸੇ ਦਾ ਵਿਲੱਖਣ ਨਜ਼ਾਰਾ ਦੇਖਣ ਨੂੰ ਮਿਲਿਆ।

# ਦਿੱਲੀ ਪੁਲਸ ਜਮਹੂਰੀਅਤ ਦਾ ਕਤਲ ਕਰਨ 'ਤੇ ਉੱਤਰੀ : ਰੰਧਾਵਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਦਿੱਲੀ ਵਿਧਾਨ ਸਭਾ ਚੋਣਾਂ ਦੇ ਨੇੜੇ ਆਉਣ ਦੇ ਨਾਲ ਰਾਜਨੀਤਿਕ ਪਾਰਟੀਆਂ ਵੋਟਾਂ ਹਾਸਲ ਕਰਨ ਲਈ ਆਪਣੇ ਪ੍ਰਚਾਰ ਮੁਹਿੰਮਾਂ ਵਿੱਚ ਪੂਰੇ ਜੋਸ਼ ਵਿੱਚ ਹਨ। ਵੱਖ-ਵੱਖ ਪਾਰਟੀਆਂ ਦੇ ਵਰਕਰ, ਵਿਧਾਇਕ ਅਤੇ ਮੰਤਰੀ ਆਪੋ-ਆਪਣੇ ਪਾਰਟੀਆਂ ਲਈ ਪ੍ਰਚਾਰ ਕਰਨ ਵਿੱਚ ਦਿੱਲੀ ਦੇ ਵੱਖ-ਵੱਖ ਵਿਧਾਨ ਸਭਾ ਇਲਾਕਿਆਂ ਵਿੱਚ ਵੋਟਰਾਂ ਨੂੰ ਆਪਣੇ ਹੱਕ ਵਿੱਚ ਲਿਆਉਣ ਦੀ ਉਮੀਦ ਵਿੱਚ ਰੁੱਝੇ ਹੋਏ ਹਨ।ਆਪਣੀਆਂ ਪਾਰਟੀਆਂ ਲਈ ਸਰਗਰਮੀ ਨਾਲ ਪ੍ਰਚਾਰ ਕਰਨ ਵਾਲੇ ਬਹੁਤ ਸਾਰੇ ਸਿਆਸਤਦਾਨਾਂ ਵਿੱਚ ਪੰਜਾਬ ਦੇ ਮੰਤਰੀ ਲਾਲਜੀਤ ਭੁੱਲਰ ਅਤੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਨਵੀਂ ਦਿੱਲੀ ਵਿਧਾਨ ਸਭਾ ਵਿੱਚ ਰੁੱਝੇ ਹੋਏ ਹਨ।ਹਾਲਾਂਕਿ, ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਦਿੱਲੀ ਚੋਣਾਂ ਵਿੱਚ ਪੰਜਾਬ ਦੇ ਵਰਕਰਾਂ, ਵਿਧਾਇਕਾਂ ਅਤੇ ਮੰਤਰੀਆਂ ਦੀ ਸ਼ਮੂਲੀਅਤ ਨੂੰ ਰੋਕਣ ਲਈ ਦਿੱਲੀ ਪੁਲਸ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਪ੍ਰਚਾਰ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਲ ਹੀ ਵਿੱਚ ਨਵੀਂ ਦਿੱਲੀ ਪੁਲਸ ਨੇ 'ਪੰਜਾਬ ਸਰਕਾਰ' ਸਟਿੱਕਰ ਤੇ ਨਗਦੀ ਸਮੇਤ ਪੰਜਾਬ ਨੰਬਰ ਪਲੇਟ ਵਾਲੀ ਇੱਕ ਗੱਡੀ ਜ਼ਬਤ ਕੀਤੀ ਸੀ ਜਦੋਂ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਦਾਅਵਿਆਂ ਨੂੰ ਰੱਦ ਕਰ ਦਿੱਤਾ ਸੀ ਕਿ ਦਿੱਲੀ ਵਿੱਚ ਜ਼ਬਤ ਕੀਤੀ ਗਈ ਕਾਰ ਇਸ ਦੀ ਹੈ। ਆਪ ਨੇ ਵੀ ਇੱਕ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਕਾਰ ਨੂੰ ਜ਼ਬਤ ਕਰਨਾ ਪਹਿਲਾਂ ਤੋਂ ਸਪਾਂਸਰਡ ਸੀ। ਇਸ ਘਟਨਾ ਤੋਂ ਇੱਕ ਦਿਨ ਬਾਅਦ ਸ਼ਨੀਵਾਰ ਨੂੰ ਦਿੱਲੀ ਪੁਲਸ ਨੇ



ਮੰਤਰੀ ਲਾਲਜੀਤ ਭੁੱਲਰ ਅਤੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੂੰ ਰੋਕ ਦੀ ਕੋਸ਼ਿਸ਼ ਕੀਤੀ, ਜੋ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਵਿੱਚ ਅਰਵਿੰਦ ਕੇਜਰੀਵਾਲ ਦੇ ਹੱਕ ਵਿੱਚ ਪ੍ਰਚਾਰ ਕਰ ਰਹੇ ਸਨ।ਇਸ ਮਾਮਲੇ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਭਾਜਪਾ ਉਨ੍ਹਾਂ ਨੂੰ ਪ੍ਰਚਾਰ ਕਰਨ ਤੋਂ ਰੋਕਣ ਲਈ ਡਰਾਉਣ ਅਤੇ ਵਿਘਨ ਪਾਉਣ ਲਈ ਦਿੱਲੀ ਪੁਲਸ ਦੀ ਵਰਤੋਂ ਕਰ ਰਹੀ ਹੈ। ਭਾਜਪਾ ਦਾ ਦੋਸ਼ ਦਿਨ-ਦਿਹਾੜੇ ਪੈਸੇ, ਜੁੱਤੇ ਅਤੇ ਚਾਦਰਾਂ ਵੰਡ ਰਹੇ ਹਨ, ਇਹ ਦਿਖਾਈ ਨਹੀਂ ਦੇ ਰਿਹਾ। ਇਸ ਦੀ ਬਜਾਏ, ਉਹ ਇੱਕ ਚੁਣੇ ਹੋਏ ਮੁੱਖ ਮੰਤਰੀ ਦੇ ਨਿਵਾਸ 'ਤੇ ਛਾਪਾ ਮਾਰਨ ਲਈ ਪਹੁੰਚ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਇਸ਼ਾਰੇ 'ਤੇ ਦਿੱਲੀ ਪੁਲਸ ਜਮਹੂਰੀਅਤ ਦਾ ਕਤਲ ਕਰਨ 'ਤੇ ਉੱਤਰੀ ਹੋਈ ਹੈ ਜਿਸ ਦਾ ਦਿੱਲੀ ਦੇ ਲੋਕ 5 ਤਰੀਕ ਨੂੰ ਜਵਾਬ ਦੇਣਗੇ।

# ਸੰਘਵਾਲ 'ਚ ਤੀਸਰਾ ਇੱਕ ਦਿਨਾ ਕਬੱਡੀ ਕੱਪ 8 ਨੂੰ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**

ਐੱਨ.ਆਰ. ਆਈ ਦੁਆਬਾ ਸਪੋਰਟਸ ਕਲੱਬ (ਰਜਿ),ਪ੍ਰਵਾਸੀ ਭਾਰਤੀਆਂ, ਗ੍ਰਾਮ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਵੱਲੋਂ ਸ਼ਹੀਦ ਬੰਤਾ ਸਿੰਘ, ਅਰੂੜ ਸਿੰਘ ਖੇਡ ਸਟੇਡੀਅਮ ਸੰਘਵਾਲ ਵਿਖੇ ਤੀਸਰਾ ਇੱਕ ਦਿਨਾ ਕਬੱਡੀ ਟੂਰਨਾਮੈਂਟ ਸਵ. ਸੁਰਿੰਦਰ ਸਿੰਘ ਨਿੱਜਰ ਦੀ ਯਾਦ ਨੂੰ ਸਮਰਪਤ 8 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਵਿਸ਼ੇਸ਼ ਮੀਟਿੰਗ ਹੋਈ ਅਤੇ ਟੂਰਨਾਮੈਂਟ ਦਾ ਪੋਸਟਰ ਕਲੱਬ ਦੇ ਅਹੁਦੇਦਾਰਾਂ, ਪ੍ਰਵਾਸੀ ਭਾਰਤੀਆਂ ਅਤੇ ਪਤਵੰਤਿਆਂ ਦੀ ਹਾਜ਼ਰੀ ਵਿਚ ਪਿੰਡ ਸੰਘਵਾਲ ਦੇ ਖੇਡ ਸਟੇਡੀਅਮ ਵਿੱਚ ਜਾਰੀ ਕੀਤਾ ਗਿਆ। ਇਸ ਮੌਕੇ ਜਸਪ੍ਰੀਤ ਸਿੰਘ ਚਾਹਲ, ਹਰਮਨ ਸਿੰਘ ਚਾਹਲ ਕੈਨੇਡਾ, ਨੰਬਰਦਾਰ ਤੇ ਸਾਬਕਾ ਸਰਪੰਚ ਮਾ. ਭਾਗ ਰਾਮ, ਜਸਵੀਰ ਸਿੰਘ ਸ਼ੀਰਾ ਆਸਟਰੇਲੀਆ ਆਦਿ ਨੇ ਸਾਂਝੇ ਤੌਰ 'ਤੇ ਦੱਸਿਆ ਕਿ 8 ਫਰਵਰੀ ਨੂੰ ਨੌਰਥ ਇੰਡੀਆ ਕਬੱਡੀ ਫੈਡਰੇਸ਼ਨ ਦੀਆਂ 8 ਟੀਮਾਂ ਦੇ ਮੁਕਾਬਲੇ ਕਰਵਾਏ ਜਾਣਗੇ ਅਤੇ 75 ਕਿਲੋ ਭਾਰ ਵਰਗ 'ਚ ਕਬੱਡੀ ਦੀਆਂ ਸੱਦੀਆਂ ਹੋਈਆਂ ਚਾਰ ਟੀਮਾਂ ਦੇ ਮੁਕਾਬਲੇ ਹੋਣਗੇ। ਜਿਸ ਵਿੱਚ ਕਬੱਡੀ ਜਗਤ ਦੇ ਨਾਮਵਰ ਕਬੱਡੀ ਖਿਡਾਰੀ ਪਹੁੰਚ ਰਹੇ ਹਨ। ਉਕਤ ਟੂਰਨਾਮੈਂਟ ਦਾ ਰਸਮੀ ਉਦਘਾਟਨ ਹਰਕਮਲਪ੍ਰੀਤ ਸਿੰਘ ਖੱਖ ਐਸ ਐਸ ਪੀ ਜਲੰਧਰ ਦਿਹਾਤੀ ਵੱਲੋਂ ਕੀਤਾ ਜਾਵੇਗਾ ਅਤੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਕਰਨਗੇ। ਟੂਰਨਾਮੈਂਟ ਦੌਰਾਨ ਦਰਸ਼ਕਾਂ ਲਈ ਲੱਕੀ ਕੂਪਨ ਵੀ ਕੱਢੇ ਜਾਣਗੇ। ਟੂਰਨਾਮੈਂਟ ਦੀ ਸਮਾਪਤੀ 'ਤੇ ਪ੍ਰਸਿੱਧ ਪੰਜਾਬੀ ਗਾਇਕ ਜੋੜੀ ਬਲਕਾਰ ਅਣਖੀਲਾ ਤੇ ਬੀਬਾ ਮਨਜਿੰਦਰ ਗੁਲਸ਼ਨ ਦਾ ਖੁੱਲ੍ਹਾ ਅਖਾੜਾ ਲੱਗੇਗਾ। ਇਸ ਮੌਕੇ ਜਸਪ੍ਰੀਤ ਸਿੰਘ ਚਾਹਲ, ਹਰਮਨ ਸਿੰਘ ਚਾਹਲ ਕੈਨੇਡਾ, ਸਾਬਕਾ ਸਰਪੰਚ ਮਾ. ਭਾਗ ਰਾਮ, ਮਹਿੰਦਰ ਸਿੰਘ ਸੰਘਵਾਲ, ਜਰਮਨ ਸਿੰਘ, ਅਮਨ ਨਿਊਜ਼ੀਲੈਂਡ, ਜਸਵੀਰ ਸਿੰਘ ਸ਼ੀਰਾ ਆਸਟਰੇਲੀਆ, ਪੰਚ ਹਰਜਿੰਦਰ ਸਿੰਘ ਚਾਹਲ, ਉਂਕਾਰ ਸਿੰਘ ਕੈਨੇਡਾ, ਅਵਤਾਰ ਸਿੰਘ ਤਾਰੀ, ਸੁਖਜਿੰਦਰ ਸਿੰਘ ਖਾਲਸਾ, ਉੱਤਮ ਸਿੰਘ, ਗੁਰਤੇਜ ਸਿੰਘ, ਸਤਵੀਰ ਸਿੰਘ ਆਸਟਰੇਲੀਆ, ਗੁਰਮੇਲ ਸਿੰਘ, ਹਰਸੁੰਦਰ ਸਿੰਘ ਚਾਹਲ, ਕਾਲਾ ਸਿੰਘ ਨਿਊਜ਼ੀਲੈਂਡ, ਸੋਨੂੰ ਸੰਘਵਾਲ, ਨਿੱਕਾ ਨਰਵਾਲ ਗੋਪਾਲਪੁਰ, ਵਿੱਕੀ ਦੌਲਤਪੁਰ, ਜੋਬਨ ਮਹਿਰੋਕ, ਜੱਸੀ ਰਾਣੀ ਭੱਟੀ, ਆਕਾਸ਼ ਚਕਰਾਲਾ, ਜਗਰੂਪ ਨਿਜ਼ਾਮਦੀਨਪੁਰ, ਜੱਸੀ ਨਿਜ਼ਾਮਦੀਨਪੁਰ, ਰਿੱਕੀ ਸਹੋਤਾ, ਸਾਬਕਾ ਪੰਚ ਨੰਦ ਲਾਲ, ਜੋਗੀ ਪਹਿਲਵਾਨ, ਸੋਮ ਲਾਲ, ਬਿੱਟੂ ਖਾਦੀ, ਗੁਰਮੇਲ ਸਿੰਘ, ਅਮਨ ਕੁਮਾਰ ਅਮਨੀ, ਕਸ਼ਮੀਰ ਸਿੰਘ, ਧਰਮਪਾਲ ਚਿੱਟੂ, ਬਲਵਿੰਦਰ ਮਿਸਤਰੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਕਲੀਅਰੈਂਸ ਸਰਟੀਫਿਕੇਟ ਦੇਣ ਲਈ ਜਲਦ ਲਗਾਇਆ ਜਾਵੇਗਾ ਕੈਂਪ : ਮੁੰਡੀਆ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਸ਼ਹਿਰਾਂ ਦੇ ਯੋਜਨਾਬੱਧ ਵਿਕਾਸ ਲਈ ਵਚਨਬੱਧ ਹੈ।ਸੂਬਾ ਵਾਸੀਆਂ ਨੂੰ ਪਾਰਦਰਸ਼ੀ, ਨਿਰਵਿਘਨ, ਭ੍ਰਿਸ਼ਟਾਚਾਰ ਮੁਕਤ ਤੇ ਸੁਖਾਲੀਆਂ ਸੇਵਾਵਾਂ ਦੇਣ ਦੀ ਵਚਨਬੱਧਤਾ ਉਤੇ ਚੱਲਦਿਆਂ ਰੀਅਲ ਅਸਟੇਟ ਨਾਲ ਸੰਬੰਧੀ ਕਲੀਅਰੈਂਸ ਸਰਟੀਫਿਕੇਟ ਦੇਣ ਲਈ ਜਲਦ ਹੀ ਤੀਜਾ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ।ਇਹ ਜਾਣਕਾਰੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇੱਥੇ ਜਾਰੀ ਪ੍ਰੈਸ ਬਿਆਨ ਰਾਹੀਂ ਦਿੱਤੀ।ਮੁੰਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਨਿਵੇਸ਼ ਦੇ ਮੌਕੇ ਵਧਾਉਣ ਲਈ ਯਤਨਸ਼ੀਲ ਹੈ ਜਿਸ ਤਹਿਤ ਪ੍ਰੋਮੋਟਰਾਂ/ਡਿਵੈਲਪਰਾਂ ਦੇ ਕੰਮਾਂ ਦਾ ਪਹਿਲ ਦੇ ਅਧਾਰ 'ਤੇ ਨਿਪਟਾਰਾ ਕਰਨ ਲਈ ਕੈਂਪ ਲਗਾ ਕੇ ਮੌਕੇ 'ਤੇ ਕਲੀਅਰੈਂਸ ਸਰਟੀਫਿਕੇਟ ਦੇਣ ਦੀ ਸ਼ੁਰੂਆਤ ਕੀਤੀ ਹੈ।ਹੁਣ ਤੱਕ ਲਗਾਏ ਦੋ ਕੈਂਪਾਂ ਵਿੱਚ 178 ਪ੍ਰਮੋਟਰਾਂ/ਬਿਲਡਰਾਂ ਨੂੰ ਕਲੀਅਰੈਂਸ ਸਰਟੀਫਿਕੇਟ ਸੌਂਪੇ ਗਏ ਹਨ।ਹੁਣ ਤੀਜਾ ਕੈਂਪ ਲਗਾ ਕੇ ਹੋਰ ਸਰਟੀਫਿਕੇਟ ਦਿੱਤੇ ਜਾਣਗੇ ਜਿਸ ਲਈ ਵਿਭਾਗ ਵੱਲੋਂ ਜ਼ਮੀਨੀ ਪੱਧਰ ਉਤੇ ਕੰਮ ਕੀਤਾ ਜਾ ਰਿਹਾ ਹੈ।ਸ੍ਰੀ ਮੁੰਡੀਆ ਨੇ ਕਿਹਾ ਕਿ ਕੈਂਪ ਵਿੱਚ ਵੱਖ-ਵੱਖ ਵਿਕਾਸ ਅਥਾਰਟੀਆਂ ਨਾਲ ਸਬੰਧਤ ਕਲੋਨੀਆਂ ਦੇ ਲਾਇਸੈਂਸ, ਕੰਪਲੀਸ਼ਨ ਸਰਟੀਫਿਕੇਟ ਪਾਰਸ਼ੀਅਲ ਕੰਪਲੀਸ਼ਨ ਸਰਟੀਫਿਕੇਟ, ਲੈਟਰ ਆਫ ਇਟੈਂਟ, ਜ਼ੋਨਿੰਗ ਪਲੈਨ, ਬਿਲਡਿੰਗ ਪਲਾਨ, ਪ੍ਰਮੋਟਰ ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਲੇ-ਆਊਟ ਪਲਾਨ ਆਦਿ ਦੇ ਸਰਟੀਫਿਕੇਟ ਸੌਂਪੇ ਜਾਂਦੇ ਜਨ।

# ਪੰਜਾਬ ਦੇ ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸੀਚੇਵਾਲ ਵੱਲੋਂ ਲੋਕ ਲਹਿਰ ਬਣਾਉਣ ਦਾ ਸੱਦਾ

**ਸੁਲਤਾਨਪੁਰ ਲੋਧੀ/ਸ਼ਾਹਕੋਟ (ਬਲਵਿੰਦਰ ਸਿੰਘ ਧਾਲੀਵਾਲ, ਗਿਆਨ ਸੈਦਪੁਰੀ)**

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਪੰਜਾਬ ਦੇ ਪਲੀਤ ਹੋ ਚੁੱਕੇ ਦਰਿਆਵਾਂ ਨੂੰ ਮਕੰਮਲ ਤੌਰ 'ਤੇ ਪ੍ਰਦੂਸ਼ਣ ਮੁਕਤ ਕਰਨ ਲਈ ਲੋਕ ਲਹਿਰ ਬਣਾਉਣ ਦਾ ਸੱਦਾ।ਨਿਰਮਲ ਕੁਟੀਆ ਸੀਚੇਵਾਲ ਦੇ ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੰਕੈਡਰੀ ਸਕੂਲ ਦੇ ਵਿਹੜੇ ਵਿੱਚ ਵਿਸ਼ਵ ਜਲਗਾਹ ਦਿਵਸ, ਸੰਤ ਅਵਤਾਰ ਸਿੰਘ ਯਾਦਗਾਰੀ ਕਲਾਜ ਦਾ ਸਥਾਪਨਾ ਦਿਵਸ ਅਤੇ ਸਕੂਲ ਦਾ ਸਾਲਾਨਾ ਸਮਾਗਮ ਮਨਾਉਂਦਿਆ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਪਵਿੱਤਰ ਬੁੱਢਾ ਦਰਿਆ



ਪੰਜਾਬ ਦੀ ਅਮੀਰ ਵਿਰਾਸਤ ਦਾ ਹਿੱਸਾ ਹੈ। ਇਸ ਬੁੱਢੇ ਦਰਿਆ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ।ਪਲੀਤ ਹੋ ਚੁੱਕੇ ਬੁੱਢੇ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਲੋਕਾਂ ਦੀ ਭਾਗੀਦਾਰੀ ਬੇਹੱਦ ਜਰੂਰੀ ਹੈ।ਇਸ ਦੇ ਕੰਢੇ 'ਤੇ ਇਸ਼ਨਾਨ ਘਾਟ ਬਣਾਏ ਜਾ ਰਹੇ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਲੋਕ ਵੀ ਇਹ ਗੱਲ ਪੁੱਛਦੇ ਹਨ ਕਿ ਇਸ਼ਨਾਨ ਘਾਟ ਤਾਂ ਆਖੀਰ ਵਿੱਚ ਬਣਾਏ ਜਾਣੇ ਸਨ ਪਹਿਲਾਂ ਇਸ ਵਿੱਚ ਸਾਫ ਪਾਣੀ ਵਗਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੰਜਾਬੀ ਪੰਜਾਂ ਦਰਿਆਵਾਂ ਦੇ ਮਾਲਕ ਹਨ ਪਰ ਬਦਕਿਸਮਤੀ ਕਿ ਨਾਲ ਇਨ੍ਹਾਂ ਅੰਮ੍ਰਿਤ ਵਰਗੇ ਪਵਿੱਤਰ ਦਰਿਆਵਾਂ ਵਿੱਚ ਜ਼ਹਿਰੀਲੇ 'ਤੇ ਗੰਦੇ ਪਾਣੀ ਪਾ ਕੇ ਇਨ੍ਹਾਂ ਨੂੰ ਅਜਿਹਾ ਪਲੀਤ ਕੀਤਾ ਕਿ ਇਸ ਦੇ ਜਲਚਰ ਜੀਵ ਖਤਮ ਹੋ ਗਏ। ਸੰਤ ਸੀਚੇਵਾਲ ਨੇ ਪੰਜਾਬ ਦੇ ਸਮੁੱਚੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇਕਸੁਰ ਤੇ ਇੱਕਜੁਟ ਹੋ ਕੇ ਪਾਰਲੀਮੈਂਟ ਦੇ ਚੱਲ ਰਹੇ ਬਜਟ ਸ਼ੈਸ਼ਨ ਦੌਰਾਨ ਅਵਾਜ਼ ਬੁਲੰਦ ਕਰਨ।ਸੰਤ ਸੀਚੇਵਾਲ ਨੇ ਵਿਸ਼ਵ ਜਲਗਾਹ ਦਿਵਸ ਦਾ ਜ਼ਿਕਰ ਕਰਦਿਆ ਕਿਹਾ ਕਿ ਪਵਿੱਤਰ ਕਾਲੀ ਵੇਈਂ ਵਿੱਚ ਕੌਮਾਂਤਰੀ ਪੱਧਰ ਦੀ ਕਾਂਜਲੀ ਜਲਗਾਹ ਆਉਂਦੀ ਹੈ ਅਤੇ ਜਿੱਥੇ ਸਤਲੁਜ, ਬਿਆਸ ਅਤੇ ਪਵਿੱਤਰ ਕਾਲੀ ਵੇਈਂ ਦਾ ਸੰਗਮ ਹੁੰਦਾ ਹੈ ਉਥੇ ਹਰੀਕੇ ਪੱਤਣ ਜਲਗਾਹ ਆਉਂਦੀ ਹੈ। ਇਹ ਜਲਗਾਹਾਂ ਇਸ ਧਰਤੀ ਮਾਂ ਦੇ ਗਹਿਣੇ ਹਨ। ਕਾਹਨੂੰਵਾਨ ਛੰਭ ਦਾ ਜ਼ਿਕਰ ਕਰਦਿਆ ਸੰਤ ਸੀਚੇਵਾਲ ਨੇ ਕਿਹਾ ਕਿ ਉਸ ਜਲਗਾ ਨੂੰ ਵੀ ਕੂੜੇ ਦੇ ਡੰਪ ਵਿੱਚ ਬਦਲਿਆ ਜਾ ਰਿਹਾ ਸੀ। ਜਿਸ ਦਾ ਇਲਾਕੇ ਦੇ ਲੋਕਾਂ ਨੇ ਡੱਟ ਕੇ ਵਿਰੋਧ ਕੀਤਾ।ਇਸ ਸਮਾਗਮ ਦੌਰਾਨ ਸੰਤ ਸੀਚੇਵਾਲ ਵੱਲੋਂ ਪੰਜਾਬ ਦੇ ਦੁਆਬੇ ਇਲਾਕੇ ਦੇ 4 ਪਿੰਡਾਂ ਤਲਵੰਡੀ ਮਾਧੋ, ਫਤਿਹਪੁਰ, ਗੱਟਾ ਮੁੰਡੀ ਕਾਸੂ ਅਤੇ ਸੋਹਲ ਖਾਲਸਾ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੇ 5000 ਲੀਟਰ ਦੇ ਟੈਂਕਰ ਦਿੱਤੇ।

# ਬਸੰਤ ਪੰਚਮੀ ਦਾ ਤਿਉਹਾਰ ਮਨਾਇਆ




**ਲੋਹੀਆਂ ਖਾਸ, (ਯੋਗੇਸ਼ਵਰ)**- ਬੀ.ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੈਂਡਰੀ ਸਕੂਲ, ਵਾੜਾ ਜੋਧ ਸਿੰਘ, ਜ਼ਿਲ੍ਹਾ ਜਲੰਧਰ ਵਿਖੇ ਬਸੰਤ ਪੰਚਮੀ ਦਾ ਪਵਿੱਤਰ ਤਿਉਹਾਰ ਬਹੁਤ ਸ਼ਰਧਾ ਦੇ ਨਾਲ ਮਨਾਇਆ ਗਿਆ।

ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਵਿਦਿਆ ਦੀ ਦੇਵੀ ਮਾਂ ਸਰਸਵਤੀ ਨੂੰ ਫੁੱਲ ਅਰਪਿਤ ਕਰਕੇ ਵਿਸ਼ੇਸ਼ ਪੂਜਾ ਕੀਤੀ ਗਈ।ਕਰੇਜ ਹਾਊਸ ਦੇ ਇੰਚਾਰਜ ਮੈਡਮ ਸੁਖਦੀਪ ਕੌਰ ਵੱਲੋਂ ਬਸੰਤ ਪੰਚਮੀ ਦੇ ਤਿਉਹਾਰ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ।ਸਕੂਲ ਦੇ ਐਮ ਡੀ ਸੱਦਾਮ ਖਾਨ ਡਿਪਟੀ ਡਾਇਰੈਕਟਰ ਸ਼੍ਰੀਮਤੀ ਸਰਗਮ ਥਿੰਦ, ਪ੍ਰਿੰਸੀਪਲ ਸ੍ਰੀਮਤੀ ਨੀਤੀਮਾ ਵੱਲੋਂ ਮਾਂ ਸਰਸਵਤੀ ਅੱਗੇ ਸਾਰੇ ਵਿਦਿਆਰਥੀਆਂ ਨੂੰ ਵਿਦਿਆ, ਸਦਬੁੱਧੀ ਦਾ ਵਰਦਾਨ ਦੇਣ ਅਤੇ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਅਰਦਾਸ ਕੀਤੀ ਗਈ।

# ਆਪ ਸਰਕਾਰ ਪੰਜਾਬ ਨੂੰ ਦਿੱਤੀਆਂ ਗਰੰਟੀਆ ਤੋਂ ਭੱਜੀ : ਅਜੇ ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)** - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਕੱਲ ਦਿੱਲੀ ਦੇ ਵਸਨੀਕਾਂ ਨੂੰ ਗਰੰਟੀਆਂ ਦਿੰਦੇ ਵਿਖਾਈ ਦੇ ਰਹੇ ਹਨ, ਜਦਕਿ ਪੰਜਾਬ ਵਾਸੀਆਂ ਨੂੰ ਦਿੱਤੀਆਂ ਗਰੰਟੀਆਂ ਹਾਲੇ ਵੀ ਅੱਧ ਅਸਮਾਨੀ ਲਟਕਦੀਆਂ ਵਿਖਾਈ ਦੇ ਰਹੀਆਂ ਹਨ। ਇਹ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀਆਂ ਔਰਤਾਂ ਨਾਲ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਗਰੰਟੀ ਕੀਤੀ ਸੀ ਜਿਹੜੀ ਕਿ ਉਨ੍ਹਾਂ ਦੇ ਰਾਜਭਾਗ ਦੇ ਤੀਜੇ ਸਾਲ ਵੀ ਔਰਤਾਂ ਨੂੰ ਪ੍ਰਾਪਤ ਨਹੀਂ ਹੋਈ, ਜਦਕਿ ਦੂਜੇ ਪਾਸੇ ਦਿੱਲੀ ਚੋਣਾਂ ਵਿੱਚ ਉਹ ਦਿੱਲੀ ਦੀਆਂ ਔਰਤਾਂ ਨੂੰ 21-21 ਸੌ ਰੁਪਏ ਦੀ ਗਰੰਟੀ ਸਟੇਜਾਂ ਉਪਰ ਦੇ ਰਹੇ ਹਨ।ਉਨ੍ਹਾਂ ਆਖਿਆ ਕਿ ਦਿੱਲੀ ਦੇ ਲੋਕ ਹੁਣ ਪੰਜਾਬ ਦੀਆਂ ਫਿੱਕੀਆਂ ਪਈਆਂ ਗਰੰਟੀਆਂ ਨੂੰ ਵੇਖਦੇ ਹੋਏ ਆਪ ਨੂੰ ਮੂੰਹ ਤੱਕ ਨਹੀਂ ਲਗਾ ਰਹੇ ਹਨ ਅਤੇ ਲੋਕ ਹੁਣ ਆਪ ਦੀਆਂ ਚੌਪੜੀਆਂ ਗੱਲਾਂ ਵਾਲੀਆਂ ਗਰੰਟੀਆਂ ਦੇ ਝਾਂਸੇ ਵਿੱਚ ਆਉਣ ਵਾਲੇ ਨਹੀਂ ਹਨ।

# ਡੇਰਾ ਸੱਚਖੰਡ ਬੱਲਾਂ ਵਿਖੇ ਸੰਤ ਰਾਮਾਨੰਦ ਦਾ ਜਨਮ ਦਿਹਾੜਾ ਮਨਾਇਆ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**

ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਦੇ ਰਵਿਦਾਸੀਆ ਧਰਮ ਦੇ ਅਮਰ ਸ਼ਹੀਦ ਬ੍ਰਹਮਲੀਨ ਸੰਤ ਰਾਮਾਨੰਦ ਦਾ ਪ੍ਰਕਾਸ਼ ਦਿਹਾੜਾ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਅਤੇ ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰਸਟ ਬਨਾਰਸ ਕਾਂਸ਼ੀ ਦੀ ਸਰਪ੍ਰਸਤੀ ਹੇਠ ਬੜੀ ਸ਼ਰਧਾ ਪੂਰਵਕ ਬਣਾਇਆ ਗਿਆ। ਇਸ ਮੌਕੇ ਸਵੇਰੇ ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਲੜੀਵਾਰ ਪਾਠਾਂ ਦੇ ਜਾਪ ਕੀਤੇ ਗਏ। ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਕੀਰਤਨੀ ਜਥਿਆਂ ਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਸੰਤ ਨਿਰੰਜਨ ਦਾਸ ਮਹਾਰਾਜ ਵੱਲੋਂ ਸੰਗਤਾਂ ਨੂੰ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਆਖਿਆ ਕਿ ਸੰਤ ਰਾਮਾਨੰਦ ਨੇ ਆਪਣਾ ਸਮੁੱਚਾ ਜੀਵਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਦੇ ਪ੍ਰਚਾਰ ਪ੍ਰਸਾਰ ਅਤੇ ਕੌਮ ਦੇ ਲੇਖੇ ਲਾ ਦਿੱਤਾ। ਇਸ ਮੌਕੇ ਸੰਤ ਲੇਖਰਾਜ ਨੂਰਪੁਰ ਵਾਲੇ, ਸੇਵਾਦਾਰ ਹਰਦੇਵ ਦਾਸ, ਬੀ ਪੀ ਈ ਓ ਬੀ ਕੇ ਮਹਿਮੀ, ਸੇਵਾਦਾਰ ਦਵਿੰਦਰ ਦਾਸ,ਸੇਵਾਦਾਰ ਵਰਿੰਦਰ ਦਾਸ ਬੱਬੂ, ਮੈਨੇਜਰ ਧਰਮਪਾਲ ਸਿਮਕ, ਕੈਲਾਸ਼ ਚੰਦਰ, ਸ਼ਾਮ ਲਾਲ, ਧਰਮਪਾਲ, ਬਾਬਾ ਸੁਖਦੇਵ ਸੁੱਖੀ ਤੇ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਸੀ।

# ਬਾਬਾ ਸਾਹਿਬ ਨੇ ਜਾਤੀਵਾਦੀ ਵਿਵਸਥਾ ਤੋਂ ਪੀੜਤ ਲੋਕਾਂ ਨੂੰ ਬਰਾਬਰੀ ਦੇ ਹੱਕ ਲੈ ਕੇ ਦਿੱਤੇ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਐਸ ਸੀ ਸਮਾਜ, ਮਜ਼ਲੂਮਾਂ ਅਤੇ ਔਰਤਾਂ ਦੇ ਮਸੀਹਾ ਅਤੇ ਸੰਵਿਧਾਨ ਨਿਰਮਾਤਾ ਪਰਮ ਸਤਿਕਾਰਯੋਗ ਡਾਕਟਰ ਬੀ ਆਰ ਅੰਬੇਡਕਰ ਦੇ ਬੁੱਤ ਦੀ ਅੰਮ੍ਰਿਤਸਰ ਵਿਖੇ ਹੋਈ ਬੇਅਦਬੀ ਦੀ ਘਟਨਾ ਬਹੁਤ ਹੀ ਪੀੜਦਾਇਕ ਅਤੇ ਨਿੰਦਣਯੋਗ ਘਟਨਾ ਹੈ। ਬੜੇ ਦੁੱਖ ਵਾਲੀ ਗੱਲ ਹੈ ਕਿ ਪੂਰੇ ਸੰਸਾਰ ਨੂੰ ਮੀਰੀ ਪੀਰੀ, ਸਾਂਝੀਵਾਲਤਾ ਅਤੇ ਇਨਸਾਨੀਅਤ ਦਾ ਸੰਦੇਸ਼ ਦੇਣ ਵਾਲੀ ਧਰਤੀ 'ਤੇ ਭਾਰਤ ਦੇ ਹਰ ਵਰਗ ਅਤੇ ਔਰਤਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਵਾਲੇ ਸੰਵਿਧਾਨ ਲੋਕਤੰਤਰ ਅਤੇ ਨਿਆਂ 'ਤੇ ਅਧਾਰਿਤ ਵਿਵਸਥਾ ਨੂੰ ਸਥਾਪਿਤ ਕਰਨ ਵਾਲੀ ਸ਼ਖਸੀਅਤ ਦਾ ਅਪਮਾਨ ਕੀਤਾ ਗਿਆ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਬੁੱਧੀਜੀਵੀ ਸ਼ਖ਼ਸੀਅਤ ਅਤੇ ਸੱਭਿਆਚਾਰ ਸੰਭਾਲ ਸੁਸਾਇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਜੰਡਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ਮੁੱਢਲੇ ਤੌਰ 'ਤੇ ਇਹ ਪੰਜਾਬ ਦੇ ਸਭਿਆਚਾਰਕ ਮਾਹੌਲ ਨੂੰ ਵਿਗਾੜਨ ਦੀ ਸਾਜਿਸ਼ ਜਾਪਦੀ ਹੈ। ਉਹਨਾਂ ਕਿਹਾ ਕੀ



ਪੰਜਾਬ ਸਰਕਾਰ ਨੂੰ ਇਸ ਘਟਨਾ ਦੀ ਸੰਜੀਦਗੀ ਨਾਲ ਜਾਂਚ ਪੜਤਾਲ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਬਾਬਾ ਸਾਹਿਬ, ਸੰਵਿਧਾਨ ਅਤੇ ਲੋਕਤੰਤਰ ਵਿੱਚ ਅਟੁੱਟ ਵਿਸ਼ਵਾਸ ਰੱਖਣ ਵਾਲਾ ਭਾਰਤ ਦਾ ਹਰ ਵਿਅਕਤੀ ਅਜਿਹੀਆਂ ਕੋਝੀਆਂ ਹਰਕਤਾਂ ਬਰਦਾਸ਼ਤ ਨਹੀਂ ਕਰੇਗਾ। ਉਹਨਾਂ ਲੋਕਾਂ ਨੂੰ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਉੱਪਰ ਯਕੀਨ ਕਰਦੇ ਹੋਏ ਸ਼ਾਂਤੀ ਅਤੇ ਸਦਭਾਵ ਬਣਾਈ ਰੱਖਣ। ਉਹਨਾਂ ਕਿਹਾ ਕਿ ਮੂਰਤੀ ਤੋੜਨ ਵਾਲਾ ਸ਼ਖਸ ਕੋਈ ਵੀ ਹੋਵੇ, ਉਸ 'ਤੇ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਕਿਉਂਕਿ ਇਸ ਨੇ ਪੰਜਾਬ ਅੰਦਰ ਭਾਈਚਾਰਕ ਸਾਂਝ ਤੋੜਨ ਦੀ ਕੋਸ਼ਿਸ਼ ਕੀਤੀ ਹੈ।

# ਖੇਤੀ ਵਿਗਿਆਨੀ ਡਾ. ਚਮਨ ਲਾਲ ਵਸ਼ਿਸ਼ਟ ਨਹੀਂ ਰਹੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਦੇਸ਼ ਦਾ ਮਹਾਨ ਸਪੂਤ, ਦਰਵੇਸ਼ ਖੇਤੀ ਵਿਗਿਆਨੀ ਡਾ. ਚਮਨ ਲਾਲ ਵਿਸ਼ਿਸ਼ਟ ਸਦੀਵੀ ਵਿਛੋੜਾ ਦੇ ਗਏ।ਡਾ. ਵਿਸ਼ਿਸ਼ਟ ਅਸਾਡਿਆ ਦਿਲਾਂ 'ਚ ਹਮੇਸ਼ਾ ਲਈ ਅਮਰ ਹੋ ਗਏ। ਸਤਿਕਾਰਯੋਗ ਭੈਣ ਸਵਿਤਾ ਕੌਸ਼ਲ (ਸੁਪਤਨੀ ਡਾਕਟਰ ਵਿਸ਼ਿਸ਼ਟ), ਸਪੁੱਤਰਾਂ ਕਰਨਦੀਪ ਵਿਸ਼ਿਸ਼ਟ, ਵਰੁਨ ਦੀਪ ਵਿਸ਼ਿਸ਼ਟ, ਸੌਰਵ ਵਿਸ਼ਿਸ਼ਟ, ਹਜ਼ਾਰਾਂ ਦੋਸਤਾ, ਕਿਸਾਨ ਦੋਸਤਾ, ਖੇਤ ਮਜ਼ਦੂਰ ਦੋਸਤਾਂ ਨੂੰ ਵਿਲਕਦਿਆਂ ਖੇਤ ਮਜ਼ਦੂਰ ਧੀਆਂ ਨੂੰ ਰੋਂਦਿਆਂ ਛੱਡ ਗਏ। ਮਨੁੱਖਤਾ ਦਾ ਮਸੀਹਾ ਡਾ. ਵਿਸ਼ਿਸ਼ਟ ਇਕ ਵਿਅਕਤੀ ਨਹੀਂ, ਚਲਦੀ ਫਿਰਦੀ ਯੂਨੀਵਰਸਿਟੀ ਸੀ।ਉਹਨਾਂ ਨੂੰ ਅੰਤਿਮ ਵਿਦਾਈ ਦੇਣ ਸਮੇਂ ਡਾ. ਸਤਨਾਮ ਸਿੰਘ ਅਜਨਾਲਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ, ਮਾਸਟਰ ਹਰਕੰਵਲ ਸਿੰਘ ਕੇਂਦਰੀ ਕਮੇਟੀ ਮੈਂਬਰ ਰੈਵੋਲਿਊਸ਼ਨਰੀ ਮਾਰਕਿਸਟ ਕਮਿਊਨਿਸਟ ਪਾਰਟੀ ਆਫ ਇੰਡੀਆ, ਦਰਸ਼ਨ ਸਿੰਘ ਮੱਟੂ ਸੂਬਾਈ ਸਕੱਤਰ ਕਿਸਾਨ ਸਭਾ ਪੰਜਾਬ, ਡਾ. ਸੁਖਦੇਵ ਸਿੰਘ



ਢਿੱਲੋਂ, ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਸਪੈਸ਼ਲ ਸਕੱਤਰ ਪੰਜਾਬ ਹਿਮਾਚਲ ਪ੍ਰਦੇਸ਼ ਜੰਮੂ-ਕਸ਼ਮੀਰ ਲਾਇਨਜ ਕਲੱਬ ਇੰਟਰਨੈਸ਼ਨਲ 3214, ਡਾ. ਵਰਿਆਮ ਸਿੰਘ ਸਾਬਕ ਚੀਫ ਮੈਨੇਜਰ ਪੰਜਾਬ ਨੈਸ਼ਨਲ ਬੈਂਕ, ਡਾ. ਦਰਬਾਰਾ ਸਿੰਘ ਸਿੱਧੂ ਸਾਬਕਾ ਸਹਾਇਕ ਜਨਰਲ ਮੈਨੇਜਰ ਉਰੀਐਂਟਲ ਬੈਂਕ ਆਫ ਕਾਮਰਸ ਪੰਜਾਬ ਐਂਡ ਉਤਰ ਪ੍ਰਦੇਸ਼, ਡਾਕਟਰ ਸੰਤੋਖ ਸਿੰਘ ਚਾਹਲ ਬਰੈਂਪਟਨ ਕੈਨੇਡਾ, ਡਾਕਟਰ ਪ੍ਰਭਪਾਲ ਸਿੰਘ ਸੋਢੀ ਜਲੰਧਰ, ਡਾ. ਆਤਮਾ ਸਿੰਘ ਸਿੱਧੂ ਹਰੀ ਨੌ ਸਾਬਕਾ ਮੁੱਖ ਖੇਤਿਬਾੜੀ ਅਫ਼ਸਰ ਫਰੀਦਕੋਟ, ਡਾ. ਗੁਰਮੇਲ ਸਿੰਘ ਧਾਲੀਵਾਲ ਯੂ.ਕੇ., ਡਾ. ਪ੍ਰਿਤਪਾਲ ਸਿੰਘ ਬਠਿੰਡਾ, ਡਾ. ਹਜ਼ਾਰਾ ਸਿੰਘ ਚੀਮਾ ਅਗਾਂਹ ਵਧੂ ਬੁੱਧੀਜੀਵੀ, ਗੁਰਮੇਸ਼ ਸਿੰਘ ਸਕੱਤਰ ਖੇਤ ਮਜ਼ਦੂਰ ਸਭਾ ਪੰਜਾਬ, ਡਾ. ਦੀਪ ਇੰਦਰ ਸਿੰਘ ਚੀਫ ਮੁੱਖ ਖੇਤੀਬਾੜੀ ਅਫਸਰ ਹੁਸ਼ਿਆਰਪੁਰ, ਡਾ. ਹਰਬੰਸ ਸਿੰਘ ਸੰਘਾ ਸੂਬਾਈ ਸੰਚਾਲਕ ਦੋਆਬਾ ਕਿਸਾਨ ਕਮੇਟੀ, ਡਾ. ਅਵਤਾਰ ਸਿੰਘ ਫਗਵਾੜਾ ਆਰਗੈਨਿਕ ਖੇਤੀ, ਡਾ. ਸੁਰਜੀਤ ਸਿੰਘ ਬਿੰਬ, ਡਾ. ਸੁਤੰਤਰ ਕੁਮਾਰ ਐਰੀ, ਡਾ. ਗੁਰਕੰਵਲ ਸਿੰਘ ਗੜਦੀਵਾਲਾ, ਡਾ. ਬਲਦੇਵ ਸਿੰਘ ਸਿੱਧੂ ਸੇਲਬਰਾਹ ਰਾਮਪੁਰਾਫੂਲ, ਪਿੰਸੀਪਲ ਸੁਖਦੇਵ ਸਿੰਘ ਕੈਲਗਰੀ ਕੈਨੇਡਾ, ਡਾ. ਕੁਲਬੀਰ ਸਿੰਘ ਦਿਓਲ ਸਾਬਕ ਮੁੱਖ ਖੇਤੀਬਾੜੀ ਅਫਸਰ, ਡਾ. ਹਰਮਨ ਸਿੰਘ, ਡਾ. ਤੇਜਬੀਰ ਸਿੰਘ ਧਾਲੀਵਾਲ ਸਕੱਤਰ ਲਾਇਨਜ ਕਲੱਬ ਰਿਹਾਣਾ ਜੱਟਾਂ ਕੋਹਿਨੂਰ 321ਡੀ, ਡਾਕਟਰ ਪੁਰੀ, ਡਾ. ਬਾਜਵਾ ਬਜਵਾੜਾ, ਗੁਰਬਖ਼ਸ਼ ਸਿੰਘ ਸੂਸ, ਡਾ. ਜਸਵੀਰ ਸਿੰਘ ਪਰਮਾਰ, ਡਾ. ਹਰਵਿੰਦਰ ਸਿੰਘ ਬਾਠ, ਡਾ. ਦੀਪਕ ਪੁਰੀ, ਡਾ. ਬੁਟਾਹਰੀ, ਡਾ. ਗੁਰਬਖਸ਼ ਸਿੰਘ, ਡਾ. ਸੁਰਿੰਦਰ ਕੁਮਾਰ, ਡਾ. ਮਨਜੀਤ ਸਿੰਘ, ਡਾ. ਹਰਪ੍ਰੀਤ ਸਿੰਘ, ਡਾ. ਜਤਿਨ ਵਿਸ਼ਿਸ਼ਟ, ਡਾ. ਗੁਰਿੰਦਰ ਸਿੰਘ ਬਾਜਵਾ, ਡਾ. ਨਰੇਸ਼ ਕੁਮਾਰ, ਡਾ. ਕੁਲਵੰਤ ਸਿੰਘ, ਸਾਬਕ ਐਕਸੀਅਨ ਐੱਸ ਪੀ ਜਖੂ ਭਾਮ, ਲਾਇਨ ਐਮ ਪੀ ਸਿੱਧੂ ਪ੍ਰਧਾਨ ਲਾਇਨਜ ਕਲੱਬ ਇੰਟਰਨੈਸ਼ਨਲ ਹੁਸ਼ਿਆਰਪੁਰ ਸਮਰਪਣ ਐਕਟਿਵ, ਲਾਇਨ ਜਤਿੰਦਰ ਕੁਮਾਰ ਸੀਨੀਅਰ ਮੀਤ ਪ੍ਰਧਾਨ, ਲਾਇਨ ਮੋਹਨ ਲਾਲ ਖਜ਼ਾਨਚੀ, ਲੈਂਡ ਮਾਰਟਗੇਜ ਬੈਂਕ ਹੁਸ਼ਿਆਰਪੁਰ ਦੇ ਸਾਬਕ ਮੈਨੇਜਰ ਮੋਹਨ ਲਾਲ ਕਲਸੀ, ਮਾ: ਜੁਗਿੰਦਰ ਸਿੰਘ ਸੰਘਾ ਤਨੂਲੀ ਬੇਕਰਜ਼ ਫੀਲਡ ਕੈਲੇਫ਼ੋਰਨੀਆ, ਕੁਲਵਿੰਦਰ ਸਿੰਘ ਰਮਨ ਖਨੌੜਾ ਨਿਊਜ਼ੀਲੈਂਡ, ਸਰਪੰਚ ਪਰਵਿੰਦਰ ਸਿੰਘ ਸਜਣ ਦੋਆਬਾ ਕਿਸਾਨ ਕਮੇਟੀ, ਡਾ. ਸੁਰਿੰਦਰ ਕੁਮਾਰ ਨਾਰਾ ਸਾਬਕ ਡਿਸਟ੍ਰਿਕਟ ਵੈਟਰਨਰੀ ਇੰਸਪੈਕਟਰ, ਡਾ. ਹਰਜੋਧ ਸਿੰਘ ਸੈਣੀ ਸੀਨੀਅਰ ਵੈਟਰਨਰੀ ਇੰਸਪੈਕਟਰ ਦਸੂਹਾ। ਉਨ੍ਹਾਂ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜ਼ਲੀ ਸਮਾਰੋਹ, 8 ਫ਼ਰਵਰੀ ਨੂੰ ਦੌਲਤ ਗਾਰਡਨ ਚੰਡੀਗੜ੍ਹ ਬਾਈਪਾਸ ਹੁਸ਼ਿਆਰਪੁਰ ਵਿਖੇ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗਾ।

# ਹੈਰੋਇਨ, ਮੋਬਾਇਲ ਤੇ ਮੋਟਰਸਾਈਕਲ ਸਮੇਤ ਦੋ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਲਾਨੌਰ ਪੁਲਸ ਦੇ ਏ. ਐੱਸ. ਆਈ. ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਹੋਏ ਜਦ ਰੁਡਿਆਣਾ ਮੋੜ ਪੁੱਜੇ ਤਾਂ ਮੁੱਖ ਅਫਸਰ ਥਾਣਾ ਕਲਾਨੌਰ ਨੇ ਫੋਨ ਕੀਤਾ ਕਿ ਪਿੰਡ ਧੀਦੋਵਾਲ ਬੀ. ਐੱਸ. ਐੱਫ. ਵਾਲਿਆਂ ਨੇ ਦੋ ਨੌਜਵਾਨ ਸਮੇਤ ਹੈਰੋਇਨ ਕਾਬੂ ਕੀਤੇ ਹਨ। ਮੌਕੇ 'ਤੇ ਜਾ ਕੇ ਕਾਰਵਾਈ ਕੀਤੀ ਜਾਵੇ ਜਿਸ 'ਤੇ ਤਫਤੀਸ਼ੀ ਅਫਸਰ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜ ਕੇ ਸੁਖਰਾਜ ਸਿੰਘ ਉਪ ਕਪਤਾਨ ਪੁਲਸ ਸਥਾਨਕ ਨੂੰ ਸੂਚਿਤ ਕੀਤਾ ਜਿਨ੍ਹਾਂ ਦੀ ਮੌਜੂਦਗੀ ਵਿੱਚ ਇੰਸਪੈਕਟਰ ਪੂਨਮ ਸਿੰਘ ਕੰਪਨੀ ਕਮਾਂਡਰ ਸੀ. ਕੰਪਨੀ 27 ਬੀ. ਐੱਨ. ਬੀ. ਐੱਸ. ਐੱਫ. ਬੀ. ਓ. ਪੀ. ਚੰਦੂ ਵਡਾਲਾ ਨੇ ਸੁਖਵਿੰਦਰ ਸਿੰਘ ਸੁੱਖੀ ਪੁੱਤਰ ਰਜਿੰਦਰ ਸਿੰਘ, ਅਮਨਦੀਪ ਸਿੰਘ ਗੋਰਾ ਪੁੱਤਰ ਸਰਦੂਲ ਸਿੰਘ ਵਾਸੀਆਂ ਚੰਦੂ ਵਡਾਲਾ ਥਾਣਾ ਕਲਾਨੌਰ ਕੋਲੋਂ ਬਰਾਮਦ 550 ਗ੍ਰਾਮ ਹੈਰੋਇਨ, 2 ਮੋਬਾਇਲ ਫੋਨ ਮਾਰਕਾ ਇਕ ਐਪਲ ਆਈ ਫੋਨ 13 ਅਤੇ ਇਕ ਰੈਡਮੀ ਨੋਟ 10 ਪੇਸ਼ ਕੀਤੇ। ਬਰਾਮਦ ਹੈਰੋਇਨ, 2 ਮੋਬਾਇਲ ਫੋਨ ਅਤੇ ਮੋਟਰਸਾਇਕਲ ਸਪਲੈਂਡਰ ਨੂੰ ਕਬਜ਼ਾ ਪੁਲਸ ਵਿਚ ਲੈ ਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਇਨੋਸੈਂਟ ਹਾਰਟ ਸਕੂਲ ਨੇ ਮਨਾਇਆ ਬਸੰਤ ਪੰਚਮੀ ਦਾ ਤਿਉਹਾਰ

**ਜਲੰਧਰ (ਸ਼ੈਲੀ ਐਲਬਰਟ)**

ਬੋਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰਸਟ ਦੁਆਰਾ ਸੰਚਾਲਿਤ ਅਤੇ ਪ੍ਰਬੰਧਕ ਦਿਸ਼ਾ- ਐਨ- ਇਨੀਸ਼ੇਟਿਵ ਦੇ ਅਧੀਨ ਇੰਨਸੈਂਟ ਹਾਰਟਸ ਸਕੂਲ ਦੀਆਂ ਪੰਜਾਂ ਬਰਾਂਚਾਂ (ਗਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ ਜੰਡਿਆਲਾ ਰੋਡ, ਨੂਰਪੁਰ ਅਤੇ ਕਪੂਰਥਲਾ ਰੋਡ) ਵਿੱਚ ਬਸੰਤ ਪੰਚਮੀ ਦਾ ਤਿਉਹਾਰ ਬੜੇ ਉਤਸਾਹ ਤੇ ਖੁਸ਼ੀ ਨਾਲ ਮਨਾਇਆ ਗਿਆ। ਇਹ ਤਿਉਹਾਰ ਬਸੰਤ ਰੁੱਤ ਦੀ ਸ਼ੁਰੂਆਤ ਦਾ ਪ੍ਰਤੀਕ ਹੈ ਅਤੇ ਦੇਵੀ ਸਰਸਵਤੀ ਨੂੰ ਸਮਰਪਿਤ



ਹੈ, ਜਿਸ ਨੂੰ ਪਰੰਪਰਾ ਅਨੁਸ਼ਠਾਨਾ ਅਤੇ ਜੀਵੰਤ ਗਤੀਵਿਧੀਆਂ ਰਾਹੀਂ ਮਨਾਇਆ ਗਿਆ ।ਪ੍ਰੀ ਪ੍ਰਾਈਮਰੀ ਸਕੂਲ ਦੇ ਛੋਟੇ- ਛੋਟੇ ਬੱਚੇ ਪੀਲੀਆਂ ਪੋਸ਼ਾਕਾਂ ਵਿੱਚ ਆਏ ਅਤੇ ਆਪਣੇ ਲੰਚ ਵਿੱਚ ਪੀਲੇ ਰੰਗ ਦੀਊ ਖਾਣ ਦੀਆਂ ਚੀਜ਼ਾਂ ਲਿਆਏ ।ਉਹਨਾਂ ਨੇ ਅਖਬਾਰਾਂ ਤੋਂ ਪਤੰਗਾ ਬਣਾਈਆਂ। ਇਸ ਮੌਕੇ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਪ੍ਰੋਗਰਾਮ ਦੀ ਸ਼ੁਰੂਆਤ ਸਰਸਵਤੀ ਪੂਜਾ ਨਾਲ ਹੋਈ ਜਿੱਥੇ ਅਧਿਆਪਕਾਂ, ਵਿਦਿਆਰਥੀਆਂ ਅਤੇ ਬਾਕੀ ਕਰਮਚਾਰੀਆਂ ਨੇ ਬੁੱਧੀ ਅਤੇ ਗਿਆਨ ਦੀ ਦੇਵੀ ਦਾ ਆਸ਼ੀਰਵਾਦ ਲਿਆ ।ਇਹ ਸਭਾ ਵਾਤਾਵਰਨ ਜਾਗਰੂਕਤਾ ਦਾ ਸੰਦੇਸ਼ ਦੇਣ ਲਈ ਆਯੋਜਿਤ ਕੀਤੀ ਗਈ। ਜਮਾਤ ਤੀਸਰੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੇ ਹਾਨੀਕਾਰਕ ਚੀਨੀ ਪਤੰਗ ਧਾਗਿਆਂ ਨੂੰ ਨਾ ਕਹਿਣਾ ਅਤੇ ਇਸ ਦੀ ਬਜਾਏ ਵਾਤਾਵਰਣ ਅਨੁਕੂਲ ਅਤੇ ਸੁਰਖਿਅਤ ਪਤੰਗ ਡੋਰ ਦਾ ਉਪਯੋਗ ਕਰਨ ਦੀ ਸਹੁੰ ਖਾਧੀ। ਕੈਂਪਸ ਵਿੱਚ ਖੁਸ਼ੀ ਦਾ ਮਾਹੌਲ ਸੀ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪੀਲੇ ਰੰਗ ਦੇ ਬਾਊਸ ਪਾਏ ਹੋਏ ਸਨ ,ਜੋ ਉਰਜਾ ਖੁਸ਼ਹਾਲੀ ਦੇ ਪ੍ਰਤੀਕ ਸਨ ।ਸੰਬੰਧਿਤ ਸ਼ਾਖਾਵਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਹੋਏ ਸੁਰਖਿਅਤ ਅਤੇ ਟਿਕਾਊ ਪਤੰਗਬਾਜ਼ੀ ਪ੍ਰਥਾਵਾਂ ਦੇ ਮਹੱਤਵ ਨੂੰ ਮਹੱਤਵ ਤੇ ਬਲ ਦਿੱਤਾ। ਰਚਨਾਤਮਕ ਅਤੇ ਤਿਉਹਾਰ ਦੀ ਭਾਵਨਾ ਨੂੰ ਵਧਾਉਣ ਲਈ ਵਿਦਿਆਰਥੀਆਂ ਨੇ ਕਲਾ ਅਤੇ ਸ਼ਿਲਪ ਨਾਲ ਪਤੰਗ ਬਣਾਉਣ ਦੀ ਗਤੀਵਿਧੀ ਵਿੱਚ ਹਿੱਸਾ ਲਿਆ। ਜਿਸ ਵਿੱਚ ਉਹਨਾਂ ਨੇ ਆਪਣੇ ਬਸੰਤ ਥੀਮ ਵਾਲੇ ਡਿਜ਼ਾਇਨਾਂ ਦਾ ਪ੍ਰਦਰਸ਼ਨ ਕੀਤਾ। ਪ੍ਰੋਗਰਾਮ ਦਾ ਸਮਾਪਨ ਪ੍ਰਿੰਸੀਪਲ ਸਾਹਿਬਾਨਾਂ ਦੇ ਇੱਕ ਸੰਦੇਸ਼ ਨਾਲ ਹੋਇਆ, ਜਿਸ ਵਿੱਚ ਵਿਦਿਆਰਥੀਆਂ ਨੂੰ ਗਿਆਨ, ਸਦਭਾਵਨਾ ਅਤੇ ਵਾਤਾਵਰਨ ਪ੍ਰਤੀ ਜਿੰਮੇਦਾਰੀ ਦੇ ਮੁੱਲਿਆਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਇਹ ਤਿਉਹਾਰ ਪਰੰਪਰਾ ਰਚਨਾਤਮਕ ਅਤੇ ਜਾਗਰੂਕਤਾ ਦਾ ਇੱਕ ਆਨੰਦਮਈ ਮਿਸ਼ਰਣ ਸੀ, ਜਿਸ ਵਿੱਚ ਸਾਰਿਆਂ ਲਈ ਇੱਕ ਯਾਦਗਾਰ ਅਤੇ ਸਿੱਖਦਾਇਕ ਪ੍ਰੋਗਰਾਮ ਬਣਾ ਦਿੱਤਾ ਗਿਆ।

## ਐਕਸਿਸ ਬੈਂਕ 'ਚ ਚੋਰੀ ਦੀ ਕੋਸ਼ਿਸ਼




ਬਠਿੰਡਾ (ਰਾਜੀਵ ਗੋਇਲ)-ਕਸਬਾ ਭਗਤਾ ਸ਼ਹਿਰ ਦੇ ਸੂਏ ਨਜ਼ਦੀਕ ਬਣੇ ਸ੍ਰੀ ਇੱਛਾ ਪੂਰਨ ਬਾਲਾ ਜੀ ਮੰਦਰ 'ਚ ਅਣਪਛਾਤੇ ਚੋਰਾਂ ਵੱਲੋਂ ਹੱਥ ਸਾਫ਼ ਕੀਤਾ ਗਿਆ ਹੈ ਤੇ ਲੱਖਾਂ ਦੇ ਨੁਕਸਾਨ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ।ਮੰਦਰ ਦੇ ਪੁਜਾਰੀ ਜੈ ਭਗਵਾਨ ਨੇ ਦੱਸਿਆ ਕਿ 31 ਜਨਵਰੀ ਦੀ ਦੇਰ ਰਾਤ ਕੁਝ ਅਣਪਛਾਤੇ ਚੋਰਾਂ ਵੱਲੋਂ, ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਵੱਲੋਂ ਮੰਦਰ 'ਚ ਹੱਥ ਸਾਫ ਕੀਤਾ ਗਿਆ ਹੈ, ਜਿਸ ਵਿੱਚ ਨਕਦੀ ਸਮੇਤ ਸੋਨੇ ਦੇ ਜੇਵਰਾਤ ਸ਼ਾਮਲ ਹਨ।ਮੰਦਰ ਦੇ ਪੁਜਾਰੀ ਵੱਲੋਂ ਆਪਣੀ ਬੇਟੀ ਨੂੰ ਬਾਹਰ ਭੇਜਣ ਲਈ ਕਰੀਬ ਢਾਈ ਲੱਖ ਰੁਪਏ ਦੀ ਰਕਮ ਕਿਸੇ ਪਾਸੋਂ ਲਈ ਗਈ ਸੀ, ਜਿਹੜੀ ਅਣਪਛਾਤੇ ਚੋਰਾਂ ਵੱਲੋਂ ਚੋਰੀ ਕਰ ਲਈ ਗਈ ਹੈ।ਉਧਰ ਚੋਰਾਂ ਵੱਲੋਂ ਇੱਕੋ ਰਾਤ 'ਚ ਦੋ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਹੈ ਤੇ ਮੰਦਰ ਦੇ ਨਾਲ-ਨਾਲ ਡਰੇਨ ਨਜ਼ਦੀਕ ਨਵੀਂ ਬਣੀ ਐਕਸਿਸ ਬੈਂਕ ਅੰਦਰ ਚੋਰੀ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਹੈ, ਪਰ ਚੋਰਾਂ ਵੱਲੋਂ ਬੈਂਕ ਦੇ ਸ਼ਟਰਾਂ ਨੂੰ ਜ਼ਰੂਰ ਨੁਕਸਾਨ ਪੁਚਾਇਆ ਗਿਆ ਹੈ।ਇਸ ਮਸਲੇ ਨੂੰ ਲੈ ਕੇ ਥਾਣਾ ਦਿਆਲਪੁਰਾ ਦੇ ਮੁਖੀ ਦਾ ਕਹਿਣਾ ਸੀ ਕਿ ਇਨ੍ਹਾਂ ਦੋਹਾਂ ਮਾਮਲਿਆਂ ਦੀ ਜਾਂਚ ਚੱਲ ਰਹੀ ਹੈ ਤੇ ਜਲਦ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਮੋਦੀ ਸਰਕਾਰ ਦਾ ਬਜਟ ਕਿਰਤੀ ਕਾਮਿਆਂ ਵਿਰੋਧੀ : ਜਸਵਿੰਦਰ ਵੱਟੂ




ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਤੇ ਐੱਮ ਸੀ ਪੀ ਆਈ ਯੂ ਦੀ ਸਾਂਝੀ ਕਮੇਟੀ ਵੱਲੋਂ ਸਾਰੇ ਦੇਸ਼ ਮੋਦੀ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ, ਜੋ ਕਿ ਕਿਰਤੀ ਜਨ ਸਮੂਹਾਂ ਦੇ ਵਿਰੁੱਧ ਹੈ, ਨੂੰ ਲੈ ਕੇ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬਾਜਾ ਮਰਾੜ ਵਿਖੇ ਮਨਰੇਗਾ ਕਾਮਿਆਂ ਦੀ ਭਰਵੀਂ ਮੀਟਿੰਗ ਕਰਕੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਸਮੇਂ ਸੰਬੋਧਨ ਕਰਦਿਆਂ ਮਨਰੇਗਾ ਵਰਕਰਜ਼ ਯੂਨੀਅਨ ਦੇ ਸੂਬਾ ਪੱਧਰੀ ਆਗੂ ਜਸਵਿੰਦਰ ਸਿੰਘ ਵੱਟੂ ਤੇ ਜਗਸੀਰ ਸਿੰਘ ਬਾਜਾ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ 365 ਦਿਨ ਕੰਮ ਦਿੱਤਾ ਜਾਵੇ, ਦਿਹਾੜੀ 700 ਰੁਪ ਦਿੱਤੀ ਜਾਵੇ ਤੇ ਬੱਠਲ, ਬਾਲਟੀਆਂ, ਬੂਟ, ਕਹੀ, ਕਸੀਏ ਆਦਿ ਸਾਰੇ ਸੰਦ ਦਿੱਤੇ ਜਾਣ ਅਤੇ ਜਿੱਥੇ ਨਰੇਗਾ ਕੰਮ ਕਰਦੇ ਹਨ, ਉਨ੍ਹਾਂ ਨੂੰ ਮੈਡੀਕਲ ਕਿੱਟ ਦਿੱਤੀ ਜਾਵੇ ਅਤੇ ਪੰਜ ਪੰਜ ਕਿਲੋਮੀਟਰ ਕੰਮ ਕਰਦੇ ਮਜ਼ਦੂਰਾਂ ਨੂੰ ਦਿਹਾੜੀ ਤੋਂ ਉਪਰ ਪੈਸੇ ਜੋ ਬਣਦੇ ਹਨ, ਉਹ ਦਿੱਤੇ ਜਾਣ, ਕੰਮ ਨਹੀਂ ਤਾਂ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ।ਉਕਤ ਆਗੂਆਂ ਨੇ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਅੰਦਰ ਨਰੇਗਾ ਕਾਮਿਆਂ ਨੂੰ ਪਿੰਡ ਪਿੰਡ ਬੰਦ ਕੀਤਾ ਜਾਵੇਗਾ ਅਤੇ ਉਨ੍ਹਾਂ ਲਈ ਮਨਰੇਗਾ ਵਰਕਰ ਯੂਨੀਅਨ ਲਗਾਤਾਰ ਸੰਘਰਸ਼ ਲਾਮ ਬੰਦ ਕਰੇਗੀ।

## ਐੱਸ ਜੀ ਬੀ ਚੈਰੀਟੇਬਲ ਸੇਵਾ ਸੰਮਤੀ ਦੇ ਅਹੁਦੇਦਾਰਾਂ ਦੀ ਚੋਣ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਮਾਜ ਸੇਵੀ ਕਾਰਜਾਂ 'ਚ ਜੁਟੀ ਸਵਾਮੀ ਗੰਗਾ ਨੰਦ ਭੂਰੀ ਵਾਲੇ ਸੇਵਾ ਸੰਮਤੀ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਸਰਬ ਸੰਮਤੀ ਨਾਲ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਰਾਜਦੀਪ ਸਿੰਘ ਅਲਬੇਲਾ ਨੇ ਦੱਸਿਆ ਕਿ ਸੰਸਥਾ ਦੇ ਅਹੁਦੇਦਾਰਾਂ ਵੱਲੋਂ ਸਰਬ ਸੰਮਤੀ ਨਾਲ ਚਰਨਜੀਤ ਸਿੰਘ ਥੋਪੀਆ ਨੂੰ ਮੁੜ ਚੇਅਰਮੈਨ ਚੁਣ ਲਿਆ ਗਿਆ। ਇਸ ਤੋਂ ਇਲਾਵਾ ਵਾਈਸ ਚੇਅਰਮੈਨ ਵਿਜੈ ਕੁਮਾਰ ਚੌਧਰੀ ਤੇ ਕੇਵਲ ਕ੍ਰਿਸ਼ਨ, ਆਰ ਐੱਸ ਹੀਰਾ ਪ੍ਰਧਾਨ, ਸੀਨੀਅਰ ਵਾਈਸ ਪ੍ਰਧਾਨ ਬਲਵੀਰ ਸਿੰਘ ਕੁਹਾੜਾ, ਵਾਈਸ ਪ੍ਰਧਾਨ ਗੁਰਚਰਨ ਸਿੰਘ, ਜਨਰਲ ਸਕੱਤਰ ਪ੍ਰੇਮ ਸਿੰਘ ਰਜੂਲ, ਜੁਆਇੰਟ ਸਕੱਤਰ ਸੰਜੇ ਜੈਨ ਤੇ ਰਾਮਪਾਲ ਠੇਕੇਦਾਰ, ਕੈਸ਼ੀਅਰ ਅਸ਼ੋਕ ਕੁਮਾਰ ਖੁਰਾਣਾ, ਜੁਆਇੰਟ ਕੈਸ਼ੀਅਰ ਲਖਵੀਰ ਸਿੰਘ ਨਿਯੁਕਤ ਕੀਤਾ ਗਿਆ। ਮੀਟਿੰਗ ਦੌਰਾਨ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡਾਂ 'ਚ ਸੰਸਥਾ ਵੱਲੋਂ ਕਮੇਟੀਆਂ ਬਣਾਈਆਂ ਜਾਣਗੀਆਂ, ਜਿਨ੍ਹਾਂ ਵੱਲੋਂ ਪਿੰਡ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕੇ।

## ਡਾ. ਅਭਿਸ਼ੇਕ ਅਰੋੜਾ ਨੇ ਪਰਵਾਰ ਨਾਲ ਮਨਾਈ ਬਸੰਤ ਪੰਚਮੀ




ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੈਨੇਸਿਸ ਅਮਨਦੀਪ ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਆਪਣੇ ਪਰਵਾਰ ਨਾਲ ਖੁਸ਼ੀ-ਖੁਸ਼ੀ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ। ਇਸ ਮੌਕੇ ਉਨ੍ਹਾਂ ਪਤੰਗਬਾਜ਼ੀ ਦਾ ਆਨੰਦ ਲਿਆ, ਪਰ ਪਰਿਆਵਰਨ ਤੇ ਪੰਛੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਚਾਈਨਾ ਡੋਰ ਦੀ ਵਰਤੋਂ ਨਹੀਂ ਕੀਤੀ।ਉਨ੍ਹਾਂ ਸਮਾਜ ਨੂੰ ਵੀ ਅਪੀਲ ਕੀਤੀ ਕਿ ਸਿਰਫ ਸੁਰੱਖਿਅਤ ਤੇ ਪ੍ਰੰਪਰਕ ਮਾਂਝੇ ਦੀ ਹੀ ਵਰਤੋਂ ਕਰਨ, ਤਾਂ ਜੋ ਕਿਸੇ ਨੂੰ ਕੋਈ ਨੁਕਸਾਨ ਨਾ ਹੋਵੇ।ਇਸ ਮੌਕੇ ਡਾ. ਅਭਿਸ਼ੇਕ ਅਰੋੜਾ ਦੀ ਪਤਨੀ ਡਾ. ਨੀਰੂ ਅਰੋੜਾ ਨੇ ਬਸੰਤ ਪੰਚਮੀ ਦੇ ਧਾਰਮਿਕ ਤੇ ਸੱਭਿਆਚਾਰਕ ਮਹੱਤਵ ਉੱਤੇ ਚਾਨਣ ਪਾਇਆ।ਉਨ੍ਹਾਂ ਕਿਹਾ ਕਿ ਇਹ ਦਿਨ ਗਿਆਨ, ਕਲਾ ਤੇ ਸੰਗੀਤ ਦੀ ਦੇਵੀ ਮਾਂ ਸਰਸਵਤੀ ਨੂੰ ਸਮਰਪਤ ਹੈ।ਇਸ ਮੌਕੇ ਉਨ੍ਹਾਂ ਸਮਾਜ ਨੂੰ ਬੇਨਤੀ ਕੀਤੀ ਕਿ ਪਤੰਗਬਾਜ਼ੀ ਦੌਰਾਨ ਸਾਵਧਾਨੀ ਵਰਤਣ ਤੇ ਪੰਛੀਆਂ ਦੀ ਸੁਰੱਖਿਆ ਪ੍ਰਤੀ ਜਾਗਰੂਕ ਰਹਿਣ।

## ਐੱਸ ਐੱਸ ਪੀ ਵੱਲੋਂ ਡੌਗ ਸਕੁਐਡ ਟੀਮ ਨੂੰ ਨਕਦ ਇਨਾਮ



ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਐੱਸ ਐੱਸ ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋਂ ਡਾਗ ਸਕੁਐਡ ਟੀਮ ਨੂੰ ਹਾਲ ਹੀ ਵਿੱਚ ਪਿੰਡ ਘੋਨੀਵਾਲਾ ਵਿੱਚ 5 ਲੱਖ ਰੁਪਏ ਤੇ ਸੋਨੇ ਦੀ ਚੋਰੀ ਕੇਸ ਨੂੰ ਸੁਲਝਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ 10,000/- ਰੁਪਏ ਦਾ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ ਹੈ।ਇਸ ਦੇ ਨਾਲ ਹੀ ਰੌਕਸੀ ਡਾਗ ਨੂੰ ਵੀ ਵਧੀਆ ਕਾਰਗੁਜ਼ਾਰੀ ਲਈ ਨਗਦ ਇਨਾਮ ਨਾਲ ਸਨਮਾਨਤ ਕੀਤਾ ਗਿਆ।ਦੱਸਣਯੋਗ ਹੈ ਕਿ ਡੌਗ ਰੋਕਸੀ, ਜੋ ਕਿ 13 ਫਰਵਰੀ 2019 ਨੂੰ ਸੇਵਾ ਵਿੱਚ ਆਇਆ ਸੀ, ਨੇ ਆਪਣੀ ਸੇਵਾ ਦੌਰਾਨ ਕਈ ਮਹੱਤਵਪੂਰਨ ਕੇਸਾਂ ਨੂੰ ਸੁਲਝਾਉਣ ਵਿੱਚ ਮਦਦ ਕੀਤੀ ਹੈ।ਇਨ੍ਹਾਂ ਵਿੱਚੋਂ ਦੀਪ ਸਿੰਘ ਵਾਲਾ ਕਤਲ ਕੇਸ, ਬੀਰ ਸਿੱਖਾ ਵਾਲਾ ਚੋਰੀ ਕੇਸ, ਬੱਚਾ ਗੁੰਮ ਕੇਸ ਵਿੱਚ ਡੌਗ ਰੋਕਸੀ ਵੱਲੋਂ ਮਹੱਤਵਪੂਰਨ ਭੂਮਿਕਾ ਨਿਭਾਈ ਗਈ ਸੀ।

## ਲੋਕ ਚੌਥੀ ਵਾਰ ਕੇਜਰੀਵਾਲ ਨੂੰ ਮੁੱਖ ਮੰਤਰੀ ਬਣਾਉਣਗੇ : ਸੁਰਜੀਤ ਜੰਡੂ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਆਮ ਆਦਮੀ ਪਾਰਟੀ ਨੌਰਥ ਅਮਰੀਕਾ ਦੇ ਆਗੂ ਸੁਰਜੀਤ ਸਿੰਘ ਜੰਡੂ ਨੇ ਕਿਹਾ ਕਿ ਦਿੱਲੀ ਦੇ ਲੋਕ 5 ਫਰਵਰੀ ਨੂੰ ਭਾਰੀ ਬਹੁਮਤ ਨਾਲ ਮੁੜ ਅਰਿਵਿੰਦ ਕੇਜਰੀਵਾਲ ਨੂੰ ਮੁੜ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਕਰ ਲਿਆ ਹੈ।ਉਨ੍ਹਾ ਕਿਹਾ ਕਿ ਭਾਜਪਾ ਲੋਕਾਂ ਨੂੰ ਦਿਹਾੜੀ 'ਤੇ ਰੈਲੀਆਂ 'ਚ ਲਿਆਉਂਦੀ ਹੈ ਤੇ ਬਾਅਦ 'ਚ ਪੈਸੇ ਵੀ ਨਹੀਂ ਦਿੰਦੀ।ਜਦੋਂ ਉਹ 400 ਰੁਪਏ ਦਿਹਾੜੀ ਨਹੀਂ ਦੇ ਰਹੇ ਤਾਂ ਉਹ ਔਰਤਾਂ ਨੂੰ 2500 ਰੁਪਏ ਮਹੀਨਾ ਕਿਵੇਂ ਦੇਣਗੇ। ਉਨ੍ਹਾਂ ਕਿਹਾ ਕਿ ਭਾਜਪਾ ਅਰਵਿੰਦ ਕੇਜਰੀਵਾਲ ਦੇ ਹਲਕੇ 'ਚ 'ਆਪ' ਵਰਕਰਾਂ 'ਤੇ ਹਮਲੇ ਕਰ ਰਹੀ ਹੈ ਕਿਉਂਕਿ ਉਹ ਜਾਣਦੇ ਹਨ ਕਿ ਉਹ ਬੁਰੀ ਤਰ੍ਹਾਂ ਹਾਰ ਰਹੇ ਹਨ।ਉਨ੍ਹਾਂ ਵੋਟਰਾਂ ਨੂੰ ਫੁੱਟ ਪਾਊ ਰਾਜਨੀਤੀ ਨੂੰ ਰੱਦ ਕਰਨ ਦੀ ਅਪੀਲ ਕਰਦੇ ਹੋਏ ਕਿਹਾ, ਤੁਹਾਡੇ ਕੋਲ ਦੋ ਵਿਕਲਪ ਹਨ-ਇੱਕ ਪੱਖ ਲੜਾਈਆਂ ਨੂੰ ਉਤਸ਼ਾਹ ਦਿੰਦਾ ਹੈ, ਦੂਜਾ ਸਿੱਖਿਆ ਪ੍ਰਦਾਨ ਕਰਦਾ ਹੈ।ਇੱਕ ਤੁਹਾਡੇ ਬੱਚਿਆਂ ਨੂੰ ਚਾਕੂ ਅਤੇ ਤਲਵਾਰਾਂ ਦੇਵੇਗਾ, ਜਦੋਂ ਕਿ ਦੂਜਾ ਉਨ੍ਹਾਂ ਨੂੰ ਪੈਨ ਤੇ ਪੈਨਸਿਲ ਦੇਵੇਗਾ।ਉਨ੍ਹਾਂ ਆਮ ਆਦਮੀ ਪਾਰਟੀ ਨੂੰ ਮਿਲ ਰਹੇ ਭਾਰੀ ਸਮਰਥਨ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਦਿੱਲੀ ਨੇ ਫੈਸਲਾ ਕਰ ਲਿਆ ਹੈ, ਕੇਜਰੀਵਾਲ ਚੌਥੀ ਵਾਰ ਮੁੱਖ ਮੰਤਰੀ ਬਣਨਗੇ।ਭਾਜਪਾ ਦੀ ਨਿਰਾਸ਼ਾ ਦਰਸਾਉਂਦੀ ਹੈ ਕਿ ਉਹ ਪਹਿਲਾਂ ਹੀ ਹਾਰ ਚੁੱਕੀ ਹੈ।ਉਨ੍ਹਾਂ ਵੋਟਰਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਆਮ ਆਦਮੀ ਪਾਰਟੀ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ 5 ਫਰਵਰੀ ਨੂੰ ਝਾੜੂ ਦਾ ਬਟਨ ਦਬਾਓ।ਉਸ ਤੋਂ ਬਾਅਦ ਤੁਹਾਡੀ ਜ਼ਿੰਮੇਵਾਰੀ ਖਤਮ ਹੋ ਜਾਵੇਗੀ।ਫਿਰ ਪੰਜ ਸਾਲ ਕੰਮ ਕਰਨਾ ਸਾਡੀ ਜ਼ਿੰਮੇਵਾਰੀ ਹੋਵੇਗੀ।

## ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ 'ਚ 250 ਸਿਖਿਆਰਥੀਆਂ ਨੂੰ ਦਿੱਤਾ ਰੁਜ਼ਗਾਰ



ਪਟਿਆਲਾ (ਰਾਜਿੰਦਰ ਸਿੰਘ ਥਿੰਦ)- ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਾਭਾ ਰੋਡ ਪਟਿਆਲਾ ਵਿਖੇ ਡਿਪਟੀ ਡਾਇਰੈਕਟਰ-ਕਮ ਪ੍ਰਿੰਸੀਪਲ ਹਰਦੀਪ ਕੁਮਾਰ ਟੌਹੜਾ ਤੇ ਵਾਇਸ ਪ੍ਰਿੰਸੀਪਲ ਦਵਿੰਦਰਪਾਲ ਸਿੰਘ ਦੀ ਸਰਪ੍ਰਸਤੀ ਹੇਠ ਮਿਨਸਟਰੀ ਆਫ਼ ਸਕਿਲ ਡਿਵੈਲਪਮੈਂਟ ਐਂਡ ਇੰਪਲਾਈਮੈਂਟ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾਰੂਤੀ ਸੁਜ਼ੂਕੀ ਇੰਡੀਆ ਲਿਮਟਿਡ ਵੱਲੋਂ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਆਈ ਟੀ ਆਈ ਪਾਸ ਵੱਖ ਵੱਖ ਜ਼ਿਲ੍ਹਿਆਂ ਤੋਂ 300 ਸਿਖਿਆਰਥੀਆਂ ਨੇ ਸ਼ਿਰਕਤ ਕੀਤੀ ਅਤੇ ਇਨ੍ਹਾਂ ਵਿੱਚੋਂ 250 ਸਿਖਿਆਰਥੀਆਂ ਦੀ ਦੀ ਚੋਣ ਕੀਤੀ ਗਈ। ਇਨ੍ਹਾਂ ਸਿਲੈਕਟ ਸਿਖਿਆਰਥੀਆਂ ਨੂੰ ਮੁੱਢਲੀ ਤਨਖਾਹ 33400 ਰੁਪਏ ਦਿੱਤੀ ਜਾਵੇਗੀ ਤੇ ਡਿਊਟੀ 8 ਘੰਟੇ ਹੋਵੇਗੀ।

ਆਰ ਡੀ ਐਸ ਡੀ ਈ ਪੰਜਾਬ ਤੋਂ ਡਾਕਟਰ ਪਰਮਿੰਦਰ ਤਿਲਨ ਤੇ ਡਿਪਟੀ ਡਾਇਰੈਕਟਰ ਲੈਫਟੀਨੈਂਟ ਕਰਨਲ ਵਿਸ਼ਾਲ ਅਰੋੜਾ, ਆਈ ਟੀ ਆਈ ਦੇ ਪਲੇਸਮੈਂਟ ਇੰਚਾਰਜ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ, ਹੋਸਟਲ ਸੁਪਰਡੈਂਟ ਅਨਿਲ ਖੰਨਾ, ਸੁਖਵੰਤ ਸਿੰਘ ਟ੍ਰੇਨਿੰਗ ਅਫ਼ਸਰ ਅਤੇ ਸਮੂਹ ਸਟਾਫ ਨੇ ਭਰਪੂਰ ਸਹਿਯੋਗ ਦਿੱਤਾ।

## ਮੁਲਾਜ਼ਮ ਤੇ ਸਿੱਖਿਆ ਖੇਤਰ ਲਈ ਨਿਰਾਸ਼ਾਜਨਕ ਬਜਟ : ਤਲਵਿੰਦਰ ਸਿੰਘ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਕੌਮੀ ਬਜਟ ਪੇਸ਼ ਹੋਣ ਤੋਂ ਬਾਅਦ ਆ ਰਹੀ ਪ੍ਰਤੀਕਿਰਿਆ ਦੌਰਾਨ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੇ ਕਨਵੀਨਰ ਤਲਵਿੰਦਰ ਸਿੰਘ ਨੇ ਕਿਹਾ ਕਿ ਦੇਸ਼ ਭਰ ਦੇ 77 ਲੱਖ ਤੋਂ ਵੱਧ ਮੁਲਾਜ਼ਮ, ਜੋ ਨਵੀਂ ਪੈਨਸ਼ਨ ਸਕੀਮ ਅਧੀਨ ਆਉਂਦੇ ਹਨ, ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ, ਪਰ ਬਜਟ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਲਈ ਕੋਈ ਵੀ ਵਿਵਸਥਾ ਨਾ ਕਰਦੇ, ਯੂਨੀਫਾਈਡ ਪੈਨਸ਼ਨ ਸਕੀਮ ਵੱਲ ਜ਼ੋਰ ਦਿੱਤਾ ਗਿਆ, ਜੋ ਮੁਲਾਜ਼ਮ ਨੂੰ ਬਿਲਕੁਲ ਵੀ ਮੰਨਜ਼ੂਰ ਨਹੀਂ।ਮੈਡੀਕਲ ਦੀਆਂ 10000 ਸੀਟਾਂ ਵਿੱਚ ਵਾਧਾ ਕਰਨ, ਕੁੱਲ ਭਾਰਤ ਦੀ ਵਸੋਂ ਮੁਤਾਬਕ ਬਹੁਤ ਨਿਗੂਣਾ ਹੈ।ਸਰਕਾਰੀ ਸਿੱਖਿਆ ਵਿੱਚ ਪੇਂਡੂ ਖੇਤਰਾਂ ਦੇ ਵਿਦਿਆਰਥੀ ਲਈ ਸਿੱਖਿਆ ਨੂੰ ਉਤਸ਼ਾਹਤ ਕਰਨ ਲਈ ਕੋਈ ਵਿਸ਼ੇਸ਼ ਯੋਜਨਾ ਨਹੀਂ।ਨਵੇਂ ਰੋਜ਼ਗਾਰ ਪੈਦਾ ਕਰਨ ਪੱਖੋਂ ਵੀ ਬਜਟ ਨਿਰਾਸ਼ਾ ਭਰਿਆ ਹੀ ਰਿਹਾ।ਕੁੱਲ ਮਿਲਾ ਕੇ ਪੰਜਾਬ ਲਈ ਇਸ ਬਜਟ ਵਿੱਚ ਕੁਝ ਵੀ ਖਾਸ ਨਹੀਂ ਹੈ।ਬਜਟ ਵਿੱਚ ਆਮ ਲੋਕਾਂ ਦੀ ਥਾਂ ਕਾਰਪੋਰੇਟਾਂ ਨੂੰ ਛੋਟਾਂ ਦਿੱਤੀਆਂ ਗਈਆਂ ਹਨ।ਕਾਰਪੋਰੇਟ ਟੈਕਸ ਨੂੰ ਵਧਾਉਣ ਵੱਲ ਕੋਈ ਵਿਵਸਥਾ ਨਹੀਂ ਕੀਤੀ, ਸਗੋਂ ਹਰ ਖੇਤਰ ਵਿੱਚ ਕਾਰਪੋਰੇਟਾਂ ਨੂੰ ਮੁਨਾਫ਼ੇ ਦੇ ਰਾਹ ਖੋਲ੍ਹੇ ਜਾ ਰਹੇ ਹਨ।

## ਈ ਟੀ ਟੀ ਟੈਟ ਪਾਸ 5994 ਬੈਕਲਾਗ ਯੂਨੀਅਨ ਦਾ ਸੀ ਐੱਮ ਦੀ ਕੋਠੀ ਅੱਗੇ ਪ੍ਰਦਰਸ਼ਨ

### ਪਤੰਗਾਂ 'ਤੇ ਨਾਅਰੇ ਲਿਖ ਕੇ ਮਨਾਈ ਸੰਕੇਤਕ ਰੂਪ 'ਚ ਬਸੰਤ ਪੰਚਮੀ



ਸੰਗਰੂਰ (ਪ੍ਰਵੀਨ ਸਿੰਘ)

ਪਿਛਲੇ ਲਗਭਗ ਤਿੰਨ ਸਾਲ ਤੋਂ ਆਪਣੀ 5994 ਭਰਤੀ ਬੈਕਲਾਗ ਸਮੇਤ ਪੂਰੀ ਹੋਣ ਦੀ ਉਡੀਕ ਕਰ ਰਹੀ ਈਟੀਟੀ ਬੇਰੁਜ਼ਗਾਰ 5994 ਅਧਿਆਪਕ ਬੈਕਲਾਗ ਯੂਨੀਅਨ ਪੰਜਾਬ ਨੇ ਸੰਘਰਸ਼ ਦੇ ਰੂਪ ਨੂੰ ਤਿੱਖਾ ਕਰ ਦਿੱਤਾ ਹੈ। ਬੈਕਲਾਗ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ 5994 ਵਿਚਲੇ 2994 ਬੈਕਲਾਗ ਦਾ ਪੁਖ਼ਤਾ ਹੱਲ ਕਰਕੇ ਤੇ 5994 ਵਿੱਚ ਜਿਨ੍ਹਾਂ ਉਮੀਦਵਾਰਾਂ ਦੀ ਸਕਰੂਟਨੀ ਹੋਈ ਹੈ, ਉਨ੍ਹਾਂ ਨੂੰ ਜਲਦ ਸਕੂਲਾਂ ਵਿੱਚ ਭੇਜੇ। ਬੈਕਲਾਗ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਦੀਪਕ ਅਬੋਹਰ ਨੇ ਦੱਸਿਆ ਕਿ ਈਟੀਟੀ ਕਾਡਰ ਦੀ 5994 ਭਰਤੀ ਦਾ ਇਸ਼ਤਿਹਾਰ ਆਏ ਨੂੰ ਲਗਭਗ ਤਿੰਨ ਸਾਲ ਹੋਣ ਜਾ ਰਹੇ ਹਨ, ਜਿਸ ਵਿੱਚ 2994 ਬੈਕਲਾਗ ਪੋਸਟਾਂ ਵੀ ਹਨ, ਪ੍ਰੰਤੂ ਅਜੇ ਤੱਕ ਇੱਕ ਵੀ ਉਮੀਦਵਾਰ ਨੂੰ ਜੁਆਇਨ ਨਹੀਂ ਕਰਵਾਇਆ ਗਿਆ। ਸੂਬਾ ਪ੍ਰੈੱਸ ਸਕੱਤਰ ਨੇ ਇਹ ਵੀ ਦੱਸਿਆ ਕਿ 24 ਸਤੰਬਰ 2024 ਨੂੰ ਉਨ੍ਹਾਂ ਦੀ ਯੂਨੀਅਨ ਨੇ ਡੀਪੀਆਈ ਐਲੀਮੈਂਟਰੀ ਦਾ ਘਿਰਾਓ ਰੱਖਿਆ ਗਿਆ ਸੀ, ਪ੍ਰੰਤੂ ਮੋਹਾਲੀ ਪ੍ਰਸ਼ਾਸਨ ਵੱਲੋਂ ਸਿੱਖਿਆ ਮੰਤਰੀ ਪੰਜਾਬ ਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਦਾ ਸਮਾਂ ਲੈ ਕੇ ਦਿੱਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਨੇ ਬੈਕਲਾਗ ਨੂੰ ਭਰਨ ਤੋਂ ਨਾ ਕਰ ਦਿੱਤੀ ਤੇ ਬੈਕਲਾਗ ਕੈਰੀ ਫਾਰਵਰਡ ਕਰਨ ਲਈ ਕਿਹਾ, ਜੋ ਕਿ ਮੌਜੂਦਾ ਕਾਨੂੰਨਾ ਦੇ ਉਲਟ ਹੈ।

ਉਪਰੰਤ ਅਗਲੀ ਮੀਟਿੰਗ ਸਿੱਖਿਆ ਮੰਤਰੀ ਪੰਜਾਬ ਨਾਲ ਹੋਈ ਤਾਂ ਉਨ੍ਹਾਂ ਨੇ ਵੀ ਪਿਛਲੇ ਸ਼ਬਦਾਂ ਨੂੰ ਹੀ ਦੁਹਰਾ ਦਿੱਤਾ, ਪ੍ਰੰਤੂ ਜਦੋਂ ਮੰਤਰੀ ਸਾਹਿਬ ਨੂੰ ਪੂਰੀ ਨਿਯਮਾਂਵਲੀ ਸਮਝਾਈ ਗਈ ਤਾਂ ਹੋਈ ਤਾਂ ਉਨ੍ਹਾਂ ਨੇ ਬੈਕਲਾਗ ਦੀ ਅਗਲੀ ਕਾਰਵਾਈ ਲਈ ਫ਼ਾਇਲ ਨੂੰ ਡੀਪੀਆਈ ਐਲੀਮੈਂਟਰੀ ਨੂੰ ਜਮ੍ਹਾਂ ਕਰਵਾਉਣ ਲਈ ਕਿਹਾ, ਜੋ 30 ਸਤੰਬਰ 2024 ਨੂੰ ਜਮ੍ਹਾਂ ਕਰਵਾ ਦਿੱਤੀ ਗਈ। ਆਗੂ ਨੇ ਦੱਸਿਆ ਕਿ ਹੁਣ ਫ਼ਾਇਲ ਨੂੰ ਜਮ੍ਹਾਂ ਕਰਵਾਈ ਨੂੰ ਵੀ ਅੱਜ ਲਗਭੱਗ ਪੰਜ ਮਹੀਨੇ ਦਾ ਸਮਾਂ ਹੋ ਗਿਆ ਹੈ, ਪ੍ਰੰਤੂ ਅਜੇ ਤੱਕ ਬੈਕਲਾਗ ਦਾ ਇਕ ਪ੍ਰਤੀਸ਼ਤ ਵੀ ਕੰਮ ਸ਼ੁਰੂ ਨਹੀਂ ਹੋਇਆ।

ਇਸ ਮੌਕੇ ਈਟੀਟੀ ਟੈਟ ਪਾਸ 5994 ਬੈਕਲਾਗ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰਪਾਲ ਗੁਰਦਾਸਪੁਰ, ਬਲਵਿੰਦਰ ਕਾਕਾ, ਮਨਦੀਪ ਫ਼ਾਜ਼ਿਲਕਾ ਤੇ ਰਾਜ ਕੁਮਾਰ ਅਬੋਹਰ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਬੈਕਲਾਗ ਪ੍ਰੋਸੈੱਸ ਸ਼ੁਰੂ ਕੀਤਾ ਜਾਵੇ ਤੇ ਸਿਲੈਕਸ਼ਨ ਲਿਸਟ ਜਾਰੀ ਕੀਤੀਆਂ ਜਾਣ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਤੇ ਗ਼ੌਰ ਨਾ ਕੀਤਾ ਗਿਆ ਤਾਂ ਉਹ ਟੈਂਕੀਆਂ ਤੇ ਟਾਵਰਾਂ 'ਤੇ ਚੜ੍ਹਨ ਨੂੰ ਮਜਬੂਰ ਹੋਣਗੇ ਅਤੇ ਸੰਘਰਸ਼ ਦੌਰਾਨ ਜਾਨੀ ਮਾਲੀ ਨੁਕਸਾਨ ਦੀ ਜ਼ਿੰਮੇਵਾਰੀ ਸਰਕਾਰ ਤੇ ਸਿਵਲ ਪ੍ਰਸ਼ਾਸਨ ਅਤੇ ਮੁੱਖ ਮੰਤਰੀ ਦੀ ਹੋਵੇਗੀ। ਇਸ ਸਮੇਂ ਕੁਲਵਿੰਦਰ ਸ਼ਾਮਾ, ਅਸ਼ੋਕ ਬਾਵਾ ਸਰਬਜੀਤ, ਗੁਰਪ੍ਰੀਤ ਬਾਜਵਾ ਫ਼ਾਜ਼ਿਲਕਾ, ਮੀਨੂੰ ਕੰਬੋਜ ਫਾਜ਼ਿਲਕਾ, ਰਿਤੇਸ਼, ਹਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਸਾਰੇ ਅਬੋਹਰ ਤੇ ਪਰਵਿੰਦਰ ਲਹੌਰੀਆ ਆਦਿ ਹਾਜ਼ਰ ਸਨ।

## ਕਿਸਾਨਾਂ ਤੇ ਖੇਤ ਮਜ਼ਦੂਰਾਂ ਲਈ ਬਜਟ 'ਚ ਕੁਝ ਵੀ ਨਹੀਂ : ਬਾਰਨ

ਪਟਿਆਲਾ (ਰਾਜਿੰਦਰ ਥਿੰਦ, ਅਵਤਾਰ ਜਟਾਣਾ)-ਕੇਂਦਰੀ ਵਿੱਤ ਮੰਤਰੀ ਸ੍ਰੀਮਤੀ ਸੀਤਾਰਮਨ ਵੱਲੋਂ ਪੇਸ਼ ਕੀਤੇ ਬਜਟ ਵਿੱਚ ਕਿਸਾਨਾਂ ਲਈ ਕੁਝ ਵੀ ਖਾਸ ਨਹੀਂ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਸਕੱਤਰ ਸੁਖਮਿੰਦਰ ਸਿੰਘ ਬਾਰਨ ਨੇ ਕਿਹਾ ਕਿ ਮੰਤਰੀ ਸਾਹਿਬਾਂ ਵੱਲੋਂ ਬਜਟ ਵਿੱਚ ਅਨਾਜ ਦੀ ਬਹੁਤਾਤ ਹੋਣ ਤੇ ਦਾਲਾਂ ਦੀ ਘਾਟ ਦਾ ਸੰਦੇਸ਼ ਦਿੱਤਾ ਹੈ ਤੇ ਦਾਲਾਂ ਦੀ ਖੇਤੀ ਨੂੰ ਉਤਸ਼ਾਹਤ ਕਰਨ ਲਈ ਛੇ ਸਾਲਾ ਵਿਵਸਥਾ ਦਾ ਖੋਖਲਾ ਦਾਅਵਾ ਕੀਤਾ ਹੈ।ਪਹਿਲਾਂ ਹੀ ਦੇਸ਼ ਦੇ ਕਈ ਸੂਬਿਆਂ ਵਿੱਚ ਦਾਲਾਂ ਦੀ ਖੇਤੀ ਹੋ ਰਹੀ ਹੈ, ਉਨ੍ਹਾਂ ਕਿਸਾਨਾਂ ਨੂੰ ਫਸਲਾਂ ਦੇ ਕਦੇ ਵੀ ਵਾਜਬ ਭਾਅ ਨਹੀਂ ਮਿਲੇ।ਇਨ੍ਹਾਂ ਤੋਂ ਇਲਾਵਾ ਕਪਾਹ ਦੀ ਖੇਤੀ ਲਈ 5 ਸਾਲਾ ਯੋਜਨਾ ਬਣਾਉਣ ਦਾ ਜ਼ਿਕਰ ਬਜਟ ਵਿੱਚ ਕੀਤਾ ਗਿਆ, ਪਰ ਪੰਜਾਬ ਦੇ ਮਾਲਵਾ ਖਿੱਤੇ ਦੇ ਕਿਸਾਨ ਪਹਿਲਾਂ ਹੀ ਕਪਾਹ ਖੇਤੀ ਕਰ ਰਹੇ ਹਨ, ਪਰ ਪਿਛਲੇ ਇੱਕ ਦਹਾਕੇ ਤੋਂ ਇਹ ਕਿਸਾਨ ਮਾੜੀ ਨੀਤੀਆਂ ਕਾਰਨ ਕਪਾਹ ਦੀ ਖੇਤੀ ਦੀ ਥਾਂ ਝੋਨੇ ਤੇ ਹੋਰ ਫਸਲਾਂ ਵੱਲ ਖਿਸਕ ਰਹੇ ਹਨ। ਮੰਡੀਕਰਨ, ਨਕਲੀ ਰਸਾਇਣ, ਨਕਲੀ ਖਾਂਦਾ ਦੀ ਮਾਰ ਹੋਣ ਕਾਰਨ ਕਰਜ਼ੇ ਤੇ ਖੁਦਕੁਸ਼ੀਆਂ ਝੱਲਣ ਲਈ ਮਜਬੂਰ ਹਨ।

ਕਿਸਾਨ, ਬੇਜ਼ਮੀਨੇ ਕਿਸਾਨ ਤੇ ਮਜ਼ਦੂਰਾਂ ਲਈ ਕਰਜ਼ਾ ਮਾਫ਼ੀ ਲਈ ਕੋਈ ਵੀ ਵਿਵਸਥਾ ਨਹੀਂ ਕੀਤੀ ਗਈ।ਪੇਂਡੂ ਮਜ਼ਦੂਰਾਂ ਲਈ ਮਨਰੇਗਾ ਦੇ ਬਜਟ ਵਿੱਚ ਕੋਈ ਵਾਧਾ ਨਹੀਂ ਕੀਤਾ, ਜਨਤਕ ਵੰਡ ਪ੍ਰਣਾਲੀ ਵਿੱਚ ਵਾਧੇ ਦੀ ਵਿਵਸਥਾ ਨਹੀਂ, ਜਦੋਂਕਿ ਮਹਿੰਗਾਈ ਦਿਨੋਂ-ਦਿਨ ਅਸਮਾਨ ਛੂਹ ਰਹੀ ਹੈ। ਸਬਜ਼ੀਆਂ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਉਤਸ਼ਾਹਤ ਕਰਨ ਪੱਖੋਂ ਵੀ ਬਜਟ ਵਿੱਚ ਕੋਰੀ ਨਾਂਹ ਹੈ।ਆਗੂ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਕਿਸਾਨ 23 ਫਸਲਾਂ ਦੀ ਘੱਟੋ-ਘੱਟ ਖਰੀਦ ਦੀ ਕਾਨੂੰਨੀ ਗਾਰੰਟੀ ਲਈ ਸੰਘਰਸ਼ ਕਰ ਰਹੇ ਹਨ, ਬਜਟ ਵਿੱਚ ਇਸ ਲਈ ਵਿਵਸਥਾ ਦਾ ਕੋਈ ਜ਼ਿਕਰ ਨਹੀਂ।ਇਸ ਤਰ੍ਹਾਂ ਕਿਸਾਨਾਂ ਤੇ ਮਜ਼ਦੂਰਾਂ ਲਈ ਬਜਟ ਨਿਰਾਸ਼ਾਜਨਕ ਹੈ।

## ਇੰਡੀਅਨ ਮੈਡੀਕਲ ਐਸੋਸੀਏਸ਼ਨ ਨਾਭਾ ਵੱਲੋਂ ਖ਼ੂਨਦਾਨ ਕੈਂਪ



ਨਾਭਾ (ਵਰਿੰਦਰ ਵਰਮਾ)- ਇੰਡੀਅਨ ਮੈਡੀਕਲ ਐਸੋਸੀਏਸ਼ਨ ਨਾਭਾ ਵੱਲੋਂ ਪ੍ਰਧਾਨ ਡਾਕਟਰ ਜੇ ਪੀ ਨਰੂਲਾ ਦੀ ਅਗਵਾਈ ਹੇਠ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਗਿਆ।ਇਹ ਖੂਨਦਾਨ ਕੈਂਪ ਪਾਲ ਨਰਸਿੰਗ ਹੋਮ, (ਡਾ. ਰਾਜਵੰਤ ਹਸਪਤਾਲ) ਸਰਕੂਲਰ ਰੋਡ ਨਾਭਾ ਵਿਖੇ ਲਗਾਇਆ ਗਿਆ।ਕੈਂਪ ਵਿੱਚ ਸਿਵਲ ਹਸਪਤਾਲ ਨਾਭਾ ਦੀ ਡਾ. ਹੀਨਾ ਸਿੰਗਲਾ ਤੇ ਵਿਕਾਸ ਮਿੱਤਲ ਦੀ ਟੀਮ ਵੱਲੋਂ ਖੂਨਦਾਨੀਆਂ ਤੋਂ ਖੂਨ ਇਕੱਤਰ ਕੀਤਾ ਗਿਆ।ਇਸ ਕੈਂਪ ਦੇ ਮੁੱਖ ਮਹਿਮਾਨ ਸ: ਜੈ ਸਿੰਘ ਗਿੱਲ ਸਾਬਕਾ ਮੁੱਖ ਸਕੱਤਰ ਪੰਜਾਬ ਸਰਕਾਰ ਤੇ ਗੈਸਟ ਆਫ ਆਨਰ ਡਾ. ਦਿਨੇਸ਼ ਸ਼ਰਮਾ ਚੇਅਰਮੈਨ ਪੰਜਾਬ ਪਬਲਿਕ ਸਕੂਲ ਨਾਭਾ, ਡਾ. ਵੀਨੂੰ ਗੋਇਲ ਐੱਸ.ਐੱਮ.ਓ. ਸਿਵਲ ਹਸਪਤਾਲ ਨਾਭਾ, ਡਾ. ਜੇ. ਪੀ. ਨਰੂਲਾ ਪ੍ਰਧਾਨ ਇੰਡੀਅਨ ਮੈਡੀਕਲ ਐਸੋਸੀਏਸ਼ਨ ਨਾਭਾ, ਡਾ. ਅਰਪਿਤ ਗਰਗ ਜਨਰਲ ਸਕੱਤਰ ਇੰਡੀਅਨ ਮੈਡੀਕਲ ਐਸੋਸੀਏਸ਼ਨ ਨਾਭਾ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਲੋੜਵੰਦਾਂ ਦੀ ਮਦਦ ਲਈ ਹਰ ਸੰਸਥਾ ਨੂੰ ਅਜਿਹੇ ਕੈਂਪ ਲਗਾਉਣੇ ਚਾਹੀਦੇ ਹਨ ਤਾਂ ਕਿ ਕਿਸੇ ਇਨਸਾਨ ਦੀ ਮਦਦ ਕੀਤੀ ਜਾ ਸਕੇ।ਇਸ ਮੌਕੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਪ੍ਰਧਾਨ ਤੇ ਸਮੂਹ ਮੈਂਬਰਾਂ ਵੱਲੋਂ ਆਈਆਂ ਸ਼ਖਸੀਅਤਾਂ, ਮੁੱਖ ਮਹਿਮਾਨ ਤੇ ਖੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਸਾਬਕਾ ਵਿਧਾਇਕ ਰਮੇਸ਼ ਸਿੰਗਲਾ, ਮੱਖਣ ਸਿੰਘ ਲਾਲਕਾ, ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਚਰਨ ਸਿੰਘ ਐੱਮ ਡੀ ਮਲਕੀਤ ਗਰੁੱਪ, ਰਵੀ ਸਿੰਘ ਐੱਮ ਡੀ ਪ੍ਰੀਤ ਗਰੁੱਪ, ਗੁਰਪ੍ਰੀਤ ਸਿੰਘ ਸ਼ਾਹਪੁਰ, ਜੇ ਪੀ ਗੁਪਤਾ, ਅਸ਼ੋਕ ਬਾਂਸਲ, ਓਮ ਪ੍ਰਕਾਸ਼ ਗਰਗ, ਵੇਦ ਪ੍ਰਕਾਸ਼ ਡੱਲਾ, ਰਾਜੇਸ਼ ਢੀਂਗਰਾ, ਅਸ਼ੋਕ ਅਰੋੜਾ ਆਦਿ ਤੋਂ ਇਲਾਵਾ ਡਾਕਟਰ ਸੰਜੇ ਗੋਇਲ ਸਿਵਲ ਸਰਜਨ ਮਲੇਰਕੋਟਲਾ, ਡਾ. ਹਰਗੁਰਵਿੰਦਰ ਸਿੰਘ, ਡਾ. ਮੁਲਖਰਾਜ, ਡਾ. ਦਲਵੀਰ ਕੌਰ, ਡਾ. ਬੀ ਕੇ ਚੋਪੜਾ, ਡਾ. ਜੀਵਨ ਗਰਗ, ਡਾ. ਪਰਵੀਨ ਗੁਪਤਾ, ਡਾ. ਰਜਿੰਦਰ ਵਰਮਾ, ਡਾ. ਰਜਨੀਸ਼ ਗੋਇਲ, ਡਾ. ਕਨਵਰਜੀਤ ਸਿੰਘ ਆਦਿ ਹਾਜ਼ਰ ਸਨ।

## ਡੀ ਆਈ ਜੀ ਪਟਿਆਲਾ ਰੇਂਜ ਵੱਲੋਂ ਪੁਲਸ ਕਰਮਚਾਰੀਆਂ ਨੂੰ ਤਰੱਕੀਆਂ ਦੇ ਗੱਫ਼ੇ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪਟਿਆਲਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਸ. ਮਨਦੀਪ ਸਿੰਘ ਸਿੱਧੂ, ਆਈ.ਪੀ.ਐਸ. ਨੇ ਬਸੰਤ ਪੰਚਮੀ ਦੇ ਪਵਿੱਤਰ ਦਿਹਾੜੇ 'ਤੇ ਪੁਲਸ ਮੁਲਾਜ਼ਮਾਂ ਨੂੰ ਵੱਡਾ ਤੋਹਫ਼ਾ ਦਿੰਦੇ ਹੋਏ ਪਟਿਆਲਾ ਰੇਂਜ ਦੇ ਜ਼ਿਲ੍ਹਾ ਪਟਿਆਲਾ, ਸੰਗਰੂਰ, ਬਰਨਾਲਾ ਤੇ ਮਾਲੇਰਕੋਟਲਾ ਵਿਖੇ ਤਾਇਨਾਤ 727 ਪੁਲਸ ਕ੍ਰਮਚਾਰੀਆਂ ਨੂੰ ਤਰੱਕੀਯਾਬ ਕੀਤਾ ਹੈ।ਇਨ੍ਹਾਂ ਤਰੱਕੀਆਂ ਦੇ ਬਸੰਤ ਪੰਚਮੀ ਦੇ ਮੌਕੇ 'ਤੇ ਹੁਕਮ ਜਾਰੀ ਕਰਦਿਆਂ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਪੰਜਾਬ ਪੁਲਿਸ ਸੂਬੇ ਦੀ ਸੁਰੱਖਿਆ ਤੇ ਅਮਨ-ਸ਼ਾਂਤੀ ਲਈ ਕੰਮ ਕਰ ਰਹੀ ਹੈ, ਜਿਸ ਦੇ ਮੱਦੇਨਜ਼ਰ ਸਮੇਂ-ਸਮੇਂ 'ਤੇ ਮੁਲਾਜ਼ਮਾਂ ਨੂੰ ਤਰੱਕੀ ਦਿੱਤੀ ਜਾਂਦੀ ਹੈ, ਪ੍ਰੰਤੂ ਜਦੋਂ ਕਿਸੇ ਤਿੱਥ ਤਿਉਹਾਰ ਮੌਕੇ ਕਿਸੇ ਵੀ ਮੁਲਾਜ਼ਮ ਨੂੰ ਤਰੱਕੀ ਮਿਲਦੀ ਹੈ ਤਾਂ ਉਸ ਦੀ ਖੁਸ਼ੀ ਵੱਖਰੀ ਹੀ ਹੁੰਦੀ ਹੈ।ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਜਿਹੜੇ ਮੁਲਾਜ਼ਮਾਂ ਨੂੰ ਤਰੱਕੀ ਦਿੱਤੀ ਗਈ ਹੈ, ਉਨ੍ਹਾਂ ਵਿੱਚ ਸਹਾਇਕ ਥਾਣੇਦਾਰ ਤੋਂ ਸਬ-ਇੰਸਪੈਕਟਰ 23, ਹੌਲਦਾਰ ਤੋਂ ਸਹਾਇਕ ਥਾਣੇਦਾਰ 132, ਸਿਪਾਹੀ ਤੋਂ ਹੌਲਦਾਰ 572 ਸ਼ਾਮਲ ਹਨ।

ਡੀ ਆਈ ਜੀ ਮਨਦੀਪ ਸਿੰਘ ਸਿੱਧੂ ਨੇ ਤਰੱਕੀਯਾਬ ਹੋਏ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਬਾਰਕਬਾਦ ਦਿੱਤੀ।ਇਨ੍ਹਾਂ ਕ੍ਰਮਚਾਰੀਆਂ ਨੂੰ ਸ਼ੁਭ ਇਛਾਵਾਂ ਦਿੰਦੇ ਹੋਏ ਸਿੱਧੂ ਨੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਇਹ ਤਰੱਕੀਯਾਬ ਕ੍ਰਮਚਾਰੀ ਤਨਦੇਹੀ ਨਾਲ ਸਥਾਪਤ ਕਾਨੂੰਨਾਂ ਦੀ ਪਾਲਣਾ ਕਰਦੇ ਹੋਏ ਲੋਕ ਹਿੱਤ ਵਿੱਚ ਕੰਮ ਕਰਨਗੇ।

## ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਸਮਾਗਮ



ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ ਏ ਵੀ ਪਬਲਿਕ ਸਕੂਲ ਵੱਲੋਂ ਸਕੂਲ ਦੇ ਵਿਹੜੇ ਵਿੱਚ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦਾ ਵਿਦਾਇਗੀ ਸਮਾਗਮ ਕਰਵਾਇਆ ਗਿਆ। ਵਿਦਾਇਗੀ ਸਮਾਰੋਹ ਦੀ ਪ੍ਰਧਾਨਗੀ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਨੇ ਕੀਤੀ। ਵਿਦਾਇਗੀ ਸਮਾਗਮ ਵਿੱਚ ਸਭ ਤੋਂ ਪਹਿਲਾਂ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੀਆਂ ਵੱਖ-ਵੱਖ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਦੁਨੀਆ ਨੂੰ ਤੁਹਾਡੇ ਵਰਗੇ ਸੂਝਵਾਨ ਨੌਜਵਾਨਾਂ ਦੀ ਲੋੜ ਹੈ। ਸਫਲਤਾ ਤੁਹਾਡੇ ਰਾਹ 'ਤੇ ਰਹੇਗੀ। ਉਨ੍ਹਾ ਕਿਹਾ ਕਿ ਇਹ ਤੁਹਾਡਾ ਵਿਸ਼ਵਾਸ, ਹਿੰਮਤ, ਸਬਰ ਤੇ ਸਖ਼ਤ ਮਿਹਨਤ ਹੈ, ਜੋ ਤੁਹਾਨੂੰ ਭਵਿੱਖ ਵਿੱਚ ਅੱਗੇ ਲੈ ਕੇ ਜਾਵੇਗੀ ਅਤੇ ਤੁਹਾਨੂੰ ਇੱਕ ਉੱਜਵਲ ਭਵਿੱਖ ਪ੍ਰਦਾਨ ਕਰੇਗੀ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਵਿਦਿਆਰਥੀਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਲਗਾਤਾਰ ਮਿਹਨਤ ਤੇ ਲਗਨ ਨਾਲ ਅੱਗੇ ਵਧਦੇ ਰਹਿਣਗੇ ਤੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਰੌਸ਼ਨ ਕਰਨਗੇ। ਸਮਾਗਮ ਦੇ ਅੰਤ ਵਿੱਚ ਸਮੂਹ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ ਗਏ। ਵਿਦਾਇਗੀ ਸਮਾਰੋਹ ਦਾਅਵਤ ਨਾਲ ਸਮਾਪਤ ਹੋਇਆ।

## ਕੇਂਦਰੀ ਬਜਟ ਸੰਬੰਧੀ ਪੈਨਸ਼ਨਰ ਆਗੂ ਪ੍ਰੇਮ ਚਾਵਲਾ ਵੱਲੋਂ ਪ੍ਰਤੀਕਰਮ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਪੈਨਸ਼ਨਰ ਯੂਨੀਅਨ ਸਬੰਧਤ ਏਟਕ ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸਦਨ ਵਿੱਚ ਸਾਲ 2025-26 ਲਈ ਪੇਸ਼ ਕੀਤੇ ਗਏ ਬਜਟ ਸਬੰਧੀ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਡੀਜ਼ਲ, ਪੈਟਰੋਲ, ਗੈਸ ਤੇ ਰਸੋਈ ਦੀਆਂ ਹੋਰ ਵਸਤਾਂ ਨੂੰ ਸਸਤੀਆਂ ਕਰਨ ਬਾਰੇ ਬਜਟ ਵਿੱਚ ਪੂਰਨ ਚੁੱਪੀ ਧਾਰੀ ਗਈ, ਜਿਸ ਨਾਲ ਆਮ ਲੋਕਾਂ ਨੂੰ ਵਧ ਰਹੀ ਮਹਿੰਗਾਈ ਵਿੱਚ ਕੋਈ ਰਾਹਤ ਨਹੀਂ ਮਿਲੇਗੀ।ਬੀਮਾ ਖੇਤਰ ਵਿੱਚ 100 ਫੀਸਦੀ ਵਿਦੇਸ਼ੀ ਨਿਵੇਸ਼ ਕਰਨ ਦਾ ਐਲਾਨ ਲੋਕ ਵਿਰੋਧੀ ਫੈਸਲਾ ਹੈ, ਇਸ ਨਾਲ ਨਿੱਜੀਕਰਨ ਉਤਸ਼ਾਹਤ ਹੋਵੇਗਾ, ਜੋ ਪਬਲਿਕ ਸੈਕਟਰ ਲਈ ਖਤਰੇ ਦੀ ਘੰਟੀ ਬਣੇਗਾ।ਆਮਦਨ ਕਰ ਦੀ ਛੋਟ ਵਿੱਚ ਵਾਧਾ ਕਰਨ ਨਾਲ ਮੁਲਾਜ਼ਮਾਂ, ਪੈਨਸ਼ਨਰਾਂ ਤੇ ਦਰਮਿਆਨੇ ਵਰਗ ਨੂੰ ਕੁੱਝ ਰਾਹਤ ਜ਼ਰੂਰ ਮਿਲੇਗੀ।ਮੋਬਾਇਲ, ਐੱਲ ਈ ਡੀ, ਐੱਲ ਸੀ ਡੀ, ਇਲੈਕਟ੍ਰਿਕ ਵਹੀਕਲ, ਕੈਂਸਰ ਤੇ ਹੋਰ ਕਈ ਬਿਮਾਰੀਆਂ ਦੀਆਂ ਦਵਾਈਆਂ ਸਸਤੀਆਂ ਕਰਨਾ ਬਜਟ 'ਚ ਚੰਗਾ ਕਦਮ ਹੈ।ਕੇਂਦਰੀ ਬਜਟ ਵਿੱਚ ਬਿਹਾਰ ਦੇ ਕਿਸਾਨਾਂ ਨੂੰ ਵਿਸ਼ੇਸ਼ ਪੈਕੇਜ ਦਿੱਤਾ ਗਿਆ ਹੈ ਤੇ ਦੇਸ਼ ਦੇ ਬਾਕੀ ਰਾਜਾਂ ਦੇ ਕਿਸਾਨਾਂ ਨਾਲ ਅਤੇ ਅੰਦੋਲਨ ਦੇ ਰਾਹ ਪਏ ਹੋਏ ਕਿਸਾਨਾਂ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤਾ ਗਿਆ ਹੈ।

## ਬਸੰਤ ਪੰਚਮੀ ਜੋੜ ਮੇਲ ਮੌਕੇ ਗੁਰਦੁਆਰਾ ਦੂਖ ਨਿਵਾਰਨ ਵਿਖੇ ਸੰਗਤ ਹੋਈ ਨਤਮਸਤਕ



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦੇ ਸਾਲਾਨਾ ਜੋੜ ਮੇਲ ਮੌਕੇ ਵੱਡੀ ਗਿਣਤੀ 'ਚ ਸੰਗਤ ਗੁਰੂ ਦਰਬਾਰ ਵਿੱਚ ਨਤਮਸਤਕ ਹੋਈ, ਉਥੇ ਹੀ ਪਵਿੱਤਰ ਸਰੋਵਰ 'ਚ ਆਸਥਾ ਦੀ ਡੁੱਬਕੀ ਲਗਾ ਕੇ ਇਸ਼ਨਾਨ ਕੀਤਾ।ਬਸੰਤ ਪੰਚਮੀ ਦੇ ਸਾਲਾਨਾ ਜੋੜ ਮੇਲ ਨੂੰ ਸਮਰਪਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਕਵਾੜ੍ਹ ਖੁੱਲ੍ਹਣ ਮਗਰੋਂ ਕੀਰਤਨ ਆਸਾ ਕੀ ਵਾਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਮਨਦੀਪ ਸਿੰਘ ਵੱਲੋਂ ਕਰਨ ਉਪਰੰਤ ਕਥਾ ਪ੍ਰਵਾਹ ਭਾਈ ਪ੍ਰਿਤਪਾਲ ਸਿੰਘ ਨੇ ਕੀਤਾ ਅਤੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਵੀ ਪਾਏ ਗਏ।

ਬਸੰਤ ਪੰਚਮੀ ਦੇ ਚੱਲ ਰਹੇ ਸਮਾਗਮਾਂ 'ਚ ਸ਼ਿਰਕਤ ਕਰਨ ਉਚੇਚੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਨੇ ਵੀ ਸ਼ਿਰਕਤ ਕੀਤੀ, ਜਿਨ੍ਹਾਂ 'ਚ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਬਲਤੇਜ ਸਿੰਘ ਖੋਖ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਬੀਬੀ ਕੁਲਦੀਪ ਕੌਰ ਟੌਹੜਾ, ਜਥੇਦਾਰ ਨਿਰਮੈਲ ਸਿੰਘ ਜੌਲਾ ਸਮੇਤ ਸੰਤ ਮਹਾਂਪੁਰਸ਼ਾਂ 'ਚ ਬਾਬਾ ਅਮਰੀਕ ਸਿੰਘ ਜੀ ਕਾਰ ਸੇਵਾ ਵਾਲੇ ਪੁੱਜੇ ਹੋਏ ਸਨ।ਗੁਰਦੁਆਰਾ ਵਿਖੇ ਵੱਡੀ ਗਿਣਤੀ ਵਿੱਚ ਨਤਮਸਤਕ ਹੋਣ ਵਾਲੀਆਂ ਸੰਗਤਾਂ ਦਾ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਧੰਨਵਾਦ ਕੀਤਾ।ਇਸ ਮੌਕੇ ਉਚੇਚੇ ਤੌਰ 'ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸਕੱਤਰ ਪ੍ਰਤਾਪ ਸਿੰਘ, ਮੈਨੇਜਰ ਨਿਸ਼ਾਨ ਸਿੰਘ ਜੱਫਰਵਾਲ, ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲੇ, ਫਲਾਇੰਗ ਇੰਚਾਰਜ ਗੁਰਪ੍ਰੀਤ ਸਿੰਘ ਰੋਡੇ, ਐਡੀਸ਼ਨਲ ਚੀਫ ਤੇਜਿੰਦਰ ਸਿੰਘ, ਮੀਤ ਮੈਨੇ. ਐਡੀ. ਜਸਵਿੰਦਰ ਸਿੰਘ, ਭਾਗ ਸਿੰਘ ਚੌਹਾਨ, ਆਤਮ ਪ੍ਰਕਾਸ਼ ਸਿੰਘ ਬੇਦੀ, ਮਨਦੀਪ ਸਿੰਘ ਭਲਵਾਨ, ਸੁਪਰਵਾਈਜ਼ਰ ਕਰਮਜੀਤ ਸਿੰਘ ਨਾਭਾ, ਮੈਨੇਜਰ ਗੁਰਲਾਲ ਸਿੰਘ, ਮੈਨੇਜਰ ਮਨਜੀਤ ਸਿੰਘ ਕੌਲੀ ਆਦਿ ਸ਼ਾਮਲ ਸਨ।

## 10 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਦਰ ਜ਼ੀਰਾ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਇਲਾਕੇ 'ਚ ਮੌਜੂਦ ਸੀ ਤਾਂ ਇਸ ਦੌਰਾਨ ਇੱਕ ਨੌਜਵਾਨ ਗੁਰਵਿੰਦਰ ਸਿੰਘ ਉਰਫ ਗਿੰਦਾ ਪੁੱਤਰ ਹਰਦੀਪ ਸਿੰਘ ਵਾਸੀ ਸੋਢੀ ਵਾਲਾ ਪੈਦਲ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਪਿੱਛੇ ਮੁੜ ਕੇ ਮੌਕੇ ਤੋਂ ਖਿਸਕਣ ਲੱਗਾ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਵੱਖ-ਵੱਖ ਥਾਈਂ ਬਸੰਤ ਪੰਚਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



ਸਨਮਤੀ ਵਿਮਲ ਜੈਨ ਪਬਲਿਕ ਸਕੂਲ



ਸਵਾਮੀ ਰੂਪ ਚੰਦ ਜੈਨ ਸਕੂਲ



ਸਮਰਾਲਾ

ਜਗਰਾਉਂ (ਅਮਿਤ ਖੰਨਾ) : ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਵਿਖੇ 'ਬਸੰਤ ਪੰਚਮੀ' ਦਾ ਤਿਉਹਾਰ ਨਰਸਰੀ/ਕੇ.ਜੀ. ਵਿਭਾਗ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ।ਸਭ ਤੋਂ ਪਹਿਲਾਂ ਗਿਆਨ ਦੀ ਦੇਵੀ ਸਰਸਵਤੀ ਦੀ ਪੂਜਾ ਕੀਤੀ ਗਈ।ਇਸ ਤਿਉਹਾਰ ਨੂੰ ਮਨਾਉਣ ਲਈ ਬੱਚੇ ਰੰਗ-ਬਰੰਗੇ ਪਤੰਗਾਂ ਨਾਲ ਵੱਖ-ਵੱਖ ਤਰ੍ਹਾਂ ਦੇ ਪਕਵਾਨ ਲੈ ਕੇ ਆਏ ਅਤੇ ਪੂਰੇ ਉਤਸ਼ਾਹ ਨਾਲ ਇਸ ਤਿਉਹਾਰ ਨੂੰ ਮਨਾਇਆ।ਆਈ ਬਸੰਤ, ਪਾਲਾ ਉਡੰਤ ਦਾ ਵਿਸ਼ਵਾਸ ਰੱਖ ਕੇ ਬਸੰਤ ਦਾ ਸਵਾਗਤ ਕੀਤਾ ਅਤੇ ਸਰਦੀਆਂ ਨੂੰ ਅਲਵਿਦਾ ਕਿਹਾ।ਇਸ ਮੌਕੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਸਾਰਿਆਂ ਨੂੰ ਬਸੰਤ ਪੰਚਮੀ ਦੀ ਵਧਾਈ ਦਿੱਤੀ ਅਤੇ ਸੰਦੇਸ਼ ਦਿੱਤਾ ਕਿ ਇਨ੍ਹਾਂ ਵਿਰਾਸਤੀ ਤਿਉਹਾਰਾਂ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ।ਇਸ ਤੋਂ ਬਾਅਦ ਬੱਚਿਆਂ ਨੇ ਪੀਲੀ ਪਤੰਗ ਤੇ ਗੁਬਾਰੇ ਅਸਮਾਨ ਵਿੱਚ ਉਡਾ ਕੇ ਤਿਉਹਾਰ ਦੀ ਖੁਸ਼ੀ ਮਨਾਈ।ਇਸ ਮੌਕੇ ਪਰਮਜੀਤ ਕੌਰ, ਕੁਲਵਿੰਦਰ ਕੌਰ, ਗੁਰਮੀਤ ਕੌਰ, ਆਰਤੀ ਪਲਟਾ, ਸ਼ੈਲੀ ਗਾਬਾ, ਰਜਨੀ ਰਿਹਾਨ, ਸ਼ਸ਼ੀ ਸ਼ਰਮਾ, ਨਿਧੀ ਜੈਨ ਆਦਿ ਹਾਜ਼ਰ ਸਨ।



ਪਟਿਆਲਾ

ਜਗਰਾਉਂ (ਅਮਿਤ ਖੰਨਾ) : ਸਵਾਮੀ ਰੂਪ ਚੰਦ ਜੈਨ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਤੇ ਸਮੂਹ ਮੈਨੇਜਮੈਂਟ ਦੇ ਸਹਿਯੋਗ ਨਾਲ ਬਸੰਤ ਪੰਚਮੀ ਦਾ ਦਿਹਾੜਾ ਉਤਸ਼ਾਹ ਭਰੇ ਮਾਹੌਲ ਵਿੱਚ ਮਨਾਇਆ ਗਿਆ।ਇਸ ਦਿਨ ਨੂੰ ਵਿਸ਼ੇਸ਼ ਬਣਾਉਣ ਲਈ ਸਕੂਲ ਮੈਨੇਜਮੈਂਟ ਦੇ ਸਹਿਯੋਗ ਤੇ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਦੀ ਯੋਗ ਅਗਵਾਈ ਹੇਠ ਪਤੰਗਬਾਜ਼ੀ ਮੁਕਾਬਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵੱਡੀ ਗਿਣਤੀ 'ਚ ਭਾਗ ਲਿਆ।ਸੁਰੱਖਿਆ ਨੂੰ ਮੱਦੇਨਜ਼ਰ ਚਾਈਨਾ ਡੋਰ ਦੀ ਵਰਤੋਂ 'ਤੇ ਮਨਾਹੀ ਕੀਤੀ ਗਈ।ਮੁਕਾਬਲੇ ਦੀ ਸ਼ੁਰੂਆਤ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਦੀ ਅਗਵਾਈ ਵਿੱਚ ਕੀਤੀ ਗਈ।ਬਸੰਤ ਪੰਚਮੀ ਦੀ ਖੁਸ਼ੀ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਸਾਰੇ ਸਕੂਲ ਵਿੱਚ ਦੁੱਧ ਦਾ ਲੰਗਰ ਵੀ ਚਲਾਇਆ ਗਿਆ।ਅੰਤ ਵਿੱਚ ਪ੍ਰਿੰਸੀਪਲ ਰਾਜਪਾਲ ਕੌਰ ਤੇ ਸਮੂਹ ਮੈਨੇਜਮੈਂਟ ਨੇ ਬੱਚਿਆਂ ਨੂੰ ਬਸੰਤ ਪੰਚਮੀ ਦੀਆਂ ਵਧਾਈਆਂ ਦਿੰਦੇ ਹੋਏ ਸ਼ੁੱਭ-ਕਾਮਨਾਵਾਂ ਦਿੱਤੀਆਂ।

ਜਗਰਾਉਂ (ਅਮਿਤ ਖੰਨਾ) : ਇਲਾਕੇ ਦੀ ਨਾਮਵਾਰ ਵਿੱਦਿਅਕ ਸੰਸਥਾ ਵਿਜ਼ਡਮ ਇੰਟਰਨੈਸ਼ਨਲ ਸਕੂਲ ਸਿੱਧਵਾਂ ਬੇਟ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਨੰਨ੍ਹੇ-ਮੁੰਨੇ ਬੱਚੇ ਪੀਲੀਆਂ ਡਰੈੱਸਾਂ ਵਿੱਚ ਨਜ਼ਰ ਆਏ।ਇਸ ਤੋਂ ਇਲਾਵਾ ਬੱਚੇ ਆਪਣੇ ਘਰ ਤੋਂ ਪੀਲੇ ਚੌਲ, ਹੋਰ ਪੀਲੇ ਰੰਗ ਦੀਆਂ ਖਾਣ-ਪੀਣ ਵਾਲੀਆਂ ਵਸਤੂਆਂ ਵੀ ਨਾਲ ਲੈ ਕੇ ਆਏ ਸਨ, ਜੋ ਸਾਰੇ ਵਿਦਿਆਰਥੀਆਂ ਨੇ ਇੱਕਠੇ ਆਪਸ ਵਿੱਚ ਵੰਡ ਕੇ ਖਾਧਾ।ਇਸ ਮੌਕੇ ਸਕੂਲ ਦੇ ਚੇਅਰਮੈਨ ਸਤੀਸ਼ ਕਾਲੜਾ, ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਬੱਚਿਆਂ ਨੂੰ ਇਸ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ।ਉਨ੍ਹਾਂ ਬਸੰਤ ਪੰਚਮੀ ਦੇ ਸ਼ੁਭ ਮੌਕੇ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਨਿਖਿਲ ਕਾਲੜਾ, ਆਰੀਅਨ ਕਾਲੜਾ, ਵਾਈਸ ਪ੍ਰਿੰਸੀਪਲ ਮੈਡਮ ਸਤਵਿੰਦਰਜੀਤ ਕੌਰ, ਕੁਲਬੀਰ ਕੌਰ, ਜਸਵੰਤ ਕੌਰ, ਪਾਇਲ ਸ਼ਰਮਾ, ਹਰਭਜਨ ਕੌਰ, ਮੰਜੂ, ਨੀਸ਼ਾ, ਸਿਮਰਨਜੀਤ ਕੌਰ, ਸਤਿੰਦਰ ਕੌਰ, ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਸਮਰਾਲਾ (ਸੁਰਜੀਤ ਸਿੰਘ) : ਸਰਸਵਤੀ ਪੂਜਾ ਕਮੇਟੀ ਸਮਰਾਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਸੰਤ ਪੰਚਮੀ ਦੇ ਸ਼ੁਭ ਮੌਕੇ ਪੂਜਾ ਅਰਚਨਾ ਕੀਤੀ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਕਾਂਗਰਸ ਪਾਰਟੀ ਦੇ ਸ਼ਹਿਰੀ ਪ੍ਰਧਾਨ ਕੌਂਸਲਰ ਸਨੀ ਦੂਆ ਨੇ ਹਾਜ਼ਰੀ ਲਵਾਈ।ਮਾਂ ਸਰਸਵਤੀ ਦੀ ਪੂਜਾ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਦੂਆ ਨੂੰ ਮਾਂ ਸਰਸਵਤੀ ਕਲੱਬ ਦੇ ਸਮੁੱਚੇ ਮੈਂਬਰਾਂ ਵੱਲੋਂ ਸਨਮਾਨਤ ਵੀ ਕੀਤਾ ਗਿਆ।ਇਸ ਤੋਂ ਇਲਾਵਾ ਚਾਵਾ ਰੋਡ ਤੇ ਕਮਲ ਕਲੋਨੀ ਵਿਖੇ ਵੀ ਮਾਂ ਸਰਸਵਤੀ ਦੀ ਪੂਜਾ ਕੀਤੀ ਗਈ।ਇਨ੍ਹਾਂ ਦੋਨਾਂ ਕਲੱਬਾਂ ਨੇ ਵੀ ਬਲਾਕ ਕਾਂਗਰਸ ਸ਼ਹਿਰੀ ਤੇ ਕੌਂਸਲਰ ਸਨੀ ਦੂਆ ਨੂੰ ਸਨਮਾਨਤ ਕੀਤਾ।ਇਸ ਮੌਕੇ ਉਨ੍ਹਾਂ ਨਾਲ ਲਖਵਿੰਦਰ ਸਿੰਘ ਮੋਹਣੀ, ਅਮਰਨਾਥ ਤਾਗਰਾ, ਆਸ਼ੂ ਵਰਮਾ, ਤੇ ਕਲੱਬ ਮੈਂਬਰ ਮੁਕੇਸ਼, ਅਜੇ, ਅਰਵਿੰਦ, ਵਿਜੇ, ਮਨੋਜ, ਯੋਗਿੰਦਰ, ਸਚਿਨ, ਰਾਜੂ, ਸੁਨੀਲ, ਜੈ ਰਾਮ ਜੀ, ਸੰਤੋਸ਼, ਅਮਿਤ, ਸੌਰਵ, ਮਨੋਜ, ਦਿਲ ਖੁਸ਼, ਬਬਲੂ, ਨਾਗੇਸ਼ਵਰ, ਸਿਕੰਦਰ, ਬੀਰਬਲ, ਪ੍ਰੇਮ, ਅਮਰ ਸਿੰਘ, ਰਾਹੁਲ ਸਮਰਾਲਾ, ਰਮੇਸ਼, ਅਰੁਣ ਕੁਮਾਰ, ਅਕੀਲ ਰਾਏ, ਰਾਮੂ, ਨੰਦੂ ਆਦਿ ਹਾਜ਼ਰ ਸਨ।

ਪਟਿਆਲਾ (ਰਾਜਿੰਦਰ ਸਿੰਘ ਥਿੰਦ) : ਇਥੇ ਬੁੱਢਾ ਦਲ ਬਗੀਚੀ ਬਾਬਾ ਬੰਬਾ ਸਿੰਘ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਬੜੀ ਸ਼ਰਧਾ ਨਾਲ ਮਨਾਇਆ ਗਿਆ।ਇਸ ਦੌਰਾਨ ਬੁੱਢਾ ਦਲ ਦੇ ਮੁਖੀ ਸਿੰਘ ਸਹਿਬ ਬਾਬਾ ਬਲਬੀਰ ਸਿੰਘ ਤੇ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਦਕਿ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਤਰਫੋਂ ਕੌਂਸਲਰ ਰਣਜੀਤ ਸਿੰਘ ਚੰਢੋਕ ਤੇ ਸੀਨੀਅਰ ਆਗੂ ਅਮ੍ਰਿਤਪਾਲ ਸਿੰਘ ਪਾਲੀ, ਗੁਰਿੰਦਰ ਸਿੰਘ ਮਿੰਟੂ, ਗੁਰਵਿੰਦਰ ਪਾਲ ਸਿੰਘ ਨੇ ਸ਼ਮੂਲੀਅਤ ਕੀਤੀ।



ਬਾਘਾ ਪੁਰਾਣਾ

ਬਾਘਾ ਪੁਰਾਣਾ (ਮਨੀ ਸਿੰਗਲਾ) : ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿਖੇ ਬਸੰਤ ਪੰਚਮੀ ਦਾ ਦਿਹਾੜਾ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਸਕੂਲ ਦੇ ਚੇਅਰਮੈਨ ਤਰਸੇਮ ਗਰਗ, ਪ੍ਰਿੰਸੀਪਲ ਜੀਨਮ ਤੇ ਮਨੋਜ ਕੁਮਾਰ ਨੇ ਸਮੂਹ ਵਿਦਿਆਰਥੀਆਂ ਤੇ ਸਟਾਫ ਨੂੰ ਬਸੰਤ ਪੰਚਮੀ ਦਿਵਸ ਦੀ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਬਸੰਤ ਪੰਚਮੀ ਗਿਆਨ ਤੇ ਕਲਾ ਦਾ ਤਿਉਹਾਰ ਹੈ।ਉਨ੍ਹਾਂ ਕਿਹਾ ਕਿ ਪਤੰਗ ਦੀ ਉਡਾਨ ਜ਼ਿੰਦਗੀ ਵਿੱਚ ਸਫਲਤਾ ਦੀ ਉਡਾਨ ਦਾ ਸੰਕੇਤ ਦਿੰਦੀ ਹੈ।ਇਸ ਮੌਕੇ ਸਾਰਿਆਂ ਨੇ ਪੀਲੇ, ਹਰੇ ਰੰਗ ਦੇ ਕੱਪੜੇ ਪਾਏ ਤੇ ਪੀਲੀ ਮਠਿਆਈ ਵੀ ਵੰਡੀ ਗਈ।ਸਕੂਲ ਨੂੰ ਪੀਲੇ ਫੁੱਲਾਂ, ਪਤੰਗਾਂ ਤੇ ਰੰਗੋਲੀ ਨਾਲ ਸਜਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸਰਸਵਤੀ ਦੇਵੀ ਦੀ ਪੂਜਾ ਨਾਲ ਕੀਤੀ ਗਈ।ਦੂਸਰੀ ਤੋਂ ਲੈ ਕੇ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਆਰਟ ਐਂਡ ਕਰਾਫਟ ਦੀ ਸਹਾਇਤਾ ਨਾਲ ਪਤੰਗ ਬਣਾਏ ਤੇ ਛੇਵੀਂ ਤੋਂ ਲੈ ਕੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਪਤੰਗ ਬਣਾ ਕੇ ਉਨ੍ਹਾਂ ਉੱਪਰ ਮਹੱਤਵਪੂਰਨ ਸੁਨੇਹੇ ਲਿਖੇ।ਵਿਦਿਆਰਥੀਆਂ ਨੇ ਪਤੰਗ ਉਡਾਉਣ, ਫੈਂਸੀ ਡਰੈੱਸ, ਫੂਡ ਆਦਿ ਮੁਕਾਬਲਿਆਂ 'ਚ ਹਿੱਸਾ ਲਿਆ।



ਸ੍ਰੀ ਮੁਕਤਸਰ ਸਾਹਿਬ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ) : ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਚੇਅਰਮੈਨ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਮਨਾਇਆ ਗਿਆ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਪੀਲੇ ਰੰਗ ਦੇ ਕੱਪੜੇ ਪਹਿਨੇ ਤੇ ਪੀਲੇ ਰੰਗ ਦੇ ਵਿਅੰਜਨ ਲੈ ਕੇ ਆਏ।ਇਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਕਲਚਰਲ ਡਾਂਸ, ਗੀਤ, ਕਵਿਤਾ ਤੇ ਸਪੀਚ ਪੇਸ਼ ਕੀਤੇ।ਪ੍ਰਿੰਸੀਪਲ ਸੁਮਨ ਰਾਣੀ ਨੇ ਬੱਚਿਆਂ ਨੂੰ ਪਤੰਗ ਚੜ੍ਹਾਉਣ ਦੌਰਾਨ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਤੇ ਚਾਈਨਾ ਡੋਰ ਦੀ ਵਰਤੋਂ ਤੋਂ ਰੋਕਣ ਲਈ ਸੂਚਿਤ ਕੀਤਾ।ਇਸ ਸਮਾਗਮ ਵਿੱਚ ਮੈਡਮ ਜੋਤੀ, ਸ਼ਿਫਾਲੀ, ਅਰਮਨ ਕੌਰ, ਸੁਨੀਤਾ, ਅਮਨਦੀਪ ਕੌਰ, ਸਿਮਰਜੀਤ ਕੌਰ, ਰਣਜੀਤ ਕੌਰ, ਵਾਈਸ ਪ੍ਰਿੰਸੀਪਲ ਮੈਡਮ ਸਨੀਆ, ਕੁਆਰਡੀਨੇਟਰ ਮੈਡਮ ਪੂਨਮ ਸ਼ਰਮਾ ਦੀ ਖਾਸ ਭੂਮਿਕਾ ਰਹੀ।ਬਸੰਤ ਪੰਚਮੀ ਦੇ ਇਸ ਤਿਉਹਾਰ ਨੇ ਸਾਰੀ ਕਮਿਊਨਿਟੀ ਨੂੰ ਇੱਕਠਾ ਕਰਕੇ ਖੁਸ਼ੀ ਤੇ ਉਤਸ਼ਾਹ ਦੀ ਲਹਿਰ ਪੈਦਾ ਕੀਤੀ।

ਰਾਜਪੁਰਾ (ਰਮੇਸ਼ ਕਟਾਰੀਆ) : ਸਵਾਮੀ ਵਿਵੇਕਾ ਨੰਦ ਸਮੂਹ ਇੰਸਟੀਚਿਊਟਸ ਚੰਡੀਗੜ੍ਹ ਦੇ ਵਿਦਿਆਰਥੀ ਕਲਿਆਣ ਵਿਭਾਗ ਨੇ ਬਸੰਤ ਪੰਚਮੀ ਦੇ ਮੌਕੇ 'ਤੇ ਇੱਕ ਰੰਗੀਨ ਤੇ ਉਤਸ਼ਾਹ ਭਰਿਆ ਸਮਾਰੋਹ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੇ ਸੰਸਕ੍ਰਿਤਕ ਗਤਿਵਿਧੀਆਂ ਤੇ ਹੋਰ ਮੁਕਾਬਲਿਆਂ ਵਿੱਚ ਭਾਗ ਲਿਆ।ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਪ੍ਰਿਤਪਾਲ ਸਿੰਘ ਦੀ ਉਤਸ਼ਾਹਵਰਧਕ ਹਾਜ਼ਰੀ ਰਹੀ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਸੰਸਕ੍ਰਿਤਕ ਮੂਲਾਂ ਨਾਲ ਜੁੜੇ ਰਹਿਣ ਤੇ ਵਿਕਾਸ ਦੇ ਨਵੇਂ ਮੌਕਿਆਂ ਨੂੰ ਅਪਣਾਉਣ ਦੀ ਪ੍ਰੇਰਣਾ ਦਿੱਤੀ।ਵਿਦਿਆਰਥੀ ਕਲਿਆਣ ਵਿਭਾਗ ਦੇ ਡੀਨ ਸਰਬਜੀਤ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਤੇ ਇਸ ਤਰ੍ਹਾਂ ਦੇ ਸੰਸਕ੍ਰਿਤਕ ਸਮਾਰੋਹਾਂ ਦੀ ਮਹੱਤਤਾ ਬਾਰੇ ਸਮਝਾਇਆ।ਸੰਸਥਾ ਵਿੱਚ ਬਸੰਤ ਪੰਚਮੀ ਦਾ ਇਹ ਜਸ਼ਨ ਪ੍ਰੰਪਰਾ, ਪ੍ਰਤਿਭਾ ਤੇ ਏਕਤਾ ਦਾ ਸ਼ਾਨਦਾਰ ਪ੍ਰਦਰਸ਼ਨ ਸੀ, ਜਿਸ ਨਾਲ ਵਿਦਿਆਰਥੀਆਂ ਨੂੰ ਯਾਦਗਾਰ ਪੰਚਮੀ ਦੀਆਂ ਯਾਦਾਂ ਤੇ ਆਪਣੇ ਸੰਸਕ੍ਰਿਤਕ ਵਿਰਸੇ ਪ੍ਰਤੀ ਇੱਕ ਨਵਾਂ ਸਤਿਕਾਰ ਮਿਲਿਆ।




ਰਾਜਪੁਰਾ

# ਪਠਾਨਕੋਟ ਜ਼ਿਲ੍ਹੇ ਦੇ 351 ਪ੍ਰਾਇਮਰੀ ਸਕੂਲਾਂ ਨੂੰ 8 ਕਰੋੜ 63 ਲੱਖ 47 ਹਜ਼ਾਰ ਰੁਪਏ ਦੀ ਗ੍ਰਾਂਟ ਜਾਰੀ

**ਸਿੱਖਿਆ ਦੇ ਖੇਤਰ 'ਚ ਕ੍ਰਾਂਤੀਕਾਰੀ ਕਦਮਾਂ ਸਦਕਾ ਸਰਕਾਰੀ ਸਕੂਲਾਂ ਦੇ ਦਾਖਲੇ 'ਚ ਚੋਖਾ ਇਜ਼ਾਫ਼ਾ ਹੋਇਆ : ਕਟਾਰੂਚੱਕ**



**ਪਠਾਨਕੋਟ, (ਰਵਿੰਦਰ ਸਿੰਘ)**-ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਅਜਿਹੇ ਆਧੁਨਿਕ ਦੌਰ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਕੇ ਸਮੇਂ ਦਾ ਹਾਣੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਸੂਬਾ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਹੋਰ ਉਚਾ ਕਰਨ ਲਈ ਅਤਿ ਆਧੁਨਿਕ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਜਾ ਰਿਹਾ ਹੈ ਅਤੇ ਸਕੂਲੀ ਸਿੱਖਿਆ ਵਿੱਚ ਨਿਰੰਤਰ ਸੁਧਾਰ ਲਿਆਉਣ ਦੀ ਦਿਸ਼ਾ ਵੱਲ ਕੰਮ ਕੀਤਾ ਜਾ ਰਿਹਾ ਹੈ।ਇਸੇ ਸੁਧਾਰ ਤਹਿਤ ਸਰਕਾਰ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ 351 ਪ੍ਰਾਇਮਰੀ ਸਕੂਲਾਂ ਨੂੰ ਹੋਲੀਸਟਿਕ ਪਲਾਨ (ਸਕੂਲ ਆਫ਼ ਹੈਪੀਨੈਸ), ਹੋਲੀਸਟਿਕ ਪਲਾਨ (ਸਕੂਲ ਆਫ਼ ਬਰੀਲੀਅੰਸ), ਐਡੀਸ਼ਨਲ ਕਲਾਸਰੂਮ, ਐੱਨ. ਐੱਸ. ਕਿਓ ਲੈਬ, ਸਪੋਰਟਸ ਟਰੈਕ, ਪ੍ਰੋਪੋਜ਼ਲ ਨਾਬਾਰਡ 30, ਏਸੀਆਰ ਪ੍ਰੋਪੋਜ਼ਲ ਨਾਬਾਰਡ 30, ਚਾਰਦੀਵਾਰੀ, ਲਿਸਨਿੰਗ ਲੈਬ, ਰਿਪੇਅਰ ਅਤੇ ਰੱਖ-ਰਖਾਵ ਲਈ 8 ਕਰੋੜ 63 ਲੱਖ 47 ਹਜ਼ਾਰ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਸਪੈਸ਼ਲ ਰਿਸੋਰਸ ਸੈਂਟਰ ਮਾਡਲ ਟਾਊਨ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਦੀ ਅਗਵਾਈ ਹੇਠ ਰੱਖੇ ਸਮਾਰੋਹ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਨੂੰ ਪੰਜਾਬ ਸਰਕਾਰ ਵੱਲੋਂ ਗ੍ਰਾਂਟਾਂ ਸਬੰਧੀ ਜਾਰੀ ਪੱਤਰ ਸੌਂਪਦੇ ਹੋਏ ਕੀਤਾ।ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿੱਚ ਬਹੁਤ ਜ਼ਿਅਦਾ ਸੁਧਾਰ ਕੀਤਾ ਜਾ ਰਿਹਾ ਹੈ। ਕੋਈ ਸਮਾਂ ਸੀ ਜਦੋਂ ਆਮ ਵਿਅਕਤੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜੀਹ ਦਿੰਦੇ ਸਨ ਪ੍ਰੰਤੂ ਮੌਜੂਦਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋ ਰਿਹਾ ਹੈ।ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ ਕਿਉਂਕਿ ਹੁਣ ਸਰਕਾਰੀ ਸਕੂਲਾਂ ਵਿਚ ਕਾਫ਼ੀ ਬਦਲਾਅ ਹੋ ਚੁੱਕਿਆ ਹੈ ਅਤੇ ਪੜਾਈ ਅਤੇ ਬੁਨਿਆਦੀ ਢਾਂਚੇ ਵਿਚ ਪੂਰਾ ਸੁਧਾਰ ਲਿਆਂਦਾ ਗਿਆ ਹੈ।ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ 3 ਸਕੂਲ ਆਫ਼ ਹੈਪੀਨੈਂਸ ਨੂੰ 52 ਲੱਖ 29 ਹਜ਼ਾਰ, ਇੱਕ ਸਕੂਲ ਆਫ਼ ਬਰੀਲੀਅੰਸ ਨੂੰ 17 ਲੱਖ 81 ਹਜ਼ਾਰ, ਪੰਜ ਸਕੂਲਾਂ ਨੂੰ ਐਡੀਸ਼ਨਲ ਕਲਾਸਰੂਮ ਬਣਾਉਣ ਲਈ 31 ਲੱਖ 51 ਹਜ਼ਾਰ, ਇੱਕ ਸਕੂਲ ਨੂੰ ਐੱਨ. ਐੱਸ. ਕਿਓ ਲੈਬ ਲਈ 7 ਲੱਖ 51 ਹਜ਼ਾਰ, ਸਪੋਰਟਸ ਟਰੈਕ ਬਣਾਉਣ ਲਈ 4 ਸਕੂਲਾਂ ਨੂੰ 6 ਲੱਖ 4 ਹਜ਼ਾਰ, 3 ਸਕੂਲਾਂ ਨੂੰ ਨਾਬਾਰਡ 30 ਅਧੀਨ 2 ਕਰੋੜ 53 ਲੱਖ 96 ਹਜ਼ਾਰ, ਏਸੀਆਰ ਪ੍ਰੋਪੋਜ਼ਲ ਨਾਬਾਰਡ 30 ਅਧੀਨ 16 ਸਕੂਲਾਂ ਨੂੰ 1 ਕਰੋੜ 52 ਲੱਖ 8 ਹਜ਼ਾਰ, 102 ਸਕੂਲਾਂ ਨੂੰ ਚਾਰਦੀਵਾਰੀ ਲਈ 2 ਕਰੋੜ 8 ਲੱਖ ਰੁਪਏ, 62 ਸਕੂਲਾਂ ਨੂੰ ਲਿਸਨਿੰਗ ਲੈਬ ਲਈ 6 ਲੱਖ 2 ਹਜ਼ਾਰ ਰੁਪਏ ਅਤੇ 154 ਸਕੂਲਾਂ ਨੂੰ ਰਿਪੇਅਰ ਅਤੇ ਰੱਖ-ਰਖਾਵ ਲਈ 1 ਕਰੋੜ 26 ਲੱਖ 89 ਹਜ਼ਾਰ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਇਸ ਤਰ੍ਹਾਂ ਕੁੱਲ 351 ਸਕੂਲਾਂ ਨੂੰ 8 ਕਰੋੜ 63 ਲੱਖ 47 ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।ਉਨ੍ਹਾਂ ਗ੍ਰਾਂਟ ਪ੍ਰਾਪਤ ਕਰਨ ਵਾਲੇ ਸਕੂਲ ਮੁਖੀਆਂ ਨੂੰ ਕਿਹਾ ਕਿ ਉਹ ਪ੍ਰਾਪਤ ਹੋਈ ਗ੍ਰਾਂਟ ਨੂੰ ਠੀਕ ਸਮੇਂ ਦੌਰਾਨ ਵਿਭਾਗੀ ਨਿਯਮਾਂ ਅਨੁਸਾਰ ਖ਼ਰਚ ਕਰਨ ਅਤੇ ਇਸ ਸਬੰਧੀ ਪੂਰਾ ਰਿਕਾਰਡ ਮੇਨਟੇਨ ਰੱਖਿਆ ਜਾਵੇ।ਉਨ੍ਹਾਂ ਮਾਪਿਆਂ ਨੂੰ ਫਿਰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਸ਼ੁਰੂ ਹੋ ਚੁੱਕਿਆ ਹੈ, ਮਾਪੇ ਅੱਜ ਹੀ ਆਪਣੇ ਬੱਚੇ ਨੂੰ ਨੇੜੇ ਦੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਕੇ ਸਰਕਾਰ ਵੱਲੋਂ ਦਿੱਤੇ ਜਾ ਰਹੇ ਲਾਭਾਂ ਦਾ ਫਾਇਦਾ ਲੈਣ। ਇਸ ਮੌਕੇ ਬੀਪੀਈਓ ਕੁਲਦੀਪ ਸਿੰਘ, ਸਤੀਸ਼ ਮਹਿੰਦਰੂ ਚੇਅਰਮੈਨ ਹਿੰਦੂ ਕੋਪਰੇਟਿਵ ਬੈਂਕ, ਡਾ. ਮਨਦੀਪ ਸ਼ਰਮਾ, ਸਵਿਤਾ ਸ਼ਰਮਾ, ਰੇਣੂ ਬਾਲਾ, ਸੁਨੀਤਾ, ਰਾਜੂ ਬਾਲਾ, ਗੀਤੂ ਸ਼ਰਮਾ, ਰਵੀ ਕੁਮਾਰ, ਰਾਕੇਸ਼ ਕੁਮਾਰ, ਰੁਮਾਨੀ, ਸੋਨੀਆ, ਇੰਦਰਜੀਤ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।

# ਦਿੱਲੀ ਵਿਧਾਨ ਸਭਾ ਚੋਣਾਂ 'ਚ ਵਿਧਾਇਕ ਸ਼ੈਰੀ ਕਲਸੀ ਦਾ ਅਹਿਮ ਯੋਗਦਾਨ ਹੋਵੇਗਾ : ਸਰਪੰਚ ਮੇਜਰ ਸਿੰਘ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**



ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਵਿੱਚ ਬਟਾਲਾ ਤੋਂ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਸੂਬਾ ਕਾਰਜਕਾਰੀ ਪ੍ਰਧਾਨ ਦਾ ਅਹਿਮ ਯੋਗਦਾਨ ਹੋਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਟਾਲਾ ਅਧੀਨ ਆਉਂਦੇ ਪਿੰਡ ਡੱਲਾ ਤੋਂ ਸਰਪੰਚ ਮੇਜਰ ਸਿੰਘ ਦੇ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਚੌਥੀ ਵਾਰ ਸਰਕਾਰ ਬਣਨ ਜਾ ਰਹੀ ਕਿਉਂਕਿ ਆਮ ਆਦਮੀ ਪਾਰਟੀ ਲੋਕਾਂ ਦੀ ਆਪਣੀ ਪਾਰਟੀ ਹੈ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਵੱਲੋਂ ਲਗਾਤਾਰ ਦਿੱਲੀ ਦੇ ਲੋਕਾਂ ਨੂੰ ਹਰ ਪੱਖ ਤੋਂ ਰਾਹਤ ਦਿੰਦਿਆਂ ਹਰ ਤਰ੍ਹਾਂ ਦੀ ਸਹੂਲਤ ਦਿੱਤੀ ਹੈ ਜਿਸ ਦੇ ਚਲਦਿਆਂ ਲੋਕ ਆਮ ਆਦਮੀ ਪਾਰਟੀ ਦੇ ਸਰਕਾਰ ਨੂੰ ਦਿੱਲੀ ਦੇ ਵਿੱਚ ਚੌਥੀ ਵਾਰ ਦੇਖਣ ਲਈ ਉਤਾਵਲੇ ਹੋਏ ਪਏ ਹਨ।ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਪੂਰੀ ਤਰ੍ਹਾਂ ਹੋ ਚੁੱਕੀ ਹੈ।ਬਸ ਹੁਣ ਨਤੀਜੇ ਆਉਣ ਤੇ ਐਲਾਨ ਹੋਣਾ ਬਾਕੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਦਿੱਲੀ ਵਿੱਚ ਹੋਣ ਜਾ ਰਹੀ ਇਤਿਹਾਸਿਕ ਜਿੱਤ ਦੇ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਬਟਾਲਾ ਤੋਂ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਦਾ ਅਹਿਮ ਯੋਗਦਾਨ ਹੋਵੇਗਾ ਕਿਉਂਕਿ ਵਿਧਾਇਕ ਸ਼ੈਰੀ ਕਲਸੀ ਨੇ ਹਮੇਸ਼ਾ ਹੀ ਲੋਕ ਹਿੱਤਾਂ ਦੀ ਗੱਲ ਕੀਤੀ ਹੈ ਅਤੇ ਆਪਣੇ ਛੋਟੇ ਤੋਂ ਛੋਟੇ ਵਰਕਰ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਉਹ ਹਮੇਸ਼ਾ ਹੀ ਖੜੇ ਰਹੇ ਹਨ।ਅਖੀਰ ਵਿੱਚ ਸਰਪੰਚ ਮੇਜਰ ਸਿੰਘ ਨੇ ਕਿਹਾ ਕਿ ਬਟਾਲਾ ਹਲਕੇ ਦੇ ਵਿਕਾਸ ਦੀ ਜੇਕਰ ਗੱਲ ਕਰੀਏ ਤਾਂ ਹਲਕੇ ਦੇ ਅਧੀਨ ਆਉਂਦੇ ਸਮੂਹ ਸ਼ਹਿਰਾਂ ਅਤੇ ਪਿੰਡਾਂ ਦੇ ਵਿੱਚ ਲਗਾਤਾਰ ਵਿਧਾਇਕ ਸ਼ੈਰੀ ਕਲਸੀ ਦੇ ਵੱਲੋਂ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਸਾਰੇ ਕੀਤੇ ਜਾ ਰਹੇ ਹਨ ਅਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹੀ ਇੱਕ ਅਜਿਹੀ ਸਰਕਾਰ ਹੈ ਜਿਸ ਨੇ ਕਿ ਹਮੇਸ਼ਾ ਹੀ ਦਿੱਲੀ ਦੇ ਲੋਕਾਂ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਉਹ ਸਹੂਲਤਾਂ ਦਿੱਤੀਆਂ ਜੋ ਕਿ ਪਹਿਲੀਆਂ ਰਿਵਾਇਤੀ ਪਾਰਟੀਆਂ ਦੇ ਵੱਲੋਂ ਕਦੇ ਵੀ ਲੋਕਾਂ ਨੂੰ ਮੁਹਈਆ ਨਹੀਂ ਕਰਵਾਈਆਂ ਗਈਆਂ।ਆਮ ਆਦਮੀ ਪਾਰਟੀ ਦੀ ਹੁਣ ਇੱਕ ਵਾਰ ਫਿਰ ਤੋਂ ਦਿੱਲੀ ਦੇ ਵਿੱਚ ਇਤਿਹਾਸਿਕ ਜਿੱਤ ਹੋਣ ਜਾ ਰਹੀ।

# ਸੇਵਾ ਕੇਂਦਰ ਭਿੱਖੀਵਿੰਡ ਸਾਹਮਣਿਓਂ ਮੋਟਰਸਾਈਕਲ ਚੋਰੀ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਸੇਵਾ ਕੇਂਦਰ ਭਿੱਖੀਵਿੰਡ ਦੇ ਸਾਹਮਣਿਓਂ ਮੋਟਰਸਾਈਕਲ ਚੋਰੀ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਬੇਖੌਫ਼ ਚੋਰ ਬੀਤੇ ਸ਼ੁੱਕਰਵਾਰ ਨੂੰ ਸੇਵਾ ਕੇਂਦਰ ਦੇ ਬਾਹਰ ਖੜ੍ਹੇ ਇੱਕ ਹੋਰ ਮੋਟਰਸਾਈਕਲ ਨੂੰ ਚੋਰੀ ਕਰਕੇ ਰਫੂਚੱਕਰ ਹੋ ਗਏ। ਚੋਰੀ ਦੀ ਵਾਰਦਾਤ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੋਟਰਸਾਈਕਲ ਮਾਲਕ ਤਰਲੋਚਨ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਮੱਖੀ ਕਲਾਂ ਨੇ ਦੱਸਿਆ ਕਿ ਉਹ ਆਪਣੇ ਐੱਚਐੱਫ ਡੀਲਕਸ ਮੋਟਰਸਾਈਕਲ ਜਿਸ ਦਾ ਨੰਬਰ ਪੀਬੀ10ਸੀਬੀ8350 ਹੈ, ਤੇ 31 ਜਨਵਰੀ ਦਿਨ ਸ਼ੁੱਕਰਵਾਰ ਸਮਾਂ ਕਰੀਬ ਦੋ ਕੁ ਵਜੇ ਕਿਸੇ ਕੰਮ ਦੇ ਸਿਲਸਿਲੇ ਵਿੱਚ ਸੇਵਾ ਕੇਂਦਰ ਭਿੱਖੀਵਿੰਡ 'ਚ ਆਇਆ ਸੀ। ਮੋਟਰਸਾਈਕਲ ਸੇਵਾ ਕੇਂਦਰ ਦੇ ਬਾਹਰ ਖੜ੍ਹਾ ਕਰਕੇ ਉਹ ਅੰਦਰ ਚਲਾ ਗਿਆ।ਜਦੋਂ ਉਹ ਕੰਮ ਕਰਵਾ ਕੇ ਬਾਹਰ ਆਇਆ ਤਾਂ ਉਸ ਦਾ ਮੋਟਰਸਾਈਕਲ ਚੋਰੀ ਹੋ ਚੁੱਕਾ ਸੀ।ਤਰਲੋਚਨ ਸਿੰਘ ਨੇ ਦੱਸਿਆ ਸੇਵਾ ਕੇਂਦਰ ਭਿੱਖੀਵਿੰਡ ਦੇ ਬਾਹਰੋਂ ਲਗਾਤਾਰ ਮੋਟਰਸਾਈਕਲ ਚੋਰੀ ਹੋ ਰਹੇ ਹਨ, ਪ੍ਰੰਤੂ ਜ਼ਿਲ੍ਹਾ ਪ੍ਰਸ਼ਾਸਨ ਤੇ ਸੇਵਾ ਕੇਂਦਰ ਦੇ ਉੱਚ-ਅਧਿਕਾਰੀ ਲੋਕਾਂ ਨੂੰ ਹੋ ਰਹੇ ਵਿੱਤੀ ਨੁਕਸਾਨ ਪ੍ਰਤੀ ਗੰਭੀਰ ਨਜ਼ਰ ਨਹੀਂ ਆ ਰਹੇ।ਪੀੜਤ ਤਰਲੋਚਨ ਸਿੰਘ ਨੇ ਭਿੱਖੀਵਿੰਡ ਪੁਲਸ ਨੂੰ ਚੋਰਾਂ ਨੂੰ ਕਾਬੂ ਕਰਕੇ ਉਸ ਦਾ ਮੋਟਰਸਾਈਕਲ ਵਾਪਸ ਦਿਵਾਉਣ ਤੇ ਇਲਾਕੇ ਵਿੱਚ ਬੇਖੌਫ਼ ਘੁੰਮ ਰਹੇ ਚੋਰਾਂ ਨੂੰ ਕਾਬੂ ਕਰਨ ਦੀ ਅਪੀਲ ਕੀਤੀ।



# ਕਾਸੋ ਅਪਰੇਸ਼ਨ ਦੌਰਾਨ ਪੁਲਸ ਵੱਲੋਂ 6 ਤਸਕਰ ਗ੍ਰਿਫਤਾਰ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਵਲੋਂ ਨਸ਼ਾ ਪ੍ਰਭਾਵਿਤ ਏਰੀਆ 'ਚ ਕਾਸੋ ਅਪਰੇਸ਼ਨ ਚਲਾਇਆ ਗਿਆ ਤੇ ਸ਼ੱਕੀ ਵਿਅਕਤੀਆਂ ਅਤੇ ਨਸ਼ਾ ਤਸੱਕਰੀ ਦੇ ਧੰਦੇ ਵਿੱਚ ਪਹਿਲਾਂ ਸ਼ਾਮਲ ਰਹੇ ਵਿਅਕਤੀਆਂ ਦੀ ਵਿਸ਼ੇਸ ਚੈਕਿੰਗ ਕੀਤੀ ਗਈ। ਇਸ ਦੌਰਾਨ 6 ਨਸ਼ਾ ਤਸਕਰਾਂ ਨੂੰ 18 ਗ੍ਰਾਮ ਹੈਰੋਇੰਨ, 95 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ।ਡਾ. ਮਹਿਤਾਬ ਸਿੰਘ, ਆਈ.ਪੀ.ਐਸ ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਦੇ ਨਸ਼ਾ ਪ੍ਰਭਾਵਿਤ ਏਰੀਆਂ ਵਿੱਚ Cordon and Search Operation (CASO) ਚਲਾਇਆ ਗਿਆ। ਇਸ ਸਰਚ ਅਪਰੇਸ਼ਨ ਵਿੱਚ 01 ਐਸ.ਪੀ, 08 ਡੀ.ਐਸ.ਪੀ ਸਮੇਤ 110 ਪੁਲਸ ਕਰਮਚਾਰੀਆਂ ਦੀਆਂ ਪੁਲਸ ਪਾਰਟੀਆਂ ਬਣਾ ਕੇ ਜਿਲ੍ਹਾ ਦੇ Drug Hotspots ਪਿੰਡਾਂ/ਵਾਰਡਾਂ ਵਿੱਚ ਘੇਰਾ ਬੰਦੀ ਕਰਕੇ ਸਰਚ ਕੀਤੀ ਗਈ। ਇਸ ਸਰਚ ਅਪਰੇਸ਼ਨ ਦੌਰਾਨ 223 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ ਅਤੇ 06 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 18 ਗ੍ਰਾਮ ਹੈਰੋਇਨ ਅਤੇ 95 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆ ਹਨ। ਜਿਸ ਸਬੰਧੀ 05 ਮੁਕੱਦਮੇ ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕੀਤੇ ਗਏ ਹਨ।

# ਦਿਹਾਤੀ ਮਜ਼ਦੂਰ ਸਭਾ ਨੇ ਐੱਸ ਐੱਚ ਓ ਭਿੱਖੀਵਿੰਡ ਦਾ ਪੁਤਲਾ ਸਾੜਿਆ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਦਿਹਾਤੀ ਮਜ਼ਦੂਰ ਸਭਾ ਵੱਲੋਂ ਅੱਜ ਛੇਵੇਂ ਦਿਨ ਪਿੰਡ ਰਾਜੋਕੇ ਵਿਖੇ ਐੱਸ. ਐੱਚ. ਓ. ਭਿੱਖੀਵਿੰਡ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਇਕੱਠੇ ਹੋਏ ਪਿੰਡ ਵਾਸੀਆਂ ਨੂੰ ਦਿਹਾਤੀ ਮਜ਼ਦੂਰ ਸਭਾ ਦੇ ਸੀਨੀਅਰ ਆਗੂ ਗੁਰਬੀਰ ਭੱਟੀ ਰਾਜੋਕੇ ਨੇ ਕਿਹਾ ਕਿ ਐੱਸ. ਐੱਚ. ਓ. ਭਿੱਖੀਵਿੰਡ ਦੇ ਕਾਰਜਕਾਲ ਦੌਰਾਨ ਸਮੈਕ ਦਾ ਵੱਖ-ਵੱਖ ਪਿੰਡਾਂ ਵਿੱਚ ਅਥਾਹ ਵਾਧਾ ਹੋਇਆ ਹੈ। ਲੋਕਾਂ ਦੇ ਪੁੱਤ ਨਸ਼ੇ ਦੇ ਟੀਕੇ ਲਾ-ਲਾ ਕੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ।ਐੱਸ. ਐੱਚ. ਓ. ਭਿੱਖੀਵਿੰਡ ਸਮੈਕ ਦੇ ਸੌਦਾਗਰਾਂ ਦੀ ਪਿੱਠ ਥਾਪੜ ਰਿਹਾ ਹੈ।ਇਨ੍ਹਾਂ ਆਗੂਆਂ ਨੇ ਐੱਸ. ਐੱਸ. ਪੀ. ਤਰਨਤਾਰਨ ਤੋਂ ਮੰਗ ਕਰਦਿਆਂ ਕਿਹਾ ਕਿ ਐੱਸ. ਐੱਚ. ਓ. ਭਿੱਖੀਵਿੰਡ ਨੂੰ ਤੁਰੰਤ ਸਸਪੈਂਡ ਕੀਤਾ ਜਾਵੇ।ਜੇਕਰ ਪੁਲਸ ਪ੍ਰਸ਼ਾਸਨ ਨੇ ਸਾਡੀ ਇਸ ਮੰਗ ਵੱਲ ਧਿਆਨ ਨਾ ਦਿੱਤਾ ਤਾਂ ਦਿਹਾਤੀ ਮਜ਼ਦੂਰ ਸਭਾ ਵੱਲੋਂ ਐੱਸ. ਐੱਚ. ਓ. ਭਿੱਖੀਵਿੰਡ ਖਿਲਾਫ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਜਾਵੇਗਾ ਜੋ ਇਨਸਾਫ਼ ਲੈਣ ਤੱਕ ਜਾਰੀ ਰਹੇਗਾ।ਇਸ ਮੌਕੇ ਜਥੇਬੰਦੀ ਦੇ ਸੀਨੀਅਰ ਆਗੂ ਰੇਸ਼ਮ ਸਿੰਘ ਰਾਜੋਕੇ, ਬਲਜੀਤ ਸਿੰਘ ਰਾਜੋਕੇ, ਸੁਖਦੇਵ ਸਿੰਘ ਰਾਜੋਕੇ, ਬਲਦੇਵ ਸਿੰਘ ਰਾਜੋਕੇ, ਗੁਰਲਾਲ ਸਿੰਘ ਭੁੱਲਰ ਅਤੇ ਜੱਸਾ ਸਿੰਘ ਬਾਸਰਕੇ ਆਦਿ ਆਗੂ ਹਾਜ਼ਰ ਸਨ।

# ਪਰਗਟ ਸਿੰਘ ਬਾਠ ਨਮਿਤ ਸ਼ਰਧਾਂਜਲੀ ਸਮਾਗਮ 5 ਨੂੰ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਵਿਧਾਨ ਸਭਾ ਹਲਕਾ ਮਜੀਠਾ ਅਧੀਨ ਪੈਂਦੇ ਪਿੰਡ ਤਰਫਾਨ ਦੇ ਸਰਪੰਚ ਪ੍ਰੇਮ ਸਿੰਘ ਬਾਠ ਦੇ ਤਾਇਆ ਸਰਦਾਰ ਪਰਗਟ ਸਿੰਘ ਬਾਠ ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ, ਨਮਿਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 5 ਫਰਵਰੀ ਦਿਨ ਬੁੱਧਵਾਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਤਰਫਾਨ ਵਿਖੇ ਪੈਣ ਉਪਰੰਤ ਅਰਦਾਸ ਤੇ ਕੀਰਤਨ ਹੋਵੇਗਾ। ਬਾਅਦ ਵਿੱਚ ਹੋਣ ਵਾਲੇ ਸ਼ਰਧਾਂਜਲੀ ਸਮਾਰੋਹ ਵਿੱਚ ਇਲਾਕੇ ਦੀਆਂ ਵੱਖ-ਵੱਖ ਸ਼ਖਸੀਅਤਾਂ ਪ੍ਰਗਟ ਸਿੰਘ ਬਾਠ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

# ਆਈ ਵੀ ਵਰਲਡ ਪਲੇਅ ਸਕੂਲ ਵਿਖੇ ਮਨਾਈ ਬਸੰਤ ਪੰਚਮੀ



**ਜਲੰਧਰ (ਇਕਬਾਲ ਸਿੰਘ ਉਭੀ)**-ਆਈ ਵੀ ਵਰਲਡ ਪਲੇਅ ਸਕੂਲ, ਸਿਵਲ ਲਾਈਨਜ਼ ਵਿਖੇ ਸਕੂਲ ਦੀ ਮੈਨੇਜਮੈਂਟ, ਚੇਅਰਮੈਨ ਸੰਜੀਵ ਕੁਮਾਰ ਵਾਸਲ, ਵਾਈਸ ਪ੍ਰੈਜ਼ੀਡੈਂਟ ਈਨਾ ਵਾਸਲ, ਸੀਈਓ ਰਾਘਵ ਵਾਸਲ, ਡਾਇਰੈਕਟਰ ਅਦਿਤੀ ਵਾਸਲ, ਪ੍ਰਿੰਸੀਪਲ ਸੰਜੀਵ ਚੌਹਾਨ ਅਤੇ ਮੁੱਖ ਅਧਿਆਪਕਾ ਸ਼ੇਫਾਲੀ ਸ਼ਰਮਾ ਦੀ ਅਗਵਾਈ ਹੇਠ ਬਸੰਤ ਪੰਚਮੀ ਮਨਾਈ ਗਈ। ਸਮਾਗਮ ਦੀ ਸ਼ੁਰੂਆਤ ਦੇਵੀ ਸਰਸਵਤੀ ਦੀ ਪੂਜਾ ਨਾਲ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਨੇ ਪਤੰਗ ਉਡਾਉਣ ਵਿੱਚ ਹਿੱਸਾ ਲਿਆ ਅਤੇ ਵੱਖ-ਵੱਖ ਪੀਲੇ ਰੰਗ ਦੇ ਪਕਵਾਨ ਖਾਣ ਦਾ ਅਨੰਦ ਲਿਆ। ਵਿਦਿਆਰਥੀਆਂ ਵਲੋਂ ਚਮਕਦਾਰ ਪੀਲੇ ਅਤੇ ਖੁਸ਼ਹਾਲ ਕੱਪੜੇ ਪਹਿਨੇ ਗਏ।

# ਪੰਜ ਦਿਨਾ ਬਾਰਡਰ ਏਰੀਆ ਯੂਥ ਐਕਸਚੇਂਜ ਪ੍ਰੋਗਰਾਮ ਸ਼ੁਰੂ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਨਹਿਰੂ ਯੁਵਾ ਕੇਂਦਰ ਅੰਮ੍ਰਿਤਸਰ, ਮੇਰਾ ਭਾਰਤ, ਯੁਵਾ ਮਾਮਲੇ ਅਤੇ ਖੇਡ ਮੰਤਰਾਲੇ, ਭਾਰਤ ਸਰਕਾਰ ਨੇ ਖਾਲਸਾ ਕਾਲਜ, ਜੀਟੀ ਰੋਡ ਅੰਮ੍ਰਿਤਸਰ ਵਿਖੇ ਪੰਜ ਦਿਨਾ ਬਾਰਡਰ ਏਰੀਆ ਯੂਥ ਐਕਸਚੇਂਜ ਪ੍ਰੋਗਰਾਮ ਦਾ ਆਯੋਜਨ ਕੀਤਾ।ਇਸ ਪ੍ਰੋਗਰਾਮ ਵਿੱਚ ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਦਿੱਲੀ ਰਾਜਾਂ ਤੋਂ 54 ਨੌਜਵਾਨ ਭਾਗੀਦਾਰ ਹਿੱਸਾ ਲੈ ਰਹੇ ਹਨ।ਇਸ ਸਮਾਗਮ ਦਾ ਉਦੇਸ਼ ਨੌਜਵਾਨਾਂ ਨੂੰ ਰਾਸ਼ਟਰੀ ਏਕਤਾ, ਅਖੰਡਤਾ ਅਤੇ ਆਪਣੇ-ਆਪਣੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਅੰਦਰ ਸ਼ਾਂਤੀ ਬਣਾਈ ਰੱਖਣ ਦੇ ਸਮਰਥਕ ਬਣਨ ਲਈ ਪ੍ਰੇਰਿਤ ਕਰਨਾ ਅਤੇ ਸੰਵੇਦਨਸ਼ੀਲ ਬਣਾਉਣਾ ਹੈ ਤਾਂ ਜੋ ਨੌਜਵਾਨਾਂ ਨੂੰ ਇੱਕ ਦੂਜੇ ਦੇ ਸੱਭਿਆਚਾਰ, ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਬਾਰੇ ਸਿੱਖਣ ਦੇ ਯੋਗ ਬਣਾਇਆ ਜਾ ਸਕੇ।ਵਿਭਿੰਨਤਾ ਲਈ ਸਹਿਣਸ਼ੀਲਤਾ, ਸਤਿਕਾਰ ਅਤੇ ਕਦਰ ਨੂੰ ਉਤਸ਼ਾਹਿਤ ਕਰਨਾ।ਇਹ ਪ੍ਰੋਗਰਾਮ ਭਾਗੀਦਾਰਾਂ ਨੂੰ ਉਨ੍ਹਾਂ ਲਈ ਉਪਲਬਧ ਵੱਖ-ਵੱਖ ਯੋਜਨਾਵਾਂ ਅਤੇ ਪ੍ਰੋਗਰਾਮਾਂ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕਰੇਗਾ ਅਤੇ ਨਾਲ ਹੀ ਉਨ੍ਹਾਂ ਨੂੰ ਇੱਕ ਅਰਥਪੂਰਨ ਜੀਵਨ ਜਿਊਣ ਲਈ ਪ੍ਰੇਰਿਤ ਕਰੇਗਾ।ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ, ਨਹਿਰੂ ਯੁਵਾ ਕੇਂਦਰ ਸੰਗਠਨ ਦੇ ਸੇਵਾਮੁਕਤ ਮੈਂਬਰ, ਤੇਜਿੰਦਰ ਸਿੰਘ ਰਾਜਾ, ਸ਼ਿਆਮ ਸੁੰਦਰ ਕਸ਼ਯਪ, ਸੈਮਸਨ ਮਸੀਹ ਅਤੇ ਵਿਕਰਮਜੀਤ ਸਿੰਘ ਗਿੱਲ ਅਤੇ ਜ਼ਿਲ੍ਹਾ ਯੁਵਾ ਅਧਿਕਾਰੀ ਅਕਾਂਕਸ਼ਾ ਮਹਾਵਰੀਆ ਦੁਆਰਾ ਦੀਪ ਜਗਾਉਣ ਨਾਲ ਹੋਈ।ਇਸ ਤੋਂ ਬਾਅਦ ਜ਼ਿਲ੍ਹਾ ਯੁਵਾ ਅਫ਼ਸਰ ਨੇ ਨਹਿਰੂ ਯੁਵਾ ਕੇਂਦਰ ਅੰਮ੍ਰਿਤਸਰ ਵੱਲੋਂ ਪ੍ਰੋਗਰਾਮ ਦੇ ਬਾਕੀ ਸਾਰੇ ਮਹਿਮਾਨਾਂ ਨੂੰ ਗੁਲਦਸਤੇ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ।ਉਪਰੰਤ ਸਾਰੇ ਪਾਰਟੀਸਿਪੈਂਟਸ ਨੂੰ ਕਿੱਟਾਂ ਵੰਡੀਆਂ ਗਈਆਂ ਜਿਸ ਤੋਂ ਬਾਅਦ ਖਾਲਸਾ ਕਾਲਜ ਅੰਮ੍ਰਿਤਸਰ ਦੀ ਭੰਗੜਾ ਅਤੇ ਝੂਮਰ ਟੀਮ ਦੁਆਰਾ ਪੰਜਾਬ ਦੇ ਸੱਭਿਆਚਾਰ ਦੀ ਪੇਸ਼ਕਾਰੀ ਨੇ ਸਾਰੇ ਨੌਜਵਾਨਾਂ ਨੂੰ ਮੰਤਰਮੁਗਧ ਕਰ ਦਿੱਤਾ।ਇਸ ਤੋਂ ਬਾਅਦ ਟ੍ਰੈਫਿਕ ਸਿੱਖਿਆ ਵਿਭਾਗ ਦੇ ਸਬ ਇੰਸਪੈਕਟਰ ਦਲਜੀਤ ਸਿੰਘ ਅਤੇ ਹੈੱਡ ਕਾਂਸਟੇਬਲ ਸਲਵੰਤ ਸਿੰਘ ਨੇ ਨੌਜਵਾਨਾਂ ਨਾਲ ਸੜਕ ਸੁਰੱਖਿਆ ਜਾਗਰੂਕਤਾ ਅਤੇ ਸਵੈ-ਇੱਛਾ ਨਾਲ ਕੰਮ ਕਰਨ ਬਾਰੇ ਚਰਚਾ ਕੀਤੀ।ਪ੍ਰੋਗਰਾਮ ਵਿੱਚ ਦਲਜੀਤ ਸਿੰਘ, ਸਬ ਇੰਸਪੈਕਟਰ, ਟ੍ਰੈਫਿਕ ਪੁਲਸ ਅੰਮ੍ਰਿਤਸਰ ਨੇ ਸੜਕ ਸੁਰੱਖਿਆ ਅਤੇ ਅਨੁਸ਼ਾਸਨ ਬਾਰੇ ਚਰਚਾ ਕੀਤੀ। ਡਾ. ਰਿਪਿਨ ਕੋਹਲੀ ਨੇ ਡਾ. ਦਵਿੰਦਰ ਕੌਰ ਦੁਆਰਾ ਨੌਜਵਾਨਾਂ ਨਾਲ ਜੀਵਨ ਸ਼ੈਲੀ ਅਤੇ ਸ਼ਖਸੀਅਤ ਵਿਕਾਸ ਵਿਸ਼ਿਆਂ ਦੇ ਨਾਲ-ਨਾਲ ਸਰਹੱਦੀ ਖੇਤਰ ਦੇ ਵਿਸ਼ਿਆਂ 'ਤੇ ਚਰਚਾ ਕੀਤੀ।ਸਾਰੇ ਭਾਗੀਦਾਰਾਂ ਨੇ ਸਦਾ ਨਾਟਘਰ ਅੰਮ੍ਰਿਤਸਰ ਦਾ ਦੌਰਾ ਕੀਤਾ। ਵਾਤਾਵਰਣ ਸੰਭਾਲ, ਜ਼ਿੰਦਗੀ ਇੱਕ ਕਠਪੁਤਲੀ ਹੈ, ਭੰਗੜਾ ਅਤੇ ਗਿੱਧਾ 'ਤੇ ਪੇਸ਼ਕਾਰੀਆਂ ਕੀਤੀਆਂ।



ਸ੍ਰੀ ਸ੍ਰੀ 1008 ਮਹਾਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ (ਬਾਪ ਜੀ) ਦਾ ਅਹਿਮਦਾਬਾਦ ਏਅਰਪੋਰਟ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕਰਦੇ ਹੋਏ ਮਹੰਤ ਸ੍ਰੀ ਗਿਰੀ ਮਹਾਰਾਜ ਤੇ ਸਮੂਹ ਸੰਗਤਾਂ ਤੇ ਹੋਰ। (ਤਸਵੀਰ ਤੇ ਵੇਰਵਾ : ਯੋਗੇਸ਼ਵਰ)

# ਸਰਪੰਚਾਂ ਦੀ ਇਕੱਤਰਤਾ 'ਚ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਅਹਿਮ ਵਿਚਾਰ-ਵਟਾਂਦਰਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**



ਵਿਧਾਨ ਸਭਾ ਹਲਕਾ ਬਟਾਲਾ ਅਧੀਨ ਪੈਂਦੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਦੇ ਵੱਲੋਂ ਇੱਕ ਅਹਿਮ ਮੀਟਿੰਗ ਪਿੰਡ ਡੱਲਾ ਵਿਖੇ ਸਰਪੰਚ ਮੇਜਰ ਸਿੰਘ ਬੋਪਾਰਾਏ ਡੱਲਾ ਦੇ ਘਰ ਵਿਖੇ ਕੀਤੀ ਗਈ ਜਿਸ ਵਿੱਚ ਸਰਪੰਚ ਮੇਜਰ ਸਿੰਘ ਡੱਲਾ, ਸਰਪੰਚ ਮਲਕੀਤ ਸਿੰਘ ਸੋਨੂ ਬਾਬਾ ਡੱਲਾ ਮੋੜ, ਸਰਪੰਚ ਬਲਬੀਰ ਸਿੰਘ ਬਲਾਕ ਪ੍ਰਧਾਨ ਡੱਲਾ ਹਵੇਲੀਆਂ, ਸਰਪੰਚ ਗੁਰਵਿੰਦਰ ਸਿੰਘ ਬਿੱਟੂ ਪਿੰਡ ਡੱਲਾ ਕਲਾਂ, ਸਰਪੰਚ ਮਨਜੀਤ ਸਿੰਘ ਪਿੰਡ ਵਾੜੇ, ਸਾਬਕਾ ਸਰਪੰਚ ਜਸਬੀਰ ਸਿੰਘ ਪਿੰਡ ਵਾੜੇ, ਸਰਪੰਚ ਸਰਬਜੀਤ ਸਿੰਘ ਢਿੱਲੋਂ ਪਿੰਡ ਚੀਮਾ, ਸਰਪੰਚ ਬਲਜੀਤ ਸਿੰਘ ਬੌਬੀ ਕੋਟਲਾ ਮੂਸਾ, ਸਰਪੰਚ ਜਸਬੀਰ ਸਿੰਘ ਭਿੱਟੇਵੱਢ ਚੀਮਾ, ਸਰਪੰਚ ਕੈਪਟਨ ਨਰਿੰਦਰ ਸਿੰਘ ਰਾਮਪੁਰ, ਸਰਪੰਚ ਬਲਵਿੰਦਰ ਸਿੰਘ ਧੰਨੇ ਆਦਿ ਸਰਪੰਚਾਂ ਨੇ ਇਸ ਮੀਟਿੰਗ ਵਿੱਚ ਸ਼ਿਰਕਤ ਕੀਤੀ ਅਤੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਕਰਦੇ ਹੋਏ ਸਹਿਮਤੀ ਪ੍ਰਗਟਾਈ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਅਹਿਮ ਵਿਚਾਰਾਂ ਕੀਤੀਆਂ ਜਿਨ੍ਹਾਂ ਵਿਚਾਰਾਂ ਦੇ ਉਤੇ ਸਮੂਹ ਸਰਪੰਚਾਂ ਨੇ ਸਾਂਝ ਪਾਈ ।ਇਕੱਤਰ ਹੋਏ ਸਮੂਹ ਸਰਪੰਚਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਸੂਬਾ ਕਾਰਜਕਾਰੀ ਪ੍ਰਧਾਨ ਦੇ ਵੱਲੋਂ ਲਗਾਤਾਰ ਬਟਾਲਾ ਹਲਕੇ ਦੇ ਨਾਲ ਪਿੰਡਾਂ ਦੇ ਵਿੱਚ ਵਿਕਾਸ ਕਾਰਜਾਂ ਨੂੰ ਲੈ ਕੇ ਪਿੰਡਾਂ ਦੇ ਸਰਪੰਚਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਾ ਆਵੇ ਜਿਸ ਤੇ ਚਲਦਿਆਂ ਵਿਧਾਇਕ ਸ਼ੈਰੀ ਕਲਸੀ ਦੇ ਵੱਲੋਂ ਲਗਾਤਾਰ ਪਿੰਡਾਂ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਲਈ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਮੀਟਿੰਗਾਂ ਕਰਕੇ ਪਿੰਡਾਂ ਦੇ ਵਿੱਚ ਵਿਕਾਸ ਕਾਰਜ ਕਰਵਾਉਣ ਦੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ।ਸਮੂਹ ਸਰਪੰਚਾਂ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਚੌਥੀ ਵਾਰ ਆਮ ਆਦਮੀ ਪਾਰਟੀ ਦੀ ਇਤਿਹਾਸਿਕ ਜਿੱਤ ਹੋ ਰਹੀ ਹੈ ਜਿਸ ਵਿੱਚ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਲਗਾਤਾਰ ਦਿੱਲੀ ਦੇ ਵਿੱਚ ਲੋਕਾਂ ਤੱਕ ਪਹੁੰਚ ਕਰਕੇ ਆਮ ਆਦਮੀ ਪਾਰਟੀ ਦੀਆਂ ਗਤੀਵਿਧੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ ਅਤੇ ਇਸ ਜਿੱਤ ਦੇ ਵਿੱਚ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਦੀ ਵੱਡੇ ਪੱਧਰ ਤੇ ਸ਼ਮੂਲੀਅਤ ਰਹੇਗੀ।ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਇਕੱਤਰ ਹੋਏ ਸਰਪੰਚਾਂ ਨੇ ਆਪਣੇ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਵੱਖ-ਵੱਖ ਵਿਕਾਸ ਕਾਰਜਾਂ ਸਬੰਧੀ ਵਿਚਾਰ ਚਰਚਾਵਾਂ ਕੀਤੀਆਂ ਅਤੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਘਰ ਤੱਕ ਪਹੁੰਚਾਉਣ ਲਈ ਲੋਕਾਂ ਨੂੰ ਵਿਸ਼ਵਾਸ ਦਵਾਇਆ।

# ਸੁਪਰਡੈਂਟ ਵਜੋਂ ਪਦਉੱਨਤੀ 'ਤੇ ਮਲਕੀਅਤ ਸਿੰਘ ਨੂੰ ਵਧਾਈ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਮਲਕੀਅਤ ਸਿੰਘ ਦੇ ਬਤੌਰ ਸੁਪਰਡੈਂਟ ਪੱਦ ਉਨਿਤ ਹੋਣ 'ਤੇ ਉਨ੍ਹਾਂ ਵੱਲੋਂ ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ) ਅੰਮ੍ਰਿਤਸਰ ਵਿਖੇ ਆਪਣੀ ਹਾਜ਼ਰੀ ਦਿੱਤੀ ਗਈ।ਇਸ ਮੌਕੇ ਸੁਖਦੇਵ ਸਿੰਘ ਤਹਿਸੀਲ ਪ੍ਰਧਾਨ ਮਜੀਠਾ ਵੱਲੋਂ ਉਚੇਚੇ ਤੌਰ 'ਤੇ ਹਾਜ਼ਰ ਹੋ ਕੇ ਮਲਕੀਅਤ ਸਿੰਘ ਨੂੰ ਵਧਾਈ ਦਿੱਤੀ ਗਈ।ਮਲਕੀਤ ਸਿੰਘ ਦੇ ਦਫ਼ਤਰ 'ਚ ਹਾਜ਼ਰ ਹੋਣ ਸਮੇਂ ਸੱਤਪਾਲ ਰਿਟਾ. ਸੁਪਰਡੈਂਟ, ਤਰਲੋਚਨ ਸਿੰਘ ਰਿਟਾ. ਸੁਪਰਡੈਂਟ, ਸਤਨਾਮ ਸਿੰਘ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਗੁਰਪ੍ਰਤਾਪ ਸਿੰਘ, ਸੁਖਦੇਵ ਸਿੰਘ ਤਹਿਸੀਲ ਪ੍ਰਧਾਨ, ਗੁਰਬਿੰਦਰ ਸਿੰਘ ਵਿੱਤ ਸਕੱਤਰ ਤੋਂ ਇਲਾਵਾ ਮਨਿਸਟਰੀਅਲ ਯੂਨੀਅਨ ਅੰਮ੍ਰਿਤਸਰ ਇਕਾਈ ਦੇ ਹੋਰ ਅਹੁਦੇਦਾਰ ਅਤੇ ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ) ਅੰਮ੍ਰਿਤਸਰ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਦੀ ਪੁਰਾਤਨ ਗੜ੍ਹੀ ਦੇ ਨਿਰਮਾਣ ਲਈ ਟੱਕ ਲਗਾ ਕੇ ਕਾਰ ਸੇਵਾ ਦੀ ਆਰੰਭਤਾ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**



ਗੁਰਦਾਸ ਨੰਗਲ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਸੈਂਕੜੇ ਸਿੰਘਾਂ ਸਮੇਤ ਗ੍ਰਿਫਤਾਰੀ ਦੇ ਅਦੁੱਤੀ ਇਤਿਹਾਸ ਨੂੰ ਦਰਸਾਉਂਦੀ ਪੁਰਾਤਨ ਗੜ੍ਹੀ ਦੇ ਨਿਰਮਾਣ ਲਈ ਅੱਜ ਧਾਰਮਿਕ ਸਖਸੀਅਤਾਂ ਨੇ ਟੱਕ ਲਗਾ ਕੇ ਕਾਰ ਸੇਵਾ ਦੀ ਆਰੰਭਤਾ ਕਰਵਾਈ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਨੇ ਅਰਦਾਸ ਕੀਤੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਮੁੱਖਵਾਕ ਲਿਆ। ਸ਼੍ਰੋਮਣੀ ਕਮੇਟੀ ਵੱਲੋਂ ਗੁਰਦਾਸ ਨੰਗਲ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਪੁਰਾਤਨ ਗੜ੍ਹੀ ਦੀ ਕਾਰ ਸੇਵਾ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲਿਆਂ ਨੂੰ ਸੌਂਪੀ ਗਈ ਹੈ। ਕਾਰ ਸੇਵਾ ਲਈ ਨੀਂਹ ਪੱਥਰ ਤੋਂ ਪਰਦਾ ਹਟਾਉਣ ਅਤੇ ਟੱਕ ਲਗਾਉਣ ਦੀ ਸੇਵਾ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਬਾਬਾ ਜਗਤਾਰ ਸਿੰਘ ਕਾਰ ਸੇਵਾ ਤਰਨਤਾਰਨ, ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ, ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇ. ਗੁਰਿੰਦਰਪਾਲ ਸਿੰਘ ਗੋਰਾ, ਗੁਰਨਾਮ ਸਿੰਘ ਜੱਸਲ ਤੇ ਬੀਬੀ ਜਸਬੀਰ ਕੌਰ ਜਫਰਵਾਲ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਜਰਨਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਨਿਭਾਈ। ਇਸ ਤੋਂ ਪਹਿਲਾਂ ਹੋਏ ਗੁਰਮਤਿ ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਗੁਰਦਾਸ ਨੰਗਲ ਵਿਖੇ ਉਸਾਰੀ ਜਾਣ ਵਾਲੀ ਪੁਰਾਤਨ ਦਿੱਖ ਵਾਲੀ ਗੜ੍ਹੀ ਸੰਗਤ ਨੂੰ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਪਹਿਲੇ ਸਿੱਖ ਰਾਜ ਦੇ ਉਸਰੱਈਏ ਬਾਬਾ ਬੰਦਾ ਸਿੰਘ ਬਹਾਦਰ ਦੀ ਮਹਾਨ ਅਦੁੱਤੀ ਕੁਰਬਾਨੀ ਅਤੇ ਗੁਰਦਾਸ ਨੰਗਲ ਵਿਖੇ 8 ਮਹੀਨੇ ਦੇ ਲਗਪਗ ਮੁਗਲਾਂ ਦੇ ਘੇਰੇ ਵਿਚ ਭੁੱਖਣ-ਭਾਣੇ ਰਹਿ ਕੇ ਸਿੱਦਕ ਦੇ ਨਾਲ ਜੂਝਣ ਵਾਲੇ ਸ਼ਹੀਦਾਂ ਦੇ ਇਤਿਹਾਸ ਨੂੰ ਆਪਣੇ ਅਹਿਸਾਸ ਦਾ ਹਿੱਸਾ ਬਣਾਉਣ ਵਿੱਚ ਸਹਾਈ ਹੋਵੇਗੀ। ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਦੱਸਿਆ ਕਿ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਵਿਖੇ ਪੁਰਾਤਨ ਗੜ੍ਹੀ ਦੇ ਨਿਰਮਾਣ ਲਈ ਉਹ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਯਤਨ ਕਰਦੇ ਰਹੇ। ਉਨ੍ਹਾਂ ਇਸ ਕਾਰਜ ਦੀ ਆਰੰਭਤਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ। ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ ਅਤੇ ਗੁਰਿੰਦਰਪਾਲ ਸਿੰਘ ਗੋਰਾ ਨੇ ਕਿਹਾ ਕਿ ਪੁਰਾਤਨ ਇਤਿਹਾਸ ਨੂੰ ਰੂਪਮਾਨ ਕਰਨ ਲਈ ਵਿਰਾਸਤੀ ਦਿੱਖ ਵਾਲੀ ਵਿਸ਼ਾਲ ਗੜ੍ਹੀ ਦੇ ਨਾਲ ਦਰਬਾਰ ਸਾਹਿਬ ਅਤੇ ਲੰਗਰ ਹਾਲ ਦੀ ਸੁੰਦਰ ਇਮਾਰਤ ਵੀ ਉਸਾਰੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਅੱਜ ਕਾਰ ਸੇਵਾ ਦੀ ਆਰੰਭਤਾ ਦੇ ਇਤਿਹਾਸਕ ਸਮਾਗਮ ਵਿੱਚ ਪੁੱਜੀਆਂ ਸਖਸੀਅਤਾਂ ਅਤੇ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਵਧੀਕ ਸਕੱਤਰ ਬਿਜੇ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ, ਐਕਸੀਅਨ ਜਤਿੰਦਰਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ, ਬਾਬਾ ਮਹਿੰਦਰ ਸਿੰਘ, ਬਾਬਾ ਗੁਰਮੀਤ ਸਿੰਘ, ਬਾਬਾ ਬਲਵਿੰਦਰ ਸਿੰਘ, ਮੈਨੇਜਰ ਸਤਨਾਮ ਸਿੰਘ ਰਿਆੜ, ਚੀਫ ਗੁਰਦੁਆਰਾ ਇੰਸਪੈਕਟਰ ਜਗਦੀਸ ਸਿੰਘ ਬੁੱਟਰ, ਵਧੀਕ ਮੈਨੇਜਰ ਗੁਰਤਿੰਦਰਪਾਲ ਸਿੰਘ, ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਦੇ ਪ੍ਰਿੰਸੀਪਲ ਡਾ: ਗੁਰਜੀਤ ਸਿੰਘ, ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਦੇ ਪ੍ਰਿੰਸੀਪਲ ਬੀਬੀ ਸਰਬਜੀਤ ਕੌਰ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਸਰਬਜੀਤ ਸਿੰਘ, ਸਸਤਨਾਮ ਸਿੰਘ ਗੋਸਲ, ਸੁਖਜਿੰਦਰ ਸਿੰਘ ਭਾਮ, ਹਰਦੇਵ ਸਿੰਘ ਬਾਜੇਚੱਕ ਅਤੇ ਤਰਲੋਕ ਸਿੰਘ ਛੋਟੇਪੁਰ ਵੀ ਹਾਜ਼ਰ ਸਨ।

# ਅੰਕੁਰ ਨਰੂਲਾ ਮਨਿਸਟਰੀ ਬਰਾਂਚ ਅਜਨਾਲਾ ਦੀ ਪਹਿਲੀ ਵਰ੍ਹੇਗੰਢ 9 ਨੂੰ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਵਿੱਚ ਅੰਕੁਰ ਨਰੂਲਾ ਮਨਿਸਟਰੀ ਦੀ ਬਰਾਂਚ ਅਜਨਾਲਾ ਚਰਚ ਦੀ ਪਹਿਲੀ ਵਰ੍ਹੇਗੰਢ ਬਹੁਤ ਧੂਮ ਧਾਮ ਨਾਲ ਮਨਾਈ ਜਾਵੇਗੀ ਜਿਸ ਦੇ ਮੁੱਖ ਮਹਿਮਾਨ ਗਲੋਬਲ ਕ੍ਰਿਸ਼ਚੀਅਨ ਐਕਸ਼ਨ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਗੌਰਵ ਹੋਣਗੇ ਅਤੇ ਜਸ਼ਨਾਂ ਦਾ ਉਦਘਾਟਨ ਕਰਨਗੇ ਅਤੇ ਮਸੀਹ ਭਾਈਚਾਰੇ ਨੂੰ ਸੰਬੋਧਨ ਕਰਨਗੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਗਲੋਬਲ ਕ੍ਰਿਸ਼ਚੀਅਨ ਐਕਸ਼ਨ ਕਮੇਟੀ ਦੇ ਕੋਆਰਡੀਨੇਟਰ ਵਲੈਤ ਮਸੀਹ ਬੰਟੀ ਅਜਨਾਲਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਨੇ ਕਿਹਾ ਕਿ ਦਾਣਾ ਮੰਡੀ ਚੁਗਾਵਾਂ ਰੋਡ ਦੇ ਸਾਹਮਣੇ ਪਿਛਲੇ ਇਕ ਸਾਲ ਤੋਂ ਅੰਕੁਰ ਨਰੂਲਾ ਮਨਿਸਟਰੀ ਦਾ ਚਰਚ ਖੁੱਲ੍ਹਾ ਹੋਇਆ ਹੈ ਅਤੇ ਉਸਦਾ ਇੱਕ ਸਾਲ ਪੂਰਾ ਹੋ ਗਿਆ ਹੈ। ਮਸੀਹ ਭਾਈਚਾਰੇ ਦੀ ਪੁਰਜ਼ੋਰ ਮੰਗ 'ਤੇ ਇਸ ਚਰਚ ਦੀ ਪਹਿਲੀ ਵਰ੍ਹੇਗੰਢ ਮਨਾਈ ਜਾ ਰਹੀ ਹੈ ਜਿਸ 'ਤੇ ਬਹੁਤ ਵੱਡੇ ਜਸ਼ਨ ਕੀਤੇ ਜਾਣਗੇ।ਇਸ ਮੌਕੇ ਹੋਰ ਵੀ ਇਲਾਕੇ ਦੀਆਂ ਮੁਹਤਬਰ ਸ਼ਖਸੀਅਤਾਂ ਆਉਣਗੀਆਂ।ਗੱਲਬਾਤ ਦੌਰਾਨ ਪ੍ਰਧਾਨ ਜੱਸ ਸ਼ੁੱਭ ਬ੍ਰਾਂਚ ਅਜਨਾਲਾ, ਗੁਰਨਾਮ ਮਸੀਹ ਚੱਕਬਾਲਾ, ਪ੍ਰਧਾਨ ਜੱਜਬੀਰ ਅਵਾਨ, ਪ੍ਰਧਾਨ ਸਵੀਟੀ ਬੁੱਟਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸੀ ਕੇ ਡੀ ਆਈ ਐੱਮ ਟੀ ਦੇ ਵਿਦਿਆਰਥੀਆਂ ਵੱਲੋਂ ਪਿੰਗਲਵਾੜਾ ਮਾਨਾਂਵਾਲਾ 'ਚ ਫੇਰੀ




**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਸੀ. ਕੇ. ਡੀ. ਆਈਐੱਮਟੀ ਤਰਨਤਾਰਨ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਜਸਬੀਰ ਸਿੰਘ ਦੀ ਯੋਗ ਅਗਵਾਈ ਵਿੱਚ ਭਗਤ ਪੂਰਨ ਸਿੰਘ ਪਿੰਗਲਵਾੜਾ ਮਾਨਾਂਵਾਲਾ ਅੰਮ੍ਰਿਤਸਰ ਵਿਖੇ ਜਾ ਕੇ ਰਹਿ ਰਹੇ ਲੋਕਾਂ ਨਾਲ ਸਮਾਂ ਗੁਜ਼ਾਰਿਆ। ਇਸ ਫੇਰੀ ਦਾ ਖਾਸ ਮਕਸਦ ਬੱਚਿਆਂ ਨੂੰ ਉਥੇ ਰਹਿ ਰਹੇ ਲੋਕਾਂ ਦੀ ਜ਼ਿੰਦਗੀ ਅਤੇ ਲੋੜਾਂ ਤੋਂ ਜਾਣੂ ਕਰਵਾਉਣਾ ਸੀ ।ਪਿੰਗਲਵਾੜਾ ਦੇ ਐਡਮਨਿਸਟਰੇਟਿਵ ਇੰਚਾਰਜ ਡਾ. ਅਮਰਜੀਤ ਸਿੰਘ ਅਤੇ ਡਾ. ਬੀਰ ਸਿੰਘ ਨੇ ਭਗਤ ਪੂਰਨ ਸਿੰਘ ਜੀ ਦੇ ਜੀਵਨ ਅਤੇ ਪਿੰਗਲਵਾੜੇ ਦੀ ਸਥਾਪਨਾ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਸਹਿਤ ਦੱਸਿਆ। ਇਸ ਤੋਂ ਬਾਅਦ ਬੱਚਿਆਂ ਨੂੰ ਪਿੰਗਲਵਾੜੇ ਅੰਦਰ ਬਣੇ ਬਿਰਧ ਘਰ, ਮੰਦ-ਬੁੱਧੀ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਬਣੀਆਂ ਵੱਖ-ਵੱਖ ਵਾਰਡਾਂ, ਗੂੰਗੇ-ਬੋਲੇ ਬੱਚਿਆਂ ਲਈ ਬਣੇ ਸਕੂਲ, ਨਕਲੀ ਅੰਗ ਬਣਾਉਣ ਵਾਲੇ ਸੈਂਟਰ ਆਦਿ ਦਾ ਦੌਰਾ ਕਰਵਾਇਆ ਗਿਆ।ਕਾਲਜ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਪਹਿਲੀਕਦਮੀ ਕਰਦਿਆ ਆਪਣੀ-ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਇਆ ਅਤੇ ਬੱਚਿਆਂ ਤੇ ਬਜ਼ੁਰਗਾਂ ਵਿੱਚ ਫਲ ਵੰਡ ਕੇ ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਦਾ ਅਹਿਸਾਸ ਕੀਤਾ ।ਵਿਦਿਆਰਥੀਆਂ ਦੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਫੇਰੀ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ ਅਤੇ ਉਹ ਭਵਿੱਖ ਵਿੱਚ ਵੀ ਅਜੇਹੇ ਲੋਕਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨਗੇ।ਇਸ ਮੌਕੇ ਹਰਜੀਤ ਸਿੰਘ ਪ੍ਰਧਾਨ ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਅਤੇ ਡਾ. ਸਰਬਜੀਤ ਸਿੰਘ ਛੀਨਾ ਮੈਂਬਰ ਇੰਚਾਰਜ ਨੇ ਇਸ ਮੌਕੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਇਸ ਸ਼ਲਾਘਾਯੋਗ ਕੰਮ ਲਈ ਵਧਾਈ ਦਿੱਤੀ ਅਤੇ ਅਗਾਂਹ ਤੋਂ ਵੀ ਇਸੇ ਤਰਾਂ ਲੋਕ ਭਲਾਈ ਦੇ ਕੰਮ ਕਰਨ ਲਈ ਪ੍ਰੇਰਨਾ ਦਿੱਤੀ।

# ਜੇ ਆਰ ਐੱਸ ਡੀ ਏ ਵੀ ਪਬਲਿਕ ਸਕੂਲ 'ਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ



**ਝਬਾਲ (ਹਰਜਿੰਦਰ ਸਿੰਘ)**-ਬਸੰਤ ਪੰਚਮੀ ਦਾ ਤਿਉਹਾਰ ਭਾਰਤ ਦਾ ਇੱਕ ਪ੍ਰਸਿੱਧ ਤਿਉਹਾਰ ਹੈ।ਇਹ ਹਰ ਸਾਲ ਮਾਘ ਮਹੀਨੇ ਦੀ ਪੰਚਮੀ ਨੂੰ ਮਨਾਇਆ ਜਾਂਦਾ ਹੈ।ਇਸ ਤਿਉਹਾਰ ਦਾ ਸਬੰਧ ਮਾਂ ਸਰਸਵਤੀ ਦੀ ਨਾਲ ਹੈ, ਜਿਨ੍ਹਾਂ ਨੂੰ ਵਿੱਦਿਆ ਅਤੇ ਸੰਗੀਤ ਦੀ ਦੇਵੀ ਮੰਨਿਆ ਜਾਂਦਾ ਹੈ। 1 ਫਰਵਰੀ ਦਿਨ ਸ਼ਨੀਵਾਰ ਨੂੰ ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਬੜੀ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਮੈਡਮ ਤਪੱਸਿਆ ਦੀ ਅਗਵਾਈ ਵਿੱਚ ਬੱਚਿਆਂ ਨੇ ਗੀਤ ਅਤੇ ਨਾਚ ਪੇਸ਼ ਕੀਤੇ।ਸਰਸਵਤੀ ਮਾਤਾ ਦੀ ਉਸਤਤ ਵੀ ਕੀਤੀ।ਸਟੇਜ ਸੰਚਾਲਨ ਦਾ ਕੰਮ ਮੈਡਮ ਸੋਨੀਆ ਸ਼ਰਮਾ ਨੇ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਵੀਰ ਹਕੀਕਤ ਰਾਏ ਅਤੇ ਕੂਕਾ ਅੰਦੋਲਨ ਦੇ ਬਾਬਾ ਰਾਮ ਸਿੰਘ ਨੂੰ ਵੀ ਯਾਦ ਕੀਤਾ ਤੇ ਉਨ੍ਹਾਂ ਦੇ ਇਤਿਹਾਸ ਤੋਂ ਬੱਚਿਆਂ ਨੂੰ ਜਾਣੂ ਕਰਵਾਇਆ।ਮੈਡਮ ਰੰਜੂ ਸਚਦੇਵਾ ਨੇ ਬੱਚਿਆਂ ਨੂੰ ਦੱਸਿਆ ਕਿ ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਹੋਇਆ ਸੀ ਤੇ ਮਾਤਾ ਸ਼ਿਬਰੀ ਭਗਵਾਨ ਸ਼੍ਰੀ ਰਾਮ ਨੂੰ ਮਿਲੇ ਸਨ।

# ਨਸ਼ਾ ਕਰਨ ਵਾਲੇ ਹਰੇਕ ਰੋਗੀ ਦੇ ਘਰ ਤੱਕ ਪਹੁੰਚ ਕਰੇਗਾ ਪ੍ਰਸ਼ਾਸਨ : ਡਿਪਟੀ ਕਮਿਸ਼ਨਰ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**



ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚੋਂ ਨਸ਼ੇ ਦੇ ਖਾਤਮੇ ਲਈ ਬਣਾਈ ਰਣਨੀਤੀ ਤਹਿਤ ਨਸ਼ਾ ਕਰਨ ਵਾਲੇ ਹਰੇਕ ਰੋਗੀ ਦੇ ਘਰ ਤੱਕ ਪਹੁੰਚ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਇਸ ਸਬੰਧੀ ਜਿਲਾ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਵਿੱਚ ਉਨ੍ਹਾਂ ਕਿਹਾ ਕਿ ਸਾਡੇ ਕੋਲ 43 ਓਟ ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਵਿੱਚ 22484 ਮਰੀਜ਼ ਰਜਿਸਟਰਡ ਹਨ, ਜਦ ਕਿ ਰੋਜ਼ਾਨਾ 15 ਤੋਂ 16 ਹਜਾਰ ਵਿਅਕਤੀ ਓਟ ਸੈਂਟਰਾਂ ਵਿੱਚ ਦਵਾਈ ਲੈਣ ਲਈ ਪਹੁੰਚ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਹੁਣ ਅਸੀਂ ਪੰਚਾਇਤਾਂ, ਮਾਲ ਵਿਭਾਗ, ਨੰਬਰਦਾਰਾਂ ਅਤੇ ਆਸ਼ਾ ਵਰਕਰਾਂ ਨੂੰ ਨਾਲ ਲੈ ਕੇ ਇਨ੍ਹਾਂ ਪਰਿਵਾਰਾਂ ਤੱਕ ਪਹੁੰਚ ਕਰਾਂਗੇ ਕਿ ਉਹ ਆਪਣੇ ਬੱਚਿਆਂ ਨੂੰ ਨਸ਼ੇ ਦੇ ਰੋਗ ਤੋਂ ਪੱਕੇ ਤੌਰ ਉਤੇ ਮੁਕਤ ਕਰਨ ਲਈ ਜਿਲੇ ਵਿੱਚ ਚਲਾਏ ਜਾ ਰਹੇ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਪਹੁੰਚ ਕਰਨ।ਉਨ੍ਹਾਂ ਦੱਸਿਆ ਕਿ ਇੰਨਾ ਕੇਂਦਰਾਂ ਵਿੱਚ ਮਰੀਜ਼ ਦੀ ਦਵਾਈ ਮੁਫਤ ਹੈ, ਇਸ ਤੋਂ ਇਲਾਵਾ ਖਾਣਾ ਵੀ ਮੁਫਤ ਦਿੱਤਾ ਜਾਂਦਾ ਹੈ ਅਤੇ ਮਰੀਜ਼ ਨੂੰ ਮਾਨਸਿਕ ਤੌਰ ਉਤੇ ਨਸ਼ਾ ਛੱਡਣ ਲਈ ਮਾਹਿਰਾਂ ਦੀ ਸਹਾਇਤਾ ਵੀ ਲਈ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮੁੜ ਵਸੇਬਾ ਕੇਂਦਰਾਂ ਵਿੱਚ ਨਸ਼ੇ ਦੇ ਰੋਗੀਆਂ ਨੂੰ ਨਵੀਂ ਜ਼ਿੰਦਗੀ ਦੇਣ ਲਈ ਉਹਨਾਂ ਦੀ ਇੱਛਾ ਅਨੁਸਾਰ ਹੁਨਰ ਮੰਦ ਬਣਾਇਆ ਜਾਂਦਾ ਹੈ ਤਾਂ ਜੋ ਉਹ ਆਪਣੀ ਰੋਜ਼ੀ ਰੋਟੀ ਕਮਾ ਕੇ ਸਮਾਜ ਵਿੱਚ ਇੱਜਤ ਨਾਲ ਵਿਚਰਨ। ਉਹਨਾਂ ਦੱਸਿਆ ਕਿ ਸਾਡੀ ਇਹ ਵੀ ਕੋਸ਼ਿਸ਼ ਹੋਵੇਗੀ ਕਿ ਜਿਹੜਾ ਵਿਅਕਤੀ ਨਸ਼ੇ ਦਾ ਰੋਗ ਛੱਡ ਕੇ ਹੁਨਰਮੰਦ ਬਣ ਚੁੱਕਿਆ ਹੈ, ਨੂੰ ਰੁਜ਼ਗਾਰ ਵੀ ਦਵਾਇਆ ਜਾਵੇ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਕੇਂਦਰਾਂ ਵਿੱਚ ਪਹੁੰਚਣ, ਇਲਾਜ ਕਰਵਾਉਣ ਜਾਂ ਕਿਸੇ ਵੀ ਤਰ੍ਹਾਂ ਦੀ ਪੁੱਛਗਿੱਛ ਅਤੇ ਸਹਾਇਤਾ ਲਈ ਫੋਨ ਨੰਬਰ 1800 137 6754 ਉਪਰ ਸੰਪਰਕ ਕਰਨ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜੋ ਵੀ ਆਸ਼ਾ ਵਰਕਰ ਨਸ਼ਾ ਮੁਕਤੀ ਦੇ ਇਸ ਪ੍ਰੋਗਰਾਮ ਵਿੱਚ ਵੱਡਾ ਯੋਗਦਾਨ ਪਾਵੇਗੀ, ਉਸ ਨੂੰ ਨਗਦ ਰਾਸ਼ੀ ਨਾਲ ਸਨਮਾਨਿਤ ਵੀ ਕੀਤਾ ਜਾਵੇਗਾ।ਉਨ੍ਹਾਂ ਇਸ ਮੌਕੇ ਡਰੱਗ ਕੰਟਰੋਲਰ ਨੂੰ ਹਦਾਇਤ ਕੀਤੀ ਕਿ ਉਹ ਦਵਾਈਆਂ ਦੀਆਂ ਦੁਕਾਨਾਂ ਦੀ ਨਿਰੰਤਰ ਜਾਂਚ ਕਰਨ ਤਾਂ ਜੋ ਉਹ ਨਸ਼ੇ ਦੀਆਂ ਦਵਾਈਆਂ ਨਾ ਵੇਚ ਸਕਣ।

# ਅੱਜ ਫੂਕਣਗੇ ਐੱਨ ਪੀ ਐੱਸ ਕਰਮਚਾਰੀ ਯੂ ਪੀ ਐੱਸ ਨੋਟੀਫਿਕੇਸ਼ਨ ਦੀਆਂ ਕਾਪੀਆਂ



**ਜਲੰਧਰ (ਰਾਜੇਸ਼ ਥਾਪਾ)**

ਕੇਂਦਰ ਸਰਕਾਰ ਵਲੋਂ ਏਕੀਕ੍ਰਿਤ ਪੈਨਸ਼ਨ ਯੋਜਨਾ (ਯੂ ਪੀ ਐਸ) ਦਾ ਨੋਟੀਫਿਕੇਸ਼ਨ ਬੀਤੇ 25 ਜਨਵਰੀ ਨੂੰ ਜਾਰੀ ਹੋਣ 'ਤੇ ਕਰਮਚਾਰੀਆਂ ਨੇ ਕੇਂਦਰ ਸਰਕਾਰ ਦਾ ਇਸ ਨੂੰ ਇਕ ਹੋਰ ਧੋਖਾ ਕਰਾਰ ਦਿੱਤਾ ਹੈ।ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਦੇ ਕਨਵੀਨਰ ਕੁਲਦੀਪ ਵਾਲੀਆ ਅਤੇ ਕੋ ਕਨਵੀਨਰ ਦਿਲਬਾਗ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੀਤੇ ਦਿਨੀ ਕੇਂਦਰ ਸਰਕਾਰ ਨੇ ਯੂਨੀਫਾਈਡ ਪੈਨਸ਼ਨ ਸਕੀਮ ਦੀ ਜੋ ਐਸ.ਓ.ਪੀ ਜਾਰੀ ਕੀਤੀ ਹੈ, ਉਹ ਬਹੁਤ ਹੀ ਘਾਤਕ ਹੈ, ਕਿਉਂਕਿ ਉਪਰੋਕਤ ਸਕੀਮ ਦੇ ਅਨੁਸਾਰ ਸਰਕਾਰ ਮੁਲਾਜ਼ਮਾਂ ਦਾ ਪੈਸਾ ਹੜੱਪ ਕੇ ਮੁਲਾਜ਼ਮਾਂ ਨੂੰ ਪੈਨਸ਼ਨ ਦੇਣਾ ਚਾਹੁੰਦੀ ਹੈ। ਉਹਨਾਂ ਕਿਹਾ ਇਸ ਸਕੀਮ ਨਾਲ ਮੁਲਾਜ਼ਮ ਨੂੰ ਰਿਟਾਇਰਮੈਂਟ ਤੋਂ ਬਾਅਦ ਖਾਲੀ ਹੱਥ ਘਰ ਨੂੰ ਤੋਰਨ ਦੀ ਸਕੀਮ ਹੈ, ਇਸ ਸਕੀਮ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਪੈਨਸ਼ਨ ਦੇ ਨਾਂਅ 'ਤੇ ਕਰਮਚਾਰੀਆਂ ਦੀ ਖ਼ੂਨ ਪਸੀਨੇ ਦੀ ਕਮਾਈ ਖੋਹਣ ਵਾਲੀ ਯੋਜਨਾ ਦਾ ਆਉਣ ਵਾਲੀ 4 ਫਰਵਰੀ ਨੂੰ ਇਸ ਨੋਟੀਫਿਕੇਸ਼ਨ ਦੀਆਂ ਕਾਪੀਆਂ ਫੂਕ ਕੇ ਵਿਰੋਧ ਦਰਜ ਕਰਵਾਇਆ ਜਾਵੇਗਾ ਜਿਸ ਵਿੱਚ ਪੰਜਾਬ ਦੇ ਸਮੂਹ ਨਵੀਂ ਪੈਨਸ਼ਨ ਸਕੀਮ ਅਧੀਨ ਆਉਂਦੇ ਮੁਲਾਜ਼ਮ ਭਾਗ ਲੈਣਗੇ। ਉਹਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਅਧੂਰੇ ਨੋਟੀਫਿਕੇਸ਼ਨ ਨੂੰ ਪੂਰਾ ਕਰਕੇ 1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਬਹਾਲ ਕਰੇ।ਉਹਨਾਂ ਕਿਹਾ ਕਿ ਆਪ ਦੇ ਸੀਨੀਅਰ ਨੇਤਾ ਸੰਜੇ ਸਿੰਘ ਇਸ ਸਕੀਮ ਨੂੰ ਪਹਿਲਾਂ ਹੀ ਮੁਲਾਜ਼ਮਾਂ ਨਾਲ ਧੋਖਾ ਕਰਾਰ ਦੇ ਚੁੱਕੇ ਹਨ।ਉਹਨਾਂ ਕਿਹਾ ਕਿ ਗੁਆਂਢੀ ਸੂਬੇ ਹਿਮਾਚਲ ਦੇ ਮੁੱਖ ਮੰਤਰੀ ਅਨੁਸਾਰ ਉਹਨਾਂ ਨੇ ਜੋ ਓ.ਪੀ.ਐਸ ਆਪਣੇ ਰਾਜ ਵਿੱਚ ਲਾਗੂ ਕੀਤੀ ਹੈ ਉਸ ਨਾਲ ਰਾਜ ਉਪਰ ਕੋਈ ਵਿੱਤੀ ਬੋਝ ਨਹੀਂ ਪਿਆ ਹੈ। ਇਸ ਕਰਕੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਓ.ਪੀ.ਐਸ ਲਾਗੂ ਕਰੇ ਅਤੇ ਤੁਰੰਤ ਜੀ.ਪੀ.ਐਫ ਖਾਤੇ ਖੋਲ੍ਹੇ। ਇਸ ਮੌਕੇ ਵੇਦ ਰਾਜ ਜਲੰਧਰ,ਕਰਨੈਲ ਫਿਲੌਰ, ਜਸਬੀਰ ਸਿੰਘ, ਪਵਨ ਕੁਮਾਰ, ਪਰੇਮ ਖਾਲਵਾੜਾ, ਸੰਦੀਪ ਰਾਜੋਵਾਲ,ਅਮਰਜੀਤ ਭਗਤ,ਮੋਹਣ ਲਾਲ, ਕੁਲਵੀਰ ਕੁਮਾਰ, ਮੁਕੇਸ਼ ਕੁਮਾਰ, ਸੰਦੀਪ ਕੁਮਾਰ, ਰਾਕੇਸ਼ ਠਾਕੁਰ, ਰਾਜੇਸ਼ ਭੱਟੀ, ਰਵਿੰਦਰ ਕੁਮਾਰ, ਪ੍ਰਦੀਪ ਕੁਮਾਰ, ਦਲਬੀਰ ਰਾਮ, ਵਿਪਨ ਕਾਲੜਾ ਅਤੇ ਹੋਰ ਸਾਥੀ ਹਾਜ਼ਰ ਸਨ।

# ਖੌਫ ਤੇ ਲਾਲਚ ਤਿਆਗ ਕੇ ਹੀ ਸੱਚੀ ਪੱਤਰਕਾਰੀ ਕੀਤੀ ਜਾ ਸਕਦੀ : ਮਾਨ

**ਬਿਲਗਾ (ਵਿਜੇ ਕੁਮਾਰ)**

ਜਰਨਲਿਸਟ ਪ੍ਰੈਸ ਕਲੱਬ ਨੂਰਮਹਿਲ, ਬਿਲਗਾ ਯੂਨਿਟ ਦੀ ਇੱਕ ਅਹਿਮ ਮੀਟਿੰਗ ਸਥਾਨਕ ਰੈਸਟੋਰੈਂਟ ਬਿਲਗਾ ਵਿਖੇ ਪ੍ਰਧਾਨ ਵਿਜੇ ਕੁਮਾਰ ਬਾਵਾ ਦੀ ਰਹਿਨੁਮਾਈ ਹੇਠ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਕਰਵਾਈ ਗਈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਸੂਬਾ ਸਰਪ੍ਰਸਤ ਜੇ ਐਸ ਸੰਧੂ, ਮੁੱਖ ਬੁਲਾਰਾ ਪੰਜਾਬ ਰਾਮ ਸਿੰਘ ਭੱਟੀ ,ਪ੍ਰਿਤਪਾਲ ਸਿੰਘ ਕੋਆਰਡੀਨੇਟਰ ਪੰਜਾਬ ਅਤੇ ਉਨ੍ਹਾਂ ਦੀ ਸਟੇਟ ਬਾਡੀ ਦੀ ਪੂਰੀ ਟੀਮ ਨੇ ਹਿੱਸਾ ਲਿਆ। ਮਨਜੀਤ ਮਾਨ ਨੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਪੱਤਰਕਾਰਾਂ ਨੂੰ ਬਹੁਤ ਹੀ ਸਮੱਸਿਆਵਾਂ ਤੇ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਹਕੂਮਤੀ ਮੀਡੀਏ ਨੂੰ ਮੀਡੀਏ ਨਾਲ ਲੜਾਉਣ ਦੇ ਲਈ ਕਾਮਯਾਬ ਰਹੀਆਂ ਹਨ। ਮੀਡੀਆ ਨੂੰ ਦਬਾਇਆ ਜਾ ਰਿਹਾ ਹੈ ਤੇ ਗੁੰਡਾ ਤਾਕਤਾਂ ਅੱਗੇ ਆ ਰਹੀਆਂ ਹਨ। ਖੌਫ ਨੂੰ ਤਿਆਗ ਕੇ ਹੀ ਸੱਚੀ ਪੱਤਰਕਾਰੀ ਕੀਤੀ ਜਾ ਸਕਦੀ ਹੈ। ਜੇ ਐਸ ਸੰਧੂ, ਪ੍ਰਿਤਪਾਲ ਸਿੰਘ, ਰਾਮ ਸਿੰਘ ਭੱਟੀ ਮੁੱਖ ਬੁਲਾਰਾ ਪੰਜਾਬ, ਨਰਿੰਦਰ ਚੂਹੜ, ਬਲਵੀਰ ਸਿੰਘ ਚੀਮਾ ਸੂਬਾ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਤੇ ਚੇਅਰਮੈਨ 11 ਨਿਹੰਗ ਸਿੰਘ ਜਥੇਬੰਦੀਆਂ ਭਾਰਤ, ਬਾਬਾ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲੇ ਗ੍ਰੰਥੀ ਸਿੰਘ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਕਾਲਾ ਸੰਘਿਆਂ ਅਤੇ ਹੋਰ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ। ਸਦੀਵੀ ਵਿਛੋੜਾ ਦੇ ਚੁੱਕੇ ਪੱਤਰਕਾਰ ਸਾਥੀ ਰਾਜਿੰਦਰ ਵਰਮਾ ਦੀ ਯਾਦ ਵਿੱਚ ਸਾਰਿਆਂ ਨੇ ਦੋ ਮਿੰਟ ਦਾ ਮੌਨ ਰੱਖਿਆ। ਨਿਊ ਅੰਬੇਡਕਰ ਪ੍ਰੈਸ ਕਲੱਬ ਫਿਲੌਰ ਦੇ ਪ੍ਰਧਾਨ ਜਗਨ ਨਾਥ ਚੰਗੀ ਨੇ ਆਪਣੀ ਟੀਮ ਨਾਲ ਜਰਨਲਿਸਟ ਪ੍ਰੈਸ ਕਲੱਬ ਨੂਰਮਹਿਲ ਬਿਲਗਾ ਯੂਨਿਟ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਸਟੇਜ ਸੰਚਾਲਕ ਦੀ ਭੂਮਿਕਾ ਰਿਟਾਇਰਡ ਪ੍ਰਿੰਸੀਪਲ ਰਵੀ ਸ਼ਰਮਾ ਅਤੇ ਗੋਬਿੰਦ ਰਾਏ ਨਕੋਦਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਨਕੋਦਰ, ਮਹਿਤਪੁਰ, ਫਿਲੌਰ ,ਨੂਰਮਹਿਲ , ਸ਼ਾਹਕੋਟ ਅਤੇ ਹੋਰਨਾਂ ਸ਼ਹਿਰਾਂ ਤੋਂ ਵੀ ਪੱਤਰਕਾਰ ਹਾਜ਼ਰ ਹੋਏ। ਪ੍ਰਿੰਸੀਪਲ ਰਵੀ ਸ਼ਰਮਾ ਨੂੰ ਪੰਜਾਬ ਦੀ ਸਟੇਟ ਬਾਡੀ ਦਾ ਕੈਸ਼ੀਅਰ ਨਿਯੁਕਤ ਗਿਆ ।



# ਹੈਰੋਇਨ ਦੇ ਪੈਕਟ ਚੁੱਕਣ ਆਏ ਦੋ ਨੌਜਵਾਨ ਕਾਬੂ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਬੀ ਐਸ ਐਫ ਦੇ ਸੈਕਟਰ ਗੁਰਦਾਸਪੁਰ ਅਧੀਨ ਆਉਂਦੀ ਬੀ ਐਸ ਐਫ ਦੀ 27 ਬਟਾਲੀਅਨ ਦੀ ਬੀ ਓ ਪੀ ਚੰਦੂ ਵਡਾਲਾ ਦੇ ਬੀ ਐਸ ਐਫ ਜਵਾਨਾਂ ਅਤੇ ਪੰਜਾਬ ਪੁਲਿਸ ਵੱਲੋਂ ਸਾਂਝੇ ਸਰਚ ਅਭਿਆਨ ਦੌਰਾਨ ਪਾਕਿਸਤਾਨ ਵਾਲੇ ਪਾਸੇ ਤੋਂ ਡਰੋਨ ਰਾਹੀਂ ਭੇਜੇ ਹੈਰੋਇਨ ਦੇ ਪੈਕਟ ਚੁੱਕਣ ਆਏ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਬੀਐਸਐਫ ਵੱਲੋਂ ਅੱਧਾ ਕਿਲੋ ਪੈਕਟ, ਮੋਟਰਸਾਈਕਲ ਅਤੇ ਦੋ ਮੋਬਾਇਲ ਸਮੇਤ ਫੜੇ ਗਏ ਨੌਜਵਾਨਾਂ ਸਬੰਧੀ ਪੁਲਿਸ ਥਾਣਾ ਕਲਾਨੌਰ ਵਿਖੇ ਕਾਨੂੰਨੀ ਕਰਵਾਈ ਜਾ ਰਹੀ ਹੈ।ਇਸ ਸਬੰਧੀ ਐਸ ਐਚ ਓ ਜਗਦੀਸ਼ ਸਿੰਘ ਨੇ ਦੱਸਿਆ ਕਿ ਹੈਰੋਇਨ ਸਮੇਤ ਫੜੇ ਦੋਵਾਂ ਨੌਜਵਾਨਾਂ ਖਿਲਾਫ ਨਸ਼ਾ ਤੇ ਦੇਸ਼ ਵਿਰੋਧੀ ਗਤੀਵਿਧੀਆਂ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ।

## ਅੱਜ ਬਿਜਲੀ ਬੰਦ ਰਹੇਗੀ

**ਟਾਂਡਾ ਉੜਮੁੜ,ਔੜ ਸਹਾਂ, (ਜਸਵਿੰਦਰ ਸੰਧੂ, ਓਂਕਾਰ ਸਿੰਘ, ਜਸਵੀਰ ਕਾਜਲ)**-ਪੰਜਾਬ ਰਾਜ ਪਾਵਰ ਕਾਮ ਕਾਰਪੋਰੇਸ਼ਨ ਅਧੀਨ ਚੱਲਦੇ ਉਪ ਮੰਡਲ ਕੰਧਾਲਾ ਜੱਟਾਂ ਦੇ 66 ਕੇ.ਵੀ ਫੀਡਰ ਦੀ ਜ਼ਰੂਰੀ ਮੁਰੰਮਤ ਕਾਰਨ ਅੱਜ 4 ਫਰਵਰੀ ਨੂੰ ਇਸ ਫੀਡਰ ਅਧੀਨ ਚੱਲਦੇ ਘਰਾਂ ਅਤੇ ਮੋਟਰਾਂ ਦੀ ਬਿਜਲੀ ਸਪਲਾਈ ਬੰਦ ਰਹੇਗੀ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਕਾਰਜਕਾਰੀ ਇੰਜੀਨੀਅਰ ਉਪ ਮੰਡਲ ਕੰਧਾਲਾ ਜੱਟਾਂ ਜਸਵੰਤ ਸਿੰਘ ਨੇ ਦੱਸਿਆ ਕਿ ਜ਼ਰੂਰੀ ਮੁਰੰਮਤ ਕਾਰਨ ਅੱਜ 4 ਫਰਵਰੀ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 4:30 ਵਜੇ ਤੱਕ ਘਰਾਂ ਤੇ ਮੋਟਰਾਂ ਦੀ ਬਿਜਲੀ ਸਪਲਾਈ ਬੰਦ ਰਹੇਗੀ।

## ਅਫੀਮ ਸਮੇਤ ਦੋ ਕਾਬੂ



**ਬੰਗਾ (ਅਵਤਾਰ ਕਲੇਰ)**- ਥਾਣਾ ਸਿਟੀ ਬੰਗਾ ਦੀਂ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਸ਼ਿਵਾਲਿਕ ਇੰਨਕਲੇਵ ਬੰਗਾ ਤੋਂ ਹਰਜਿੰਦਰ ਸਿੰਘ ਉਰਫ ਜਿੰਦਰ ਪੁੱਤਰ ਗਿਆਨ ਚੰਦ ਵਾਸੀ ਜੰਡਿਆਲਾ ਥਾਣਾ ਸਦਰ ਬੰਗਾ ਅਤੇ ਕੁਲਵਿੰਦਰ ਕੌਰ ਪਤਨੀ ਹਰਜਿੰਦਰ ਸਿੰਘ ਉਰਫ ਜਿੰਦਰ ਵਾਸੀ ਜੰਡਿਆਲਾ ਥਾਣਾ ਸਦਰ ਬੰਗਾ ਨੂੰ 01 ਕਿਲੋ 500 ਗ੍ਰਾਮ ਅਫੀਮ ਅਤੇ ਗੱਡੀ ਨੰਬਰੀ ਪੀ ਬੀ 78-1-8407 ਮਾਰਕਾ ਵੈਨੀਊ ਸਮੇਤ ਕਾਬੂ ਕੀਤਾ।

# ਪੁਲਸ ਦੀ ਢਿੱਲੀ ਕਾਰਵਾਈ ਵਿਰੁੱਧ ਦਿਹਾਤੀ ਮਜ਼ਦੂਰ ਸਭਾ ਨੇ ਦਿੱਤੇ ਮੰਗ ਪੱਤਰ

**ਫਿਲੌਰ, (ਨਿਰਮਲ)**

ਦਿਹਾਤੀ ਮਜ਼ਦੂਰ ਸਭਾ ਜ਼ਿਲ੍ਹਾ ਜਲੰਧਰ ਦਾ ਵਫਦ ਨਸ਼ੇ ਦੀ ਵੱਧ ਰਹੀ ਭਰਮਾਰ ਤੇ ਲੁੱਟਾਂ ਖੋਹਾਂ ਵਿਰੁੱਧ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਦੇ ਸਬੰਧ 'ਚ ਨਿਰਮਲ ਮਲਸੀਹਾਂ, ਪਰਮਜੀਤ ਰੰਧਾਵਾ, ਬਲਦੇਵ ਨੂਰਪੁਰੀ ਜਰਨੈਲ ਫਿਲੌਰ ਆਦਿ ਦੀ ਅਗਵਾਈ ਵਿੱਚ ਉੱਚ ਪੁਲਸ ਅਧਿਕਾਰੀਆਂ ਨੂੰ ਮਿਲਿਆ ਤੇ ਇੱਕ ਮੰਗ ਪੱਤਰ ਮੁਖਤਿਆਰ ਰਾਏ ਐੱਸ ਪੀ ਹੈਡ ਕਵਾਟਰ ਦਿਹਾਤੀ ਜਲੰਧਰ, ਚੰਦ ਸਿੰਘ ਏ ਡੀ ਸੀ ਪੀ ਡੀ ਜਲੰਧਰ, ਸੁਖਵਿੰਦਰ ਸਿੰਘ ਏ ਡੀ ਸੀ ਪੀ ਹੈੱਡ ਕੁਆਰਟਰ ਜਲੰਧਰ ਨੂੰ ਦਿੱਤਾ। ਦਰਸ਼ਨ ਨਾਹਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਲੁੱਟਾਂ-ਖੋਹਾਂ ਵਿੱਚ ਵਾਧਾ ਹੋ ਰਿਹਾ ਹੈ। ਬਹੁਤ ਸਾਰੇ ਮਸਲੇ ਵੱਖ-ਵੱਖ ਥਾਣਾ ਮੁੱਖੀਆਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਰਹੀ। ਨੂਰਪੁਰੀ ਨੇ ਕਿਹਾ ਕਿ ਬੀਤੇ ਦਿਨੀਂ ਪਿੰਡ ਢੰਡੋਵਾਲ ਦੇ ਗੁਰਪ੍ਰੀਤ ਸਿੰਘ ਪੁੱਤਰ ਸੁੱਚਾ ਸਿੰਘ ਤੋਂ ਦਿਨ- ਦਿਹਾੜੇ ਨਕਦੀ ਅਤੇ ਗਹਿਣੇ ਲੁੱਟੇ ਗਏ,ਹੀਂ ਹੋਈ ਪਿੰਡ ਕੋਟਲੀ ਗਾਜਰਾਂ ਦੇ ਪਿਆਰਾ ਸਿੰਘ ਦੇ ਪੋਤਰੇ ਰਜਤ ਪੁੱਤਰ ਜਿੰਦਰ ਸਿੰਘ ਤੋਂ ਤਿੰਨ ਮੋਟਰਸਾਇਕਲ ਸਵਾਰ ਲੁਟੇਰੇ ਦਾਤਰ ਦੀ ਨੋਕ ਤੇ ਲੁੱਟ ਕਰਕੇ ਲੈ ਗਏ, ਤਰਲੋਕ ਸਿੰਘ ਸਰਪੰਚ ਗੋਬਿੰਦ ਨਗਰ ਦੇ ਪਿਤਾ ਰਣਜੀਤ ਸਿੰਘ ਜਿਹੜਾ ਆਟੋ ਰਿਕਸ਼ਾ ਰਾਹੀਂ ਆ ਰਿਹਾ ਸੀ ਨੂੰ ਹੋਰ ਬਾਕੀ ਸਵਾਰੀਆਂ ਸਮੇਤ ਲੁੱਟਿਆ ਗਿਆ, ਮਲਸੀਹਾਂ ਦੇ ਲਕਸੀਆਂ ਪਿੰਡ ਦੇ ਵਸਨੀਕ ਮਜ਼ਦੂਰ ਮਹਿੰਦਰ ਸਿੰਘ ਨੂੰ ਬਜ਼ਾਰ ਵਿਚੋਂ ਕਰਿਆਨੇ ਦਾ ਸਾਮਾਨ ਲੈਕੇ ਆ ਰਹੇ ਨੂੰ ਦਿਨ ਦਿਹਾੜੇ ਲੁੱਟ ਲਿਆ ਗਿਆ, ਥਾਣਾ ਬਿਲਗਾ ਵਿਖੇ ਦਰਜ FIR ਨੰਬਰ 003 ਮਿਤੀ 05/01/2025 ਅਵਤਾਰ ਕੌਰ ਪਤਨੀ ਮੁਲਖ ਰਾਜ ਵਾਸੀ ਬੇਗਮਪੁਰ ਵਲੋਂ ਦਿੱਤੀ ਦਰਖਾਸਤ, ਮੁਕੱਦਮਾ ਨੰਬਰ 240 ਮਿਤੀ 7 ਦਸੰਬਰ 2024 ਨੂੰ ਪਿੰਡ ਜਮਸ਼ੇਰ ਖਾਸ ਥਾਣਾ ਸਦਰ ਜਲੰਧਰ ਵਿਖੇ ਵੰਸ਼ ਪੁੱਤਰ ਕੇਵਲ ਵਾਸੀ ਮੁਹੱਲਾ ਟਿੱਬੇ ਵਾਲਾ 'ਤੇ ਹਮਲਾ ਹੋਇਆ, 19 ਦਸੰਬਰ 2024 ਨੂੰ ਪਿੰਡ ਧੀਣਾ ਵਿਖੇ ਰਵੀ ਕੁਮਾਰ ਪੁੱਤਰ ਜੇਮਜ਼ ਮਸੀਹ ਤੇ ਕਈ ਲੋਕਾਂ ਵਲੋਂ ਹਮਲਾ ਕੀਤਾ ਗਿਆ ਅਤੇ ਦਰਖਾਸਤ ਨੰਬਰ 4566 ਮਿਤੀ 22 ਅਕਤੂਬਰ 2024 ਨੂੰ ਪਰਮਜੀਤ ਪੁੱਤਰ ਬਿੱਕਰ ਵਾਸੀ ਜਮਸ਼ੇਰ ਖਾਸ ਨਾਲ ਧੋਖਾਧੜੀ ਕਰਨ ਵਾਲੇ ਰਾਜੂ ਅਤੇ ਉਸ ਦੇ ਪਿਤਾ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਆਗੂਆਂ ਨੇ ਕਿਹਾ ਕਿ ਅਗਰ ਹੁਣ ਕਾਰਵਾਈ ਵਿੱਚ ਢਿੱਲ ਰਹੀ ਤਾਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਮਾਸਟਰ ਹੰਸ ਰਾਜ ਫਿਲੌਰ, ਭਜਨ ਜਮਸ਼ੇਰ, ਨੱਛਤਰ ਮਾਹੂੰਵਾਲ, ਸਰਬਜੀਤ ਢੇਰੀਆਂ, ਸਰਵਣ ਬਿੱਲਾ, ਹਨੀ ਫਿਲੌਰ, ਡਾਕਟਰ ਸੰਦੀਪ ਫਿਲੌਰ,ਗੁਰਬਚਨ ਰਾਮ ਫਿਲੌਰ ਆਦਿ ਹਾਜ਼ਰ ਸਨ।



# ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਮੌਕੇ ਹੋਈਆਂ ਅਹਿਮ ਵਿਚਾਰਾਂ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਤਹਿਸੀਲ ਗੜ੍ਹਸ਼ੰਕਰ ਦੀ ਮੀਟਿੰਗ ਗੁਰਮੇਲ ਕਲਸੀ ਦੀ ਪ੍ਰਧਾਨਗੀ ਹੇਠ ਹੋਈ । ਇਸ ਮੀਟਿੰਗ ਵਿੱਚ ਯੂਨੀਅਨ ਦੇ ਪੰਜਾਬ ਦੇ ਪ੍ਰਧਾਨ ਰਾਮ ਸਿੰਘ ਨੂਰਪੁਰੀ ਤੇ ਜਨਰਲ ਸਕੱਤਰ ਗੁਰਮੇਸ਼ ਸਿੰਘ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਦੋਵਾਂ ਸਾਥੀਆਂ ਨੇ ਕਿਹਾ ਕਿ ਪਿੰਡਾਂ ਅੰਦਰ ਮੈਂਬਰਸ਼ਿਪ ਕਰਕੇ ਯੂਨਿਟ ਕਾਇਮ ਕੀਤੇ ਜਾਣ।ਉਹਨਾ ਨੇ 24 ਫਰਵਰੀ ਨੂੰ ਖੇਤ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਨੂੰ ਲੈ ਕੇ ਜ਼ਿਲ੍ਹਿਆਂ ਅੰਦਰ ਮੁਜ਼ਾਹਰੇ ਕੀਤੇ ਜਾ ਰਹੇ ਹਨ। ਸਾਥੀਆਂ ਨੇ ਕਿਹਾ ਕਿ ਕਿ ਬੇਘਰੇ ਮਜ਼ਦੂਰਾਂ ਨੂੰ 10 ਮਰਲੇ ਦੇ ਪਲਾਟ, 5 ਲੱਖ ਰੁਪਏ ਗਰਾਂਟ ਦਿੱਤੀ ਜਾਵੇ।ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 200 ਦਿਨ ਕੰਮ 600 ਰੁਪਏ ਦਿਹਾੜੀ ਦਿੱਤੀ ਜਾਵੇ। ਮਜ਼ਦੂਰਾਂ ਦੇ ਕਰਜ਼ੇ ਮੁਆਫ ਕੀਤੇ ਜਾਣ। ਹਰੇਕ ਪਰਵਾਰ ਦੇ 58 ਸਾਲ ਦੇ ਉਪਰ ਦੇ ਵਿਅਕਤੀ ਨੂੰ 10000 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇ। ਬੱਚਿਅੰ ਨੂੰ ਸਿਹਤ ਸਹੂਲਤਾਂ ਸੁੱਰਖਿਆ, ਵਿੱਦਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ। ਪੰਚਾਇਤੀ ਜ਼ਮੀਨਾਂ ਵਿੱਚੋਂ ਦਲਿਤ ਪਰਵਾਰਾਂ ਨੂੰ ਤੀਜਾ ਹਿੱਸਾ ਖੇਤੀ ਲਈ ਦਿੱਤਾ ਜਾਵੇ। ਕਿਸਾਨ ਆਗੂ ਗੁਰਨੇਕ ਭੱਜਲ ਸੀਟੂ ਦੇ ਸੂਬਾਈ ਆਗੂ ਮ ਹਿ ੰ ਦ ਰ ਕ ੁ ਮ ਾ ਰ ਬੱਡੋਆਣ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਥੇਬੰਦੀ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ। ਉਹਨਾਂ ਨੇ 24 ਫਰਵਰੀ ਨੂੰ ਹੁਸ਼ਿਆਰਪੁਰ ਵਿਖੇ ਹੋ ਰਹੇ ਮੁਜ਼ਾਹਰੇ ਵਿੱਚ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੀਟਿੰਗ ਵਿੱਚ ਹਰਮੇਸ਼ ਲਾਲ ਸੱਤਪਾਲ ਉਮੀ ਰਮੇਸ਼ ਸੁਰਜੀਤ ਸਿੰਘ ਜੰਗ ਬਹਾਦਰ ਪਰੇਮ ਸਿੰਘ ਪਰੇਮੀ ਹਰਪਾਲ ਸਿੰਘ ਮਾਹਿਲਪੁਰ ਪਰੇਮ ਰਾਣਾ ਆਦਿ ਹਾਜ਼ਰ ਸਨ।



## ਵਾਹਨ ਚਾਲਕ ਸੜਕੀ ਨਿਯਮਾਂ ਦੀ ਪਾਲਣਾ ਕਰਨ : ਥਾਣਾ ਮੁਖੀ



**ਕਪੂਰਥਲਾ (ਮਨਜੀਤ ਮਾਨ)**—ਦਿਨੋਂ -ਦਿਨ ਵੱਧ ਰਹੀਆਂ ਸੜਕ ਦੁਰਘਟਨਾਵਾਂ ਤੋਂ ਬਚਾਅ ਕਰਨ ਲਈ ਹਮੇਸ਼ਾ ਸਾਨੂੰ ਸੜਕੀ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।ਇਨ੍ਹਾਂ ਵਿਚਾਰਾ ਦਾ ਪ੍ਰਗਟਾਵਾ ਐਸ ਐਚ ਓ ਮਨਜੀਤ ਸਿੰਘ ਥਾਣਾ ਮੁਖੀ ਢਿੱਲਵਾਂ ਨੇ ਕੀਤਾ। ਉਹਨਾਂ ਦਸਿਆ ਕਿ ਸਾਨੂੰ ਆਪਣੇ ਵਾਹਨਾਂ ਦੇ ਇੰਡੀਕੇਟਰ, ਲਾਈਟਾਂ ਨੂੰ ਸਹੀ ਅਵਸਥਾ ਵਿਚ ਰੱਖਣਾ ਚਾਹੀਦਾ ਹੈ ਅਤੇ ਸਮੇਂ-ਸਮੇਂ ਸਿਰ ਇਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਸਰਦੀ ਦਾ ਮੌਸਮ ਹੋਣ ਕਾਰਨ ਜਦ ਸੰਘਣੀ ਧੁੰਦ ਪੈਂਦੀ ਹੈ ਤਾਂ ਇਨ੍ਹਾਂ ਲਾਈਟਾਂ ਅਤੇ ਇੰਡੀਕੇਟਰਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਆਪਣੇ ਵਾਹਨ ਦੇ ਸਾਰੇ ਕਾਗਜ਼ਾਤ ਪੂਰੇ ਅਤੇ ਆਪਣੇ ਪਾਸ ਰੱਖਣੇ ਜ਼ਰੂਰੀ ਹਨ । ਹਮੇਸ਼ਾ ਹੀ ਧਿਆਨਪੂਰਵਕ ਵਾਹਨਾਂ ਨੂੰ ਚਲਾਉਣਾ ਚਾਹੀਦਾ ਤਾਂ ਜੋ ਤੁਸੀਂ ਖੁਦ ਅਤੇ ਦੂਜੇ ਵਾਹਨ ਚਾਲਕ ਸੁਰੱਖਿਅਤ ਸਫਰ ਕਰ ਸਕਣ। ਉਹਨਾਂ ਕਿਹਾ ਕਿ ਮੋਬਾਈਲ ਦੀ ਵਰਤੋਂ ਕਰਦੇ ਹੋਏ ਵਾਹਨ ਨਹੀਂ ਚਲਾਉਣਾ ਚਾਹੀਦਾ,ਥੋੜ੍ਹਾ ਜਿਹਾ ਵੀ ਸੁਚੇਤ ਰਹੀਏ ਤਾਂ ਵੱਡੇ ਨੁਕਸਾਨ ਤੋਂ ਬਚਾਅ ਹੋ ਸਕਦਾ ਹੈ।

## ਅੱਖਾਂ ਦਾ ਤੀਸਰਾ ਫ੍ਰੀ ਅਪ੍ਰੇਸ਼ਨ ਕੈਂਪ 7 ਨੂੰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਮਾਜ ਸੇਵੀ ਸੰਸਥਾ ਯੂਥ ਵਾਇਸ ਫਾਊਂਡੇਸ਼ਨ ਸੁਸਾਇਟੀ ਵਲੋਂ ਐਸ.ਐਨ.ਜੇ ਚੈਰੀਟੇਬਲ ਟਰੱਸਟ ਯੂ.ਕੇ. ਅਤੇ ਸ਼ੰਕਰਾ ਆਈ ਫਾਊਂਡੇਸ਼ਨ ਹਸਪਤਾਲ ਲੁਧਿਆਨਾ ਦੇ ਸਹਿਯੋਗ ਨਾਲ ਤੀਜਾ ਫ੍ਰੀ ਮੋਤੀਆਬਿੰਦ ਦਾ ਆਪ੍ਰੇਸ਼ਨ ਕੈਂਪ 7 ਫਰਵਰੀ ਦਿਨ ਸ਼ੁੱਕਰਵਾਰ ਨੂੰ ਰਾਮਗੜ੍ਹੀਆ ਇੰਸਟੀਚਿਊਟ ਆਫ ਹੈਲਥ ਸਾਇੰਸ ਐਂਡ ਰਿਸਰਚ, ਸਤਨਾਮਪੁਰਾ ਵਿਖੇ ਲਗਾਇਆ ਜਾ ਰਿਹਾ ਹੈ। ਫਾਊਂਡੇਸ਼ਨ ਦੇ ਪ੍ਰਧਾਨ ਗਗਨਦੀਪ ਸਿੰਘ ਢੱਟ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਕਰਨਗੇ। ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾਕਟਰਾਂ ਵੱਲੋਂ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਜਾਵੇਗੀ। ਲੋੜਵੰਦ ਮਰੀਜਾਂ ਦੇ ਮੁਫਤ ਅਪਰੇਸ਼ਨ ਕਰਕੇ ਲੈਂਜ ਪਾਏ ਜਾਣਗੇ। ਅਪਰੇਸ਼ਨ ਵਾਲੇ ਮਰੀਜ਼ਾਂ ਨੂੰ ਐਨਕਾਂ ਵੀ ਫ੍ਰੀ ਦਿੱਤੀਆਂ ਜਾਣਗੀਆਂ। ਕੈਂਪ ਵਿੱਚ ਪੁੱਜਣ ਵਾਲਿਆਂ ਲਈ ਚਾਹ-ਪਾਣੀ ਦਾ ਯੋਗ ਪ੍ਰਬੰਧ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਨਾਲ ਨੰਦ ਸੋਨੀ ਵੀ ਮੌਜੂਦ ਸਨ।

## ਕੀਰਤਨ ਦਰਬਾਰ ਅੱਜ

**ਬਸਤੀ ਸ਼ੇਖ (ਜਲੰਧਰ)-(ਲਖਵਿੰਦਰ ਸਿੰਘ)**-ਧੰਨ ਧੰਨ ਬਾਬਾ ਦੀਪ ਸਿੰਘ ਜੀ ਸੇਵਾ ਸੁਸਾਇਟੀ ਅਦਰਸ਼ ਨਗਰ (ਜਲੰਧਰ) ਵੱਲੋਂ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਤੀਸਰਾ ਅਲੌਕਿਕ ਕੀਰਤਨ ਦਰਬਾਰ 04 ਫਰਵਰੀ ਦਿਨ ਮੰਗਲਵਾਰ ਸ਼ਾਮ 06 ਵਜੇ ਤੋਂ ਲੇਕੇ ਰਾਤ 10.30ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਦਰਸ਼ ਨਗਰ (ਜਲੰਧਰ) ਵਿਖੇ ਕਰਵਾਇਆ ਜਾ ਰਿਹਾ ਹੈ । ਇਸ ਮੌਕੇ ਜਥੇ. ਭਾਈ ਚਰਨਜੀਤ ਸਿੰਘ (ਹਜ਼ੂਰੀ ਰਾਗੀ) , ਭਾਈ ਜਸਪਾਲ ਸਿੰਘ (ਗ੍ਰੰਥੀ ਸਹਿਬ) ਕਥਾਵਾਚਕ, ਸਹਿਬਜ਼ਾਦੇ ਸੇਵਾ ਸੁਸਾਇਟੀ ਅਦਰਸ਼ ਨਗਰ (ਜਲੰਧਰ ਵਾਲੇ),ਭਾਈ ਕਰਨਵੀਰ ਸਿੰਘ (ਪਟਿਆਲਾ ਵਾਲੇ), ਸ਼ਾਮ 06 ਵਜੇ ਤੋਂ ਸ਼ਾਮ 07 ਵਜੇ ਤੱਕ ਕੀਰਤਨ ਕਰਨਗੇ ਅਤੇ 07.45 ਵਜੇ ਤੋਂ 08.15 ਵਜੇ ਤੱਕ ਭਾਈ ਜੋਗਿੰਦਰ ਸਿੰਘ ਰਿਆੜ , 08.15 ਵਜੇ ਤੋਂ 09.15 ਵਜੇ ਤੱਕ ਅਤੇ ਮੀਰੀ ਪੀਰੀ ਖ਼ਾਲਸਾ ਜੱਥਾ ਜਗਾਧਰੀ ਵਾਲੇ 09.15 ਵਜੇ ਤੋਂ ਰਾਤ10.40 ਵਜੇ ਤੱਕ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤਿਆ ਜਾਵੇਗਾ।

# ਸਿਵਲ ਸਰਜਨ ਵਲੋਂ ਟੀ ਬੀ ਦੇ ਮਰੀਜ਼ਾਂ ਦੀ ਮਦਦ ਕਰਨ ਦੀ ਅਪੀਲ

**ਮੋਹਾਲੀ, (ਗੁਰਜੀਤ ਬਿੱਲਾ)**

ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਤਪਦਿਕ ਦੇ ਮਰੀਜ਼ਾਂ ਦੀ ਮਦਦ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਵਲੋਂ ਸ਼ੁਰੂ ਕੀਤੇ ਗਏ 'ਨਿਕਸ਼ੇ ਮਿੱਤਰਾ' ਪ੍ਰੋਗਰਾਮ ਤਹਿਤ ਕੋਈ ਵੀ ਪ੍ਰਾਈਵੇਟ ਵਿਅਕਤੀ, ਚੁਣਿਆ ਹੋਇਆ ਪ੍ਰਤੀਨਿਧੀ, ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਦੇ ਮੁਲਾਜ਼ਮ, ਕੋਈ ਵੀ ਸੰਸਥਾ, ਕਾਰਪੋਰੇਸ਼ਨ ਜਾਂ ਕੰਪਨੀ ਜ਼ਿਲ੍ਹੇ ਦੇ ਕਿਸੇ ਵੀ ਟੀ.ਬੀ. ਮਰੀਜ਼ ਨੂੰ ਗੋਦ ਲੈ ਸਕਦੇ ਹਨ, ਜਿਸ ਤਹਿਤ ਉਹ ਮਰੀਜ਼ਾਂ ਨੂੰ 6 ਮਹੀਨੇ ਤਕ ਅਪਣੇ ਖ਼ਰਚੇ 'ਤੇ ਖਾਣ-ਪੀਣ ਦਾ ਸਮਾਨ ਜਿਵੇਂ ਦਾਲਾਂ, ਅਨਾਜ, ਤੇਲ, ਦੁੱਧ ਆਦਿ ਮੁਹੱਈਆ ਕਰਵਾਉਣਗੇ।ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਟੀ.ਬੀ. ਅਫ਼ਸਰ ਡਾ. ਨਵਦੀਪ ਸਿੰਘ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਮਕਸਦ ਤਪਦਿਕ ਦੀ ਬੀਮਾਰੀ ਦਾ ਮੁਕੰਮਲ ਖ਼ਾਤਮਾ ਕਰਨਾ ਹੈ, ਜਿਸ ਲਈ ਸਿਵਲ ਸੁਸਾਇਟੀ ਦਾ ਸਹਿਯੋਗ ਲੋੜੀਂਦਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਜਾਂ ਅਦਾਰਾ ਤਪਦਿਕ ਦੇ ਮਰੀਜ਼ਾਂ ਨੂੰ ਅਪਨਾਅ ਕੇ ਉਨ੍ਹਾਂ ਦੀਆਂ ਖ਼ੁਰਾਕੀ ਲੋੜਾਂ ਤੇ ਹੋਰ ਤਰੀਕਿਆਂ ਨਾਲ ਮਦਦ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਅਪਣੇ ਵਲੋਂ ਵੱਡੇ ਯਤਨ ਕਰ ਰਹੀ ਹੈ ਪਰ ਇਸ ਪ੍ਰੋਗਰਾਮ ਦਾ ਮਕਸਦ ਟੀ.ਬੀ. ਮੁਕਤ ਮੁਹਿੰਮ ਨੂੰ ਲੋਕ ਲਹਿਰ ਬਣਾਉਣਾ ਹੈ।ਇਸ ਪ੍ਰੋਗਰਾਮ ਬਾਰੇ ਵਿਸਥਾਰ ਨਾਲ ਦਸਦਿਆਂ ਸਿਵਲ ਸਰਜਨ ਨੇ ਕਿਹਾ ਕਿ ਮਰੀਜ਼ ਨੂੰ ਪੌਸ਼ਟਿਕ ਖ਼ੁਰਾਕ ਦੇਣ ਤੋਂ ਇਲਾਵਾ ਉਸ ਦੀ ਜਾਂ ਉਸ ਦੇ ਪਰਵਾਰਕ ਜੀਆਂ ਦੀ ਕਿੱਤਾਮੁਖੀ ਸਿਖਲਾਈ, ਨੌਕਰੀ ਦਿਵਾਉਣ ਤੇ ਇਲਾਜ ਪ੍ਰਬੰਧਨ ਵਿਚ ਵੀ ਮਦਦ ਕੀਤੀ ਜਾ ਸਕਦੀ ਹੈ।ਉਨ੍ਹਾਂ ਦਸਿਆ ਕਿ ਜੋ ਕੋਈ ਵੀ ਟੀ.ਬੀ. ਦੇ ਮਰੀਜ਼ਾਂ ਨੂੰ ਅਪਨਾਏਗਾ, ਉਸ ਲਈ ਮਰੀਜ਼ਾਂ ਨੂੰ ਘੱਟੋ ਘੱਟ ਇਕ ਸਾਲ ਲਈ ਅਪਨਾਉਣਾ ਪਵੇਗਾ ਤੇ 6 ਮਹੀਨੇ ਲਈ ਉਸ ਨੂੰ ਸੁਝਾਈਆਂ ਗਈਆਂ ਖ਼ੁਰਾਕੀ ਵਸਤਾਂ ਮੁਹਈਆ ਕਰਵਾਉਣੀਆਂ ਪੈਣਗੀਆਂ। ਅਜਿਹੇ ਦਾਨੀ ਵਿਅਕਤੀਆਂ ਜਾਂ ਸੰਸਥਾਵਾਂ ਨੂੰ 'ਨਿਕਸ਼ੇ ਮਿੱਤਰ' ਦਾ ਨਾਂਅ ਦਿੱਤਾ ਜਾਵੇਗਾ। ਇਕ ਵਿਅਕਤੀ ਜਾਂ ਅਦਾਰਾ ਇਕ ਜਾਂ ਇਕ ਤੋਂ ਵੱਧ ਜਿੰਨੇ ਮਰਜ਼ੀ ਟੀ.ਬੀ. ਰੋਗੀਆਂ ਨੂੰ ਅਪਨਾ ਸਕਦਾ ਹੈ।ਸਿਵਲ ਸਰਜਨ ਨੇ ਦਸਿਆ ਕਿ ਕੋਈ ਵੀ ਚਾਹਵਾਨ ਵਿਅਕਤੀ ਜਾਂ ਅਦਾਰਾ www.nikshay.in 'ਤੇ ਲਾਗ ਇਨ ਕਰ ਕੇ ਨਿਕਸ਼ੇ ਮਿੱਤਰਾ ਰਜਿਸਟਰੇਸ਼ਨ ਫ਼ਾਰਮ 'ਤੇ ਪੰਜੀਕਰਣ ਕਰ ਸਕਦਾ ਹੈ। ਇਸ ਪੋਰਟਲ 'ਤੇ ਅਪਣੀ ਸਹੂਲਤ ਮੁਤਾਬਕ ਟੀ.ਬੀ. ਦੇ ਮਰੀਜ਼ਾਂ ਦੀ ਚੋਣ ਕੀਤੀ ਜਾ ਸਕਦੀ ਹੈ। ਇਸ ਸਬੰਧੀ ਕਿਸੇ ਵੀ ਜਾਣਕਾਰੀ ਲਈ ਜਾਂ ਪੰਜੀਕਰਣ ਫ਼ਾਰਮ ਭਰਨ ਲਈ ਜ਼ਿਲ੍ਹਾ ਸਿਹਤ ਵਿਭਾਗ ਦੇ ਟੀ.ਬੀ. ਅਧਿਕਾਰੀ ਨਾਲ ਮੋਬਾਈਲ ਫ਼ੋਨ ਨੰਬਰ 79730 24849 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਰੋਡਵੇਜ਼ ਦੇ ਤਿੰਨ ਮੁਲਾਜ਼ਮ ਹੈਰੋਇਨ ਸਮੇਤ ਗ੍ਰਿਫ਼ਤਾਰ

**ਜਲੰਧਰ, (ਸ਼ੈਲੀ ਐਲਬਰਟ, ਇਕਬਾਲ ਸਿੰਘ ਉਭੀ)**

ਪੁਲਸ ਨੇ ਪੰਜਾਬ ਰੋਡਵੇਜ਼ ਦੇ ਤਿੰਨ ਮੁਲਾਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਕੁੱਲ 55 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਬੱਸ ਸਟੈਂਡ ਨੇੜੇ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਪਾਸਪੋਰਟ ਦਫ਼ਤਰ ਦੇ ਪਾਸਿਓਂ ਇੱਕ ਵਿਅਕਤੀ ਹੱਥ ਵਿੱਚ ਪੋਲੀਥੀਨ ਦਾ ਲਿਫਾਫਾ ਫੜੀ ਪੈਦਲ ਆ ਰਿਹਾ ਦੇਖਿਆ। ਉਕਤ ਵਿਅਕਤੀ ਕੋਲ ਖੜ੍ਹੀ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਹੱਥ 'ਚ ਫੜਿਆ ਪਾਲੀਥੀਨ ਦਾ ਲਿਫਾਫਾ ਸੜਕ ਕਿਨਾਰੇ ਸੁੱਟ ਕੇ ਤੇਜ਼ੀ ਨਾਲ ਪਿੱਛੇ ਮੁੜ ਗਿਆ। ਪਰ ਪੁਲਸ ਪਾਰਟੀ ਨੇ ਕਾਰਵਾਈ ਕਰਦੇ ਹੋਏ ਅਜੀਤ ਸਿੰਘ ਉਰਫ਼ ਰਾਜੂ ਪੁੱਤਰ ਅਵਤਾਰ ਸਿੰਘ ਵਾਸੀ ਸੰਜੇ ਗਾਂਧੀ ਨਗਰ ਵਾਰਡ ਨੰ: 13 ਮੱਖੂ ਫਿਰੋਜ਼ਪੁਰ, ਹੁਣ ਐਚ. 121/4 ਮੁਹੱਲਾ ਅਮਰਗੜ੍ਹ ਬਸ਼ੀਰਪੁਰਾ ਰਾਮਾ ਮੰਡੀ ਜਲੰਧਰ ਅਤੇ ਉਸ ਵੱਲੋਂ ਸੁੱਟੇ ਕਾਲੇ ਪੋਲੀਥੀਨ ਲਿਫਾਫੇ 'ਚੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ।ਉਸ ਦੇ ਖਿਲਾਫ ਐਫ.ਆਈ.ਆਰ ਨੰਬਰ 18 ਮਿਤੀ 31.01.2025 ਅਧੀਨ 21-61-85 ਐਨ.ਡੀ.ਪੀ.ਐਸ ਐਕਟ, ਬਾਅਦ ਵਿਚ 29 ਐਨ.ਡੀ.ਪੀ.ਐਸ ਐਕਟ, ਥਾਣਾ ਡਿਵੀਜ਼ਨ ਨੰਬਰ 6 ਜਲੰਧਰ ਦਰਜ ਕੀਤਾ ਗਿਆ।ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਕਿ ਅਜੀਤ ਸਿੰਘ ਉਰਫ ਰਾਜੂ, ਦੀਪਕ ਸ਼ਰਮਾ ਪੁੱਤਰ ਵਰਿੰਦਰ ਕੁਮਾਰ ਸ਼ਰਮਾ ਵਾਸੀ ਐੱਮ. 89 ਸ਼ਹੀਦ ਭਗਤ ਸਿੰਘ ਨਗਰ ਕਲੋਨੀ ਜਲੰਧਰ ਅਤੇ ਦੀਪਕ ਸ਼ਰਮਾ, ਕੀਰਤ ਸਿੰਘ ਪੁੱਤਰ ਸਵਰਗੀ ਪ੍ਰੀਤਮ ਸਿੰਘ ਵਾਸੀ ਸੁਲਤਾਨਵਿੰਡ ਥਾਣਾ ਦੋਬੁਰਜੀ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਰੋਡਵੇਜ਼ ਡਿਪੂ ਜਲੰਧਰ 2 ਵਿੱਚ ਬਤੌਰ ਇੰਸਪੈਕਟਰ ਤਾਇਨਾਤ ਸਨ, ਵੀ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਸਨ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 50 ਗ੍ਰਾਮ ਹੈਰੋਇਨ, 20 ਛੋਟੇ ਖਾਲੀ ਪਲਾਸਟਿਕ ਦੇ ਲਿਫ਼ਾਫ਼ੇ ਅਤੇ 01 ਛੋਟੀ ਇਲੈਕਟ੍ਰਾਨਿਕ ਵੇਟ ਮਸ਼ੀਨ ਸਮੇਤ ਬਰਾਮਦ ਕੀਤੀ ਗਈ ਹੈ।



# ਉੱਚ ਸਿੱਖਿਆ ਖੇਤਰ ਨੂੰ ਬਜਟ 'ਚ ਅਣਗੌਲਿਆ ਗਿਐ : ਪੀ ਐੱਸ ਯੂ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੋਦੀ ਦੀ ਕੇਂਦਰ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜਟ 'ਚ ਸਿਖਿਆ ਖੇਤਰ ਨੂੰ ਅਣਗੌਲਿਆਂ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ।ਮੌਕੇ ਪੀ ਐੱਸ ਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਕੁਰੜ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਅਤੇ ਪ੍ਰੈੱਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਵਲੋਂ ਪੇਸ਼ ਕੀਤਾ ਗਿਆ 2025-26 ਦੇ ਬਜਟ ਵਿੱਚ ਸਿਖਿਆ ਖੇਤਰ ਬਹੁਤ ਨਿਗੁਣਾ ਵਾਧਾ ਕੀਤਾ ਗਿਆ ਹੈ। ਸਰਕਾਰ ਆਪਣੇ ਇਸ ਬਜਟ ਦੀ ਸ਼ਲਾਘਾ ਬਹੁਤ ਵੱਡੇ ਪੱਧਰ 'ਤੇ ਕਰ ਰਹੀ ਹੈ। ਪਰ ਇਸੇ ਸਰਕਾਰ ਵਲੋਂ ਪਿਛਲੇ ਸਾਲ ਪੇਸ਼ ਕੀਤੇ ਗਏ ਬਜਟ 'ਚ ਉੱਚ ਸਿਖਿਆ ਖੇਤਰ ਵਿਚ 60% ਕਟੌਤੀ ਕੀਤੀ ਗਈ ਸੀ। ਸਰਕਾਰ ਸਿਖਿਆ ਖੇਤਰ 'ਚੋਂ ਪੂਰੀ ਤਰ੍ਹਾਂ ਬਾਹਰ ਹੋਣਾ ਚਾਹੁੰਦੀ ਹੈ ਤੇ ਇਸ ਖੇਤਰ 'ਚ ਅੰਨ੍ਹੀ ਆਰਥਿਕ ਲੁੱਟ ਕਰਨ ਲਈ ਪ੍ਰਾਈਵੇਟ ਸੈਕਟਰ ਨੂੰ ਬੜ੍ਹਾਵਾ ਦੇਣਾ ਚਾਹੁੰਦੀ ਹੈ। ਇਸੇ ਹੀ ਤਰਜ਼ 'ਤੇ ਨਵੀਂ ਸਿੱਖਿਆ ਨੀਤੀ ਬਣਾਈ ਗਈ ਹੈ। ਇਕ ਪਾਸੇ ਸਰਕਾਰ ਮੈਡੀਕਲ ਸਿੱਖਿਆ 'ਚ ਸੀਟਾਂ ਵਧਾਉਣ ਦੀ ਗੱਲ ਕਰਦੀ ਹੈ ਦੂਜੇ ਪਾਸੇ ਸਿੱਖਿਆ ਲਈ ਬਜਟ ਬਹੁਤ ਘੱਟ ਰੱਖ ਰਹੀ ਹੈ। ਯੂਨੀਅਨ ਮੰਗ ਕਰਦੀ ਹੈ ਕਿ ਸਿੱਖਿਆ ਖੇਤਰ ਵਿਚ ਜੀਡੀਪੀ ਦਾ ਘੱਟੋ ਘੱਟ 10% ਖਰਚਿਆ ਜਾਵੇ।

## ਸੇਵਾ ਮੁਕਤ ਕਾਨੂੰਗੋ-ਪਟਵਾਰੀਆਂ ਦੀ 7 ਦੀ ਮੀਟਿੰਗ ਮੁਲਤਵੀ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਦੀ ਰੈਵੀਨਿਊ ਸੇਵਾ ਮੁਕਤ ਕਾਨੂੰਗੋ ਪਟਵਾਰੀ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮਹੀਨਾਵਾਰ ਮੀਟਿੰਗ ਹਰਭਜਨ ਸਿੰਘ ਜਾਡਲੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਜੋ ਮੀਟਿੰਗ 7 ਫਰਵਰੀ ਨੂੰ ਕੀਤੀ ਜਾਣੀ ਸੀ, ਬਾਰੇ ਕਸ਼ਮੀਰ ਸਿੰਘ ਬਛੌੜੀ ਕਾਨੂੰਗੋ ਵਾਈਸ ਪ੍ਰਧਾਨ ਨੇ ਦੱਸਿਆ ਕਿ ਇਸ ਮਹੀਨੇ ਵਿਆਹ ਸ਼ਾਦੀਆਂ ਦੇ ਪ੍ਰੋਗਰਾਮ ਜ਼ਿਆਦਾ ਹੋਣ ਕਰਕੇ ਇਹ ਮੀਟਿੰਗ ਫਰਵਰੀ ਵਿੱਚ ਨਹੀਂ ਕੀਤੀ ਜਾਵੇਗੀ।ਇਸ ਲਈ ਮੀਟਿੰਗ ਮਾਰਚ ਮਹੀਨੇ ਕੀਤੀ ਜਾਵੇਗੀ। ਉਹਨਾਂ ਦੇ ਨਾਲ ਦੇਸਰਾਜ ਰੁੜਕੀ, ਰਾਵਿੰਦਰ ਸਿੰਘ ਘੁੰਮਣ, ਸੁਰਿੰਦਰ ਮੇਹਟੀਆਣਾ, ਦਿਲਬਾਗ ਰਾਏ ਚਾਂਦਪੁਰ ਰੁੜਕੀ, ਸੁਖਜਿੰਦਰ ਸਿੰਘ ਜਗਤੇਵਾਲ, ਓਮ ਪ੍ਰਕਾਸ਼ ਹਾਜ਼ਰ ਸਨ।

# ਡਾਕਟਰ ਦਲਜੀਤ ਸਿੰਘ ਅਜਨੋਹਾ ਦਾ ਸਨਮਾਨ ਸਮਾਰੋਹ ਯਾਦਗਾਰੀ ਹੋ ਨਿਬੜਿਆ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**

ਤਕਰੀਬਨ ਤਿੰਨ ਦਹਾਕਿਆਂ ਤੋਂ ਜਰਨਲਿਜਮ ਵਿੱਚ ਆਪਣਾ ਨਾਂਅ ਕਮਾਉਣ ਵਾਲੇ ਪਿੰਡ ਅਜਨੋਹਾ ਦੇ ਜੰਮਪਲ ਡਾਕਟਰ ਦਲਜੀਤ ਸਿੰਘ ਅਜਨੋਹਾ ਨੂੰ ਬੀਤੇ ਦਿਨੀਂ ਅਮਰੀਕਾ ਦੀ ਸੀਡਰਬਰੂਕ ਯੂਨੀਵਰਸਿਟੀ ਵਲੋਂ ਆਨਰੇਰੀ ਡਾਕਟਰੇਟ (ਪੀ,ਐੱਚ. ਡੀ.) ਦੀ ਡਿਗਰੀ ਨਾਲ ਨਿਵਾਜਿਆ ਗਿਆ , ਜਿਸਦੀ ਇਲਾਕੇ ਵਿੱਚ ਖੂਬ ਚਰਚਾ ਹੋ ਰਹੀ ਹੈ। ਡਾਕਟਰੇਟ ਦੀ ਡਿਗਰੀ ਨਾਲ ਸਨਮਾਨਿਤ ਹੋਣ ਤੇ ਬਲਾਕ ਕੋਟ ਫਤੂਹੀ ਦੀ ਗੌਰਮਿੰਟ ਟੀਚਰ ਯੂਨੀਅਨ ਇਕਾਈ ਵਲੋਂ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਵਿੱਤ ਸਕੱਤਰ ਹਰਮਨੋਜ ਕੁਮਾਰ ਦੀ ਅਗਵਾਈ ਵਿੱਚ ਡਾਕਟਰ ਦਲਜੀਤ ਸਿੰਘ ਅਜਨੋਹਾ ਲਈ ਅਜਨੋਹਾ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿੱਚ ਗੌਰਮਿੰਟ ਟੀਚਰ ਯੂਨੀਅਨ ਦੇ ਆਗੂਆਂ ਦੇ ਨਾਲ-ਨਾਲ ਪ੍ਰਿੰਸੀਪਲ ਅਮਰੀਕ ਸਿੰਘ, ਪ੍ਰਿੰਸੀਪਲ ਅਸ਼ੋਕ ਪਰਮਾਰ, ਮੁੱਖ ਅਧਿਆਪਕ ਹਰਭਜਨ ਸਿੰਘ, ਹਰਵਿੰਦਰ ਸਿੰਘ ਖਲਸਾ, ਮੌਜੂਦਾ ਸਰਪੰਚ ਰਾਜਵਿੰਦਰ ਕੌਰ, ਡਾਕਟਰ ਜਸਬੀਰ ਸਿੰਘ, ਮਹਿੰਦਰ ਸਿੰਘ ਕਨੇਡੀਅਨ, ਸਾਬਕਾ ਸਰਪੰਚ ਮਮਤਾ ਰਾਣੀ, ਜਥੇਦਾਰ ਕੁਲਦੀਪ ਸਿੰਘ, ਜਸਕਰਨ ਸਿੰਘ,ਜਸਵਿੰਦਰ ਕੌਰ ਐਮ.ਸੀ ਅਤੇ ਹਰਕੀਰਤ ਸਿੰਘ ਵਲੋਂ ਆਪਣੇ ਸੰਬੋਧਨ ਦੌਰਾਨ ਡਾਕਟਰ ਦਲਜੀਤ ਸਿੰਘ ਅਜਨੋਹਾ ਨੂੰ ਵਧਾਈ ਦਿੱਤੀ। ਇਸ ਸਮਾਗਮ ਵਿੱਚ ਡਾਕਟਰ ਦਲਜੀਤ ਸਿੰਘ ਅਜਨੋਹਾ ਦੀ ਪਤਨੀ ਕਿਰਨਪ੍ਰੀਤ ਕੌਰ ਅਤੇ ਇਹਨਾਂ ਦੇ ਬੱਚੇ ਗੁਰਿੰਦਰਪ੍ਰੀਤ ਸਿੰਘ, ਦਮਨਪ੍ਰੀਤ ਕੌਰ ਅਤੇ ਕਰਨਪ੍ਰੀਤ ਸਿੰਘ ਵਿਸ਼ੇਸ਼ ਰੂਪ ਵਿੱਚ ਹਾਜ਼ਰ ਹੋਏ।ਗੌਰਮਿੰਟ ਟੀਚਰ ਯੂਨੀਅਨ ਵਲੋਂ ਡਾਕਟਰ ਦਲਜੀਤ ਸਿੰਘ ਅਜਨੋਹਾ ਨੂੰ ਲੋਈ ਅਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਇਸ ਮੌਕੇ ਜਸਵਿੰਦਰ ਸਿੰਘ, ਸ਼ਿੰਗਾਰਾ ਸਿੰਘ, ਸਗਲੀ ਰਾਮ, ਮਹਿੰਦਰ ਪਾਲ, ਗੁਰਦਰਸ਼ਨ ਸਿੰਘ, ਮਨਜੀਤ ਕੌਰ, ਰਣਜੀਤ ਕੌਰ, ਨੰਬਰਦਾਰ ਅਸ਼ੋਕ ਰਾਣਾ, ਡੀ.ਪੀ ਸ਼ਾਮ ਸਿੰਘ, ਡਾਕਟਰ ਕੁਲਵਿੰਦਰ ਸਿੰਘ, ਸੁਰਜੀਤ ਸਿੰਘ, ਬਖਤਾਵਰ ਸਿੰਘ, ਹਰਵਿੰਦਰ ਕੌਰ, ਧਰਮਵੀਰ ਸਿੰਘ, ਹਰਭਜਨ ਸਿੰਘ, ਹਰਜਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਪਤਵੰਤੇ ਸੱਜਣ ਮੌਜੂਦ ਸਨ।

# ਗੌਰਮਿੰਟ ਟੀਚਰਜ਼ ਯੂਨੀਅਨ ਦੀ ਜਨਰਲ ਬਾਡੀ ਮੀਟਿੰਗ 8 ਨੂੰ

**ਫਿਲੌਰ, (ਨਿਰਮਲ)**- ਗੌਰਮਿੰਟ ਟੀਚਰਜ਼ ਯੂਨੀਅਨ ਤਹਿਸੀਲ ਫਿਲੌਰ ਦੀ ਜਨਰਲ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਦੀ ਅਗਵਾਈ ਵਿੱਚ ਹੋਈ, ਜਿਸ ਨੂੰ ਖਾਸ ਤੌਰ ਤੇ ਪ ਸ ਸ ਫ ਦੇ ਸੂਬਾਈ ਸਕੱਤਰ ਤੀਰਥ ਸਿੰਘ ਬਾਸੀ ਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਨੇ ਸੰਬੋਧਨ ਕੀਤਾ।ਮੀਟਿੰਗ ਵਿੱਚ ਪੰਜਾਬ ਵਿੱਚ ਮੁਲਾਜ਼ਮਾਂ ਅਤੇ ਅਧਿਆਪਕਾਂ ਦੇ ਚੱਲ ਰਹੇ ਅੰਦੋਲਨਾਂ ਨਾਲ ਇਕਜੁਟਤਾ ਦਾ ਪ੍ਰਗਟਾਵਾ ਕੀਤਾ ਗਿਆ।ਕੁਲਵੰਤ ਰੁੜਕਾ, ਸੰਦੀਪ ਰਜੋਵਾਲ , ਕਵਿੱਸ ਵਾਲੀਆ ਤੇ ਸੁਖਵਿੰਦਰ ਰਾਮ ਸਮੇਤ ਹੋਰ ਅਧਿਆਪਕ ਆਗੂ ਹਾਜ਼ਰ ਸਨ।ਕਰਨੈਲ ਫਿਲੌਰ ਨੇ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਬਲਾਕ ਗੁਰਾਇਆ ਦੋ ਦੀ ਚੋਣ 4 ਫਰਵਰੀ ਨੂੰ ਬੜਾ ਪਿੰਡ ਤੇ ਗੁਰਾਇਆ ਇੱਕ ਦੀ ਚੋਣ ਬੰਡਾਲਾ ਵਿਖੇ ਕੀਤੀ ਜਾਵੇਗੀ ਤੇ ਬਲਾਕ ਫਿਲੌਰ ਤੇ ਨੂਰਮਹਿਲ ਦੀ ਚੋਣ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਹੋਵੇਗੀ।ਆਗੂਆਂ ਨੇ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਜਨਰਲ ਬਾਡੀ ਮੀਟਿੰਗ 08 ਫਰਵਰੀ ਨੂੰ ਠੀਕ 10.00 ਵਜੇ ਡਿਪਟੀ ਕਮਿਸ਼ਨਰ ਜਲੰਧਰ ਦੇ ਦਫ਼ਤਰ ਸਾਹਮਣੇ ਪੁੱਡਾ ਗਰਾਊਂਡ ਵਿਖੇ ਬੁਲਾਈ ਗਈ ਹੈ।

# ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਨੇ ਪ੍ਰਵਾਸੀ ਵਿਅਕਤੀ ਦੇ ਬੱਚੇ ਦੇ ਇਲਾਜ ਲਈ 35000 ਰੁਪਏ ਦਾ ਚੈੱਕ ਦਿੱਤਾ



**ਲੋਹੀਆਂ ਖਾਸ, (ਯੋਗੇਸ਼ਵਰ ਸ਼ਰਮਾ)**

ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਲੋਹੀਆਂ ਖ਼ਾਸ, ਨਦਰਿ ਕਰਮਿ ਸੇਵਾ ਦਲ ਲੋਹੀਆਂ ਖ਼ਾਸ, ਗੁ: ਸਿੱਖ ਸੈਂਟਰ ਆਫ਼ ਸਿਆਟਲ ਅਮਰੀਕਾ, ਸੋਚ ਸੈਂਟਰ ਸਿਆਟਲ ਅਮਰੀਕਾ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ਼ ਲੋੜਵੰਦ ਮਰੀਜ਼ਾਂ ਦੀ ਮਦਦ ਵਾਸਤੇ ਉਪਰਾਲੇ ਕੀਤੇ ਜਾਂ ਰਹੇ ਹਨ।ਲੋਹੀਆਂ ਖਾਸ ਸ਼ਹਿਰ ਵਿੱਚ ਕਿਰਾਏ ਦੇ ਮਕਾਨ 'ਚ ਰਹਿ ਰਹੇ ਤੇ ਚਾਹ ਦੀ ਰੇਹੜੀ ਲਗਾ ਕੇ ਪਰਵਾਰ ਦਾ ਪਾਲਣ ਪੋਸਣ ਕਰਨ ਵਾਲੇ ਇੱਕ ਨੇਪਾਲੀ ਨੌਜਵਾਨ ਮਹਾਂਵੀਰ ਦੇ ਬੱਚੇ ਦੇ ਇਲਾਜ਼ ਵਾਸਤੇ ਚੈੱਕ ਰਾਹੀਂ 35000 ਰੁਪਏ ਦੀ ਮਦਦ ਕੀਤੀ ਗਈ।ਜ਼ਿਕਰਯੋਗ ਹੈ ਕਿ ਮਹਾਂਵੀਰ ਦਾ 7 ਸਾਲਾਂ ਦਾ ਬੇਟਾ ਰਿਤਿਕ ਖੇਡ-ਖੇਡ ਵਿੱਚ ਰੱਸੀ ਦਾ ਫੰਧਾ ਲਗਾ ਕੇ ਲਟਕ ਗਿਆ ਸੀ ਤੇ ਜਿਸ ਕਾਰਨ ਉਸਦੀ ਹਾਲਤ ਬਹੁਤ ਗੰਭੀਰ ਬਣ ਗਈ ਸੀ। ਸਾਹ ਵੀ ਰੁਕ ਗਿਆ ਸੀ।ਟਰੱਸਟ ਨੇ ਐਂਬੂਲੈਂਸ ਰਾਹੀਂ ਰਿਤਿਕ ਨੂੰ ਅਰਮਾਨ ਹਸਪਤਾਲ਼ ਜਲੰਧਰ ਵਿੱਚ ਲਿਜਾਇਆ ਗਿਆ।ਉਸ ਨੂੰ ਲਗਾਤਾਰ ਵੈਂਟੀਲੇਟਰ ਤੇ ਰੱਖਿਆ ਗਿਆ ਸੀ ਅਤੇ ਉਸ ਦੀ ਜਾਨ ਬੜੀ ਮੁਸ਼ਕਲ ਨਾਲ ਬਚੀ ਹੈ।ਇਸ ਮੌਕੇ ਟਰਸਟ ਦੇ ਆਗੂ ਸਤਿੰਦਰ ਸਿੰਘ ਖ਼ਾਲਸਾ ਅਤੇ ਟਰੱਸਟ ਦੇ ਮੈਂਬਰਾਂ ਨੇ ਕਿਹਾ ਕਿ ਮੌਕੇ ਮੁਤਾਬਕ ਹਰ ਲੋੜਵੰਦ ਦੀ ਮਦਦ ਕਰਨੀ ਟਰੱਸਟ ਦੀ ਜਿੰਮੇਵਾਰੀ ਹੈ।ਇਸ ਮੌਕੇ ਸਤਿੰਦਰ ਸਿੰਘ ਖ਼ਾਲਸਾ, ਵਿੱਕੀ ਕਾਲੀਆ, ਮੋਤੀ ਲਾਲ ਕਾਲੀਆ, ਪ੍ਰਦੀਪ ਕੁਮਾਰ ਗਾਂਧੀ, ਦਵਿੰਦਰ ਸਿੰਘ ਬਿੱਲਾ, ਅਮਰਜੀਤ ਸਿੰਘ ਅਹੂਜਾ, ਦਵਿੰਦਰ ਸਿੰਘ ਹੈਪੀ, ਮਾਸਟਰ ਪਰਮਿੰਦਰ ਸਿੰਘ, ਰਿਟਾ: ਥਾਣੇਦਾਰ ਸੁਖਵਿੰਦਰਜੀਤ ਸਿੰਘ ਚੰਦੀ ਅਤੇ ਅਮਨ ਪਨੇਸਰ ਹਾਜ਼ਰ ਸਨ।

## ਬਸੰਤ ਪੰਚਮੀ 'ਤੇ ਗਊਸ਼ਾਲਾ 'ਚ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ

**ਲੋਹੀਆਂ ਖਾਸ, (ਯੋਗੇਸ਼ਵਰ)** -ਸ੍ਰੀ ਸ਼ਾਂਤੀ ਗਿਰੀ ਗਊਸ਼ਾਲਾ ਵਿਖੇ ਬਸੰਤ ਪੰਚਮੀ ਮੌਕੇ ਪ੍ਰਧਾਨ ਪਵਨ ਗਾਂਧੀ ਦੀ ਅਗਵਾਈ ਹੇਠ ਜੈ ਘੋਸ਼ ਦੇ ਜੈਕਾਰੇ ਲਗਾ ਕੇ ਝੰਡਾ ਲਹਿਰਾਇਆ ਗਿਆ ਅਤੇ ਗਊਸ਼ਾਲਾ ਦਾ ਸਥਾਪਨਾ ਦਿਵਸ ਵੀ ਮਨਾਇਆ ਗਿਆ।ਇਸ ਦੌਰਾਨ ਪੰਡਤ ਪਾਰਸ ਨੇ ਮੰਤਰ ਦਾ ਜਾਪ ਕਰਕੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਗਊਸ਼ਾਲਾ ਦੇ ਚੇਅਰਮੈਨ ਪਵਨ ਗਾਂਧੀ ਨੇ ਦੱਸਿਆ ਕਿ ਗਊਸ਼ਾਲਾ ਦਾ ਨੀਂਹ ਪੱਥਰ 2009 ਵਿੱਚ ਬਸੰਤ ਪੰਚਮੀ ਵਾਲੇ ਦਿਨ ਰੱਖਿਆ ਗਿਆ ਸੀ।ਇਸ ਮੌਕੇ ਰੁਪੇਸ਼ ਸੱਦੀ, ਬੌਬੀ ਕਾਂਡਾ, ਵਿਪਨ ਗਾਂਧੀ, ਗੌਰਵ ਗੁਪਤਾ, ਕਾਕਾ ਸੱਦੀ, ਰਾਜੂ ਬਾਂਸਲ, ਰਾਜੇਸ਼ ਅਰੋੜਾ, ਇੰਦਰਜੀਤ ਬਬਲਾ, ਮੋਹਿਤ ਗੋਇਲ, ਨਿਤਿਨ ਗੋਇਲ, ਪੰਕਜ ਗੋਇਲ, ਰਮਨੀਤ ਗੁਪਤਾ, ਪਰਸ਼ੋਤਮ ਗੋਇਲ ਅਤੇ ਪੰਡਿਤ ਪਾਰਸ ਮੁੱਖ ਤੌਰ 'ਤੇ ਹਾਜ਼ਰ ਸਨ।



# ਇਨੋਸੈਂਟ ਹਾਰਟਸ ਸਕੂਲ ਲੋਹਾਰਾਂ ਨੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀ ਭਾਵੁਕ ਵਿਦਾਇਗੀ



**ਜਲੰਧਰ (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟ ਸਕੂਲ, ਲੋਹਾਰਾਂ ਨੇ ਆਪਣੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇੱਕ ਜੀਵੰਤ ਸਮਾਰੋਹ ਹਸਤਾ -ਲਾ -ਵਿਸਤਾ ਦੇ ਨਾਲ ਇੱਕ ਸ਼ਾਨਦਾਰ ਅਤੇ ਭਾਵੁਕ ਵਿਦਾਇਗੀ ਦਿੱਤੀ । ਇਸ ਪ੍ਰੋਗਰਾਮ ਵਿੱਚ ਸ਼੍ਰੀਮਤੀ ਸ਼ਰਮੀਲਾ ਨਾਕਰਾ (ਡਿਪਟੀ ਡਾਇਰੈਕਟਰ ਕਲਚਰਲ ਅਫੇਅਰਸ), ਧੀਰਜ ਬਨਾਤੀ (ਡਿਪਟੀ ਡਾਇਰੈਕਟਰ ਐਕਸਪੈਂਸ਼ਨ, ਐਫੀਲੀਏਸ਼ਨ, ਪਲੈਨਿੰਗ ਐਂਡ ਇਮਪਲੀਮੈਂਟੇਸ਼ਨ), ਰਾਹੁਲ ਜੈਨ (ਡਿਪਟੀ ਡਾਇਰੈਕਟਰ ਸਕੂਲ ਅਤੇ ਕਾਲਜ), ਪ੍ਰਿੰਸੀਪਲ ਸ਼੍ਰੀਮਤੀ ਸਮੇਤ ਕਈ ਸੱਜਣ ਸ਼ਾਮਲ ਹੋਏ । ਸ਼ਾਲੂ ਸਹਿਗਲ ਅਤੇ ਵਾਈਸ ਪ੍ਰਿੰਸੀਪਲ ਨਵੀਨ ਧਵਨ ਸਮੇਤ ਕਈ ਉੱਘੀਆਂ ਸ਼ਖ਼ਸੀਅਤਾਂ ਮੌਜੂਦ ਸਨ। ਉਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਸਮਾਗਮ ਵਿੱਚ ਸ਼ਾਨਦਾਰ ਪ੍ਰਦਰਸ਼ਨ ਅਤੇ ਜੀਵੰਤ ਮਾਡਲਿੰਗ ਦੇਖਣ ਨੂੰ ਮਿਲੇ ਜਿਨ੍ਹਾਂ ਨੇ ਦਰਸ਼ਕਾਂ ਨੂੰ ਮੋਹਿਤ ਕਰ ਦਿੱਤਾ । ਇਸ ਸਮਾਗਮ ਦੀ ਮੁੱਖ ਗੱਲ ਵਿਸ਼ੇਸ਼ ਟਾਇਟਲ ਦਾ ਐਲਾਨ ਸੀ । ਸ਼੍ਰੀਮਤੀ ਨਿਧੀ ਅਤੇ ਸ਼੍ਰੀਮਤੀ ਅਨੁਰਾਧਾ ਨੇ ਪ੍ਰੋਗਰਾਮ ਵਿੱਚ ਜੱਜ ਦੀ ਭੂਮਿਕਾ ਨਿਭਾਈ। ਯੋਗ ਵਿਦਿਆਰਥੀਆਂ ਨੂੰ ਖਿਤਾਬ ਦਿੱਤੇ ਗਏ।ਭਾਵੇਸ਼ ਨੂੰ ਮਿਸਟਰ ਇੰਨੋਸੈਂਟ ਦਾ ਖਿਤਾਬ ਦਿੱਤਾ ਗਿਆ, ਜਦੋਂ ਕਿ ਯੁਕਤੀ ਨੂੰ ਮਿਸ ਇੰਨੋਸੈਂਟ ਦਾ ਖਿਤਾਬ ਦਿੱਤਾ ਗਿਆ। ਹੋਰ ਮਹੱਤਵਪੂਰਨ ਜੇਤੂਆਂ ਵਿੱਚ ਸ਼ਾਮਲ ਹਨ, ਅਕਸ਼ਦੀਪ: ਹੈਂਡਸਮ ਹੰਕ,ਮਿਸ਼ਠੀ: ਪਲੀਜ਼ਿੰਗ ਪਰਸਨੈਲਿਟੀ, ਰਿਸ਼ਭ: ਬੈਸਟ ਅਪੀਅਰੰਸ, ਸਪਨਾ: ਬੈਸਟ ਅਪੀਅਰੰਸ ਸੁਖਰਾਜ: ਬੈਸਟ ਕੋਸਟਯੂਮ ਸਰਗੁਨ: ਬੈਸਟ ਕੋਸਟਯੂਮ,ਕਸ਼ਿਸ਼: ਬੈਸਟ ਹੇਅਰ ਸਟਾਈਲ,ਹੋਰ ਪੁਰਸਕਾਰਾਂ ਵਿੱਚ ਪਰਫੈਕਟ ਅਟੈਂਡੈਂਸ ਲਈ ਅਕਸ਼ਦੀਪ ਅਤੇ ਹਰਸ਼ਵੀਰ, ਵੈਲ ਡਿਸਿਪਲਨ ਡ ਕਨਿਕਾ ਅਤੇ ਹਰਸ਼ਿਕਾ , ਵੈਲ ਗਰੂਮਡ : ਰਿਸ਼ਭ ਅਤੇ ਸੁਖਰਾਜ, ਬੈਸਟ ਔਰੇਟਰ ਸੁਬੀ ਸਿੰਘ ਅਤੇ ਨੀਤੀ ਅਤੇ ਹਰਪ੍ਰੀਤ ਪਾਲ ਨੂੰ ਕੰਪਿਊਟਰ ਮਾਸਟਰ ਦੇ ਰੂਪ ਵਿੱਚ ਸਨਮਾਨਿਤ ਕੀਤਾ ਗਿਆ। ਸਟੂਡੈਂਟ ਕਾਉਂਸਲ ਦੇ ਮੈਂਬਰਾਂ ਨੇ ਯਾਦਗਾਰੀ ਚਿੰਨ ਵੀ ਭੇਂਟ ਕੀਤੇ ।।ਪ੍ਰਿੰਸੀਪਲ ਸ਼੍ਰੀਮਤੀ ਸ਼ਾਲੂ ਸਹਿਗਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਨੂੰ ਉਤਸ਼ਾਹ ਅਤੇ ਦ੍ਰਿੜਤਾ ਨਾਲ ਸਵੀਕਾਰ ਕਰਨ ਲਈ ਪ੍ਰੇਰਿਤ ਕੀਤਾ। ਵਿਦਾਇਗੀ ਸਮਾਰੋਹ ਦੀ ਸਮਾਪਤੀ ਸੁਆਦੀ ਭੋਜਨ ਦੇ ਪ੍ਰਬੰਧਾਂ ਨਾਲ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ।

# ਲੰਗੇਰੀ ਦਾ ਮਨਜੀਤ ਸਿੰਘ ਲਾਲੀ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਸੰਪੰਨ

**ਮਾਹਿਲਪੁਰ, (ਸ.ਫ਼ਰੀ)**

ਕਾਰਜਕਾਰੀ ਕਮੇਟੀ, ਨਿਊ ਸਪੋਰਟਸ ਕਲੱਬ ਪਿੰਡ ਲੰਗੇਰੀ ਵੱਲੋਂ ਸਵ. ਸਰਪੰਚ ਮਨਜੀਤ ਸਿੰਘ ਲਾਲੀ ਦੀ ਯਾਦ ਨੂੰ ਸਮਰਪਿਤ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ।ਫਾਈਨਲ ਮੈਚ ਮੌਕੇ ਮੁੱਖ ਮਹਿਮਾਨ ਅਮਰਪ੍ਰੀਤ ਸਿੰਘ ਲਾਲੀ ਹਲਕਾ ਇੰਚਾਰਜ ਗੜ੍ਹਸ਼ੰਕਰ ਤੇ ਜਨਰਲ ਸਕੱਤਰ ਆਲ ਇੰਡੀਆ ਕਾਂਗਰਸ ਆਈ, ਅਰਜਨਾ ਐਵਾਰਡੀ ਮਾਧੁਰੀ ਏ ਸਿੰਘ ਜੀ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕਰਦੇ ਹੋਏ ਅਨੁਸਾਸ਼ਨ ਵਿੱਚ ਰਹਿ ਕੇ ਖੇਡਣ ਲਈ ਪ੍ਰੇਰਤ ਕੀਤਾ।ਅੰਡਰ-17 ਸਾਲ ਦੇ ਫਾਈਨਲ ਮੈਚ ਵਿਚ ਪਾਂਸ਼ਟਾ ਨੇ ਪੰਜੌੜ ਨੂੰ 2—0 ਨਾਲ ਹਰਾ ਕੇ 21 ਹਜ਼ਾਰ ਰੁਪਏ ਨਕਦ ਰਾਸ਼ੀ, ਓਪਨ ਵਰਗ ਵਿੱਚ ਪੰਜੌੜ ਨੇ ਕਾਲੇਵਾਲ ਭਗਤਾਂ ਨੂੰ ਪੈਨਲਟੀ ਕਿੱਕ ਦੁਆਰਾ 5-4 ਦੇ ਫਰਕ ਨਾਲ ਹਰਾ ਕੇ 51 ਹਜ਼ਾਰ ਰੁਪਏ ਨਕਦ ਰਾਸ਼ੀ ਅਤੇ ਸ਼ਾਨਦਾਰ ਟਰਾਫੀ 'ਤੇ ਕਬਜ਼ਾ ਕੀਤਾ। ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਅਮਰਪ੍ਰੀਤ ਸਿੰਘ ਲਾਲੀ ਨੇ ਕੀਤੀ। ਉਨ੍ਹਾਂ ਨਾਲ ਗਾਇਕ ਸਰਬਜੀਤ ਚੀਮਾ, ਗਾਇਕ ਮਕਬੂਲ ਤੇ ਸਮੂਹ ਪ੍ਰਬੰਧਕ ਹਾਜ਼ਰ ਸਨ।ਇਸ ਮੌਕੇ ਅਮਨਦੀਪ ਸਿੰਘ ਬੈਂਸ, ਮਸ਼ਹੂਰ ਗਾਇਕ ਸਰਬਜੀਤ ਚੀਮਾ, ਗਾਇਕ ਮਕਬੂਲ, ਗੁਰਬਖਸ਼ ਸਿੰਘ, ਡਾ. ਹਰਮਨਜੀਤ ਸਿੰਘ, ਗੁਰਮਿੰਦਰ ਸਿੰਘ ਤਾਰੀ ਯੂ.ਕੇ., ਰਾਮਾ ਮਾਹਿਲਪੁਰ, ਵਿਸ਼ਾਲ, ਹਰਬਲਰਾਜ ਸਿੰਘ ਰਾਜਾ ਯੂ.ਕੇ., ਗੁਰਭਜਨ ਸਿੰਘ ਸੰਘਾ ਬੈਲਜੀਅਮ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ, ਬ੍ਰਹਮਜੋਤ ਸਿੰਘ ਯੂ.ਕੇ., ਸੁਖਜੀਤ ਸਿੰਘ ਸੰਘਾ ਬੈਲਜੀਅਮ, ਸੈਕਟਰੀ ਰੇਸ਼ਮ ਸਿੰਘ, ਮਾ. ਅਵਤਾਰ ਸਿੰਘ ਲੰਗੇਰੀ, ਸ਼ਲਿੰਦਰ ਸਿੰਘ ਡੀ.ਐਸ.ਪੀ., ਪਰਮਜੀਤ ਸਿੰਘ ਰਿਟਾ, ਐਸ.ਪੀ., ਮਨਪ੍ਰੀਤ ਸਿੰਘ ਮੰਨਾ ਯੂ.ਕੇ. ਜੈ ਦੀਪ ਸਿੰਘ ਬੈਲਜੀਅਮ ਜਗਿੰਦਰ ਸਿੰਘ ਫੌਜ਼ੀ, ਇੰਸਪੈਕਟਰ ਸੁਖਦੇਵ ਸਿੰਘ ਸੰਘਾ, ਇੰਸਪੈਕਟਰ ਅੰਮ੍ਰਿਤਪਾਲ ਸਿੰਘ ਕਨੇਡਾ, ਗੁਰਵਿੰਦਰ ਸਿੰਘ ਰਾਜਾ ਅਤੇ ਅਮਰੀਕ ਸਿੰਘ ਹਾਜ਼ਰ ਸਨ।



# ਗੁਰੂ ਗੋਬਿੰਦ ਸਿੰਘ ਦੇ ਵਿਆਹ ਪੁਰਬ ਤੇ ਬਸੰਤ ਪੰਚਮੀ ਨੂੰ ਸਮਰਪਤ ਗੁਰਮਤਿ ਸਮਾਗਮ

**ਮੋਹਾਲੀ (ਗੁਰਜੀਤ ਬਿੱਲਾ)**-ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਅਤੇ ਬਸੰਤ ਪੰਚਮੀ ਨੂੰ ਸਮਰਪਿਤ ਗੁਰਮਤਿ ਸਮਾਗਮ ਦਾ ਆਯੋਜਨ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਕਰਵਾਇਆ ਗਿਆ। ਇਸ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਗੁਰਮਤਿ ਸਮਾਗਮ ਵਿੱਚ ਭਾਈ ਸੁਖਵਿੰਦਰ ਸਿੰਘ ਦੇ ਕਵੀਸ਼ਰੀ ਜੱਥੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਮਾਤਾ ਜੀਤੋ ਜੀ ਨਾਲ ਸੰਨ 1677 ਈ ਵਿੱਚ 'ਗੁਰੂ ਕੇ ਲਾਹੌਰ' ਵਿੱਖੇ ਹੋਣ ਬਾਰੇ ਬਾਰੇ ਸੰਗਤਾਂ ਨੂੰ ਕਵੀਸ਼ਰੀ ਵਾਰਾਂ ਵਿੱਚ ਵਿਸਥਾਰ ਸਹਿਤ ਸਰਵਣ ਕਰਵਾਇਆ। ਭਾਈ ਪੂਰਨ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗਾਂ ਵਿੱਚ ਦਰਜ ਧੁਰ ਕੀ ਬਾਣੀ ਬਾਰੇ ਦੱਸਿਆ। ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ 'ਗੁਰੂ ਕਾ ਲਾਹੌਰ' ਸ਼ਹਿਰ ਵਸਾਉਣ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਸਰੂਪ ਸਿੰਘ , ਸ਼੍ਰੋਮਣੀ ਪ੍ਰਚਾਰਕ ਭਾਈ ਰਜਿੰਦਰ ਸਿੰਘ ਦਮਦਮੀ ਟਕਸਾਲ, ਭਾਈ ਸਤਪਾਲ ਸਿੰਘ, ਭਾਈ ਸਿਮਰਨਜੀਤ ਸਿੰਘ, ਭਾਈ ਰਾਜਬੀਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖ਼ਸ਼ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।



## ਆਕਸਫੋਰਡ ਦੇ ਵਿਦਿਆਰਥੀਆਂ ਨੇ ਕੱਢੀ ਜਾਗਰੂਕਤਾ ਰੈਲੀ



**ਬਠਿੰਡਾ (ਰਾਜੀਵ ਗੋਇਲ)**-'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਦੇ ਵਿਦਿਆਰਥੀਆਂ ਵੱਲੋਂ ਨੇੜਲੇ ਪਿੰਡ ਕੋਇਰ ਸਿੰਘ ਵਾਲਾ, ਭੋੜੀਪੁਰਾ ਤੇ ਆਕਲੀਆਂ ਵਿਖੇ ਰੈਲੀ ਕੱਢੀ ਗਈ, ਜਿਸ ਵਿੱਚ ਚਾਇਨਾ ਡੋਰ ਦੇ ਨੁਕਸਾਨਾਂ ਨੂੰ ਮੁੱਖ ਰੱਖ ਕੇ ਇਸ ਨੂੰ ਨਾ ਵਰਤਣ ਦਾ ਸੁਨੇਹਾ ਦਿੱਤਾ ਗਿਆ।ਸੰਸਥਾ ਦੇ ਐਨ.ਸੀ.ਸੀ ਕੈਡਿਟ, ਨੇਵੀ ਕੈਡਿਟ ਤੇ ਸਕਾਊਟ ਐਂਡ ਗਾਈਡ ਦੇ ਕੈਡਿਟਾਂ ਨੂੰ ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਵਿਦਿਆਰਥੀਆਂ ਨੇ ਪਿੰਡਾਂ ਵਿੱਚ ਜਾ ਪਿੰਡ ਵਾਸੀਆਂ ਨੂੰ ਚਾਇਨਾ ਡੋਰ ਦੇ ਕਾਰਨ ਜਾਣ ਵਾਲੀਆਂ ਮਨੁੱਖਾਂ ਤੇ ਪੰਛੀਆਂ ਦੀਆਂ ਜਾਨਾਂ ਅਤੇ ਹੋਰ ਵਾਪਰਨ ਵਾਲੀਆਂ ਅਣਸੁਖਾਵੀਆਂ ਘਟਨਾਵਾਂ ਤੋਂ ਜਾਣੂ ਕਰਾਉਂਦੇ ਹੋਏ ਇਸ ਦੀ ਵਰਤੋਂ ਨਾ ਕਰਨ ਅਤੇ ਇਸ ਦੀ ਥਾਂ ਦੇਸੀ ਡੋਰ ਵਰਤਣ ਦਾ ਸੰਦੇਸ਼ ਦਿੱਤਾ।ਪਿੰਡ ਦੇ ਮੋਹਤਬਰ ਪੰਚਾਇਤ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਭਰਮਾ ਹੁੰਗਾਰਾ ਦਿੱਤਾ।ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵੀ ਸਕੂਲ ਦੇ ਵਿਦਿਆਰਥੀਆਂ ਨੂੰ ਇਸ ਡੋਰ ਦੀ ਵਰਤੋਂ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੰਦੇ ਹੋਏ ਕੀਮਤੀ ਜਾਨਾਂ ਨਾ ਗੁਆਉਣ ਦਾ ਸੁਨੇਹਾ ਦਿੱਤਾ।ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਵੀ ਵਿਦਿਆਰਥੀਆਂ ਅਤੇ ਇਸ ਸੰਸਥਾ ਦੇ ਇਸ ਜਾਗਰੂਕ ਕਦਮ ਦੀ ਸ਼ਲਾਘਾ ਕੀਤੀ ਤੇ ਆਪਣੇ ਪਿੰਡਾਂ ਵਿੱਚ ਇਸ ਦੀ ਵਰਤੋਂ ਨਾ ਕਰਨ ਲਈ ਉਚੇਚ ਕਰਨ ਦਾ ਵਾਅਦਾ ਕੀਤਾ।

## ਚਾਈਨਾ ਡੋਰ ਵੇਚਣ ਵਾਲੇ ਬਖ਼ਸ਼ੇ ਨਹੀਂ ਜਾਣਗੇ : ਥਾਣਾ ਮੁਖੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਚਾਈਨਾ ਡੋਰ ਦੀ ਵਿਕਰੀ ਨੂੰ ਰੋਕਣ ਲਈ ਸ਼ਹਿਰ ਦੀਆਂ ਵੱਖ ਵੱਖ ਦੁਕਾਨਾਂ 'ਤੇ ਚੈਕਿੰਗ ਕੀਤੀ ਗਈ, ਪਰ ਕਿਸੇ ਵੀ ਦੁਕਾਨ ਤੋਂ ਇਹ ਡੋਰ ਬਰਾਮਦ ਨਾ ਹੋਈ। ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੁਲਸ ਦੀਆਂ ਵੱਖ ਵੱਖ ਟੀਮਾਂ ਵੱਲੋਂ ਸ਼ਹਿਰ ਵਿੱਚ ਚਾਈਨਾ ਡੋਰ ਦੀ ਵਿਕਰੀ ਸਬੰਧੀ ਕਈ ਦੁਕਾਨਾਂ ਦੀ ਚੈਕਿੰਗ ਕੀਤੀ ਗਈ ਅਤੇ ਤਲਾਸ਼ੀ ਵੀ ਲਈ ਗਈ। ਉਨ੍ਹਾ ਕਿਹਾ ਕਿ ਫਿਲਹਾਲ ਕਿਸੇ ਵੀ ਦੁਕਾਨ ਤੋਂ ਚਾਈਨਾ ਡੋਰ ਬਰਾਮਦ ਨਹੀਂ ਹੋਈ, ਪਰ ਫਿਰ ਵੀ ਉਨ੍ਹਾਂ ਦੁਕਾਨਦਾਰਾਂ ਨੂੰ ਸਖ਼ਤ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਵੀ ਦੁਕਾਨਦਾਰ ਚਾਈਨਾ ਡੋਰ ਵੇਚਦਾ ਪਾਇਆ ਗਿਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਥਾਣਾ ਮੁਖੀ ਨੇ ਕਿਹਾ ਕਿ ਇਹ ਚਾਈਨਾ ਡੋਰ ਨਾਲ ਕਈ ਵਿਅਕਤੀ ਤੇ ਜਾਨਵਰ ਜ਼ਖ਼ਮੀ ਹੋ ਰਹੇ ਹਨ ਅਤੇ ਪਤੰਗਬਾਜ਼ੀ ਕਰਨ ਵਾਲੇ ਬੱਚਿਆਂ ਲਈ ਵੀ ਘਾਤਕ ਹੈ, ਇਸ ਲਈ ਉਹ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਚਾਈਨਾ ਡੋਰ ਨਾ ਵਰਤਣ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਚਾਈਨਾ ਡੋਰ ਵੇਚਣ ਵਾਲੇ ਦੀ ਸੂਚਨਾ ਤੁਰੰਤ ਪੁਲਸ ਨੂੰ ਦੇਣ। ਇਸ ਮੌਕੇ ਉਨ੍ਹਾਂ ਨਾਲ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਤੇ ਅਮਰਜੀਤ ਸਿੰਘ ਮੌਜੂਦ ਸਨ।

## ਕੈਂਬ੍ਰਿਜ ਕਾਨਵੈਂਟ ਸਕੂਲ 'ਚ ਸਾਲਾਨਾ ਸਮਾਗਮ ਕਰਵਾਇਆ




**ਕੋਟ ਈਸੇ ਖਾਂ (ਅਰੋੜਾ)**-ਕੈਂਬ੍ਰਿਜ ਕਾਨਵੈਂਟ ਸਕੂਲ ਵਿਖੇ ਸਾਲਾਨਾ ਸਮਾਗਮ 'ਅਸ਼ੀਰਵਾਦ ਦਾ ਬਲੈਸਿੰਗ' ਕਰਵਾਇਆ ਗਿਆ, ਜਿਸ ਵਿੱਚ ਸਾਰੇ ਹੀ ਬੱਚਿਆਂ ਨੇ ਵਧ ਚੜ੍ਹ ਕੇ ਭਾਗ ਲਿਆ। ਇਸ ਸੰਬੰਧੀ ਮਾਪਿਆਂ ਵਿੱਚ ਵੀ ਭਾਰੀ ਉਤਸ਼ਾਹ ਦੇਖਿਆ ਗਿਆ। ਇਸ ਪ੍ਰੋਗਰਾਮ ਵਿੱਚ ਬੱਚਿਆਂ ਵੱਲੋਂ ਅਲੱਗ ਅਲੱਗ ਤਰ੍ਹਾਂ ਦੀਆਂ ਪ੍ਰੋਫੋਰਮੈਂਸ ਦਿੱਤੀਆਂ ਗਈਆਂ, ਜਿਸ ਵਿੱਚ ਭੰਗੜਾ, ਗਿੱਧਾ, ਰਾਜਸਥਾਨੀ ਡਾਂਸ, ਫੋਕ ਡਾਂਸ ਤੇ ਹੋਰ ਬਹੁਤ ਸਾਰੇ ਮੋਟੀਵੇਸ਼ਨਲ ਡਾਂਸ ਪ੍ਰੋਫੋਰਮੈਂਸ ਵੀ ਦਿੱਤੀਆਂ ਗਈਆਂ। ਇਸ ਸਮੇਂ ਮੁੱਖ ਮਹਿਮਾਨ ਵਜੋਂ ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਢੋਸ ਦੇ ਮਾਤਾ ਸ੍ਰੀਮਤੀ ਸੁਰਿੰਦਰ ਕੌਰ ਢੋਸ, ਡੀ.ਐੱਸ.ਪੀ. ਰਮਨਦੀਪ ਸਿੰਘ, ਮੈਡਮ ਸੁਨੀਤਾ ਰਾਣੀ, ਬੀਡੀਪੀਈਓ ਮੈਮ ਕੰਚਨ ਬਾਲਾ, ਗੁਰਮੀਤ ਮੁਖੀਜਾ ਪ੍ਰਧਾਨ ਨਗਰ ਕੌਂਸਲ ਧਰਮਕੋਟ, ਡਿਪਟੀ ਡੀ.ਈ.ਓ. ਗੁਰਦਿਆਲ ਸਿੰਘ, ਸਟੇਟ ਐਵਾਰਡ ਪ੍ਰਾਪਤ ਅਧਿਆਪਕ ਪਲਵਿੰਦਰ ਸਿੰਘ ਲੈਕਚਰਾਰ ਸਪੋਰਟਸ (ਸ਼ਹੀਦ ਜੈਮਲ ਸਿੰਘ ਸੈਨ. ਸ. ਸਕੂਲ ਘਲੋਟੀ), ਸ੍ਰੀਮਤੀ ਜਸਵੀਰ ਕੌਰ (ਜੀ.ਪੀ.ਐੱਸ. ਦੌਲੇਵਾਲਾ ਮੇਅਰ), ਸਵਰਨਜੀਤ ਸਿੰਘ ਸੱਗੂ (ਸੀ.ਐੱਚ.ਟੀ. ਮਾਹਲ), ਕੰਚਨ ਬਾਲਾ (ਬੀਪੀਈਓ ਧਰਮਕੋਟ), ਨਗਰ ਪੰਚਾਇਤ ਕੋਟ ਈਸੇ ਖਾਂ ਦੇ ਐੱਮ ਸੀ ਸਤਵੰਤ ਸਿੰਘ ਸਿੱਧੂ, ਬਿਕਰਮਜੀਤ ਸ਼ਰਮਾ, ਸੁਰਿੰਦਰ ਕੁਮਾਰ ਸਚਦੇਵਾ, ਸਵਰਾਜ ਸਿੰਘ ਢਿੱਲੋਂ (ਸਰੰਪਚ ਗਲੋਟੀ), ਚਰਨਜੀਤ ਸਿੰਘ (ਸਾਬਕਾ ਸਰੰਪਚ ਗਲੋਟੀ), ਰਣਧੀਰ ਸਿੰਘ (ਸਰਪੰਚ ਘਲੋਟੀ ਖੁਰਦ), ਦਵਿੰਦਰ ਸਿੰਘ ਸੰਧੂ ਮੈਂਬਰ ਪੰਚਾਇਤ ਗਲੋਟੀ ਤੋਂ ਇਲਾਵਾ ਕੋਟ ਈਸੇ ਖਾਂ ਦੇ ਸਮੂਹ ਪ੍ਰੈੱਸ ਮੈਂਬਰ ਤੇ ਹੋਰ ਸ਼ਖ਼ਸੀਅਤਾਂ ਸ਼ਾਮਲ ਸਨ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾਕਟਰ ਸੰਜੇ ਚੁੰਗ, ਪ੍ਰਿੰਸੀਪਲ ਗੁਰਵਿੰਦਰ ਸਿੰਘ, ਸਕੂਲ ਦੇ ਮੈਨੇਜਿੰਗ ਕਮੇਟੀ ਦੇ ਮੈਂਬਰ ਮਨਦੀਪ ਮਾਲੜਾ, ਸੰਦੀਪ ਮਾਲੜਾ, ਮੈਡਮ ਕਾਜਲ ਮਾਲੜਾ ਤੇ ਮਹਿਕ ਮਾਲੜਾ ਵੱਲੋਂ ਆਈਆਂ ਸਮੂਹ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਇਸ ਤਰ੍ਹਾਂ ਇਹ ਸਾਲਾਨਾ ਸਮਾਗਮ ਕੈਂਬ੍ਰਿਜ ਸਕੂਲ ਦੇ ਵਿਹੜੇ 'ਚ ਯਾਦਗਾਰ ਹੋ ਨਿੱਬੜਿਆ।

## ਬਾਬਾ ਫ਼ਰੀਦ ਸਕੂਲ ਛੱਤਿਆਣਾ 'ਚ ਹੋਇਆ ਸਾਲਾਨਾ ਸਮਾਗਮ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵਿਖੇ ਪ੍ਰਿੰਸੀਪਲ ਪਰਮਜੀਤ ਕੌਰ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਸੱਭਿਆਚਾਰਕ ਪ੍ਰੋਗਰਾਮ ਅਤੇ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਾਇਆ ਗਿਆ। ਇਸ ਸਮਾਗਮ ਵਿੱਚ ਜਸਪਾਲ ਮੋਂਗਾ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਉਨ੍ਹਾਂ ਨਾਲ ਰਾਜਿੰਦਰ ਸਿੰਘ ਸੋਨੀ ਸਹਾਇਕ ਜ਼ਿਲ੍ਹਾ ਸਿੱਖਿਆ ਅਫਸਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਕੋਰਿਓਗ੍ਰਾਫ਼ੀ, ਗਰੁੱਪ ਡਾਂਸ, ਸੋਲੋ ਡਾਂਸ, ਝੂਮਰ, ਭੰਡ, ਮੱਲਵਈ ਗਿੱਧਾ, ਭੰਗੜਾ ਤੇ ਗਿੱਧੇ ਤੋਂ ਇਲਾਵਾ ਸੱਭਿਆਚਾਰਕ ਵੰਨਗੀ ਦੀਆਂ ਪੇਸ਼ਕਾਰੀ ਨੇ ਦਰਸ਼ਕਾਂ ਦੇ ਦਿਲਾਂ ਤੇ ਆਪਣੀਆਂ ਅਮਿਟ ਯਾਦਾਂ ਛੱਡ ਦਿੱਤੀਆਂ। ਇਸ ਮੌਕੇ ਹਰਜੀਤ ਸਿੰਘ ਬਰਾੜ ਨੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਵਿਦਿਆਰਥੀਆਂ ਨੂੰ ਪੜ੍ਹਾਈ, ਖੇਡਾਂ ਤੇ ਸਕੂਲ ਦੀਆਂ ਹੋਰ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਮੁੱਖ ਮਹਿਮਾਨ ਜਸਪਾਲ ਮੋਂਗਾ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਸਾਡੇ ਅਮੀਰ ਸੱਭਿਆਚਾਰ ਤੇ ਆਪਣੇ ਵਿਰਸੇ ਨਾਲ ਜੋੜਣ ਲਈ ਸਾਡੇ ਸਮਾਜ ਨੂੰ ਚੰਗੀ ਸੇਧ ਦੇਣ ਲਈ ਵੀ ਸਹਾਈ ਸਿੱਧ ਹੁੰਦੇ ਹਨ। ਨਾਲ ਹੀ ਉਨ੍ਹਾਂ ਐਲਾਨ ਕੀਤਾ ਕਿ ਸਕੂਲ ਦਾ ਕੋਈ ਵੀ ਵਿਦਿਆਰਥੀ ਪੰਜਾਬ ਵਿੱਚੋਂ ਪਹਿਲੇ ਨੰਬਰ 'ਤੇ ਆਵੇਗਾ, ਉਸ ਨੂੰ 50 ਹਜ਼ਾਰ ਰੁਪਏ ਨਕਦ ਰਾਸ਼ੀ ਅਤੇ ਜੋ ਵਿੱਦਿਆਰਥੀ ਮੈਰਿਟ ਲਿਸਟ ਵਿੱਚ ਆਵੇਗਾ, ਉਸ ਨੂੰ 10 ਹਜ਼ਾਰ ਰੁਪਏ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਜਾਵੇਗਾ। ਸਮਾਗਮ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਸੁਖਦੀਪ ਸਿੰਘ, ਗੁਰਸਾਹਿਬ ਸਿੰਘ, ਸ਼ਰਨਜੀਤ ਕੌਰ ਅਤੇ ਸਿਮਰਨਜੀਤ ਕੌਰ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਤੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ।

## ਡੱਲੇਵਾਲ ਦੀ ਤੰਦਰੁਸਤੀ ਲਈ ਸਹਿਜ ਪਾਠ ਦੇ ਭੋਗ ਪਾਏ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਕਿਸਾਨੀ ਮੰਗਾਂ ਨੂੰ ਲੈ ਕੇ ਖਨੌਰੀ ਕਿਸਾਨ ਮੋਰਚੇ 'ਤੇ ਮਰਨ ਵਰਤ 'ਤੇ ਬੈਠੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਦੇ ਸੂਬਾ ਆਗੂ ਸ੍ਰ. ਜਗਜੀਤ ਸਿੰਘ ਡੱਲੇਵਾਲ ਦੀ ਤੰਦਰੁਸਤੀ ਤੇ ਮੋਰਚੇ ਦੀ ਚੜ੍ਹਦੀ ਕਲਾ ਲਈ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਪਿੰਡ ਲਹਿਰਾ ਮੁਹੱਬਤ ਵਾਸੀਆਂ ਵੱਲੋਂ ਸਥਾਨਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਭੋਲਾ ਸਿੰਘ ਵੱਲੋਂ ਸ੍ਰ. ਡੱਲੇਵਾਲ ਜੀ ਦੀ ਸਿਹਤਯਾਬੀ, ਚੱਲ ਰਹੇ ਕਿਸਾਨ ਮੋਰਚੇ ਦੀ ਕਾਮਯਾਬੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਾਬਕਾ ਪੰਚ ਸੱਤਪਾਲ ਸਿੰਘ, ਦਲਜੀਤ ਸਿੰਘ, ਕਿਸਾਨ ਆਗੂ ਬਲਵੀਰ ਸਿੰਘ, ਚਮਕੌਰ ਸਿੰਘ, ਹਰਨੇਕ ਸਿੰਘ, ਪੁਸ਼ਵਿੰਦਰ ਸਿੰਘ ਗੋਂਦਾ, ਜਸਪਾਲ ਸਿੰਘ, ਜਗਜੀਤ ਸਿੰਘ, ਜਗਰੋਸ਼ਨ ਸਿੰਘ ਸਮੇਤ ਹੋਰ ਬੀਬੀਆਂ ਭੈਣਾਂ ਤੇ ਨਗਰ ਵਾਸੀ ਹਾਜ਼ਰ ਸਨ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਹੋਈ ਵਿਦਾਇਗੀ ਪਾਰਟੀ



**ਜਗਰਾਉ (ਅਮਿਤ ਖੰਨਾ, ਸੰਜੀਵ ਅਰੋੜਾ)**-ਬਲੌਜ਼ਮਜ ਕਾਨਵੈਂਟ ਸਕੂਲ ਵਿਖੇ ਅੱਜ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਬਾਰਵੀਂ ਜਮਾਤ ਦੇ ਇਮਤਿਹਾਨ ਦੇ ਕੇ ਸਕੂਲ ਤੋਂ ਵਿਦਾ ਲੈਣ ਵਾਲੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਆਯੋਜਿਤ ਕੀਤੀ ਗਈ।ਵਿਦਿਆਰਥੀਆਂ ਨੇ ਇਸ ਪਾਰਟੀ ਨੂੰ ਸੱਭਿਆਚਾਰ ਰੰਗ ਵਿੱਚ ਰੰਗਿਆ ਤੇ ਵਿਦਿਆਰਥੀਆਂ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ।ਗੀਤ ਸੰਗੀਤ, ਰੈਂਪ ਵਾਕ ਦੀ ਪ੍ਰਸ਼ਨ- ਉੱਤਰ ਤੋਂ ਬਾਅਦ ਮਿਸਟਰ ਬੀ ਸੀ ਐਸ ਦਿਵਿਅਮ ਸ਼ਰਮਾ ਮਿਸ ਬੀ ਸੀ ਐਸ ਜਸਵੀਨ ਕੌਰ, ਅਰਮਾਨ ਸਿੰਘ ਜੌਹਲ ਅਤੇ ਕਿਰਨਵੀਰ ਕੌਰ ਨੂੰ ਫਸਟ ਰਨਰਅੱਪ ਚੁਣਿਆ ਗਿਆ। ਅੰਜਲੀ ਅਤੇ ਗੁਰਨੂਰ ਸਿੰਘ ਗਰੇਵਾਲ ਨੂੰ ਦੂਜੇ ਰਨਰਅੱਪ ਵਜੋਂ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਸਮੇਤ ਇਸ ਮੌਕੇ ਸਕੂਲ ਦੇ ਚੇਅਰਮੈਨ ਸ. ਹਰਭਜਨ ਸਿੰਘ ਜੌਹਲ ਪ੍ਰੈਜ਼ੀਡੈਂਟ ਸ. ਮਨਪ੍ਰੀਤ ਸਿੰਘ ਬਰਾੜ ਨੇ ਵੀ ਇਸ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਅਤੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਕੇਂਦਰ ਵੱਲੋਂ ਐਲਾਨੇ ਬਜਟ 'ਚ ਪੰਜਾਬ ਦੀ ਅਣਦੇਖੀ : ਹੈਪੀ ਗਰਗ

**ਧੂਰੀ (ਰਾਜੇਸ਼ਵਰ ਪਿੰਟੂ, ਵਿਨੀ ਗਰਗ)**-ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਕੇਂਦਰੀ ਬਜਟ ਨੂੰ ਪੰਜਾਬ ਵਿਰੋਧੀ ਦੱਸਦਿਆਂ ਆਮ ਆਦਮੀ ਪਾਰਟੀ ਸ਼ਹਿਰੀ ਬਲਾਕ ਧੂਰੀ ਦੇ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਕਿਹਾ ਕਿ ਵਿੱਤੀ ਸਾਲ 2025-26 ਦੇ ਬਜਟ ਵਿੱਚ ਪੰਜਾਬ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ, ਜੋ ਸੂਬੇ ਦੇ ਲੋਕਾਂ ਲਈ ਨਿਰਾਸ਼ਾ ਦਾ ਕਾਰਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਾਕਿਸਤਾਨ ਨੂੰ ਛੂਹਣ ਵਾਲੀਆਂ 553 ਕਿਲੋਮੀਟਰ ਦੀਆਂ ਸਰਹੱਦਾਂ ਸਾਂਝੀਆਂ ਕਰਦਾ ਹੈ, ਜਿਸ ਵਿੱਚ ਰਾਜ ਵਿੱਚ ਨਸ਼ਿਆਂ ਨੂੰ ਧੱਕਣ ਦੀਆਂ ਕੋਸ਼ਿਸ਼ਾਂ ਨਾਲ ਲੜਨ ਵਿੱਚ ਵੱਡਾ ਜ਼ੋਖਮ ਸ਼ਾਮਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਬਜਟ ਨੂੰ ਨਿਰਾਸ਼ਾਜਨਕ ਦੱਸਿਆ ਹੈ।ਉਨ੍ਹਾਂ ਕਿਹਾ ਕਿ ਖ਼ਾਸ ਕਰਕੇ ਮੱਧ ਵਰਗ ਨੂੰ ਧੋਖਾ ਦਿੱਤਾ ਗਿਆ ਹੈ।ਬਜਟ ਵਿੱਚ ਜੀਐੱਸਟੀ ਤੋਂ ਹੋਮ ਲੋਨ ਵਿੱਚ ਕੋਈ ਰਾਹਤ ਨਹੀਂ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਖਜ਼ਾਨੇ ਦਾ ਵੱਡਾ ਹਿੱਸਾ ਕੁਝ ਅਮੀਰ ਅਰਬਪਤੀਆਂ ਦੇ ਕਰਜ਼ੇ ਮੁਆਫ ਕਰਨ 'ਤੇ ਚਲਾ ਜਾਂਦਾ ਹੈ।ਉਨ੍ਹਾਂ ਮੰਗ ਕੀਤੀ ਸੀ ਕਿ ਬਜਟ ਵਿੱਚ ਇਹ ਐਲਾਨ ਕੀਤਾ ਜਾਵੇ ਕਿ ਭਵਿੱਖ ਵਿੱਚ ਕਿਸੇ ਵੀ ਅਰਬਪਤੀ ਦਾ ਕਰਜ਼ਾ ਮੁਆਫ਼ ਨਹੀਂ ਕੀਤਾ ਜਾਵੇਗਾ।

## ਬਜਟ ਪੇਂਡੂ ਵਿਕਾਸ ਤੇ ਨਰੇਗਾ ਵਿਰੋਧੀ : ਸੀ ਪੀ ਆਈ



**ਫਰੀਦਕੋਟ (ਐਲਗਜ਼ੈਂਡਰ ਡਿਸੂਜਾ)** ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਨੇੜਲੇ ਪਿੰਡ ਚੰਮੇਲੀ ਵਿਖੇ ਨਰੇਗਾ ਤੇ ਖੇਤ ਮਜ਼ਦੂਰਾਂ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੋਦੀ ਸਰਕਾਰ ਦੀਆਂ ਕਿਰਤੀ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਦਾ ਸਖ਼ਤ ਵਿਰੋਧ ਕੀਤਾ ਗਿਆ। ਨਵੇਂ ਕੇਂਦਰੀ ਬਜਟ 'ਤੇ ਟਿੱਪਣੀ ਕਰਦੇ ਹੋਏ ਕਮਿਊਨਿਸਟ ਆਗੂਆਂ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਲਈ ਜੋ ਫੰਡ ਪ੍ਰਾਪਤ ਹੋ ਰਹੇ ਹਨ, ਉਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਫੰਡ ਨਰੇਗਾ ਰਾਹੀਂ ਆਉਂਦੇ ਹਨ, ਪਰ ਮੌਜੂਦਾ ਬਜਟ ਵਿੱਚ ਨਰੇਗਾ ਫੰਡ ਵਿੱਚ ਇੱਕ ਰੁਪਿਆ ਵੀ ਵਾਧਾ ਨਹੀਂ ਕੀਤਾ ਗਿਆ, ਜੋ ਕਿ ਅਤਿ ਨਿੰਦਣਯੋਗ ਅਤੇ ਸ਼ਰਮਨਾਕ ਹੈ, ਜਿਸ ਨਾਲ ਸਰਕਾਰ ਦੀ ਵਿਕਾਸ ਵਿਰੋਧੀ ਤੇ ਮਜ਼ਦੂਰ ਵਿਰੋਧੀ ਮਾਨਸਿਕਤਾ ਸਾਹਮਣੇ ਆਉਂਦੀ ਹੈ। ਮਨਰੇਗਾ ਫੰਡ 'ਤੇ ਆਪਣੇ ਪ੍ਰਤੀਕਿਰਿਆ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਐਗਜ਼ੈਕਟਿਵ ਮੈਂਬਰ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਗੋਰਾ ਸਿੰਘ ਪਿਪਲੀ ਨੇ ਪਿੰਡ ਚੰਮੇਲੀ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੀ ਬ੍ਰਾਂਚ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਸਾਲ ਨਰੇਗਾ ਲਈ 65 ਹਜ਼ਾਰ ਕਰੋੜ ਰੱਖਿਆ ਸੀ, ਪਰ ਬਾਅਦ ਵਿੱਚ ਇਸ ਨੂੰ 89 ਹਜ਼ਾਰ ਕਰੋੜ ਕਰਨਾ ਪਿਆ, ਪਰ ਇਹ ਵੀ ਪੈਸਾ ਖਤਮ ਹੋ ਗਿਆ ਸੀ, ਜਿਸ ਕਰਕੇ ਹੁਣ ਵੀ ਮਜ਼ਦੂਰਾਂ ਦਾ ਹਜ਼ਾਰਾਂ ਕਰੋੜ ਬਕਾਇਆ ਹੈ। ਪਹਿਲੀ ਅਪ੍ਰੈਲ ਤੋਂ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿੱਚ ਹੋਰ ਵਾਧਾ ਹੋ ਜਾਣਾ ਹੈ, ਜਿਸ ਕਰਕੇ ਇਹ ਬਜਟ ਘੱਟ ਪੈ ਜਾਵੇਗਾ। ਸਰਕਾਰਾਂ ਇਸ ਦੀ ਪੂਰਤੀ ਲਈ ਕੰਮ ਦੇ ਪ੍ਰੋਜੈਕਟ ਬੰਦ ਕਰ ਦਿੰਦੀਆਂ ਹਨ, ਜਿਸ ਕਰਕੇ ਨਰੇਗਾ ਮਜ਼ਦੂਰਾਂ ਨੂੰ ਕਾਨੂੰਨ ਅਨੁਸਾਰ 100 ਦਿਨ ਪੂਰਾ ਕੰਮ ਨਹੀਂ ਮਿਲਦਾ। ਲੋਕ ਪਹਿਲਾਂ ਹੀ ਬੇਰੁਜ਼ਗਾਰੀ ਦਾ ਸ਼ਿਕਾਰ ਹੋ ਕੇ ਮਾਰੇ ਮਾਰੇ ਫਿਰ ਰਹੇ ਹਨ, ਜਿਸ ਕਰਕੇ ਬੇਰੁਜ਼ਗਾਰੀ ਵਿੱਚ ਹੋਰ ਵਾਧਾ ਹੋਵੇਗਾ। ਜੇਕਰ ਸਰਕਾਰ ਪਿੰਡਾਂ ਦਾ ਵਿਕਾਸ ਕਰਨਾ ਚਾਹੁੰਦੀ ਹੈ ਤਾਂ ਕੇਂਦਰੀ ਬਜਟ ਵਿੱਚ ਨਰੇਗਾ ਫੰਡ 'ਚ ਦੁੱਗਣਾ ਵਾਧਾ ਕਰੇ। ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਲਈ, ਗਰੀਬਾਂ ਦੇ ਰਾਸ਼ਨ ਲਈ, ਕੇਂਦਰ ਦੀ ਬੁਢਾਪਾ ਪੈਨਸ਼ਨ ਲਈ ਕੋਈ ਵੀ ਫੰਡ ਨਹੀਂ ਰੱਖਿਆ। ਕਿਸਾਨਾਂ ਦੀਆਂ ਫ਼ਸਲਾਂ ਦੇ ਐਮਐਸਪੀ ਬਾਰੇ ਕੋਈ ਬਜਟ ਨਹੀਂ ਰੱਖਿਆ। ਇਸ ਲਈ ਕੰਮ ਕਰਦੇ ਕਿਰਤੀ ਲੋਕਾਂ ਲਈ ਇਹ ਬਜਟ ਧੋਖਾ ਸਾਬਿਤ ਹੋਵੇਗਾ। ਇਸ ਸਮੇਂ ਪਾਰਟੀ ਦੇ ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਮਾਸਟਰ ਗੁਰਚਰਨ ਸਿੰਘ ਮਾਨ, ਜ਼ਿਲ੍ਹਾ ਕੌਂਸਲ ਮੈਂਬਰ ਚਰਨਜੀਤ ਸਿੰਘ ਚਮੇਲੀ ਨੇ ਵੀ ਸੰਬੋਧਨ ਕੀਤਾ। ਚਮਕੌਰ ਸਿੰਘ ਪੱਪੂ ਨੇ ਆਏ ਹੋਏ ਵਰਕਰਾਂ ਦਾ ਧੰਨਵਾਦ ਕੀਤਾ। ਸਾਰੇ ਬੁਲਾਰਿਆਂ ਨੇ ਭਾਰਤੀ ਕਮਿਊਨਿਸਟ ਪਾਰਟੀ ਦਾ ਸਾਥ ਦਿੱਤਾ।

## ਦੌਲਤਪੁਰ ਵੱਲੋਂ ਕਾਂਗਰਸ ਦੇ ਹੱਕ 'ਚ ਚੋਣ ਪ੍ਰਚਾਰ



**ਧੂਰੀ (ਰਾਜੇਸ਼ਵਰ ਪਿੰਟੂ, ਵਿਨੀ ਗਰਗ)**-ਪੰਜਾਬ ਕਾਂਗਰਸ ਦੇ ਮੈਂਬਰ ਤੇ ਹਲਕਾ ਧੂਰੀ ਤੋਂ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਪੰਜਾਬ ਕਾਂਗਰਸ ਦੇ ਇੰਚਾਰਜ ਨੇਤਾ ਤੇ ਪੰਜਾਬ ਵਿਧਾਨ ਸਭਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਦਿੱਲੀ ਵਿਖੇ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਡੋਰ ਟੂ ਡੋਰ ਜਾ ਕੇ ਵੋਟਾਂ ਮੰਗੀਆਂ।ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਕਾਂਗਰਸ ਸਰਕਾਰ ਨੇ ਮੈਨੀਫੈਸਟੋ ਜਾਰੀ ਕਰਕੇ ਐਲਾਨ ਕੀਤਾ ਹੈ ਕਿ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਕਾਂਗਰਸ ਪਾਰਟੀ ਨੇ ਔਰਤਾਂ ਨੂੰ 2500 ਰੁਪਏ ਮਹੀਨਾ, 300 ਯੂਨਿਟ ਤੱਕ ਮੁਫ਼ਤ ਬਿਜਲੀ ਤੇ 500 ਰੁਪਏ ਵਿੱਚ ਐਲਪੀਜੀ ਸਿਲੰਡਰ ਦੇਣ ਦਾ ਵਾਅਦਾ ਕੀਤਾ।ਇਸ ਤੋਂ ਇਲਾਵਾ 25 ਲੱਖ ਰੁਪਏ ਤੱਕ ਦਾ ਮੁਫ਼ਤ ਸਿਹਤ ਬੀਮਾ ਅਤੇ ਮੁਫ਼ਤ ਰਾਸ਼ਨ ਕਿੱਟਾਂ ਵੀ ਪਾਰਟੀ ਦੀਆਂ ਗਾਰੰਟੀਆਂ ਵਿੱਚ ਸ਼ਾਮਲ ਸਨ।ਉਨ੍ਹਾਂ ਕਿਹਾ ਕਿ ਮੈਨੀਫੈਸਟੋ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਇੱਕ ਸਾਲ ਲਈ 8500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦੇਣ ਦਾ ਵੀ ਵਾਅਦਾ ਕੀਤਾ ਗਿਆ ਹੈ। ਪਾਰਟੀ ਨੇ ਸ਼ਹਿਰ ਭਰ 'ਚ 100 ਇੰਦਰਾ ਕੰਟੀਨਾਂ ਸ਼ੁਰੂ ਕਰਨ ਦਾ ਪ੍ਰਸਤਾਵ ਵੀ ਰੱਖਿਆ, ਜੋ 5 ਰੁਪਏ ਵਿੱਚ ਖਾਣਾ ਮੁਹੱਈਆ ਕਰਾਉਣਗੀਆਂ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਜੁਮਲੇਬਾਜ਼ਾਂ ਦੀ ਸਰਕਾਰ ਹੈ ਤੇ ਆਮ ਆਦਮੀ ਪਾਰਟੀ ਨੂੰ ਦਿੱਲੀ ਵਿੱਚ ਹਰਾਉਣਾ ਤੇ ਕਾਂਗਰਸ ਨੂੰ ਜਿਤਾਉਣਾ ਮੌਕੇ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪ੍ਰਤੀ ਲੋਕਾਂ ਵਿੱਚ ਉਤਸ਼ਾਹ ਪਾਇਆ ਜਾ ਰਿਹਾ ਹੈ।

## ਇਤਿਹਾਸਕ ਨਾਵਲ 'ਸੀਸ ਤਲੀ ਤੇ' ਉੱਪਰ ਗੋਸ਼ਟੀ



**ਬਠਿੰਡਾ (ਬਖਤੌਰ ਢਿੱਲੋਂ)**-ਦੇਸ਼ ਦੀ ਆਜ਼ਾਦੀ ਲਈ ਲੰਬਾ ਸਮਾਂ ਲੜਾਈ ਲੜਨ ਵਾਲੇ ਜੁਝਾਰੂ ਦੇਸ਼ ਭਗਤ ਸੇਰ ਜੰਗ ਦੇ ਜੀਵਨ 'ਤੇ ਆਧਾਰਤ ਪ੍ਰਸਿੱਧ ਸਾਹਿਤਕਾਰ ਸ੍ਰੀ ਅਤਰਜੀਤ ਵੱਲੋਂ ਲਿਖੇ ਨਾਵਲ 'ਸੀਸ ਤਲੀ ਤੇ' ਉੱਪਰ ਵਿਚਾਰ ਗੋਸ਼ਟੀ ਹੋਈ। ਸਥਾਨਕ ਟੀਚਰਜ਼ ਹੋਮ ਵਿਖੇ ਹੋਏ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਿੰ: ਬੱਗਾ ਸਿੰਘ, ਸ੍ਰੀ ਅਤਰਜੀਤ, ਸ੍ਰੀ ਲਛਮਣ ਸਿੰਘ ਮਲੂਕਾ, ਸ੍ਰੀ ਸੁਰਿੰਦਰਪ੍ਰੀਤ ਘਣੀਆ ਸ਼ਾਮਲ ਸਨ। ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਸਭਨਾਂ ਨੂੰ ਜੀ ਆਇਆਂ ਕਿਹਾ। ਇਸ ਉਪਰੰਤ ਨਾਵਲ ਉੱਪਰ ਪੇਪਰ ਪੜ੍ਹਦਿਆਂ ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਨਾਵਲ ਦੇ ਕੁੱਝ ਅੰਸ਼ ਪੇਸ਼ ਕਰਦਿਆਂ ਕਿਹਾ ਕਿ ਨਾਵਲ ਆਜ਼ਾਦੀ ਸੰਘਰਸ਼ ਦੇ ਨਾਲ ਨਾਲ ਅੱਜ ਦੇ ਹਾਲਾਤਾਂ ਨੂੰ ਵੀ ਲੈ ਕੇ ਚੱਲਦਾ ਹੈ ਤੇ ਸ਼ੇਰ ਜੰਗ ਸਮੇਤ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਝੱਲੇ ਦੁੱਖਾਂ ਤੇ ਕੀਤੀਆਂ ਕੁਰਬਾਨੀਆਂ ਦੀ ਬਾਤ ਪਾਉਂਦਾ ਹੈ। ਨਾਵਲ ਸਪੱਸ਼ਟ ਕਰਦਾ ਹੈ ਕਿ ਕੋਈ ਸੰਘਰਸ਼ ਤਾਂ ਹੀ ਜਿੱਤਿਆ ਜਾ ਸਕਦਾ ਹੈ, ਜੇ ਉਹ ਧਰਮਾਂ, ਜਾਤਾਂ, ਗੋਤਾਂ ਤੋਂ ਉੱਪਰ ਉੱਠ ਕੇ ਇੱਕਮੁੱਠਤਾ ਨਾਲ ਲੜਿਆ ਜਾਵੇ। ਚਰਚਾ ਵਿੱਚ ਭਾਗ ਲੈਂਦਿਆਂ ਗਜ਼ਲਗੋ ਰਣਬੀਰ ਰਾਣਾ ਤੇ ਨਾਵਲਕਾਰ ਜਸਵਿੰਦਰ ਜਸ ਨੇ ਨਾਵਲ ਦੇ ਵਿਸ਼ੇ ਦੀ ਸ਼ਲਾਘਾ ਕਰਦੇ ਹੋਏ ਇਸ ਵਿਚਲੀਆਂ ਘਾਟਾਂ ਕਮੀਆਂ ਨੂੰ ਉਜਾਗਰ ਕਰਦਿਆਂ ਕਾਹਲ ਵਿੱਚ ਲਿਖਿਆ ਕਰਾਰ ਦਿੱਤਾ। ਉਨ੍ਹਾਂ ਦੇਸ਼ ਭਗਤਾਂ ਬਾਰੇ ਸਾਹਿਤ ਰਚਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਰਚਨਾਕਾਰ ਨੂੰ ਪਹਿਲਾਂ ਰਚਨਾ ਵਿਚਲੇ ਸਮੇਂ ਤੇ ਸਥਾਨ ਬਾਰੇ ਪੂਰੀ ਜਾਣਕਾਰੀ ਹਾਸਲ ਕਰ ਲੈਣੀ ਚਾਹੀਦੀ ਹੈ। ਨਾਵਲਕਾਰ ਜਸਪਾਲ ਮਾਨਖੇੜਾ ਤੇ ਟੀਚਰਜ਼ ਹੋਮ ਟਰੱਸਟ ਦੇ ਆਗੂ ਲਛਮਣ ਮਲੂਕਾ ਨੇ ਕਿਹਾ ਕਿ ਨਾਵਲ ਤੇ ਪ੍ਰਭਾਵਸ਼ਾਲੀ ਗੋਸ਼ਟੀ ਹੋਈ ਹੈ ਤੇ ਨਾਵਲ ਆਜ਼ਾਦੀ ਘੁਲਾਟੀਆਂ 'ਤੇ ਹੋਏ ਤਸ਼ੱਦਦ ਬਾਰੇ ਪੂਰੀ ਜਾਣਕਾਰੀ ਮੁਹੱਈਆ ਕਰਦਾ ਹੋਇਆ ਪਾਠਕਾਂ ਦੇ ਮਨ ਨੂੰ ਹਲੂਣਾ ਦਿੰਦਾ ਹੈ। ਗਜ਼ਲਗੋ ਸੁਰਿੰਦਰਪ੍ਰੀਤ ਘਣੀਆ ਨੇ ਕਿਹਾ ਕਿ ਇਤਿਹਾਸਕ ਨਾਵਲ ਦਾ ਵਿਸ਼ਾ ਤੇ ਸ਼ਬਦਾਵਲੀ ਪਾਠਕ ਨੂੰ ਹਲੂਣਦੇ ਹਨ, ਪਰ ਲਿਖਣ ਵਿੱਚ ਕੀਤੀ ਕਾਹਲ ਪ੍ਰਗਟ ਹੁੰਦੀ ਹੈ। ਅਤਰਜੀਤ ਨੇ ਗੋਸ਼ਟੀ 'ਤੇ ਤਸੱਲੀ ਪ੍ਰਗਟ ਕਰਦਿਆਂ ਮੰਨਿਆ ਕਿ ਨਾਵਲ ਲਿਖਣ ਸਮੇਂ ਸਿਹਤ ਸਾਜ਼ਗਾਰ ਨਾ ਹੋਣ ਕਾਰਨ ਕਾਹਲ ਜ਼ਰੂਰ ਕੀਤੀ ਗਈ ਸੀ।

ਪ੍ਰਿੰ: ਬੱਗਾ ਸਿੰਘ ਪ੍ਰਧਾਨ ਜਮਹੂਰੀ ਅਧਿਕਾਰ ਸਭਾ ਬਠਿੰਡਾ ਨੇ ਕਿਹਾ ਕਿ ਨਾਵਲ ਜਿੱਥੇ ਆਜ਼ਾਦੀ ਸੰਘਰਸ਼ ਦੀ ਬਾਤ ਪਾਉਂਦਾ ਹੈ, ਉੱਥੇ ਲੋਕ ਏਕਤਾ ਦੀ ਜਿੱਤ ਦੀ ਸ਼ਾਹਦੀ ਵੀ ਭਰਦਾ ਹੈ। ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਸਰਵਸ੍ਰੀ ਅਮਰਜੀਤ ਜੀਤ, ਕਮਲ ਬਠਿੰਡਾ, ਸੁਰਿੰਦਰਪ੍ਰੀਤ ਘਣੀਆ, ਮਨਜੀਤ ਬਠਿੰਡਾ, ਦਮਜੀਤ ਦਰਸ਼ਨ ਆਦਿ ਨੇ ਗ਼ਜ਼ਲਾਂ ਕਵਿਤਾਵਾਂ ਪੇਸ਼ ਕੀਤੀਆਂ। ਅੰਤ ਵਿੱਚ ਡਾ: ਅਜੀਤਪਾਲ ਸਿੰਘ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਵੱਖ ਵੱਖ ਸਾਹਿਤ ਸਭਾਵਾਂ ਦੀ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ। ਸਟੇਜ ਸਕੱਤਰ ਦੀ ਭੂਮਿਕਾ ਕਹਾਣੀਕਾਰ ਆਗਾਜ਼ਵੀਰ ਨੇ ਬਾਖ਼ੂਬੀ ਨਿਭਾਈ।

## ਮਹੰਤ ਸਵਰੂਪ ਬਿਹਾਰੀ ਸ਼ਰਨ ਤੇ ਮੋਹਨ ਲਾਲ ਕੁੰਭ ਮੇਲੇ 'ਚ ਸਨਮਾਨਤ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਮਹਾਂਵੀਰ ਦਲ ਦੇ ਰਾਸ਼ਟਰੀ ਪ੍ਰਧਾਨ ਮਹੰਤ ਸਵਰੂਪ ਬਿਹਾਰੀ ਸ਼ਰਨ ਤੇ ਲੰਗਰ ਕਮੇਟੀ ਦੇ ਮੁਖੀ ਮੋਹਨ ਲਾਲ ਨੂੰ ਸਰਹੱਦ ਕੇਸਰੀ ਦੇ ਮੁੱਖ ਸੰਪਾਦਕ ਰਾਕੇਸ਼ ਨਾਗਪਾਲ ਵੱਲੋਂ ਕੁੰਭ ਮੇਲੇ ਵਿੱਚ ਚੰਗੀ ਸੇਵਾ ਪ੍ਰਦਾਨ ਕਰਨ ਲਈ ਸਨਮਾਨਤ ਕੀਤਾ ਗਿਆ।ਰਾਕੇਸ਼ ਨਾਗਪਾਲ ਨੇ ਸ਼੍ਰੀ ਸਨਾਤਨ ਧਰਮ ਮਹਾਂਵੀਰ (ਰਜਿ.) ਚੰਡੀਗੜ੍ਹ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਮੈਂ 21 ਤਰੀਕ ਤੋਂ ਲੈ ਕੇ ਅੱਜ ਤੱਕ ਮੇਲੇ ਵਿੱਚ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਲਾਏ ਗਏ ਸੇਵਾ ਸ਼ਿਵਰਾਂ ਵਿੱਚ ਜਾ ਕੇ ਅਨੁਭਵ ਕੀਤਾ ਤੇ ਦੇਖਿਆ ਕਿ ਸਭ ਤੋਂ ਚੰਗਾ ਕੰਮ ਸ਼੍ਰੀ ਸਨਾਤਨ ਧਰਮ ਮਹਾਂਵੀਰ ਨੇ ਕੀਤਾ, ਜਿਸ ਵਿੱਚ ਨਿਸ਼ਕਾਮ ਭਾਵ ਨਾਲ ਅਤੇ ਬਿਨਾਂ ਜਾਤਿਵਾਦ ਦੇ ਯਾਤਰੀਆਂ ਦੀ ਸੇਵਾ ਕੀਤੀ ਗਈ।ਸ਼੍ਰੀ ਸਨਾਤਨ ਧਰਮ ਮਹਾਂਵੀਰ ਦਲ ਦੇ ਸਾਰਿਆਂ ਬ੍ਰਾਂਚਾਂ ਵੱਲੋਂ ਸੇਵਾ ਕਾਰਜ ਕੀਤਾ ਗਿਆ।ਇੱਕ ਹਸਪਤਾਲ ਵੀ ਖੋਲ੍ਹਿਆ ਗਿਆ, ਜਿਸ ਵਿੱਚ 15000 ਦੇ ਕਰੀਬ ਮਰੀਜ਼ਾਂ ਨੂੰ ਦਵਾਈਆਂ ਤੇ ਸਾਰੇ ਟੈਸਟ ਕੀਤੇ ਗਏ, ਸਾਰੀਆਂ ਦਵਾਈਆਂ ਮੁਫਤ ਵੰਡੀਆਂ ਗਈਆਂ।ਹਰ ਦਿਨ ਤਕਰੀਬਨ ਚਾਰ ਤੋਂ ਪੰਜ ਹਜ਼ਾਰ ਲੋਕਾਂ ਨੂੰ ਚਾਹ, ਦੁਪਹਿਰ ਦੇ ਖਾਣੇ ਤੇ ਰਾਤ ਦੇ ਖਾਣੇ ਦਿੱਤੇ ਜਾਣ ਤੋਂ ਇਲਾਵਾ ਕੈਂਪ ਵਿੱਚ ਠਹਿਰਣ ਲਈ 500 ਲੋਕਾਂ ਤੋਂ ਵੱਧ ਦੀ ਸਮਰਥਾ ਦੇ ਯਾਤਰੀਆਂ ਨੂੰ ਠਹਿਰਣ ਲਈ ਗੱਦਿਆਂ ਤੇ ਕੰਬਲਾਂ ਦਾ ਵੀ ਇੰਤਜ਼ਾਮ ਕਰਨ ਤੋਂ ਇਲਾਵਾ ਬਹੁਤ ਹੀ ਸੇਵਾਭਾਵ ਨਾਲ ਯਾਤਰੀਆਂ ਦੀ ਸੇਵਾ ਕੀਤੀ ਗਈ। ਉਨ੍ਹਾਂ ਨਾਲ ਰਾਕੇਸ਼ ਨਾਗਪਾਲ ਨੇ ਰਾਜਿੰਦਰ ਜਲੰਧਰ, ਸੁਭਾਸ਼ ਕੁਮਾਰ ਮੇਲ ਮੰਤਰੀ ਆਦਿ ਨੇ ਸੇਵਾ ਕੀਤੀ ਤੇ ਯਾਤਰੀਆਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਗੰਗਾ ਮਾਂ ਇਸ ਸੰਸਥਾ ਨੂੰ ਹਮੇਸ਼ਾ ਸੇਵਾ ਕਰਨ ਲਈ ਆਪਣਾ ਅਸ਼ੀਰਵਾਦ ਦਿੰਦੀ ਰਹੇ ਤੇ ਇਹ ਪੂਰੇ ਭਾਰਤ ਵਿੱਚ ਸੇਵਾ ਕਰਦੀ ਰਹੇ।ਸਾਨੂੰ ਉਮੀਦ ਹੈ ਕਿ ਆਉਣ ਵਾਲੇ ਮੇਲਿਆਂ 'ਚ ਵੀ ਸ਼੍ਰੀ ਸਨਾਤਨ ਧਰਮ ਮਹਾਂਵੀਰ ਬਿਨਾਂ ਭੇਦਭਾਵਾਂ ਦੇ ਸੇਵਾ ਕਰਦਾ ਰਹੇਗਾ।ਪੰਜਾਬ ਦੇ ਸਾਬਕਾ ਮੰਤਰੀ ਉਪਿੰਦਰ ਸ਼ਰਮਾ ਉਨ੍ਹਾਂ ਨਾਲ ਆਰਪੀ ਭਾਰਦਵਾਜ, ਸ਼੍ਰੀ ਸਨਾਤਨ ਧਰਮ ਸਭਾ ਦੇ ਰਵਿੰਦਰ ਸ਼ਰਮਾ ਤੇ ਸਭਾ ਦੇ ਹੋਰ ਅਹੁਦੇਦਾਰਾਂ ਨੇ ਸੇਵਾ ਸ਼ਿਵਰ ਵਿੱਚ ਭਾਗ ਲਿਆ ਤੇ ਆਪਣੇ ਹੱਥਾਂ ਨਾਲ ਸੇਵਾ ਕਾਰਜ ਕੀਤਾ।ਬੈਠਕ ਚੰਡੀਗੜ੍ਹ ਦੇ ਪ੍ਰਬੰਧਕ ਅਰੁਣ ਸ਼ਰਮਾ ਨੇ ਸ਼ੁਰੂ ਤੋਂ ਹੀ ਅਤੇ ਸੇਵਾ ਸ਼ਿਵਰ ਦੇ ਕੈਂਪ ਵਿੱਚ ਸਮੇਂ-ਸਮੇਂ ਤੇ ਆ ਕੇ ਸੇਵਾ ਕਾਰਜ ਕੀਤਾ, ਜਿਸ ਦੀ ਸਾਰਿਆਂ ਵੱਲੋਂ ਸ਼ਰਾਹਨਾ ਕੀਤੀ ਜਾ ਰਹੀ ਹੈ।ਨਾਭਾ ਤੋਂ ਮੋਹਨ ਲਾਲ, ਪਵਨ ਅਰੋੜਾ, ਗੌਰਵ, ਸ਼੍ਰੀ ਜੀਵਨ ਜੋਸ਼ੀ, ਕਰਨ ਜੋਸ਼ੀ ਆਦਿ ਨੇ ਸਮੇਂ-ਸਮੇਂ ਤੇ ਪਰਵਾਰਕ ਨੇ ਲੰਗਰ ਸੇਵਾ ਕੀਤੀ। ਇਸ ਮੌਕੇ ਮਹੰਤ ਸਵਰੂਪ ਬਿਹਾਰੀ ਸ਼ਰਨ ਨੇ ਕਿਹਾ ਕਿ ਜਿਨ੍ਹਾਂ ਨੇ ਵੀ ਸੇਵਾ ਸ਼ਿਵਰ ਨੂੰ ਸਫਲ ਬਣਾਉਣ ਦੇ ਲਈ ਯੋਗਦਾਨ ਦਿੱਤਾ, ਉਨ੍ਹਾਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਅਤੇ ਸ਼੍ਰੀ ਸਨਾਤਨ ਧਰਮ ਪ੍ਰਤੀਨਿਧੀ ਸਭਾ ਦੇ ਪ੍ਰਧਾਨ ਡਾ.ਦੇਸ਼ਬੰਧੂ ਨੇ ਸੇਵਾ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕੀਤਾ, ਜਿਨ੍ਹਾਂ ਨੇ ਸਮੇਂ 'ਤੇ ਆਪਣੇ ਦਿਸ਼ਾ ਨਿਰਦੇਸ਼ ਦਿੱਤੇ ਅਤੇ ਸਭਾ ਦੀ ਆਰਥਿਕ ਸਹਾਇਤਾ ਕਰਕੇ ਇਸ ਕੈਂਪ ਨੂੰ ਸਫਲ ਬਣਾਉਣ ਲਈ ਆਪਣਾ ਅਸ਼ੀਰਵਾਦ ਦਿੱਤਾ।

## ਕੇਂਦਰ ਸਰਕਾਰ ਨੇ ਬਜਟ ਬਿਹਾਰ ਦੇ ਲੋਕਾਂ ਨੂੰ ਖ਼ੁਸ਼ ਕਰਨ ਲਈ ਪੇਸ਼ ਕੀਤਾ : ਭੀਨਾ ਬਰਾੜ

**ਸ਼੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**-ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬੱਜਟ ਤੋਂ ਹਰੇਕ ਵਰਗ ਨਾ ਖ਼ੁਸ਼ ਦਿਖਾਈ ਦੇ ਰਿਹਾ ਹੈ, ਕਿਉਂਕਿ ਇਹ ਬੱਜਟ ਸਿਰਫ਼ ਤੇ ਸਿਰਫ਼ ਚੋਣਾਂ ਨੂੰ ਧਿਆਨ 'ਚ ਰੱਖ ਕੇ ਹੀ ਲਿਆਂਦਾ ਗਿਆ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਿਮਰਜੀਤ ਸਿੰਘ ਭੀਨਾ ਬਰਾੜ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਬੱਜਟ ਸੁਣ ਕੇ ਕਿਸਾਨ ਦੇ ਹੱਥ ਨਿਰਾਸ਼ ਹੀ ਲੱਗੀ ਹੈ ਤੇ ਕੇਂਦਰ ਸਰਕਾਰ ਕਿਸਾਨਾਂ ਦੀ ਕਿਸੇ ਵੀ ਉਮੀਦ 'ਤੇ ਖ਼ਰੀ ਨਹੀਂ ਉੱਤਰ ਸਕੀ।ਉਨ੍ਹਾਂ ਕਿਹਾ ਕਿ ਦੇਸ਼ ਵਿਚ ਕਿਸਾਨਾਂ ਦੀ ਆਬਾਦੀ 50 ਫੀਸਦੀ ਤੋਂ ਵੱਧ ਹੈ, ਪਰ ਪੂਰੇ ਬਜਟ (50,65,345 ਕਰੋੜ ਰੁਪਏ) 'ਚੋਂ ਸਿਰਫ਼ (1,71,437 ਕਰੋੜ ਰੁਪਏ) ਹੀ ਖੇਤੀ ਸੈਕਟਰ ਨੂੰ ਦਿੱਤੇ ਗਏ ਹਨ, ਜੋ ਸਿਰਫ਼ 3.38 ਫੀਸਦੀ ਹੀ ਹੈ।ਬਰਾੜ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਦੀ ਮੁੱਖ ਮੰਗ ਜੀ.ਐੱਸ.ਟੀ. ਦਾ ਗਾਰੰਟੀ ਕਾਨੂੰਨ ਹੈ, ਪਰ ਬੱਜਟ ਵਿੱਚ ਜੀਐੱਸਟੀ ਦਾ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ। ਭੀਨਾ ਬਰਾੜ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬੱਜਟ ਦੌਰਾਨ ਪੰਜਾਬ ਵਰਗੇ ਅਹਿਮ ਸੂਬਿਆਂ ਨੂੰ ਅਣਗੌਲਿਆ ਕੀਤਾ ਗਿਆ ਤੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫਸਲੀ ਚੱਕਰ ਵਿੱਚੋਂ ਬਾਹਰ ਕੱਢਣ ਲਈ ਵੀ ਕੋਈ ਵਿਸੇਸ਼ ਪੈਕੇਜ ਨਹੀਂ ਦਿੱਤਾ ਗਿਆ।

## ਨਿਗਰਾਨ ਇੰਜੀਨੀਅਰ ਪੀ ਐੱਸ ਪੀ ਸੀ ਐੱਲ ਵਿਰੁੱਧ ਧਰਨਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਨਿਗਰਾਨ ਇੰਜੀਨੀਅਰ ਫਿਰੋਜ਼ਪੁਰ ਪੀਐੱਸਪੀਸੀਐੱਲ ਵਿਰੁੱਧ ਧਰਨਾ ਦਿੱਤਾ ਗਿਆ, ਜਿਸ ਵਿਚ ਇੰਜ. ਸੁਰਜੀਤ ਸਿੰਘ ਜੇਈ ਨੂੰ ਗਲਤ ਢੰਗ ਨਾਲ ਮੁਅੱਤਲੀ ਦੇ ਵਿਰੋਧ ਵਿੱਚ ਇਹ ਧਰਨਾ ਦਿੱਤਾ ਗਿਆ। ਇਸ ਧਰਨੇ ਦੀ ਅਗਵਾਈ ਪ੍ਰਧਾਨ ਗੁਰਪ੍ਰੀਤ ਸਿੰਘ ਔਲਖ ਕਰ ਰਹੇ ਸਨ। ਧਰਨੇ ਵਿੱਚ ਗਲਤ ਢੰਗ ਨਾਲ ਹੋਈ ਮੁਅੱਤਲੀ ਦੇ ਆਰਡਰਾਂ ਨੂੰ ਰੱਦ ਕਰਵਾਉਣ ਦੀ ਮੰਗ ਕੀਤੀ ਗਈ। ਜੇਕਰ ਮੁਅੱਤਲੀ ਦੇ ਆਰਡਰ ਰੱਦ ਨਹੀਂ ਕੀਤੇ ਜਾਂਦੇ ਤਾਂ ਇਸ ਧੱਕੇਸ਼ਾਹੀ ਦੇ ਵਿਰੋਧ ਵਿੱਚ ਜੇਈ ਕੌਂਸਲ ਅੱਗੇ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਦੱਸਣਯੋਗ ਹੈ ਕਿ ਅੱਜ 3 ਫਰਵਰੀ 2025 ਤੋਂ ਐੱਮ ਈ ਲੈਬ, ਡਿਫਾਲਟਿੰਗ ਤੇ ਚੈਕਿੰਗ ਦਾ ਪੂਰਨ ਤੌਰ 'ਤੇ ਬਾਈਕਾਟ ਕੀਤਾ ਜਾਵੇਗਾ, ਜੋ ਮੁਅੱਤਲੀ ਰੱਦ ਹੋਣ ਤੱਕ ਜਾਰੀ ਰਹੇਗਾ।

ਇਸ ਮੌਕੇ ਇੰਜ. ਗੁਰਪ੍ਰੀਤ ਸਿੰਘ ਔਲਖ ਪ੍ਰਧਾਨ, ਇੰਜ. ਸੁਨੀਲ ਅਰੋੜਾ ਸੀਨੀਅਰ ਮੈਂਬਰ, ਇੰਜ. ਮਨਦੀਪ ਸਿੰਘ ਚੋਣ ਸਕੱਤਰ ਅਤੇ ਹੋਰ ਸੀਨੀਅਰ ਆਗੂ ਤੇ ਮੈਂਬਰ ਹਾਜ਼ਰ ਸਨ।

## ਹਿਰਾਸਤ 'ਚ ਲਏ 'ਆਪ' ਵਰਕਰਾਂ ਨੂੰ ਥਾਣੇ 'ਚੋਂ ਛੁਡਵਾਇਆ

**ਫ਼ਾਜ਼ਿਲਕਾ (ਨਿਸ਼ਾ ਸਰਮਾ)**-ਦਿੱਲੀ ਪੁਲਸ ਨੇ ਫ਼ਾਜ਼ਿਲਕਾ ਦੇ ਆਮ ਆਦਮੀ ਪਾਰਟੀ ਦੇ 4 ਸਾਥੀਆਂ ਹਰਮੰਦਰ ਸਿੰਘ ਬਰਾੜ ਸੀਨੀਅਰ ਆਗੂ, ਬਲਵਿੰਦਰ ਸਿੰਘ ਆਲਮਸ਼ਾਹ, ਬਲਜਿੰਦਰ ਸਿੰਘ ਸਾਬਕਾ ਸਰਪੰਚ ਤੇ ਸੁਖਵਿੰਦਰ ਸਿੰਘ ਸਰਪੰਚ ਗੁਲਾਮ ਰਸੂਲ ਨੂੰ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਤੋਂ ਬਿਨਾਂ ਕਿਸੇ ਕਾਰਨ ਗ੍ਰਿਫ਼ਤਾਰ ਕਰ ਲਿਆ ਸੀ, ਉਸ ਤੋਂ ਬਾਅਦ ਥਾਣੇ ਜਾ ਕੇ ਵਿਧਾਇਕ ਫ਼ਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਆਪਣੇ ਸਾਥੀਆਂ ਨੂੰ ਬੀਤੀ ਰਾਤ ਛੱਡਵਾਇਆ। ਉਨ੍ਹਾਂ ਆਖਿਆ ਕਿ ਇਹ ਸਾਥੀ ਸਾਡੇ ਨਾਲ ਪਿੱਛਲੇ ਕਈ ਦਿਨਾਂ ਤੋਂ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਲਈ ਪ੍ਰਚਾਰ ਵਿਚ ਲੱਗੇ ਹੋਏ ਸਨ।ਵਿਧਾਇਕ ਫਾਜ਼ਿਲਕਾ ਦਾ ਕਹਿਣਾ ਹੈ ਕਿ ਦਿਲੀ ਵਿਚ ਆਮ ਆਦਮੀ ਪਾਰਟੀ ਦੇ ਵੋਟ ਬੈਂਕ ਨੂੰ ਦੇਖ ਕੇ ਬੀਜੇਪੀ ਘਬਰਾ ਗਈ ਹੈ ਤੇ ਆਪ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਲੋਕਪ੍ਰਿਯਤਾ ਨੂੰ ਦੇਖਦਿਆਂ ਦਿੱਲੀ ਪੁਲਿਸ *ਤੇ ਦਬਾਅ ਬਣਾ ਕੇ ਵਰਕਰਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਡਰ ਤਾਂ ਇਥੋ ਦੇਖ ਕੇ ਪਤਾ ਲਗਦਾ ਹੈ ਜਦੋਂ ਉਨ੍ਹਾਂ ਥਾਣੇ ਵਿਚ ਪਹੁੰਚ ਪੁਲਿਸ ਤੋਂ ਵਰਕਰਾਂ ਨੂੰ ਹਿਰਾਸਤ ਵਿਚ ਲੈਣ ਦਾ ਕਾਰਨ ਪੁਛਿਆ ਤਾਂ ਪੁਲਿਸ ਦਾ ਕਹਿਣਾ ਹੈ ਕਿ ਤੁਸੀਂ ਪੰਜਾਬ ਤੋਂ ਆਏ ਹੋ, ਦਿਲੀ ਪੁਲਿਸ ਨੂੰ ਅਗੋ ਸਵਾਲ ਕੀਤਾ ਗਿਆ ਕਿ ਪੰਜਾਬ ਦੇ ਲੋਕ ਇਸ ਦੇਸ਼ ਦੇ ਵਾਸੀ ਨਹੀਂ ਹਨ? ਉਨ੍ਹਾਂ ਅੱਗੇ ਕਿਹਾ ਕਿ 3 ਫਰਵਰੀ ਸ਼ਾਮ ਤੱਕ ਚੋਣ ਪ੍ਰਚਾਰ ਖਤਮ ਹੋਣ ਤੱਕ ਕੋਈ ਵੀ ਆਪਣੀ ਆਪਣੀ ਪਾਰਟੀ ਲਈ ਚੋਣ ਪ੍ਰਚਾਰ ਕਰ ਸਕਦਾ ਹੈ। ਬੀਜੇਪੀ ਆਪਣੀ ਹਾਰ ਵੇਖ ਕੇ ਪੂਰੀ ਤਰਾਂ ਬੌਖਲਾਈ ਹੋਈ ਹੈ ਅਤੇ ਪੂਰੀ ਧੱਕੇਸ਼ਾਹੀ ਤੇ ਉਤਰੀ ਹੋਈ ਹੈ, ਪਰ ਦਿੱਲੀ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਹਨ। ਇਸ ਵਾਰ ਫਿਰ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੂੰ ਦਿੱਲੀ ਦਾ ਮੁੱਖ ਮੰਤਰੀ ਬਣਾਉਣ ਜਾ ਰਹੇ ਹਨ।ਇਸ ਮੌਕੇ ਮਨਜੋਤ ਖੇੜਾ, ਸੁਰਿੰਦਰ ਘੋਗਾ ਤੇ ਸਾਜਨ ਖਰਬਾਟ ਆਦਿ ਹੋਰ ਮੌਜੂਦ ਸਨ।

## ਅਮਿੱਟ ਪੈੜਾਂ ਛੱਡਦਾ ਤਿੰਨ ਰੋਜ਼ਾ ਸਕਾਊਟਿੰਗ ਕੈਂਪ ਸਮਾਪਤ



**ਮਾਨਸਾ/ਬਰੇਟਾ (ਆਤਮਾ ਸਿੰਘ ਪਮਾਰ)**

ਪਿੰਡ ਕਿਸ਼ਨਗੜ੍ਹ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਭਾਰਤ ਸਕਊਟਸ ਤੇ ਗਾਈਡਜ਼ ਪੰਜਾਬ ਚੰਡੀਗੜ੍ਹ ਵਲੋਂ ਭੇਜੇ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸ ਸ) ਭੁਪਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਗਰੁੱਪ ਲੀਡਰ ਕਮ ਪ੍ਰਿੰਸੀਪਲ ਕਸ਼ਮੀਰ ਸਿੰਘ ਦੀ ਰਹਿਨੁਮਾਈ ਵਿੱਚ ਸਕਾਊਟਸ ਤੇ ਗਾਈਡਜ਼ ਦਾ ਤਿੰਨ ਰੋਜ਼ਾ ਤ੍ਰਿਤੀਆ ਸੋਪਾਨ ਕੈਂਪ ਲਾਇਆ ਗਿਆ।ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ ਦਰਸ਼ਨ ਸਿੰਘ ਬਰੇਟਾ ਨੇ ਕੈਂਪ ਵਿੱਚ ਸਵਾ ਸੌ ਸਕਾਊਟਸ ਤੇ ਗਾਈਡਜ਼ ਨੂੰ ਤੇਰਾਂ ਪੈਟਰੋਲਾਂ ਵਿੱਚ ਵੰਡ ਕੇ ਪ੍ਰਥਮ ਸੋਪਾਨ ਤੋਂ ਲੈ ਕੇ ਤ੍ਰਿਤੀਆ ਸੋਪਾਨ ਤੱਕ ਦਾ ਸਿਲੇਬਸ ਮੌਖਿਕ, ਪ੍ਰੈਕਟੀਕਲ ਤੇ ਲਿਖਤੀ ਟ੍ਰੇਨਿੰਗਾਂ ਰਾਹੀਂ ਸਫਲਤਾ ਪੂਰਵਕ ਪੂਰਾ ਕੀਤਾ।

ਕੈਂਪ ਵਿੱਚ ਸੇਂਟ ਜ਼ੇਵੀਅਰ ਕਾਨਵੈਂਟ ਸਕੂਲ ਮਾਨਸਾ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ।ਕੈਂਪ ਦੌਰਾਨ ਜ਼ਿਲ੍ਹਾ ਟ੍ਰੇਨਿੰਗ ਟੀਮ ਵੱਲੋਂ ਗਾਈਡ ਕੈਪਟਨ ਨਿਰਲੇਪ ਕੌਰ, ਸਕਾਊਟ ਮਾਸ਼ਟਰ ਅਜੇ ਸ਼ਰਮਾ ਤੇ ਦੇਸਰਾਜ ਸਿੰਘ ਦੀ ਟੀਮ ਦੁਆਰਾ ਨੌਜਵਾਨਾਂ ਨੂੰ ਪ੍ਰਾਰਥਨਾ, ਝੰਡਾ ਗੀਤ, ਮਾਟੋ, ਮੁੱਢਲੀ ਸਹਾਇਤਾ, ਪਾਇਨਰਿੰਗ, ਬੀ ਪੀ ਸਿਕਸ, ਵੁੱਡ ਕਰਾਫਟ ਚਿੰਨ੍ਹ, ਪੈਟਰੋਲ ਸ਼ਿਸਟਮ, ਟਰੁੱਪ ਮੀਟਿੰਗਾਂ, ਵਾਈਡ ਗੇਮਜ਼ ਆਦਿ ਨੂੰ ਦਿਲਚਸਪ ਤਰੀਕੇ ਨਾਲ ਪੂਰਾ ਕੀਤਾ।ਕੈਂਪਰਾਂ ਨੇ ਸਿੱਖਣ ਪ੍ਰਕਿਰਿਆ ਦਾ ਪੂਰਾ ਆਨੰਦ ਮਾਣਿਆ।

ਕੈਂਪ ਦੇ ਅਖੀਰਲੇ ਦਿਨ ਵੱਖ-ਵੱਖ ਪੈਟਰੋਲਾਂ ਨੇ ਆਪੋ ਆਪਣੀਆਂ ਝੌਂਪੜੀਆਂ ਤੇ ਗੈਜ਼ਟ ਬਣਾਏ ਗਏ।ਨਿਰੀਖਣ ਟੀਮ ਨੇ ਦੱਸਿਆ ਕਿ ਕੋਵਰਾ, ਟਾਈਗਰ, ਲਿੱਲੀ, ਰੈਬਿਟ, ਰੋਜ਼ ਪੈਟਰੋਲਾਂ ਦੁਆਰਾ ਬਣਾਈਆਂ ਝੌਂਪੜੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ ਰਹੀਆਂ।ਰੋਜ਼ਾਨਾ ਨਿਰੀਖਣ ਦਾ ਕੰਮ ਪੈਟਰੋਲ ਲੀਡਰਾਂ ਦੀ ਟੀਮ ਵੱਲੋਂ ਕੀਤਾ ਜਾਂਦਾ ਰਿਹਾ।ਕੈਂਪ ਦੇ ਸਮਾਪਤੀ ਸਮਾਰੋਹ ਸਮੇਂ ਬੋਲਦਿਆਂ ਪ੍ਰਿੰਸੀਪਲ ਕਸ਼ਮੀਰ ਸਿੰਘ ਨੇ ਜ਼ਿਲ੍ਹਾ ਟ੍ਰੇਨਿੰਗ ਟੀਮ ਦਾ ਧੰਨਵਾਦ ਕੀਤਾ।ਮਨਪ੍ਰੀਤ ਕੌਰ, ਜਸਵੀਰ ਕੌਰ, ਮਨੋਹਰ ਸਿੰਘ, ਮਨਮੋਹਨ ਸਿੰਘ, ਹਰਦੀਪ ਸਿੰਘ ਕੈਂਪਰਾਂ ਵੱਲੋਂ ਕੈਂਪ ਰਿਪੋਰਟ ਪੇਸ਼ ਕੀਤੀ ਗਈ।ਸਟਾਫ਼ ਮੈਂਮਰਜ਼ ਮੈਡਮ ਸੁਨੀਤਾ ਸ਼ਰਮਾ, ਪਿੰਕੀ ਰਾਣੀ, ਹਰਪ੍ਰੀਤ ਕੌਰ, ਗੁਰਚਰਨ ਸਿੰਘ, ਪ੍ਰਦੀਪ ਕੁਮਾਰ ਆਦਿ ਨੇ ਕੈਂਪਰਾਂ ਦੁਆਰਾ ਕੀਤੇ ਕੰਮ ਦੀ ਪ੍ਰਸ਼ੰਸਾ ਕੀਤੀ। ਕੈਂਪਰਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਜੇਤੂ ਪੈਟਰੋਲਾਂ ਨੂੰ ਵੱਖ ਵੱਖ ਯੈਲਜ਼ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸਕਾਊਟ ਮਾਸ਼ਟਰ ਸੰਜੀਵ ਕੁਮਾਰ ਨੇ ਬਾਖ਼ੂਬੀ ਨਿਭਾਈ॥

## ਰਾਏਸਰ ਵਿਖੇ ਲੋਕ ਕਵੀ ਸੰਤ ਰਾਮ ਉਦਾਸੀ ਦੀ ਯਾਦ 'ਚ ਸਮਾਗਮ

### ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਲੋੜਵੰਦਾਂ ਨੂੰ ਜਰਸੀਆਂ, ਗਰਮ ਸੂਟ ਤੇ ਕੰਬਲ ਵੰਡੇ



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**-ਪਿੰਡ ਰਾਏਸਰ ਵਿਖੇ ਲੋਕ ਕਵੀ ਸੰਤ ਰਾਮ ਉਦਾਸੀ ਦੀ ਯਾਦ 'ਚ ਕਰਵਾਏ ਸਮਾਗਮ ਦੌਰਾਨ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੰਦਿਆਂ ਲੋੜਵੰਦਾਂ ਨੂੰ ਕੰਬਲ, ਗਰਮ ਸੂਟ ਤੇ ਜਰਸੀਆਂ ਵੰਡਣ ਦੀ ਸੇਵਾ ਨਿਭਾਈ।ਇਸ ਮੌਕੇ ਸਮਾਜ ਸੇਵੀ ਜੱਸੀ ਨੇ ਕਿਹਾ ਕਿ ਸੂਬੇ ਦੀ ਨੌਜਵਾਨੀ ਨੂੰ ਬਚਾਉਣ ਲਈ ਸਰਕਾਰ ਵੱਲੋਂ ਨਿਰਾਸ਼ਾਜਨਕ ਸਥਿਤੀਆਂ ਵਿੱਚ ਪਹੁੰਚੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦਾ ਪ੍ਰਬੰਧ, ਨਸ਼ਾ ਤਸਕਰਾਂ ਵਿਰੁੱਧ ਸਖਤੀ ਕਰਨ 'ਚ ਪਹਿਲ ਕਦਮੀ ਕਰਨੀ ਚਾਹੀਦੀ ਹੈ।ਉਨ੍ਹਾਂ ਮਜ਼ਦੂਰਾਂ ਦੀਆਂ ਭਖਦੀਆਂ ਹੱਕੀ ਮੰਗਾਂ ਨੂੰ ਲਾਗੂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ, ਗਰੀਬੀ ਦੇ ਸਤਾਏ ਮਨਰੇਗਾ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਵੱਲ ਧਿਆਨ ਦੇਣ ਦੀ ਬਜਾਏ ਉਨ੍ਹਾਂ ਨੂੰ ਖੱਜਲ ਖੁਆਰ ਕਰ ਰਹੀ ਹੈ।ਅਖੀਰ 'ਚ ਭਾਨ ਸਿੰਘ ਜੱਸੀ ਨੇ ਐਲਾਨ ਕੀਤਾ ਕਿ ਉਹ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਪੜ੍ਹਾਉਣ ਤੇ ਲੋੜਵੰਦ ਲੋਕਾਂ ਦੀ ਸੇਵਾ ਕਰਨ ਦੇ ਨਾਲ ਨਾਲ ਨੌਜਵਾਨ ਵਰਗ ਨੂੰ ਨਸ਼ਿਆਂ ਵਰਗੀਆਂ ਭਿਆਨਕ ਅਲਾਮਤਾਂ ਤੋਂ ਛੁਟਕਾਰਾ ਦਿਵਾਉਣ ਲਈ ਜਾਗ੍ਰਤੀ ਮੀਟਿੰਗਾਂ ਦੀ ਮੁਹਿੰਮ ਨੂੰ ਜਾਰੀ ਰੱਖਣਗੇ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸਮਾਜ ਦੇ ਖੇਤਰ ਵਿੱਚ ਅਣਥੱਕ ਸੇਵਾਵਾਂ ਨਿਭਾਉਣ ਬਦਲੇ ਸਮਾਜ ਸੇਵੀ ਭਾਨ ਸਿੰਘ ਜੱਸੀ ਨੂੰ ਸਿਰੋਪਾਓ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਸੁਸਾਇਟੀ ਦੇ ਪ੍ਰਧਾਨ ਜਗਮੋਹਣ ਸ਼ਾਹ ਰਾਏਸਰ, ਅਵਤਾਰ ਸਿੰਘ ਬੱਬੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਯਾਦਗਾਰੀ ਹੋ ਨਿਬੜਿਆ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨ ਦਾ ਕੌਮੀ ਸੇਵਾ ਯੋਜਨਾ ਕੈਂਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਕੌਮੀ ਸੇਵਾ ਯੋਜਨਾ ਵਿੱਚ ਨੈਸ਼ਨਲ ਪੱਧਰ ਤੇ ਨਾਮਣਾ ਖੱਟਣ ਵਾਲੀ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨ ਢੱਡੇ ਵਿਖੇ ਸੰਸਥਾ ਦੀਆਂ ਵੱਖ ਵੱਖ ਇਕਾਈਆਂ ਮਾਤਾ ਸੁੰਦਰੀ ਗਰਲਜ਼ ਕਾਲਜ, ਮਾਤਾ ਸੁੰਦਰੀ ਕਾਲਜ ਆਫ਼ ਐਜੂਕੇਸ਼ਨ, ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਮਾਤਾ ਸੁੰਦਰੀ ਇੰਸਟੀਟਿਊਟ ਆਫ ਨਰਸਿੰਗ ਦੀਆਂ ਐਨ ਐਸ ਐਸ ਯੂਨਿਟਾਂ ਦੇ ਸੱਤ ਰੋਜ਼ਾ ਕੌਮੀ ਸੇਵਾ ਯੋਜਨਾ ਕੈਂਪ ਦਾ ਸਮਾਪਤੀ ਸਮਾਰੋਹ ਯਾਦਗਾਰੀ ਹੋ ਨਿਬੜਿਆ।ਕੈਂਪ ਦੌਰਾਨ ਰੱਖੇ ਪ੍ਰਭਾਵਸ਼ਾਲੀ ਇਨਾਮ ਵੰਡ ਸਮਾਰੋਹ ਵਿੱਚ ਰਘਬੀਰ ਸਿੰਘ ਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਬਠਿੰਡਾ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ।ਵਿਸ਼ੇਸ਼ ਮਹਿਮਾਨ ਵਜੋਂ ਧਰਮਿੰਦਰ ਸਿੰਘ ਬੈਲਜੀਅਮ ਅਤੇ ਜਸਕਰਨ ਸਿੰਘ ਮਹਿਤਾ ਰਿਜਨਲ ਮੈਨੇਜਰ ਪ੍ਰੀਤ ਟਰੈਕਟਰ ਸ਼ਾਮਲ ਹੋਏ।ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ , ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਬੱਲੀ ਅਤੇ ਡਾਇਰੈਕਟਰ ਐਡਮਿਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਮੁੱਖ ਮਹਿਮਾਨ ਨਾਲ ਸ਼ਮੂਲੀਅਤ ਕੀਤੀ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਗੁਰਬਿੰਦਰ ਸਿੰਘ ਬੱਲੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।ਪ੍ਰਿੰਸੀਪਲ ਕਮ ਪ੍ਰੋਗਰਾਮ ਅਫ਼ਸਰ ਰਾਜ ਸਿੰਘ ਬਾਘਾ ਨੇ ਸੱਤ ਰੋਜ਼ਾ ਕੌਮੀ ਸੇਵਾ ਯੋਜਨਾ ਕੈਂਪ ਦੌਰਾਨ ਕੀਤੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ।ਲੈਕਚਰ ਸੈਸ਼ਨ ਦੌਰਾਨ ਮੁੱਖ ਮਹਿਮਾਨ ਨੇ ਵਲੰਟੀਅਰਜ਼ ਦੇ ਰੂਬਰੂ ਹੁੰਦਿਆਂ ਇਸ ਕੈਂਪ ਵਿੱਚ ਸ਼ਮੂਲੀਅਤ ਕਰਨ ਵਾਲੇ ਵਲੰਟੀਅਰਜ਼ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਦੀ ਸਰਵਪੱਖੀ ਸ਼ਖ਼ਸੀਅਤ ਉਸਾਰੀ ਦਾ ਮੌਕਾ ਦਿੰਦੇ ਹਨ।ਵਿਦਿਆਰਥੀਆਂ ਵਿੱਚ ਸਮਾਜ ਸੇਵਾ ਦੀ ਅਤੇ ਸਮਾਜਿਕ ਕੁਰੀਤੀਆਂ ਤੋਂ ਦੂਰ ਹੋਣ ਦੇ ਗੁਣ ਪੈਦਾ ਹੁੰਦੇ ਹਨ।ਇਸ ਮੌਕੇ ਕੈਂਪ ਦੌਰਾਨ ਵਲੰਟੀਅਰਜ਼ ਦੇ ਵੱਖ ਵੱਖ ਹਾਊਸਾਂ ਨੂੰ ਇਨਾਮ ਤਕਸੀਮ ਕੀਤੇ ਗਏ।ਓਵਰ ਆਲ ਗਤੀਵਿਧੀਆਂ ਵਿੱਚ ਸਰਵੋਤਮ ਹਾਊਸ ਸ਼ਹੀਦ ਕਰਤਾਰ ਸਿੰਘ ਸਰਾਭਾ ਹਾਊਸ ਰਿਹਾ।ਪ੍ਰੋਜੈਕਟ ਵਰਕ ਵਿੱਚ ਝਾਂਸੀ ਦੀ ਰਾਣੀ ਹਾਊਸ, ਲੰਗਰ ਸੇਵਾ ਵਿੱਚ ਸ਼ਹੀਦ ਊਧਮ ਸਿੰਘ ਹਾਊਸ, ਸੱਭਿਆਚਾਰਕ ਗਤੀਵਿਧੀਆਂ ਵਿੱਚ ਚੰਦਰ ਸ਼ੇਖਰ ਆਜ਼ਾਦ ਹਾਊਸ ਅਤੇ ਅਨੁਸ਼ਾਸਨ ਵਿੱਚ ਸ਼ਹੀਦ ਭਗਤ ਸਿੰਘ ਹਾਊਸ ਪਹਿਲੇ ਸਥਾਨ 'ਤੇ ਰਿਹਾ।ਸਰਬੋਤਮ ਵਲੰਟੀਅਰਜ਼ ਰੁਪਿੰਦਰ ਕੌਰ, ਖੁਸ਼ਪ੍ਰੀਤ ਕੌਰ, ਖੁਸ਼ਪ੍ਰੀਤ ਕੌਰ ਸਿੱਧੂ ਅਤੇ ਸਿਮਰਨਜੋਤ ਕੌਰ ਰਹੇ।ਚੇਅਰਮੈਨ ਕੁਲਵੰਤ ਸਿੰਘ ਸਿੱਧੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਸਟੇਜ ਸਕੱਤਰ ਦੀ ਭੂਮਿਕਾ ਪ੍ਰੋ ਅੰਗਰੇਜ ਸਿੰਘ ਪ੍ਰੋਗਰਾਮ ਅਫਸਰ ਨੇ ਬਾਖ਼ੂਬੀ ਨਿਭਾਈ। ਸਮਾਗਮ ਦੇ ਅੰਤ ਵਿੱਚ ਮੈਨੇਜਮੈਂਟ ਕਮੇਟੀ ਨੇ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਮੈਡਮ ਸਿੰਬਲਜੀਤ ਕੌਰ ਡਾਇਰੈਕਟਰ, ਮੈਡਮ ਪ੍ਰਸ਼ੋਤਮ ਕੌਰ ਖ਼ਜ਼ਾਨਚੀ, ਪ੍ਰਿੰਸੀਪਲ ਸਕੂਲ ਕੰਵਰਦੀਪ ਸਿੰਘ ਗਿੱਲ, ਨਰਸਿੰਗ ਇੰਸਟੀਚਿਊਟ ਯੂਨਿਟ ਦੇ ਪ੍ਰੋਗਰਾਮ ਅਫਸਰ ਮੈਡਮ ਰੁਪਿੰਦਰ ਕੌਰ, ਸੀਨੀਅਰ ਸੈਕੰਡਰੀ ਸਕੂਲ ਦੇ ਮੈਡਮ ਮਨਿੰਦਰਪ੍ਰੀਤ ਕੌਰ ਅਤੇ ਐਜੂਕੇਸ਼ਨ ਕਾਲਜ ਦੇ ਪ੍ਰੋ ਮਨਪ੍ਰੀਤ ਕੌਰ, ਪ੍ਰੋ ਵੀਰਇੰਦਰ ਕੌਰ, ਪ੍ਰੋ ਕਿਰਨ ਖ਼ਾਨ, ਪ੍ਰੋ ਜਸਵਿੰਦਰ ਸਿੰਘ, ਪ੍ਰੋ. ਰਬਿੰਦਰ ਸ਼ਰਮਾ, ਪ੍ਰੋ ਰਾਜਵਿੰਦਰ ਸਿੰਘ, ਪ੍ਰੋ ਜਗਜੀਤ ਸਿੰਘ, ਪ੍ਰੋ ਗੁਰਪ੍ਰੀਤ ਸਿੰਘ ਅਤੇ ਪ੍ਰੋ ਕਰਨਵੀਰ ਸਿੰਘ ਆਦਿ ਵੀ ਹਾਜ਼ਰ ਸਨ।

## ਮੂਸੇਵਾਲਾ ਦੇ ਕਰੀਬੀ ਦੋਸਤ ਦੇ ਘਰ ਦੇ ਬਾਹਰ ਚਲਾਈਆਂ ਗੋਲੀਆਂ



**ਮਾਨਸਾ (ਰੀਤਵਾਲ, ਆਤਮਾ ਸਿੰਘ ਪਮਾਰ)**-ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਰੀਬੀ ਦੋਸਤ ਪਰਗਟ ਸਿੰਘ ਦੇ ਮਾਨਸਾ ਵਿਖੇ ਘਰ ਵਿੱਚ ਬਦਮਾਸ਼ਾਂ ਵੱਲੋਂ ਦੇਰ ਰਾਤ ਫਾਇਰਿੰਗ ਕੀਤੀ ਗਈ ਹੈ।ਮਾਮਲਾ ਫਿਰੌਤੀ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ।ਫਾਇਰਿੰਗ ਦੀਆਂ ਸੀਸੀਟੀਵੀ ਤਸਵੀਰਾਂ ਵੀ ਸਾਹਮਣੇ ਆਈਆਂ ਹਨ, ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ।ਦੱਸ ਦਈਏ ਕਿ ਫਾਇਰਿੰਗ ਕਰਨ ਤੋਂ ਬਾਅਦ ਬਦਮਾਸ਼ਾਂ ਵੱਲੋਂ ਪਰਗਟ ਸਿੰਘ ਨੂੰ ਫੋਨ ਕਰਕੇ ਧਮਕੀ ਦਿੱਤੀ ਗਈ ਅਤੇ 30 ਲੱਖ ਰੁਪਏ ਫਿਰੌਤੀ ਦੀ ਮੰਗ ਕੀਤੀ ਗਈ।ਇੰਨਾ ਹੀ ਨਹੀਂ ਬਦਮਾਸ਼ਾਂ ਨੇ ਪਰਿਵਾਰ ਨੂੰ ਇੰਗਲੈਂਡ ਦੇ ਇੱਕ ਨੰਬਰ ਤੋਂ ਧਮਕੀ ਭਰੇ ਮੈਸੇਜ ਵੀ ਭੇਜੇ ਹਨ ਅਤੇ ਲਿਖਿਆ ਹੈ, 'ਫਿਰ ਨਾ ਕਹੀਂ ਕਿ ਦੱਸਿਆ ਨਹੀਂ, ਤੈਨੂੰ ਛੇਤੀ ਮਾਰਾਂਗੇ।' ਇਸ ਵਾਰਦਾਤ ਤੋਂ ਬਾਅਦ ਪਰਿਵਾਰ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਜਲਦ ਤੋਂ ਜਲਦ ਦੋਸ਼ੀਆਂ ਨੂੰ ਕਾਬੂ ਕਰਨ ਦੀ ਮੰਗ ਕੀਤੀ ਹੈ।ਮਾਮਲੇ ਦੀ ਜਾਂਚ ਕਰ ਰਹੀ ਮਾਨਸਾ ਪੁਲਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਫਾਇਰਿੰਗ ਮਾਮਲੇ ਵਿੱਚ ਅਣਪਛਾਤੇ ਹਮਲਾਵਰਾਂ 'ਤੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।